ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ
SADE LOK
sadelok.com

15-21 ਜੁਲਾਈ 2026


ਸਾਲ 17ਵਾਂ - ਅੰਕ 29
email : info@sadelok.com
510-706-1300

## ਹਿੰਦੂ ਧਰਮ ਦੇ ਸਭ ਤੋਂ ਪ੍ਰਾਚੀਨ ਤੇ ਮਹਾਨ ਉਤਸਵ 'ਭਗਵਾਨ ਜਗਨਨਾਥ ਰੱਥ ਯਾਤਰਾ' ਦਾ ਵਿਸ਼ਵਵਿਆਪੀ ਸ਼ਾਨਦਾਰ ਆਗਾਜ਼

### ਭਾਰਤ ਸਮੇਤ ਪੂਰੀ ਦੁਨੀਆ 'ਚ ਉਮੜਿਆ ਸ਼ਰਧਾ ਦਾ ਮਹਾਂ-ਸਮੁੰਦਰ



(ਦੇਖੋ ਸਫ਼ਾ 40 'ਤੇ)




(ਬਾਕੀ ਸਫ਼ਾ 19 'ਤੇ)

### ਹਰੀਕੇ ਪੱਤਣ ਵਿਖੇ ਭਾਈ ਖਾਲੜਾ ਸਮੇਤ ਸਮੂਹ ਸ਼ਹੀਦਾਂ ਦੀ ਯਾਦ 'ਚ ਅਰਦਾਸ ਸਮਾਗਮ

## ਸ੍ਰੀ ਅਕਾਲ ਤਖਤ ਸਾਹਿਬ ਵਲੋਂ ਹਰੀਕੇ ਪੱਤਣ ਨੂੰ 'ਸ਼ਹੀਦ ਪੱਤਣ' ਐਲਾਨਿਆ, ਸ਼੍ਰੋਮਣੀ ਕਮੇਟੀ ਨੂੰ ਯਾਦਗਾਰ ਬਣਾਉਣ ਦੇ ਆਦੇਸ਼

ਹਰੀਕੇ ਪੱਤਣ : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵਲੋਂ ਸ਼੍ਰੋਮਣੀ ਕਮੇਟੀ ਦੇ ਸਹਿਯੋਗ ਨਾਲ ਹਰੀਕੇ ਪੱਤਣ ਵਿਖੇ 1984 ਅਤੇ ਬਾਅਦ ਦੇ ਦਹਾਕੇ ਦੇ ਸਮੂਹ ਸ਼ਹੀਦਾਂ ਅਤੇ ਕੌਮੀ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਯਾਦ ਅਤੇ ਪੀੜਤ ਪਰਿਵਾਰਾਂ ਤੇ ਪੰਥ ਨੂੰ ਇਨਸਾਫ਼ ਲਈ ਅਰਦਾਸ ਸਮਾਗਮ ਕਰਵਾਇਆ ਗਿਆ। ਸਮਾਗਮ ਦੌਰਾਨ ਜਥੇਦਾਰ ਗੜਗੱਜ ਵਲੋਂ ਭਾਈ ਜਸਵੰਤ ਸਿੰਘ ਖਾਲੜਾ ਨੂੰ ਜਿਥੇ ਕੌਮੀ ਸ਼ਹੀਦ ਦਾ ਦਰਜਾ ਦਿੱਤਾ ਗਿਆ, ਉਥੇ ਨਾਲ ਹੀ ਸ਼੍ਰੋਮਣੀ ਕਮੇਟੀ ਨੂੰ ਇਨ੍ਹਾਂ ਸ਼ਹੀਦਾਂ ਦੀ ਯਾਦ ਵਿਚ ਹਰੀਕੇ ਪੱਤਣ (ਦੇਖੋ ਸਫ਼ਾ 25 'ਤੇ)



## ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਸੰਗਤਾਂ ਵੱਲੋਂ ਨਿਸ਼ਕਾਮ 'ਸੇਵਾ'

ਅੰਮ੍ਰਿਤਸਰ: ਸਿੱਖ ਜਗਤ ਦੇ ਕੇਂਦਰੀ ਅਸਥਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ ਨਿਸ਼ਕਾਮ ਸੇਵਾ ਅਤੇ ਸ਼ਰਧਾ ਦੀ ਅਨੋਖੀ ਮਿਸਾਲ ਦੇਖਣ ਨੂੰ ਮਿਲੀ। ਵੀਰਵਾਰ ਨੂੰ ਭਾਰੀ ਗਿਣਤੀ ਵਿੱਚ ਦੇਸ਼-ਵਿਦੇਸ਼ ਤੋਂ ਪਹੁੰਚੀਆਂ ਸੰਗਤਾਂ ਨੇ ਦਰਬਾਰ ਸਾਹਿਬ ਵਿਖੇ ਨਤਮਸਤਕ ਹੋ ਕੇ ਜਿੱਥੇ ਇਲਾਹੀ ਬਾਣੀ ਦਾ ਕੀਰਤਨ ਸਰਵਣ ਕੀਤਾ,



ਉੱਥੇ ਹੀ ਗੁਰੂ ਘਰ ਦੇ ਨਿਮਾਣੇ ਸੇਵਕ ਬਣ ਕੇ ਵੱਖ-ਵੱਖ ਸੇਵਾਵਾਂ ਵਿੱਚ ਹਿੱਸਾ ਲਿਆ। ਇਸ ਦੌਰਾਨ ਸ਼ਰਧਾਲੂਆਂ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਪਵਿੱਤਰ ਅੰਮ੍ਰਿਤ ਸਰੋਵਰ ਵਿੱਚੋਂ ਬਾਲਟੀਆਂ ਭਰ-ਭਰ ਕੇ ਜਲ ਲਿਆਂਦਾ ਅਤੇ ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ ਨੂੰ ਧੋਣ (ਇਸ਼ਨਾਨ ਕਰਵਾਉਣ) ਦੀ ਪਰਮ-ਪਵਿੱਤਰ ਸੇਵਾ ਕੀਤੀ।

**ਸਿੱਖ ਧਰਮ ਵਿੱਚ 'ਸੇਵਾ' ਅਤੇ 'ਪਰਿਕਰਮਾ ਇਸ਼ਨਾਨ' ਦੀ ਅਹਿਮੀਅਤ :** ਸ੍ਰੀ ਹਰਿਮੰਦਰ ਸਾਹਿਬ ਵਿਖੇ ਸੇਵਾ ਕਰਨਾ ਹਰ ਸਿੱਖ ਅਤੇ ਸ਼ਰਧਾਲੂ ਲਈ ਪਰਮ ਸੁਭਾਗ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਇੱਥੇ ਹਰ ਰੋਜ਼ ਹਜ਼ਾਰਾਂ ਦੀ ਗਿਣਤੀ (ਦੇਖੋ ਸਫ਼ਾ 41 'ਤੇ)

### ਬਹਿਬਲ ਕਲਾਂ ਤੇ ਕੋਟਕਪੂਰਾ ਗੋਲੀਕਾਂਡ

## SIT ਵੱਲੋਂ ਸੁਖਬੀਰ ਸਿੰਘ ਬਾਦਲ ਤਲਬ, ਸੋਮਵਾਰ ਨੂੰ ਪੇਸ਼ ਹੋਣ ਦੇ ਹੁਕਮ



ਭਾਜਪਾ ਆਗੂ ਵਿਜੇ ਸਾਂਪਲਾ ਦੇ ਬਿਆਨ ਅਤੇ ਦਸਤਖ਼ਤਾਂ ਦੇ ਵਿਵਾਦ ਤੋਂ ਬਾਅਦ ਜਾਂਚ ਟੀਮ ਦਾ ਵੱਡਾ ਐਕਸ਼ਨ; 2015 ਦੇ ਘਟਨਾਕ੍ਰਮ ਨੂੰ ਲੈ ਕੇ ਹੋਵੇਗੀ ਤਿੱਖੀ ਪੁੱਛਗਿੱਛ

ਚੰਡੀਗੜ੍ਹ: ਸਾਲ 2015 ਦੇ ਬਹਿਬਲ ਕਲਾਂ ਅਤੇ ਕੋਟਕਪੂਰਾ ਬੇਅਦਬੀ ਮਾਮਲਿਆਂ ਨਾਲ ਸਬੰਧਿਤ ਗੋਲੀਕਾਂਡਾਂ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ (SIT) ਵੱਲੋਂ ਇੱਕ ਬਹੁਤ ਹੀ ਵੱਡੀ ਕਾਰਵਾਈ ਸਾਹਮਣੇ ਆਈ ਹੈ। ਜਾਂਚ ਟੀਮ ਨੇ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਅਤੇ ਸ਼੍ਰੋਮਣੀ (ਦੇਖੋ ਸਫ਼ਾ 36 'ਤੇ)

## ਅਮਰੀਕੀ ਕੋਰਟ 'ਚ ਲਾਰੈਂਸ ਬਿਸ਼ਨੋਈ ਖਿਲਾਫ਼ ਇਤਿਹਾਸਕ ਦੋਸ਼ ਪੱਤਰ ਦਾਇਰ

### 'ਓਪਰੇਸ਼ਨ ਹਾਰਡ ਬਾਲ' ਤਹਿਤ ਯੂਰਪ ਤੱਕ ਹੋਈਆਂ ਗ੍ਰਿਫਤਾਰੀਆਂ




### ਸਿੱਧੂ ਮੂਸੇਵਾਲਾ ਕਤਲਕਾਂਡ, ਹਰਦੀਪ ਸਿੰਘ ਨਿੱਝਰ ਦੀ ਹੱਤਿਆ, ਸਲਮਾਨ ਖਾਨ ਅਤੇ ਗਿੱਪੀ ਗਰੇਵਾਲ ਨੂੰ ਧਮਕੀਆਂ ਦੇਣ ਸਣੇ ਕੌਮਾਂਤਰੀ ਨਸ਼ਾ ਤਸਕਰੀ ਦੇ ਲੱਗੇ ਵੱਡੇ ਦੋਸ਼; ਸਪੇਨ, ਜਰਮਨੀ ਅਤੇ ਫਰਾਂਸ ਤੱਕ ਫੈਲਿਆ ਜਾਂਚ ਦਾ ਘੇਰਾ

ਵਾਸ਼ਿੰਗਟਨ/ਟੋਰਾਂਟੋ/ਮੈਡਰਿਡ/ਬਰਲਿਨ/ਪੈਰਿਸ : ਅਮਰੀਕਾ ਦੇ ਨਿਆਂ ਵਿਭਾਗ (DoJ) ਨੇ ਭਾਰਤ ਦੀ ਜੇਲ੍ਹ ਵਿੱਚ ਬੰਦ ਗੈਂਗਸਟਰ ਲਾਰੈਂਸ ਬਿਸ਼ਨੋਈ ਅਤੇ ਉਸ ਦੇ ਅੰਤਰਰਾਸ਼ਟਰੀ ਸੰਗਠਿਤ ਅਪਰਾਧ ਸਮੂਹ (OCG) ਵਿਰੁੱਧ ਇੱਕ ਬਹੁਤ ਹੀ ਮਹੱਤਵਪੂਰਨ ਅਤੇ ਇਤਿਹਾਸਕ ਸੰਘੀ ਦੋਸ਼ ਪੱਤਰ (Federal Indictment) ਜਨਤਕ ਕੀਤਾ ਹੈ। (ਦੇਖੋ ਸਫ਼ਾ 39'ਤੇ)

**Bhatia & Co, Inc**
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

**Bhatia Law Associates**
Attorney at Law
Immigration and Business Services
IMMIGRATION
Immigrant Visas (Green Card)
Green Card : Employment based/PERM/NIW
Green Card : Family based
Green Card through refugee or asylee
Green Card : Investor & other categories PERM
Nonimmigrant Visas
Fiancee visas
H1/L1/H4/L2/NAFTA TN/E2/E3
Student Visa
B-1/B-2 Visitor Visas and
Other Categories of nonimmigrant visas
Other Immigration Services
Citizenship
e-Verify, 1-9 and
Other Compliance
Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

**Jaspreet Singh**
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

**Padam Builders**
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਾਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

KW LAKE WASHINGTON SO
KELLERWILLIAMS. REALTY
**CJ Singh**
Realtor
License # 24012019
Real Estate Broker
CJ Singh
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
(206) 295-5993 | c.singh@kw.com | realtorcjsingh.com
bellevueareahomefinder.com
707 S Grady Way Suit 730, Renton, WA 98057

SAN RAMON
Lathrop & Mani Street Manteca
URGENT CARE & CLINIC
Call US : 209-637-0210 | 612-578-8078 | 925-495-0207
**CITIZENSHIP ELIGIBILITY AND GREEN CARD APPLICATION**
Visit Us Now! Dr. Rajesh Maheshwari, MD
9140 Alcosta Boulevard Ste D San Ramon, CA 94583 (925) 361-5959
15810 Harlan Road #A Lathrop, CA 95330 (209) 983-9000
1040 North Main Street Manteca, CA 95336 (209) 825-51155
San Ramon URGENT CARE & CLINIC
Lathrop URGENT CARE
Main Street URGENT CARE
https :.//www.sanramonurgentcare.com | Email us at info@sanramonucc.com

ਪੋਲੀਟੀਕਲ ਅਸਾਈਲਮ - Political Asylum
Deportation of Defense - BIA Appeal
9 Circuit Court - Federal Court
ਗਰੀਨਕਾਰਡ - ਸਿਟੀਜਨਸ਼ਿਪ
Green Card - Citizenship
ਡਾਈਵੋਰਸ - ਸਿਵਲ ਐਂਡ ਕਰੀਮੀਨਲ ਕੇਸ
Divorce - Civil and Criminal Cases
Family Petition Immigration
Travel document - Work Permit
Harminder Singh Samana
Office Manager
239 West Yosemite Ave Manteca CA 95336 | hsrotal.64@gmail.com
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
**LAW OFFICES OF EMMANUEL ENYINWA**
ESQ, Abogado
All Services Under One Roof
ਨੋਟ : ਇਥੇ ਸਪੈਨਿਸ਼ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ਼ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।
369 Pine Street, Suite 420, San Francisco, CA 94104
Enyinwalaw@gmail.com
209-481-7750
209-624-3919
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ Manteca-Arizona- San Francisco
EMMANUEL ENYINWA
Attorney of Law
Tel. 415-956-6100
Fax. 415-956-6111

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਚਿਰਾਗ ਵੀਰ ਸਿੰਘ ਸਰਾਓ ਬਣਿਆ US Air Force Academy ਵਿੱਚ ਸ਼ਾਮਲ ਹੋਣ ਵਾਲਾ ਪਹਿਲਾ ਕੇਸਧਾਰੀ ਸਿੱਖ

## ਅਕੈਡਮੀ ਵੱਲੋਂ ਮਿਲੀ ਧਾਰਮਿਕ ਚਿੰਨ੍ਹਾਂ (ਕਾਕਰਾਂ) ਸਮੇਤ ਸੇਵਾ ਨਿਭਾਉਣ ਦੀ ਇਜਾਜ਼ਤ; ਤਾਈਕਵਾਂਡੋ ਵਿੱਚ ਬਲੈਕ ਬੈਲਟ ਅਤੇ ਈਗਲ ਸਕਾਊਟ ਰਹੇ ਹਨ ਚਿਰਾਗ

ਵਾਸ਼ਿੰਗਟਨ : ਅਮਰੀਕਾ ਵਿੱਚ ਰਹਿਣ ਵਾਲੇ ਸਿੱਖ ਭਾਈਚਾਰੇ ਲਈ ਇੱਕ ਬੇਹੱਦ ਮਾਣ ਵਾਲੀ ਖ਼ਬਰ ਸਾਹਮਣੇ ਆਈ ਹੈ। ਸਿੱਖ ਨੌਜਵਾਨ ਚਿਰਾਗ ਵੀਰ ਸਿੰਘ ਸਰਾਓ ਕੋਲੋਰੈਡੋ ਸਪ੍ਰਿੰਗਜ਼ ਸਥਿਤ ਵੱਕਾਰੀ 'ਯੂ.ਐੱਸ. ਏਅਰ ਫੋਰਸ ਅਕੈਡਮੀ' (USAFA) ਵਿੱਚ ਸ਼ਾਮਲ ਹੋਣ ਵਾਲੇ ਪਹਿਲੇ ਕੇਸਧਾਰੀ ਸਿੱਖ ਅਮਰੀਕੀ ਬਣ ਗਏ ਹਨ। ਅਮਰੀਕਨ ਸਿੱਖ ਕੌਂਸਲ ਵੱਲੋਂ ਇਸ ਇਤਿਹਾਸਕ ਪ੍ਰਾਪਤੀ ਦੀ ਅਧਿਕਾਰਤ ਪੁਸ਼ਟੀ ਕੀਤੀ ਗਈ ਹੈ। ਕੌਂਸਲ ਮੁਤਾਬਕ, ਚਿਰਾਗ ਵੀਰ ਸਿੰਘ ਨੂੰ 4 ਅਪਰੈਲ ਨੂੰ ਅਕੈਡਮੀ ਵਿੱਚ ਨਿਯੁਕਤ ਕੀਤਾ ਗਿਆ ਸੀ ਅਤੇ ਲੰਮੀ ਪ੍ਰਕਿਰਿਆ ਤੋਂ ਬਾਅਦ 20 ਜੂਨ ਨੂੰ ਉਨ੍ਹਾਂ ਨੂੰ ਵਿਸ਼ੇਸ਼ 'ਧਾਰਮਿਕ ਛੋਟ' (Religious Accommodation) ਪ੍ਰਦਾਨ ਕੀਤੀ ਗਈ। ਇਸ ਇਜਾਜ਼ਤ ਤਹਿਤ ਉਹ ਆਪਣੀ ਮੂਲ ਸਿੱਖ ਪਛਾਣ ਨੂੰ ਬਰਕਰਾਰ ਰੱਖਦੇ ਹੋਏ ਅਨਕੱਟੇ ਕੇਸ (ਵਾਲ) ਅਤੇ ਦਾੜ੍ਹੀ ਸਣੇ ਆਪਣੇ ਧਾਰਮਿਕ ਚਿੰਨ੍ਹਾਂ ਦੇ ਨਾਲ ਹਵਾਈ ਫੌਜ ਵਿੱਚ ਸੇਵਾ ਨਿਭਾ ਸਕਣਗੇ।



**ਛੇ ਹਫ਼ਤਿਆਂ ਦੀ ਸਖ਼ਤ ਸਿਖਲਾਈ ਸ਼ੁਰੂ :** ਚਿਰਾਗ ਵੀਰ ਸਿੰਘ ਸਰਾਓ ਅਧਿਕਾਰਤ ਤੌਰ 'ਤੇ 24 ਜੂਨ ਨੂੰ ਅਕੈਡਮੀ ਦੇ 'ਇਨ-ਪ੍ਰੋਸੈਸਿੰਗ ਡੇ' ਮੌਕੇ ਸ਼ਾਮਲ ਹੋਏ ਸਨ ਅਤੇ ਇਸ ਵੇਲੇ ਉਹ ਛੇ ਹਫ਼ਤਿਆਂ ਦੇ ਸਖ਼ਤ ਬੂਟ ਕੈਂਪ (ਮਿਲਟਰੀ ਸਿਖਲਾਈ) ਵਿੱਚੋਂ ਲੰਘ ਰਹੇ ਹਨ।

ਦੱਸਣਯੋਗ ਹੈ ਕਿ ਹਵਾਈ ਫੌਜ ਦੀ ਇਸ ਮੁੱਖ ਅਕੈਡਮੀ ਵਿੱਚ ਚੁਣੇ ਜਾਣ ਤੋਂ ਪਹਿਲਾਂ ਚਿਰਾਗ ਨੇ ਆਪਣੀ ਕਾਬਲੀਅਤ ਦੇ ਦਮ 'ਤੇ ਏਅਰ ਫੋਰਸ ਰਿਜ਼ਰਵ ਅਫਸਰਸ ਸਿਖਲਾਈ ਕੋਰ (ROTC) ਅਤੇ ਨੇਵਲ ਆਰ.ਓ.ਟੀ.ਸੀ. ਦੋਵਾਂ ਤੋਂ ਪੂਰੀ ਸਕਾਲਰਸ਼ਿਪ ਹਾਸਲ ਕੀਤੀ ਸੀ। ਇਸ ਤੋਂ ਇਲਾਵਾ ਉਨ੍ਹਾਂ ਨੂੰ ਅਮਰੀਕਾ ਦੀਆਂ ਨਾਮੀ ਯੂਨੀਵਰਸਿਟੀਆਂ ਜਿਵੇਂ ਯੂਨੀਵਰਸਿਟੀ ਆਫ਼ ਸਦਰਨ ਕੈਲੀਫੋਰਨੀਆ ਅਤੇ ਯੂਨੀਵਰਸਿਟੀ ਆਫ਼ ਵਾਸ਼ਿੰਗਟਨ ਵਿੱਚ ਵੀ ਦਾਖ਼ਲੇ ਦੀ ਪੇਸ਼ਕਸ਼ ਮਿਲੀ ਸੀ।

**ਬਹੁ-ਪੱਖੀ ਸ਼ਖ਼ਸੀਅਤ ਦੇ ਮਾਲਕ ਹਨ ਚਿਰਾਗ :** ਕੌਂਸਲ ਨੇ ਚਿਰਾਗ ਦੇ ਸ਼ਾਨਦਾਰ ਪਿਛੋਕੜ ਬਾਰੇ ਦੱਸਦਿਆਂ ਕਿਹਾ ਕਿ ਉਹ ਪੜ੍ਹਾਈ ਵਿੱਚ ਅਵੱਲ ਰਹਿਣ ਦੇ ਨਾਲ-ਨਾਲ ਇੱਕ ਵਧੀਆ ਖਿਡਾਰੀ ਵੀ ਹਨ। ਉਹ 'ਈਗਲ ਸਕਾਊਟ' (ਸਕਾਊਟਿੰਗ ਵਿੱਚ ਸਰਵਉੱਚ ਰੈਂਕ) ਰਹਿ ਚੁੱਕੇ ਹਨ, ਤਾਈਕਵਾਂਡੋ ਵਿੱਚ ਸੈਕੰਡ-ਡਿਗਰੀ ਬਲੈਕ ਬੈਲਟ ਧਾਰਕ ਹਨ ਅਤੇ ਯੂਨੀਵਰਸਿਟੀ ਦੀ ਵਾਰਸਿਟੀ ਵਾਟਰ ਪੋਲੋ ਟੀਮ ਵੱਲੋਂ ਮੁਕਾਬਲਿਆਂ ਵਿੱਚ ਹਿੱਸਾ ਲੈਂਦੇ ਰਹੇ ਹਨ। ਜ਼ਿਕਰਯੋਗ ਹੈ ਕਿ ਕੋਲੋਰੈਡੋ ਸਪ੍ਰਿੰਗਜ਼ ਸਥਿਤ ਯੂਨਾਈਟਿਡ ਸਟੇਟਸ ਏਅਰ ਫੋਰਸ ਅਕੈਡਮੀ ਅਮਰੀਕਾ ਦੀਆਂ ਪੰਜ ਸੰਘੀ ਸੇਵਾ ਅਕੈਡਮੀਆਂ ਵਿੱਚੋਂ ਇੱਕ ਹੈ। ਇੱਥੇ ਨੌਜਵਾਨਾਂ ਨੂੰ ਉੱਚ ਸਿੱਖਿਆ ਦੇ ਨਾਲ-ਨਾਲ ਸਖ਼ਤ ਮਿਲਟਰੀ ਅਤੇ ਲੀਡਰਸ਼ਿਪ ਟਰੇਨਿੰਗ ਦਿੱਤੀ ਜਾਂਦੀ ਹੈ। ਇੱਥੋਂ ਗ੍ਰੈਜੂਏਟ ਹੋਣ ਵਾਲੇ ਕੈਡਿਟਾਂ ਨੂੰ ਅਮਰੀਕੀ ਹਵਾਈ ਫੌਜ (US Air Force) ਜਾਂ ਅਮਰੀਕੀ ਸਪੇਸ ਫੌਜ (US Space Force) ਵਿੱਚ ਸਿੱਧੇ ਸੈਕੰਡ ਲੈਫਟੀਨੈਂਟ ਵਜੋਂ ਤਾਇਨਾਤ ਕੀਤਾ ਜਾਂਦਾ ਹੈ।


ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ

Get more BENEFITS at No Cost $0 Premium

Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com



Balsani Welders & Builders
We Design, Manufacture & Ship Nationwide
All Kind of Welding & Fabrication Services Available

- Mobile Welding Services
- Custom Febrication
- Custom Welding
- Alnminum Welding
- Metal Canopy
- Truck/Trailer Welding
- Custom Metal Gates
- Metal Fences

ਲੋਹੇ ਦੀਆਂ ਚਾਦਰਾਂ ਦੀਆਂ ਚਗਾਠਾਂ, ਗੇਟ ਗਰਿਲਾਂ ਹਰ ਤਰ੍ਹਾਂ ਦੇ ਫੈਂਸੀ ਗੇਟ, ਮਕਾਨਾਂ ਦੇ ਜੰਗਲੇ ਘਰਾਂ 'ਚ ਹਰ ਕਿਸਮ ਦੀ ਵੈਲਡਿੰਗ ਦੇ ਨਾਲ-ਨਾਲ ਅਸੀਂ ਟਰੱਕਾਂ ਦੀ ਵੈਲਡਿੰਗ ਦੇ ਕੰਮ ਦੇ ਵੀ ਮਾਹਿਰ ਹਾਂ।

ਤੁਸੀਂ ਸਾਡੇ 'ਤੇ 100% ਭਰੋਸਾ ਕਰ ਸਕਦੇ ਹੋ

ਤੁਸੀਂ ਆਪਣੇ ਘਰ ਜਾਂ ਕਾਰੋਬਾਰ ਤੋਂ ਅਣਚਾਹੇ ਸ਼ੱਕੀ ਲੋਕਾਂ ਨੂੰ ਬਾਹਰ ਰੱਖਣ ਅਤੇ ਘਰ ਵਪਾਰ ਦੀ ਸੁਰੱਖਿਆ ਲਈ ਅਸੀਂ ਲੋਹੇ ਦੀ ਸੁੰਦਰ ਵਾੜ ਲਗਾਉਂਦੇ ਹਾਂ। ਸਾਡੇ ਪਹਿਲੇ ਕੀਤੇ ਕੰਮ ਦੇਖੋ।

ਅਸੀਂ ਤੁਹਾਡੀਆਂ ਆਸਾਂ ਉਮੀਦਾਂ ਉਪਰ 100% ਖਰੇ ਉਤਰਾਂਗੇ

ਤੁਸੀਂ ਸਾਡੇ ਕੀਤੇ ਸੈਂਕੜੇ ਕੰਮਾਂ ਦੀਆਂ ਤਸਵੀਰਾਂ ਦੇਖਕੇ ਪਸੰਦ ਕਰਕੇ ਕੰਮ ਕਰਾਉ ਅਸੀਂ ਤੁਹਾਡੇ ਸੁਪਨਿਆਂ ਦਾ ਮਹਿਲ ਸਿਰਜਾਂਗੇ।

- Wrought Iron Fences
- Ornamental Iron Fences
- Custom Designed Iron Fences
- Black Rod Iron Fences
- Wrought Iron Garden Fences
- FROM CONCEPTION
- FABRICATION TO INSTALLATION

ਅਸੀਂ ਤੁਹਾਡੇ ਸੰਕਲਪ ਦੇ ਸੁਪਨਿਆਂ ਨੂੰ ਅਸਲੀਅਤ 'ਚ ਬਦਲਾਂਗੇ।

S. Iqbal Singh
844-573-3824 | 510 862 2332
433 W Scotts Ave Stockton, CA 95203
PH: (925) 487-7117

ਸਾਡੇ ਲੋਕ

# FBI ਨੇ ਭਾਰਤੀ ਗੈਂਗਸਟਰ Nitish Kaushal ਨੂੰ ਆਪਣੀ ਮੋਸਟ ਵਾਂਟਡ ਸੂਚੀ ਵਿੱਚ ਕੀਤਾ ਸ਼ਾਮਲ

ਵਾਸ਼ਿੰਗਟਨ : ਐੱਫਬੀਆਈ ਨੇ ਭਗਵਾਨਪੁਰੀਆ ਗੈਂਗ 'ਤੇ ਆਪਣਾ ਸ਼ਿਕੰਜਾ ਕੱਸਦਿਆਂ ਅਮਰੀਕਾ ਵਿੱਚ ਕਤਲ, ਅਗਵਾ ਅਤੇ ਨਸ਼ਾ ਤਸਕਰੀ ਵਿੱਚ ਸ਼ਾਮਲ ਕਥਿਤ ਗੈਂਗਸਟਰ ਨਿਤੀਸ਼ ਕੌਸ਼ਲ ਨੂੰ ਆਪਣੀ ਸਭ ਤੋਂ ਵੱਧ ਲੋੜੀਂਦੇ ਅਪਰਾਧੀਆਂ (ਮੋਸਟ ਵਾਂਟਿਡ) ਦੀ ਸੂਚੀ ਵਿੱਚ ਸ਼ਾਮਲ ਕੀਤਾ ਹੈ। ਐੱਫਬੀਆਈ ਨੇ ਮੰਗਲਵਾਰ ਨੂੰ ਦੱਸਿਆ ਕਿ ਭਾਰਤੀ ਨਾਗਰਿਕ ਕੌਸ਼ਲ ਕਥਿਤ ਤੌਰ 'ਤੇ ਭਗਵਾਨਪੁਰੀਆ ਸੰਗਠਿਤ ਅਪਰਾਧ ਗਰੁੱਪ ਲਈ ਹਿੰਸਕ ਵਾਰਦਾਤਾਂ ਨੂੰ ਅੰਜਾਮ ਦਿੰਦਾ ਸੀ, ਜਿਸ ਵਿੱਚ ਅਗਵਾ ਅਤੇ ਹਮਲੇ ਵਰਗੀਆਂ ਘਟਨਾਵਾਂ ਸ਼ਾਮਲ ਹਨ। ਐੱਫਬੀਆਈ ਨੇ ਕਿਹਾ ਕਿ ਨਿਤੀਸ਼ ਕੌਸ਼ਲ ਇੱਕ ਅੰਤਰ-ਰਾਸ਼ਟਰੀ ਅਪਰਾਧਿਕ ਸੰਗਠਨ ਵਿੱਚ ਕਥਿਤ ਤੌਰ 'ਤੇ ਸ਼ਾਮਲ ਹੈ, ਜੋ ਕਤਲ, ਅਗਵਾ, ਨਸ਼ਾ ਤਸਕਰੀ, ਫਿਰੌਤੀ, ਹਥਿਆਰਾਂ ਦੀ ਤਸਕਰੀ, ਮਨੀ ਲਾਂਡਰਿੰਗ ਅਤੇ ਮਨੁੱਖੀ ਤਸਕਰੀ ਵਰਗੇ ਅਪਰਾਧਾਂ ਵਿੱਚ ਲੱਗਿਆ ਹੋਇਆ ਹੈ। ਜਾਂਚ ਏਜੰਸੀ ਨੇ ਚਿਤਾਵਨੀ ਦਿੱਤੀ ਹੈ ਕਿ ਕੌਸ਼ਲ ਨੂੰ ਹਥਿਆਰਬੰਦ, ਖ਼ਤਰਨਾਕ ਅਤੇ ਭੱਜਣ ਦਾ ਜੋਖਮ ਮੰਨਿਆ ਜਾਣਾ ਚਾਹੀਦਾ ਹੈ ਅਤੇ ਲੋਕਾਂ ਨੂੰ ਉਸ ਬਾਰੇ ਕਿਸੇ ਵੀ ਜਾਣਕਾਰੀ ਲਈ ਸਥਾਨਕ ਐਫਬੀਆਈ ਦਫ਼ਤਰ, ਅਮਰੀਕੀ ਦੂਤਾਵਾਸ ਜਾਂ ਕੌਂਸੁਲੇਟ ਨਾਲ ਸੰਪਰਕ ਕਰਨ ਲਈ ਕਿਹਾ ਹੈ।



ਐੱਫਬੀਆਈ ਮੁਤਾਬਕ, ਜੱਗੂ ਭਗਵਾਨਪੁਰੀਆ ਸੰਗਠਿਤ ਅਪਰਾਧ ਗਰੁੱਪ ਭਾਰਤ ਦੇ ਪੰਜਾਬ ਰਾਜ ਤੋਂ ਸ਼ੁਰੂ ਹੋਇਆ ਸੀ ਅਤੇ ਕੈਲੀਫੋਰਨੀਆ ਦੇ ਕੇਂਦਰੀ ਜ਼ਿਲ੍ਹੇ ਸਮੇਤ ਹੋਰ ਥਾਵਾਂ 'ਤੇ ਸਰਗਰਮ ਹੈ। ਲਾਸ ਏਂਜਲਸ ਦੀ ਅਮਰੀਕੀ ਜ਼ਿਲ੍ਹਾ ਅਦਾਲਤ ਨੇ 25 ਜੂਨ ਨੂੰ ਕੌਸ਼ਲ ਖ਼ਿਲਾਫ਼ ਰੈਕੇਟੀਅਰ ਇਨਫਲੂਐਂਸਡ ਐਂਡ ਕਰਪਟ ਆਰਗੇਨਾਈਜ਼ੇਸ਼ਨਜ਼ (RICO) ਸਾਜ਼ਿਸ਼ ਦੇ ਦੋਸ਼ਾਂ ਤਹਿਤ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤਾ ਸੀ। ਇਹ ਕਾਰਵਾਈ ਭਗਵਾਨਪੁਰੀਆ ਗੈਂਗ ਨੂੰ ਨਿਸ਼ਾਨਾ ਬਣਾ ਕੇ ਕੀਤੀ ਗਈ ਅੰਤਰ-ਰਾਸ਼ਟਰੀ ਜਾਂਚ 'ਅਪਰੇਸ਼ਨ ਹਾਰਡ ਬਾਲ' ਦੇ ਹਿੱਸੇ ਵਜੋਂ ਕੀਤੀ ਗਈ ਹੈ, ਜਿਸ ਵਿੱਚ ਅਮਰੀਕਾ, ਕੈਨੇਡਾ ਅਤੇ ਯੂਰਪ ਵਿੱਚ ਕੀਤੀਆਂ ਗਈਆਂ ਛਾਪੇਮਾਰੀ ਅਤੇ ਕਾਨੂੰਨੀ ਕਾਰਵਾਈਆਂ ਨੇ ਭਾਰਤ ਤੋਂ ਜੜ੍ਹਾਂ ਰੱਖਣ ਵਾਲੇ ਅੰਤਰ-ਰਾਸ਼ਟਰੀ ਅਪਰਾਧਿਕ ਸਿੰਡੀਕੇਟਾਂ ਨੂੰ ਖਤਮ ਕਰਨ 'ਤੇ ਅੰਤਰ-ਰਾਸ਼ਟਰੀ ਧਿਆਨ ਕੇਂਦਰਿਤ ਕੀਤਾ ਹੈ।

# ਰੂਸੀ ਤੇਲ ਖਰੀਦਣ 'ਤੇ ਭਾਰਤ ਸਮੇਤ ਪੰਜ ਦੇਸ਼ਾਂ 'ਤੇ 100 ਪ੍ਰਤੀਸ਼ਤ ਅਮਰੀਕੀ ਡਿਊਟੀ ਲਗਾਉਣ ਲਈ ਬਿੱਲ ਕੀਤਾ ਪੇਸ਼

## ਗੈਸ ਖਰੀਦਣ ਵਾਲੇ ਦੇਸ਼ਾਂ 'ਤੇ 500 ਪ੍ਰਤੀਸ਼ਤ ਡਿਊਟੀ ਲਗਾਉਣ ਦਾ ਪ੍ਰਸਤਾਵ ਸੀ

ਵਾਸ਼ਿੰਗਟਨ : ਅਮਰੀਕਾ ਦੀਆਂ ਦੋਵੇਂ ਪ੍ਰਮੁੱਖ ਪਾਰਟੀਆਂ-ਰਿਪਬਲਿਕਨ ਪਾਰਟੀ ਅਤੇ ਡੈਮੋਕ੍ਰੇਟਿਕ ਪਾਰਟੀ - ਦੇ ਕਾਨੂੰਨਸਾਜ਼ਾਂ ਦੇ ਇੱਕ ਸਮੂਹ ਨੇ ਸੈਨੇਟ ਵਿੱਚ ਇੱਕ ਬਿੱਲ ਪੇਸ਼ ਕੀਤਾ ਹੈ ਜੋ ਰੂਸ ਤੋਂ ਤੇਲ ਖਰੀਦਣ ਲਈ ਭਾਰਤ ਅਤੇ ਚੀਨ ਸਮੇਤ ਪੰਜ ਦੇਸ਼ਾਂ 'ਤੇ 100 ਪ੍ਰਤੀਸ਼ਤ ਤੱਕ ਆਯਾਤ ਡਿਊਟੀ ਲਗਾਉਣ ਦਾ ਪ੍ਰਸਤਾਵ ਰੱਖਦਾ ਹੈ।

ਰਿਪਬਲਿਕਨ ਸੈਨੇਟਰ ਲਿੰਡਸੇ ਗ੍ਰਾਹਮ ਦੁਆਰਾ ਸ਼ੁਰੂ ਕੀਤਾ ਗਿਆ ਇਹ ਬਿੱਲ, ਰੂਸ ਤੋਂ ਗੈਸ ਖਰੀਦਣ ਵਾਲੇ 15 ਯੂਰਪੀਅਨ ਦੇਸ਼ਾਂ ਨੂੰ ਡਿਊਟੀ ਤੋਂ ਛੋਟ ਦਿੰਦਾ ਹੈ। ਇਸ ਪਿੱਛੇ ਤਰਕ ਇਹ ਹੈ ਕਿ ਰੂਸ ਤੋਂ ਉਨ੍ਹਾਂ ਦੀ ਖਰੀਦ ਉਨ੍ਹਾਂ ਦੀਆਂ ਕੁੱਲ ਜ਼ਰੂਰਤਾਂ ਦਾ ਬਹੁਤ ਛੋਟਾ ਹਿੱਸਾ ਹੈ ਅਤੇ ਇਹ ਦੇਸ਼ ਮਾਸਕੋ 'ਤੇ ਆਪਣੀ ਨਿਰਭਰਤਾ ਘਟਾਉਣ ਲਈ ਕਦਮ ਚੁੱਕ ਰਹੇ ਹਨ। ਗ੍ਰਾਹਮ ਦਾ ਐਤਵਾਰ ਸਵੇਰੇ ਦੇਹਾਂਤ ਹੋ ਗਿਆ।

ਭਾਰਤ ਅਤੇ ਚੀਨ ਤੋਂ ਇਲਾਵਾ, ਸਲੋਵਾਕੀਆ, ਹੰਗਰੀ ਅਤੇ ਅਜ਼ਰਬਾਈਜਾਨ ਵੀ ਪ੍ਰਸਤਾਵਿਤ 100 ਪ੍ਰਤੀਸ਼ਤ ਡਿਊਟੀ ਦੇ ਘੇਰੇ ਵਿੱਚ ਆਉਂਦੇ ਹਨ।

'ਇਸਨੂੰ ਇੱਕ ਟੈਰਿਫ ਬਿੱਲ ਕਿਹਾ ਜਾ ਰਿਹਾ ਹੈ, ਪਰ ਅਸਲ ਵਿੱਚ, ਇਹ ਪਾਬੰਦੀਆਂ ਲਗਾਉਂਦਾ ਹੈ ਜੋ ਰੂਸ ਦੇ ਊਰਜਾ ਖੇਤਰ, ਵਿੱਤੀ ਖੇਤਰ, ਰੱਖਿਆ ਉਦਯੋਗਿਕ ਅਧਾਰ, ਅਮੀਰ ਕਾਰੋਬਾਰੀਆਂ, ਉਦਯੋਗਪਤੀਆਂ ਅਤੇ ਰੂਸੀ ਅਰਥਵਿਵਸਥਾ ਦੇ ਇੱਕ ਵੱਡੇ ਹਿੱਸੇ ਨੂੰ ਪੂਰੀ ਤਰ੍ਹਾਂ ਰੋਕਦੀਆਂ ਹਨ, ਜਿਸ ਵਿੱਚ ਖ਼ੁਦ ਵਲਾਦੀਮੀਰ ਪੂਤਿਨ ਵੀ ਸ਼ਾਮਲ ਹਨ', ਕਨੈਕਟੀਕਟ ਦੇ ਡੈਮੋਕ੍ਰੇਟਿਕ ਸੈਨੇਟਰ ਰਿਚਰਡ ਬਲੂਮੈਂਥਲ ਨੇ ਮੰਗਲਵਾਰ ਸ਼ਾਮ ਨੂੰ ਇੱਥੇ ਪੱਤਰਕਾਰਾਂ ਨੂੰ ਦੱਸਿਆ।

'ਇਹ ਨਿਸ਼ਾਨਾਬੱਧ ਟੈਰਿਫਾਂ ਦੀ ਵਿਵਸਥਾ ਕਰਦਾ ਹੈ। ਇਹ ਟੈਰਿਫ ਰੂਸੀ ਤੇਲ ਦੇ ਪੰਜ ਪ੍ਰਮੁੱਖ ਖਰੀਦਦਾਰਾਂ ਤੱਕ ਸੀਮਿਤ ਹੋਣਗੇ ਅਤੇ 100 ਪ੍ਰਤੀਸ਼ਤ ਤੱਕ ਉੱਚ ਦਰਾਂ ਤੱਕ ਪਹੁੰਚ ਸਕਦੇ ਹਨ। ਛੋਟ ਦੇਣ ਦੀ ਸ਼ਕਤੀ ਵੀ ਬਹੁਤ ਸੀਮਤ ਹੈ। ਵਰਤਮਾਨ ਵਿੱਚ, ਰੂਸੀ ਤੇਲ ਦੇ ਇਹ ਪੰਜ ਪ੍ਰਮੁੱਖ ਖਰੀਦਦਾਰ ਚੀਨ, ਭਾਰਤ, ਸਲੋਵਾਕੀਆ, ਹੰਗਰੀ ਅਤੇ ਅਜ਼ਰਬਾਈਜਾਨ ਹਨ।'



ਜੇਕਰ ਪਾਸ ਹੋ ਜਾਂਦਾ ਹੈ, ਤਾਂ ਇਹ ਬਿੱਲ ਪਹਿਲੀ ਵਾਰ ਹੋਵੇਗਾ ਜਦੋਂ ਅਮਰੀਕੀ ਕਾਂਗਰਸ ਸਪੱਸ਼ਟ ਤੌਰ 'ਤੇ ਟੈਰਿਫਾਂ ਨੂੰ ਭੂ-ਰਾਜਨੀਤਿਕ ਹਥਿਆਰ ਵਜੋਂ ਵਰਤਣ ਦੀ ਇਜਾਜ਼ਤ ਦਿੰਦੀ ਹੈ ਤਾਂ ਜੋ ਉਨ੍ਹਾਂ ਦੇਸ਼ਾਂ ਨੂੰ ਸਜ਼ਾ ਦਿੱਤੀ ਜਾ ਸਕੇ ਜੋ ਕਿਸੇ ਹੋਰ ਦੇਸ਼ ਦੇ ਯੁੱਧ ਯਤਨਾਂ ਨੂੰ ਫੰਡ ਦਿੰਦੇ ਹਨ।

ਬਿੱਲ ਦੇ ਇੱਕ ਪੁਰਾਣੇ ਸੰਸਕਰਣ ਵਿੱਚ ਰੂਸ ਤੋਂ ਤੇਲ ਅਤੇ ਗੈਸ ਖਰੀਦਣ ਵਾਲੇ ਦੇਸ਼ਾਂ 'ਤੇ 500 ਪ੍ਰਤੀਸ਼ਤ ਟੈਰਿਫ ਲਗਾਉਣ ਦਾ ਪ੍ਰਸਤਾਵ ਸੀ।

ਬਲੂਮੈਂਥਲ ਨੇ ਕਿਹਾ, 'ਸਾਡੇ ਯੂਰਪੀਅਨ ਸਹਿਯੋਗੀ ਇਸ ਵਿੱਚ ਨਿਸ਼ਾਨਾ ਨਹੀਂ ਹਨ।'

ਉਸਨੇ ਅੱਗੇ ਕਿਹਾ, 'ਇਹ ਸਮਝਣਾ ਮਹੱਤਵਪੂਰਨ ਹੈ ਕਿ ਅਸੀਂ ਇਸ ਬਿੱਲ ਦਾ ਖਰੜਾ ਦਾਇਰੇ ਵਿੱਚ ਬਹੁਤ ਸੀਮਤ ਹੋਣ ਅਤੇ ਮੁੱਖ ਤੌਰ 'ਤੇ ਰੂਸੀ ਤੇਲ ਅਤੇ ਗੈਸ ਦੇ ਪ੍ਰਮੁੱਖ ਖਰੀਦਦਾਰਾਂ ਨੂੰ ਨਿਸ਼ਾਨਾ ਬਣਾਉਣ ਲਈ ਤਿਆਰ ਕੀਤਾ ਹੈ।'

ਕੈਪੀਟਲ ਹਿੱਲ (ਯੂਐਸ ਕੈਪੀਟਲ ਕੰਪਲੈਕਸ) 'ਤੇ ਆਯੋਜਿਤ ਇੱਕ ਪ੍ਰੈਸ ਕਾਨਫਰੰਸ ਵਿੱਚ, ਰਿਪਬਲਿਕਨ ਅਤੇ ਡੈਮੋਕ੍ਰੇਟਿਕ ਸੈਨੇਟਰਾਂ ਨੇ ਇਕੱਠੇ ਖੜ੍ਹੇ ਹੋ ਕੇ ਦੱਖਣੀ ਕੈਰੋਲੀਨਾ ਦੇ ਸੈਨੇਟਰ ਗ੍ਰਾਹਮ ਨੂੰ ਸ਼ਰਧਾਂਜਲੀ ਵਜੋਂ ਬਿੱਲ ਪੇਸ਼ ਕੀਤਾ, ਜਿਨ੍ਹਾਂ ਦੀ ਐਤਵਾਰ ਸਵੇਰੇ ਮੌਤ ਹੋ ਗਈ ਸੀ।

ਅਲਾਬਾਮਾ ਦੀ ਰਿਪਬਲਿਕਨ ਸੈਨੇਟਰ ਕੇਟੀ ਬ੍ਰਿਟ ਨੇ ਕਿਹਾ ਕਿ ਗ੍ਰਾਹਮ ਨੇ ਬਿੱਲ ਦਾ ਖਰੜਾ ਤਿਆਰ ਕਰਨ ਲਈ 'ਅਣਥੱਕ ਅਤੇ ਅਣਥੱਕ' ਕੰਮ ਕੀਤਾ ਸੀ ਅਤੇ ਉਨ੍ਹਾਂ ਦਾ ਮੰਨਣਾ ਸੀ ਕਿ ਇਹ ਉਨ੍ਹਾਂ ਦੇ ਰਾਜਨੀਤਿਕ ਕਰੀਅਰ ਦਾ ਸਭ ਤੋਂ ਮਹੱਤਵਪੂਰਨ ਕਾਨੂੰਨ ਹੋਵੇਗਾ।

ਪਿਛਲੇ ਮਹੀਨੇ, ਅਮਰੀਕਾ ਨੇ ਭਾਰਤ ਸਮੇਤ 54 ਦੇਸ਼ਾਂ 'ਤੇ 12.5 ਪ੍ਰਤੀਸ਼ਤ ਟੈਰਿਫ ਲਗਾਉਣ ਦਾ ਪ੍ਰਸਤਾਵ ਰੱਖਿਆ ਸੀ, ਜਿਸ 'ਤੇ ਜ਼ਬਰਦਸਤੀ ਮਜ਼ਦੂਰੀ ਦੀ ਵਰਤੋਂ ਕਰਕੇ ਤਿਆਰ ਕੀਤੀਆਂ ਗਈਆਂ ਵਸਤਾਂ ਦੀ ਦਰਾਮਦ ਨੂੰ ਰੋਕਣ ਵਿੱਚ ਅਸਫਲ ਰਹਿਣ ਦਾ ਦੋਸ਼ ਲਗਾਇਆ ਗਿਆ ਸੀ।

# ਅਮਰੀਕਾ ਨੇ ਵੀਜ਼ਾ-ਮੁਕਤ ਯਾਤਰਾ ਦੇ ਨਿਯਮ ਕੀਤੇ ਹੋਰ ਸਖ਼ਤ

ਵਾਸ਼ਿੰਗਟਨ : ਅਮਰੀਕਾ ਨੇ ਵੀਜ਼ਾ ਵੇਵਰ ਪ੍ਰੋਗਰਾਮ (ਵੀ.ਡਬਲਯੂ.ਪੀ.) ਤਹਿਤ ਵੀਜ਼ਾ-ਮੁਕਤ ਯਾਤਰਾ ਲਈ ਯੋਗਤਾ ਨਿਯਮ ਹੋਰ ਸਖ਼ਤ ਕਰ ਦਿੱਤੇ ਹਨ। ਇਸ ਕਾਰਨ ਕੁਝ ਅਜਿਹੇ ਯਾਤਰੀ, ਜੋ ਪਹਿਲਾਂ ਇਲੈਕਟ ?ਰਾਲਿਕ ਸਿਸਟਮ ਫਾਰ ਟਰੈਵਲ ਔਥਰਾਈਜ਼ੇਸ਼ਨ (ਈ.ਐੱਸ.ਟੀ.ਏ.) ਰਾਹੀਂ ਬਿਨਾਂ ਵੀਜ਼ੇ ਦੇ ਅਮਰੀਕਾ ਜਾ ਸਕਦੇ ਸਨ, ਹੁਣ ਉਨ੍ਹਾਂ ਨੂੰ ਰੈਗੂਲਰ ਅਮਰੀਕੀ ਵੀਜ਼ਾ ਲਈ ਅਰਜ਼ੀ ਦੇਣੀ ਪਵੇਗੀ। ਇਹ ਪਾਬੰਦੀਆਂ ਪੂਰੇ ਦੇਸ਼ਾਂ 'ਤੇ ਨਹੀਂ, ਸਗੋਂ ਖ਼ਾਸ ਯਾਤਰੀਆਂ ਦੀ ਯੋਗਤਾ 'ਤੇ ਲਾਗੂ ਹੁੰਦੀਆਂ ਹਨ।

ਅਮਰੀਕਾ ਦਾ ਵੀਜ਼ਾ ਵੇਵਰ ਪ੍ਰੋਗਰਾਮ ਭਾਗੀਦਾਰ ਦੇਸ਼ਾਂ ਦੇ ਨਾਗਰਿਕਾਂ ਨੂੰ ਸੈਰ-ਸਪਾਟੇ ਜਾਂ ਕਾਰੋਬਾਰ ਲਈ 90 ਦਿਨ ਤੱਕ ਬਿਨਾਂ ਰਵਾਇਤੀ ਵੀਜ਼ੇ ਦੇ ਯਾਤਰਾ ਦੀ ਇਜਾਜ਼ਤ ਦਿੰਦਾ ਹੈ। ਹਾਲਾਂਕਿ ਯਾਤਰਾ ਤੋਂ ਪਹਿਲਾਂ ਈ.ਐੱਸ.ਟੀ.ਏ. ਮਨਜ਼ੂਰੀ ਲੈਣੀ ਲਾਜ਼ਮੀ ਹੁੰਦੀ ਹੈ ਅਤੇ ਹਰ ਯਾਤਰੀ ਨੂੰ ਨਿਰਧਾਰਤ ਸੁਰੱਖਿਆ ਮਾਪਦੰਡ ਪੂਰੇ ਕਰਨੇ ਪੈਂਦੇ ਹਨ।

ਨਵੇਂ ਨਿਯਮਾਂ ਅਨੁਸਾਰ ਉਹ ਲੋਕ ਵੀਜ਼ਾ ਵੇਵਰ ਪ੍ਰੋਗਰਾਮ ਦੀ ਸਹੂਲਤ ਨਹੀਂ ਲੈ ਸਕਣਗੇ, ਜਿਨ੍ਹਾਂ ਨੇ 1 ਮਾਰਚ 2011 ਤੋਂ ਬਾਅਦ ਇਰਾਨ, ਇਰਾਕ, ਉੱਤਰੀ ਕੋਰੀਆ, ਸੀਰੀਆ, ਲੀਬੀਆ, ਸੋਮਾਲੀਆ, ਸੁਡਾਨ ਜਾਂ ਯਮਨ ਦੀ ਯਾਤਰਾ ਕੀਤੀ ਹੈ। ਇਸ ਤੋਂ ਇਲਾਵਾ, 12 ਜਨਵਰੀ 2021 ਤੋਂ ਬਾਅਦ ਕਿਊਬਾ ਦੀ ਯਾਤਰਾ ਕਰਨ ਵਾਲੇ ਕੁਝ ਯਾਤਰੀ ਅਤੇ ਪਾਬੰਦੀ ਵਾਲੇ ਦੇਸ਼ਾਂ ਦੀ ਦੋਹਰੀ ਨਾਗਰਿਕਤਾ ਰੱਖਣ ਵਾਲੇ ਵਿਅਕਤੀ ਵੀ ਈ.ਐੱਸ.ਟੀ.ਏ. ਲਈ ਅਯੋਗ ਹੋ ਸਕਦੇ ਹਨ। ਕੁਝ ਸੀਮਤ ਛੋਟਾਂ ਵੀ ਮੌਜੂਦ ਹਨ।

ਅਮਰੀਕੀ ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਇਹ ਪੂਰੀ ਯਾਤਰਾ ਪਾਬੰਦੀ ਨਹੀਂ ਹੈ। ਜਿਹੜੇ ਲੋਕ ਈ.ਐੱਸ.ਟੀ.ਏ. ਲਈ ਯੋਗ ਨਹੀਂ ਰਹਿੰਦੇ, ਉਹ ਅਜੇ ਵੀ ਅਮਰੀਕੀ ਦੂਤਾਵਾਸ ਜਾਂ ਕੌਂਸਲੇਟ ਰਾਹੀਂ ਰੈਗੂਲਰ ਵੀਜ਼ਾ ਲਈ ਅਰਜ਼ੀ ਦੇ ਸਕਦੇ ਹਨ। ਫ਼ਰਕ ਸਿਰਫ਼ ਇਹ ਹੈ ਕਿ ਹੁਣ ਉਨ੍ਹਾਂ ਦੀ ਵਧੇਰੇ ਸੁਰੱਖਿਆ ਜਾਂਚ ਅਤੇ ਇੰਟਰਵਿਊ ਕੀਤਾ ਜਾਵੇਗਾ।




ਇਹ ਨਿਯਮ ਅਮਰੀਕਾ ਨੇ ਰਾਸ਼ਟਰੀ ਸੁਰੱਖਿਆ ਨੂੰ ਮਜ਼ਬੂਤ ਕਰਨ ਅਤੇ ਸੰਭਾਵਿਤ ਖ਼ਤਰਿਆਂ ਦੀ ਵਧੇਰੇ ਜਾਂਚ ਲਈ ਲਾਗੂ ਕੀਤੇ ਹਨ। ਸਰਕਾਰ ਦਾ ਮੰਨਣਾ ਹੈ ਕਿ ਕੁਝ ਯਾਤਰੀਆਂ ਦੇ ਯਾਤਰਾ ਇਤਿਹਾਸ ਜਾਂ ਦੋਹਰੀ ਨਾਗਰਿਕਤਾ ਕਾਰਨ ਵਾਧੂ ਜਾਂਚ ਜ਼ਰੂਰੀ ਹੈ।

ਯਾਤਰਾ ਦੀ ਯੋਜਨਾ ਬਣਾਉਣ ਵਾਲੇ ਲੋਕਾਂ ਨੂੰ ਸਲਾਹ ਦਿੱਤੀ ਗਈ ਹੈ ਕਿ ਟਿਕਟ ਬੁੱਕ ਕਰਨ ਤੋਂ ਪਹਿਲਾਂ ਆਪਣੀ ਈ.ਐੱਸ.ਟੀ.ਏ. ਯੋਗਤਾ ਅਤੇ ਅਮਰੀਕਾ ਦੇ ਤਾਜ਼ਾ ਦਾਖ਼ਲਾ ਨਿਯਮਾਂ ਦੀ ਜਾਂਚ ਜ਼ਰੂਰ ਕਰ ਲੈਣ। ਯੋਗਤਾ ਦੀ ਪੁਸ਼ਟੀ ਨਾ ਕਰਨ ਦੀ ਸੂਰਤ ਵਿਚ ਬੋਰਡਿੰਗ ਤੋਂ ਇਨਕਾਰ, ਯਾਤਰਾ ਰੱਦ ਹੋਣ ਜਾਂ ਹੋਰ ਦੇਰੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਇਹ ਤਬਦੀਲੀਆਂ ਮੁੱਖ ਤੌਰ 'ਤੇ ਵੀਜ਼ਾ ਵੇਵਰ ਪ੍ਰੋਗਰਾਮ ਵਾਲੇ ਦੇਸ਼ਾਂ ਦੇ ਨਾਗਰਿਕਾਂ ਲਈ ਹਨ। ਭਾਰਤ ਇਸ ਪ੍ਰੋਗਰਾਮ ਦਾ ਹਿੱਸਾ ਨਹੀਂ ਹੈ, ਇਸ ਲਈ ਭਾਰਤੀ ਪਾਸਪੋਰਟ ਧਾਰਕਾਂ ਲਈ ਅਮਰੀਕੀ ਵੀਜ਼ਾ ਪ੍ਰਕਿਰਿਆ ਵਿਚ ਇਸ ਖ਼ਬਰ ਕਾਰਨ ਕੋਈ ਸਿੱਧੀ ਤਬਦੀਲੀ ਨਹੀਂ ਆਈ ਹੈ।

# ਅਮਰੀਕਾ 'ਚ ਪਾਸਪੋਰਟ ਬਣਵਾਉਣਾ ਹੋਵੇਗਾ ਹੋਰ ਆਸਾਨ

ਵਾਸ਼ਿੰਗਟਨ : ਅਮਰੀਕੀ ਪਾਸਪੋਰਟ ਬਣਵਾਉਣ ਦੀ ਪ੍ਰਕਿਰਿਆ ਆਉਣ ਵਾਲੇ ਸਮੇਂ 'ਚ ਪਹਿਲਾਂ ਨਾਲੋਂ ਕਾਫ਼ੀ ਆਸਾਨ ਹੋ ਸਕਦੀ ਹੈ। ਅਮਰੀਕੀ ਵਿਦੇਸ਼ ਮੰਤਰਾਲਾ ਇੱਕ ਨਵੇਂ ਫੇਸ਼ਲ ਰਿਕੋਗਨੀਸ਼ਨ (ਚਿਹਰਾ ਪਛਾਣ) ਆਧਾਰਿਤ ਡਿਜ਼ੀਟਲ ਸਿਸਟਮ ਦੀ ਜਾਂਚ ਕਰ ਰਿਹਾ ਹੈ, ਜਿਸ ਨਾਲ ਨਾਗਰਿਕਾਂ ਨੂੰ ਪਾਸਪੋਰਟ ਫੋਟੋ ਖਿੱਚਵਾਉਣ ਲਈ ਫੋਟੋ ਸਟੂਡੀਓ ਜਾਂ ਫਾਰਮੇਸੀ ਸਟੋਰਾਂ ਦੇ ਚੱਕਰ ਨਹੀਂ ਲਗਾਉਣੇ ਪੈਣਗੇ।




ਮੌਜੂਦਾ ਸਮੇਂ ਵਿਚ ਪਾਸਪੋਰਟ ਲਈ ਅਰਜ਼ੀ ਦੇਣ ਵਾਲੇ ਲੋਕਾਂ ਨੂੰ ਨਿਰਧਾਰਤ ਮਾਪਦੰਡਾਂ ਅਨੁਸਾਰ ਫੋਟੋ ਖਿੱਚਵਾਉਣ ਲਈ ਸੀ.ਵੀ.ਐੱਸ., ਵਾਲਗ੍ਰੀਨਜ਼ ਜਾਂ ਹੋਰ ਮਨਜ਼ੂਰਸ਼ੁਦਾ ਫੋਟੋ ਸੈਂਟਰਾਂ ਦਾ ਸਹਾਰਾ ਲੈਣਾ ਪੈਂਦਾ ਹੈ। ਕਈ ਵਾਰ ਗਲਤ ਸਾਈਜ਼, ਬੈਕਗ੍ਰਾਊਂਡ ਜਾਂ ਰੌਸ਼ਨੀ ਕਾਰਨ ਫੋਟੋ ਰੱਦ ਹੋ ਜਾਂਦੀ ਹੈ, ਜਿਸ ਨਾਲ ਅਰਜ਼ੀ ਵਿਚ ਦੇਰੀ ਅਤੇ ਵਾਧੂ ਖਰਚਾ ਵੀ ਆ ਜਾਂਦਾ ਹੈ।

ਨਵੇਂ ਸਿਸਟਮ ਦੇ ਲਾਗੂ ਹੋਣ ਤੋਂ ਬਾਅਦ ਅਰਜ਼ੀਕਾਰ ਆਪਣੇ ਸਮਾਰਟਫੋਨ, ਟੈਬਲੈਟ ਜਾਂ ਕੰਪਿਊਟਰ ਰਾਹੀਂ ਘਰ ਬੈਠੇ ਹੀ ਪਾਸਪੋਰਟ ਫੋਟੋ ਖਿੱਚ ਕੇ ਅਪਲੋਡ ਕਰ ਸਕਣਗੇ। ਸਿਸਟਮ ਵਿਚ ਸ਼ਾਮਲ ਆਰਟੀਫ਼ਿਸ਼ਲ ਇੰਟੈਲੀਜੈਂਸ (ਏ.ਆਈ.) ਅਤੇ ਫੇਸ਼ਲ ਰਿਕੋਗਨੀਸ਼ਨ ਤਕਨਾਲੋਜੀ ਤੁਰੰਤ ਜਾਂਚ ਕਰੇਗੀ ਕਿ ਫੋਟੋ ਸਰਕਾਰੀ ਮਾਪਦੰਡਾਂ ਅਨੁਸਾਰ ਹੈ ਜਾਂ ਨਹੀਂ। ਜੇਕਰ ਫੋਟੋ ਵਿਚ ਕੋਈ ਕਮੀ ਹੋਵੇਗੀ, ਤਾਂ ਸਿਸਟਮ ਤੁਰੰਤ ਦੱਸੇਗਾ ਕਿ ਉਸ ਨੂੰ ਕਿਵੇਂ ਠੀਕ ਕੀਤਾ ਜਾਵੇ।

ਇਸ ਤਕਨਾਲੋਜੀ ਨਾਲ ਪਾਸਪੋਰਟ ਅਰਜ਼ੀ ਦੀ ਪ੍ਰਕਿਰਿਆ ਹੋਰ ਤੇਜ਼ ਅਤੇ ਸੁਚਾਰੂ ਹੋਣ ਦੀ ਉਮੀਦ ਹੈ। ਸਰਕਾਰ ਦਾ ਮੰਨਣਾ ਹੈ ਕਿ ਇਸ ਨਾਲ ਲੱਖਾਂ ਅਮਰੀਕੀ ਨਾਗਰਿਕਾਂ ਦਾ ਸਮਾਂ ਅਤੇ ਪੈਸਾ ਦੋਵੇਂ ਬਚਣਗੇ, ਨਾਲ ਹੀ ਪਾਸਪੋਰਟ ਅਰਜ਼ੀਆਂ ਵਿਚ ਫੋਟੋ ਨਾਲ ਜੁੜੀਆਂ ਗਲਤੀਆਂ ਵੀ ਕਾਫ਼ੀ ਘੱਟ ਹੋਣਗੀਆਂ।

ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬਿਓ ਨੇ ਕਿਹਾ ਹੈ ਕਿ ਸਰਕਾਰ ਦਾ ਟੀਚਾ ਵੱਧ ਤੋਂ ਵੱਧ ਸਰਕਾਰੀ ਸੇਵਾਵਾਂ ਨੂੰ ਡਿਜ਼ੀਟਲ ਬਣਾਉਣਾ ਹੈ, ਤਾਂ ਜੋ ਲੋਕਾਂ ਨੂੰ ਸਰਕਾਰੀ ਦਫ਼ਤਰਾਂ ਦੇ ਘੱਟ ਚੱਕਰ ਲਗਾਉਣੇ ਪੈਣ। ਉਨ੍ਹਾਂ ਕਿਹਾ ਕਿ ਪਾਸਪੋਰਟ ਅਰਜ਼ੀ ਪ੍ਰਕਿਰਿਆ ਨੂੰ ਆਧੁਨਿਕ ਅਤੇ ਆਸਾਨ ਬਣਾਉਣ ਲਈ ਨਵੀਆਂ ਤਕਨੀਕਾਂ ਦੀ ਵਰਤੋਂ ਕੀਤੀ ਜਾ ਰਹੀ ਹੈ।

ਇਸ ਨਵੇਂ ਸਿਸਟਮ ਵਿਚ ਸੁਰੱਖਿਆ ਨੂੰ ਵੀ ਖਾਸ ਤਰਜੀਹ ਦਿੱਤੀ ਗਈ ਹੈ। ਫੇਸ਼ਲ ਰਿਕੋਗਨੀਸ਼ਨ ਤਕਨਾਲੋਜੀ ਰਾਹੀਂ ਇਹ ਯਕੀਨੀ ਬਣਾਇਆ ਜਾਵੇਗਾ ਕਿ ਅਰਜ਼ੀ ਦੇਣ ਵਾਲੇ ਦੀ ਪਛਾਣ ਸਹੀ ਹੈ ਅਤੇ ਕਿਸੇ ਹੋਰ ਵਿਅਕਤੀ ਦੀ ਫੋਟੋ ਦੀ ਵਰਤੋਂ ਨਾ ਹੋ ਸਕੇ। ਇਸ ਨਾਲ ਧੋਖਾਧੜੀ ਅਤੇ ਜਾਅਲੀ ਦਸਤਾਵੇਜ਼ਾਂ ਦੇ ਮਾਮਲੇ ਘਟਣ ਦੀ ਉਮੀਦ ਵੀ ਜਤਾਈ ਜਾ ਰਹੀ ਹੈ।


ਹਾਲਾਂਕਿ ਇਹ ਸਿਸਟਮ ਅਜੇ ਟੈਸਟਿੰਗ ਅਤੇ ਵਿਕਾਸ ਦੇ ਪੜਾਅ ਵਿਚ ਹੈ। ਅਮਰੀਕੀ ਸਰਕਾਰ ਨੇ ਅਜੇ ਤੱਕ ਇਹ ਐਲਾਨ ਨਹੀਂ ਕੀਤਾ ਕਿ ਇਹ ਸੇਵਾ ਕਦੋਂ ਦੇਸ਼ ਭਰ ਵਿਚ ਲਾਗੂ ਕੀਤੀ ਜਾਵੇਗੀ। ਇਸ ਲਈ ਇਸ ਵੇਲੇ ਪਾਸਪੋਰਟ ਲਈ ਅਰਜ਼ੀ ਦੇਣ ਵਾਲੇ ਲੋਕਾਂ ਨੂੰ ਮੌਜੂਦਾ ਨਿਯਮਾਂ ਅਨੁਸਾਰ ਹੀ ਫੋਟੋ ਜਮ ?ਹਾਂ ਕਰਵਾਉਣੀ ਪਵੇਗੀ।

ਜੇਕਰ ਇਹ ਯੋਜਨਾ ਸਫਲ ਰਹਿੰਦੀ ਹੈ, ਤਾਂ ਅਮਰੀਕਾ ਵਿਚ ਪਾਸਪੋਰਟ ਬਣਵਾਉਣ ਦੀ ਪ੍ਰਕਿਰਿਆ ਪਹਿਲਾਂ ਨਾਲੋਂ ਕਾਫ਼ੀ ਆਸਾਨ, ਤੇਜ਼ ਅਤੇ ਡਿਜ਼ੀਟਲ ਹੋ ਜਾਵੇਗੀ, ਜਿਸ ਦਾ ਲਾਭ ਹਰ ਸਾਲ ਪਾਸਪੋਰਟ ਲਈ ਅਰਜ਼ੀ ਦੇਣ ਵਾਲੇ ਲੱਖਾਂ ਅਮਰੀਕੀ ਨਾਗਰਿਕਾਂ ਨੂੰ ਮਿਲੇਗਾ।

## ਪੰਜਾਬੀ ਗੱਭਰੂ 'ਸ਼ੇਰਾ' ਦਾ ਲਾਸ ਵੇਗਾਸ 'ਚ ਵੱਡਾ ਧਮਾਕਾ

# ਸਾਬਕਾ WWE ਚੈਂਪੀਅਨ ਜੈਕ ਹੇਗਰ ਨੂੰ ਇੱਕੋ ਥੱਪੜ ਨਾਲ ਕੀਤਾ ਬੇਹੋਸ਼, ਪਾਵਰ ਸਲੈਪ ਮੁਕਾਬਲੇ 'ਚ ਰਚਿਆ ਇਤਿਹਾਸ




ਨਿਊਯਾਰਕ, (ਰਾਜ ਗੋਗਨਾ/ਸਾਡੇ ਲੋਕ) : ਪਾਵਰ ਸਲੈਪ ਦੁਨੀਆਂ ਦਾ ਪ੍ਰਮੁੱਖ ਥੱਪੜ ਲੜਨ ਵਾਲਾ ਇਕ ਸੰਗਠਨ ਹੈ। ਜੋ ਅਮਰੀਕਾ ਦੇ ਨੇਵਾਡਾ ਸਟੇਟ 'ਚ ਐਥਲੈਟਿਕ ਕਮਿਸ਼ਨ ਦੀ ਪ੍ਰਵਾਨਗੀ ਹੇਠ ਸੀ.ਈ.ਓ. ਡਾਨਾ ਵ੍ਹਾਈਟ ਦੀ ਅਗਵਾਈ ਹੇਠ ਕੰਮ ਕਰਦਾ ਹੈ। ਬੀਤੇ ਦਿਨ ਇਸ ਦੇ ਲਾਸ ਵੈਗਸ ਨੇਵਾਡਾ ਰਾਜ 'ਚ ਹੋਏ ਮੁਕਾਬਲਿਆਂ 'ਚ ਸਾਬਕਾ ਡਬਲਯੂ. ਡਬਲਯੂ. ਈ. ਦੇ ਸਟਾਰ ਜੇਕ ਹੇਗਰ ਨੂੰ ਪਾਵਰ ਸਲੈਪ-21 ਵਿੱਚ ਆਪਣੇ ਹੈਵੀਵੇਟ ਮੁਕਾਬਲੇ ਦੌਰਾਨ ਪੰਜਾਬੀ ਨੌਜਵਾਨ ਅਮਨਪ੍ਰੀਤ ਸਿੰਘ ਰੰਧਾਵਾ ਜੋ ਮਹਾਬਲੀ ਸ਼ੇਰਾ ਦੇ ਨਾਂ ਨਾਲ ਵੀ ਜਾਣਿਆ ਜਾਦਾ ਹੈ। ਉਸ ਨੂੰ ਮੁਕਾਬਲੇ ਦੌਰਾਨ ਸ਼ਕਤੀਸ਼ਾਲੀ ਥੱਪੜ ਮਾਰਿਆ ਤੇ ਜਿੱਤ ਪ੍ਰਾਪਤ ਕੀਤੀ। ਅਮਨਪ੍ਰੀਤ ਸਿੰਘ ਦੇ ਨਾਲ ਮੁਕਾਬਲਾ ਕਰਨ ਵਾਲੇ ਹੇਗਰ ਨੇ ਸ਼ੁਰੂਆਤੀ ਮੁਕਾਬਲੇ ਵਿੱਚ ਆਪਣਾ ਦਬਦਬਾ ਬਣਾਇਆ, ਪੰਜਾਬੀ ਅਮਨਪ੍ਰੀਤ ਸਿੰਘ (ਮਹਾਂਬਲੀ ਸ਼ੇਰਾ) ਜੋ ਪੰਜਾਬ ਦੇ ਜ਼ਿਲ੍ਹਾ ਫ਼ਿਰੋਜ਼ਪੁਰ ਦਾ ਜੰਮਪਲ ਹੈ, ਨੇ ਜਦੋਂ ਫੈਸਲਾਕੁੰਨ ਦੇ ਤੀਜੇ ਦੌਰ 'ਚ ਇੱਕ ਸ਼ਕਤੀਸ਼ਾਲੀ ਥੱਪੜ ਮਾਰ ਕੇ ਮੁਕਾਬਲੇ ਦੀ ਇੱਕ ਮਜ਼ਬੂਤ ਜਿੱਤ ਪ੍ਰਾਪਤ ਕੀਤੀ। ਰੈਫਰੀ ਨੇ ਤੁਰੰਤ ਮੁਕਾਬਲਾ ਰੋਕ ਦਿੱਤਾ ਜਦੋਂ ਇਹ ਪਤਾ ਲੱਗਿਆ ਕਿ ਉਸ ਦੇ ਨਾਲ ਮੁਕਾਬਲਾ ਕਰਨ ਵਾਲਾ ਗੋਰਾ ਹੇਗਰ ਉੱਠਣ ਵਿੱਚ ਅਸਮਰੱਥ ਹੈ, ਜਿਸ ਨਾਲ ਰੈਫਰੀ ਨੇ ਅਮਨਪ੍ਰੀਤ ਸਿੰਘ (ਮਹਾਂਬਲੀ ਸ਼ੇਰਾ ਸਿੰਘ ਨੂੰ ਜਿੱਤ ਮਿਲੀ। ਇਸ ਸਮਾਪਤੀ ਨੇ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਟਰੈਕਸ਼ਨ ਹਾਸਲ ਕਰ ਲਿਆ, ਪ੍ਰਸ਼ੰਸਕਾਂ ਨੇ ਦੋ ਮਸ਼ਹੂਰ ਪੇਸ਼ੇਵਰ ਕੁਸ਼ਤੀ ਸਿਤਾਰਿਆਂ ਨਾਲ ਜੁੜੇ ਹੈਰਾਨ ਕਰਨ ਵਾਲੇ ਪ੍ਰੇਸ਼ਾਨੀ 'ਤੇ ਪ੍ਰਤੀਕਿਰਿਆ ਦਿੱਤੀ। ਜਿਸ 'ਚ ਇੱਕ ਸਾਬਕਾ ਡਬਲਯੂਡਬਲਯੂਈ ਵਿਸ਼ਵ ਚੈਂਪੀਅਨ ਨੂੰ ਹਰਾਉਣਾ ਉਸ ਨੂੰ ਪੇਸ਼ੇਵਰ ਕੁਸ਼ਤੀ ਤੋਂ ਬਾਹਰ ਉਸ ਦੇ ਕੈਰੀਅਰ ਦੀਆਂ ਸਭ ਤੋਂ ਅਮਨਪ੍ਰੀਤ ਸਿੰਘ ਦੀ ਵੱਡੀਆ ਜਿੱਤਾਂ ਵਿੱਚੋਂ ਇਹ ਇੱਕ ਹੈ।

# ਭਾਰਤੀ ਮੂਲ ਦੀ 17 ਸਾਲਾਂ ਧੀ ਨੇ ਅਮਰੀਕੀ ਜਲ ਸੈਨਾ ਦੇ 300 ਕੈਡਿਟਾਂ ਦੀ ਕੀਤੀ ਅਗਵਾਈ

## ਰਿਧੀ ਚੌਹਾਨ ਸਕੂਲ ਦੇ ਨੇਵੀ ਜੂਨੀਅਰ ਰਿਜ਼ਰਵ ਅਫਸਰਜ਼ ਯੂਨਿਟ ਵਿੱਚ ਬਟਾਲੀਅਨ ਕਮਾਂਡਿੰਗ ਅ਼ਫਸਰ ਨਿਯੁਕਤ

ਨਿਊਯਾਰਕ : ਅਮਰੀਕੀ ਜਲ ਸੈਨਾ ਵਿੱਚ ਭਾਰਤੀ ਮੂਲ ਦੀ ਵਿਦਿਆਰਥਣ ਨੇ ਸ਼ਾਨਦਾਰ ਸਫਲਤਾ ਹਾਸਲ ਕੀਤੀ ਹੈ, 300 ਕੈਡਿਟਾਂ ਦੀ ਕਮਾਂਡਿੰਗ ਕਰਕੇ ਦੇਸ਼ ਨੂੰ ਮਾਣ ਦਿਵਾਇਆ ਹੈ। ਅਮਰੀਕਾ ਵਿੱਚ ਇੱਕ ਹੋਣਹਾਰ ਭਾਰਤੀ ਮੂਲ ਦੀ ਵਿਦਿਆਰਥਣ ਨੇ ਆਪਣੀ ਮਿਹਨਤ ਅਤੇ ਲੀਡਰਸ਼ਿਪ ਹੁਨਰ ਲਈ ਦੁਨੀਆ ਭਰ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ।



ਨਿਊਯਾਰਕ ਨਿਵਾਸੀ 17 ਸਾਲਾ ਰਿਧੀ ਚੌਹਾਨ ਨੂੰ ਉਸਦੇ ਸਕੂਲ ਦੇ ਨੇਵੀ ਜੂਨੀਅਰ ਰਿਜ਼ਰਵ ਅਫਸਰਜ਼ ਟਰੇਨਿੰਗ ਕੋਰ (NJROTC) ਯੂਨਿਟ ਵਿੱਚ ਬਟਾਲੀਅਨ ਕਮਾਂਡਿੰਗ ਅਫਸਰ ਨਿਯੁਕਤ ਕੀਤਾ ਗਿਆ ਹੈ। ਇਹ ਪ੍ਰੋਗਰਾਮ ਵਿੱਚ ਉਪਲਬਧ ਸਭ ਤੋਂ ਉੱਚਾ ਵਿਦਿਆਰਥੀ ਅਹੁਦਾ ਹੈ।

ਰਿਧੀ ਚੌਹਾਨ ਇਸ ਸਮੇਂ ਲਗਭਗ 300 ਵਿਦਿਆਰਥੀਆਂ ਦੀ ਬਟਾਲੀਅਨ ਦੀ ਅਗਵਾਈ ਕਰਦੀ ਹੈ। ਉਹ ਨਾ ਸਿਰਫ ਬਟਾਲੀਅਨ ਦੇ ਰੋਜ਼ਾਨਾ ਕਾਰਜਾਂ ਦੀ ਨਿਗਰਾਨੀ ਕਰਦੀ ਹੈ ਬਲਕਿ ਵਿਦਿਆਰਥੀਆਂ ਦੀ ਸਿਖਲਾਈ ਅਤੇ ਤੰਦਰੁਸਤੀ (ਹੁਨਰ ਵਿਕਾਸ) ਲਈ ਵੀ ਜ਼ਿੰਮੇਵਾਰ ਹੈ। ਰਿਧੀ ਕਹਿੰਦੀ ਹੈ ਕਿ ਉਹ ਹਫ਼ਤੇ ਵਿੱਚ ਚਾਰ ਦਿਨ ਸਵੇਰੇ 7 ਵਜੇ ਤੋਂ ਪਹਿਲਾਂ ਸਕੂਲ ਪਹੁੰਚਦੀ ਹੈ ਅਤੇ ਆਪਣੇ ਦਿਨ ਦੀ ਸ਼ੁਰੂਆਤ ਡ੍ਰਿਲ ਅਭਿਆਸ ਨਾਲ ਕਰਦੀ ਹੈ।

ਰਿਧੀ ਇਸ ਪ੍ਰਾਪਤੀ ਦਾ ਸਿਹਰਾ ਆਪਣੇ ਪਰਿਵਾਰ ਅਤੇ ਅਧਿਆਤਮਿਕ ਕਦਰਾਂ-ਕੀਮਤਾਂ ਨੂੰ ਦਿੰਦੀ ਹੈ। ਉਸਨੇ ਦੱਸਿਆ ਕਿ ਬੀਏਪੀਐਸ ਸਵਾਮੀਨਾਰਾਇਣ ਸੰਸਥਾ ਦੇ ਅਧਿਆਤਮਿਕ ਆਗੂ ਮਹੰਤ ਸਵਾਮੀ ਮਹਾਰਾਜ ਦੇ ਮਾਰਗਦਰਸ਼ਨ ਅਤੇ ਉੱਥੋਂ ਦੇ ਯੁਵਾ ਸਿਖਲਾਈ ਪ੍ਰੋਗਰਾਮਾਂ ਨੇ ਉਸਦੀ ਜ਼ਿੰਦਗੀ ਨੂੰ ਇੱਕ ਨਵੀਂ ਦਿਸ਼ਾ ਦਿੱਤੀ ਹੈ। ਉਸਨੇ ਇੱਕ ਅਕਾਦਮਿਕ ਕਮਾਂਡਰ ਅਤੇ ਐਸਟੀਈਐਮ ਕਮਾਂਡਰ ਵਜੋਂ ਵੀ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ।

ਆਪਣੀ ਸਖ਼ਤ ਮਿਹਨਤ ਨਾਲ, ਰਿਧੀ ਹੁਣ ਯੂਨਾਈਟਿਡ ਸਟੇਟਸ ਨੇਵਲ ਅਕੈਡਮੀ (ਯੂਐਸਐਨਏ) ਵਿੱਚ ਜਾਣ ਦੀ ਤਿਆਰੀ ਕਰ ਰਹੀ ਹੈ। ਵਰਤਮਾਨ ਵਿੱਚ, ਉਹ ਨੇਵਲ ਅਕੈਡਮੀ ਪ੍ਰੈਪਰੇਟਰੀ ਸਕੂਲ ਵਿੱਚ ਦਾਖਲਾ ਲੈਣ ਵਾਲੀ ਹੈ। ਰਿਧੀ ਚੌਹਾਨ ਦੇ ਮਾਤਾ-ਪਿਤਾ, ਰੁਚਿਕਾ ਅਤੇ ਦਿਲੀਪ ਚੌਹਾਨ, ਮੂਲ ਰੂਪ ਵਿੱਚ ਜੈਪੁਰ, ਰਾਜਸਥਾਨ ਤੋਂ ਹਨ।

# ਆਈ.ਸੀ.ਸੀ. ਖ਼ਿਲਾਫ਼ ਅਮਰੀਕਾ ਦਾ ਸਿਆਸੀ ਮੋਰਚਾ ਤੇਜ਼, ਰੂਬੀਓ ਨੇ ਪਾਬੰਦੀਆਂ ਦੀ ਦਿੱਤੀ ਚਿਤਾਵਨੀ

ਨਿਊਯਾਰਕ : ਅਮਰੀਕਾ ਨੇ ਅੰਤਰਰਾਸ਼ਟਰੀ ਅਪਰਾਧ ਅਦਾਲਤ (ਆਈ.ਸੀ.ਸੀ.) ਵਿਰੁੱਧ ਆਪਣਾ ਰੁਖ ਹੋਰ ਸਖ਼ਤ ਕਰ ਦਿੱਤਾ ਹੈ। ਵਿਦੇਸ਼ ਮੰਤਰੀ ਮਾਰਕੋ ਰੂਬਿਓ ਨੇ ਐਲਾਨ ਕੀਤਾ ਹੈ ਕਿ ਟਰੰਪ ਪ੍ਰਸ਼ਾਸਨ ਆਈ. ਸੀ. ਸੀ. ਦੇ ਪ੍ਰਭਾਵ ਨੂੰ ਘਟਾਉਣ ਲਈ ਵਿਸ਼ਵ ਪੱਧਰ 'ਤੇ ਮੁਹਿੰਮ ਚਲਾਏਗਾ। ਉਨ੍ਹਾਂ ਦਾ ਦਾਅਵਾ ਹੈ ਕਿ ਇਹ ਅਦਾਲਤ ਅਮਰੀਕੀ ਫੌਜ, ਸਰਹੱਦੀ ਸੁਰੱਖਿਆ ਏਜੰਸੀਆਂ ਅਤੇ ਹੋਰ ਸਰਕਾਰੀ ਅਧਿਕਾਰੀਆਂ ਦੇ ਕੰਮ ਵਿੱਚ ਬੇਲੋੜਾ ਦਖ਼ਲ ਦੇ ਰਹੀ ਹੈ, ਜਿਸ ਨਾਲ ਦੇਸ਼ ਦੀ ਪ੍ਰਭੂਸੱਤਾ ਪ੍ਰਭਾਵਿਤ ਹੋ ਸਕਦੀ ਹੈ। ਰੂਬਿਓ ਨੇ ਕਿਹਾ ਕਿ ਜੋ ਦੇਸ਼ ਆਈ.ਸੀ.ਸੀ. ਨੂੰ ਸਮਰਥਨ ਦੇਣ ਦੇ ਨਾਲ ਅਮਰੀਕੀ ਸਹਾਇਤਾ ਵੀ ਲੈਂਦੇ ਹਨ, ਉਨ੍ਹਾਂ ਨੂੰ ਆਪਣਾ ਰੁਖ ਸਪੱਸ਼ਟ ਕਰਨਾ ਪਵੇਗਾ।



ਵਾਸ਼ਿੰਗਟਨ ਅਜਿਹੇ ਦੇਸ਼ਾਂ 'ਤੇ ਆਰਥਿਕ ਪਾਬੰਦੀਆਂ, ਵੀਜ਼ਾ ਰੋਕ ਅਤੇ ਹੋਰ ਕੂਟਨੀਤਿਕ ਕਦਮ ਚੁੱਕਣ ਬਾਰੇ ਵਿਚਾਰ ਕਰ ਸਕਦਾ ਹੈ। ਟਰੰਪ ਪ੍ਰਸ਼ਾਸਨ ਦਾ ਮੰਨਣਾ ਹੈ ਕਿ ਆਈ.ਸੀ.ਸੀ. ਆਪਣੇ ਅਧਿਕਾਰਾਂ ਦੀ ਹੱਦ ਤੋਂ ਬਾਹਰ ਜਾ ਕੇ ਅਮਰੀਕਾ ਅਤੇ ਉਸਦੇ ਸਹਿਯੋਗੀਆਂ ਨਾਲ ਜੁੜੇ ਮਾਮਲਿਆਂ 'ਚ ਦਖ਼ਲਅੰਦਾਜ਼ੀ ਕਰ ਰਹੀ ਹੈ। ਇਸੇ ਕਾਰਨ ਪਹਿਲਾਂ ਵੀ ਅਦਾਲਤ ਦੇ ਕੁਝ ਅਧਿਕਾਰੀਆਂ ਅਤੇ ਜੱਜਾਂ 'ਤੇ ਅਮਰੀਕਾ ਵੱਲੋਂ ਪਾਬੰਦੀਆਂ ਲਗਾਈਆਂ ਜਾ ਚੁੱਕੀਆਂ ਹਨ। ਦੂਜੇ ਪਾਸੇ, ਕਈ ਅੰਤਰਰਾਸ਼ਟਰੀ ਕਾਨੂੰਨੀ ਮਾਹਿਰਾਂ ਅਤੇ ਮਨੁੱਖੀ ਅਧਿਕਾਰ ਸੰਸਥਾਵਾਂ ਨੇ ਇਸ ਨੀਤੀ ਦੀ ਆਲੋਚਨਾ ਕੀਤੀ ਹੈ।

# ਉਡਾ ਦਿਆਂਗੇ ਤੁਹਾਡੇ ਪੁਲ ਤੇ ਪਾਵਰ ਪਲਾਂਟ, ਟਰੰਪ ਨੇ ਈਰਾਨ ਨੂੰ ਦਿੱਤੀ ਹਮਲੇ ਦੀ ਚਿਤਾਵਨੀ

ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੌਨਾਲਡ ਟਰੰਪ ਨੇ ਈਰਾਨ ਨੂੰ ਮੁੜ ਚਿਤਾਵਨੀ ਦਿੱਤੀ। ਉਨ੍ਹਾਂ ਕਿਹਾ ਜੇਕਰ ਈਰਾਨ ਗੱਲਬਾਤ ਦੀ ਮੇਜ਼ 'ਤੇ ਵਾਪਸ ਆਉਣ ਤੋਂ ਇਨਕਾਰ ਕਰਦਾ ਹੈ, ਤਾਂ ਅਮਰੀਕਾ ਅਗਲੇ ਹਫ਼ਤੇ ਦੇ ਸ਼ੁਰੂ ਵਿੱਚ ਈਰਾਨੀ ਪੁਲਾਂ ਅਤੇ ਪਾਵਰ ਪਲਾਂਟਾਂ ਨੂੰ ਨਿਸ਼ਾਨਾ ਬਣਾ ਸਕਦਾ ਹੈ। ਦੋਵਾਂ ਦੇਸ਼ਾਂ ਵਿਚਕਾਰ ਲਗਾਤਾਰ ਚੌਥੇ ਦਿਨ ਦੇ ਹਮਲਿਆਂ ਤੋਂ ਬਾਅਦ ਤਣਾਅ ਵਧ ਗਿਆ ਹੈ। ਅਮਰੀਕਾ ਨੇ ਈਰਾਨ ਦੀ ਜਲ ਸੈਨਾ ਦੀ ਨਾਕਾਬੰਦੀ ਵੀ ਮੁੜ ਸ਼ੁਰੂ ਕਰ ਦਿੱਤੀ ਹੈ। ਮੰਗਲਵਾਰ ਰਾਤ ਨੂੰ ਫੌਕਸ ਨਿਊਜ਼ ਨਾਲ ਇੱਕ ਇੰਟਰਵਿਊ ਵਿੱਚ ਟਰੰਪ ਨੇ ਚਿਤਾਵਨੀ ਦਿੱਤੀ ਕਿ ਜੇਕਰ ਈਰਾਨ ਗੱਲਬਾਤ ਮੁੜ ਸ਼ੁਰੂ ਨਹੀਂ ਕਰਦਾ ਹੈ, ਤਾਂ ਅਮਰੀਕਾ ਆਪਣੀ ਫੌਜੀ ਕਾਰਵਾਈ ਨੂੰ ਤੇਜ਼ ਕਰੇਗਾ। ਉਨ੍ਹਾਂ ਕਿਹਾ, 'ਅਗਲਾ ਹਫ਼ਤਾ ਉਨ੍ਹਾਂ ਲਈ ਬਹੁਤ ਮਾੜਾ ਹੋਣ ਵਾਲਾ ਹੈ। ਜੇਕਰ ਉਹ ਮੇਜ਼ 'ਤੇ ਨਹੀਂ ਆਉਂਦੇ ਅਤੇ ਗੱਲਬਾਤ ਨਹੀਂ ਕਰਦੇ, ਤਾਂ ਅਸੀਂ ਉਨ੍ਹਾਂ ਦੇ ਸਾਰੇ ਪਾਵਰ ਪਲਾਂਟਾਂ ਅਤੇ ਪੁਲਾਂ ਨੂੰ ਤਬਾਹ ਕਰ ਦੇਵਾਂਗੇ।' ਅਮਰੀਕੀ ਰਾਸ਼ਟਰਪਤੀ ਨੇ ਈਰਾਨ ਵਿੱਚ ਅਮਰੀਕੀ ਜ਼ਮੀਨੀ



ਫੌਜ ਭੇਜਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ, ਹਾਲਾਂਕਿ ਉਨ੍ਹਾਂ ਨੇ ਸੰਕੇਤ ਦਿੱਤਾ ਕਿ ਉਹ ਹੋਰ ਵਿਕਲਪਾਂ ਨੂੰ ਤਰਜੀਹ ਦੇਣਗੇ।

ਉਨ੍ਹਾਂ ਕਿਹਾ, 'ਕਈ ਵਾਰ ਤੁਹਾਨੂੰ ਜ਼ਮੀਨੀ ਕਾਰਵਾਈ ਦੀ ਲੋੜ ਹੁੰਦੀ ਹੈ ਪਰ ਸਾਡੇ ਕੋਲ ਹੋਰ ਹਨ ਜੋ ਸਾਡੇ ਲਈ ਜ਼ਮੀਨੀ ਕਾਰਵਾਈ ਕਰਨਗੇ।' ਟਰੰਪ ਦੀਆਂ ਟਿੱਪਣੀਆਂ ਹੋਰਮੁਜ਼ ਸਟ੍ਰੇਟ ਤੋਂ ਲੰਘਣ ਵਾਲੇ ਕਾਰਗੋ ਜਹਾਜ਼ਾਂ 'ਤੇ 20 ਫੀਸਦੀ ਟੈਰਿਫ ਲਗਾਉਣ ਦੇ ਵਿਵਾਦਪੂਰਨ ਪ੍ਰਸਤਾਵ ਨੂੰ ਵਾਪਸ ਲੈਣ ਤੋਂ ਕੁਝ ਘੰਟੇ ਬਾਅਦ ਆਈਆਂ। ਉਨ੍ਹਾਂ ਕਿਹਾ ਕਿ ਇਸ ਪ੍ਰਸਤਾਵ ਨੂੰ ਖਾੜੀ ਦੇਸ਼ਾਂ ਨਾਲ 'ਵੱਡੇ' ਵਪਾਰ ਅਤੇ ਨਿਵੇਸ਼ ਸਮਝੌਤਿਆਂ ਨਾਲ ਬਦਲ ਦਿੱਤਾ ਜਾਵੇਗਾ। ਅਮਰੀਕੀ ਰਾਸ਼ਟਰਪਤੀ ਨੇ ਕਿਹਾ, 'ਤੁਸੀਂ ਬਿਹਤਰ ਢੰਗ ਨਾਲ ਇੱਕ ਸੌਦਾ ਕਰੋ, ਨਹੀਂ ਤਾਂ ਤੁਹਾਡੇ ਕੋਲ ਕੁਝ ਵੀ ਨਹੀਂ ਬਚੇਗਾ।' ਉਨ੍ਹਾਂ ਅੱਗੇ ਕਿਹਾ ਕਿ ਜੇਕਰ ਕੂਟਨੀਤੀ ਅਸਫਲ ਹੋ ਜਾਂਦੀ ਹੈ ਤਾਂ ਊਰਜਾ ਬੁਨਿਆਦੀ ਢਾਂਚੇ ਨੂੰ ਵੀ ਨਿਸ਼ਾਨਾ ਬਣਾਇਆ ਜਾਵੇਗਾ। ਸੀਐਨਐਨ ਦੇ ਅਨੁਸਾਰ, ਅਮਰੀਕਾ ਅਤੇ ਈਰਾਨੀ ਪ੍ਰਤੀਨਿਧੀ ਸੰਪਰਕ ਵਿੱਚ ਹਨ, ਪਰ ਟਰੰਪ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਗੱਲਬਾਤ ਉਦੋਂ ਤੱਕ ਅੱਗੇ ਨਹੀਂ ਵਧ ਸਕਦੀ ਜਦੋਂ ਤੱਕ ਈਰਾਨ ਹੋਰਮੁਜ਼ ਜਲਡਮਰੂ ਰਾਹੀਂ ਸਮੁੰਦਰੀ ਆਵਾਜਾਈ ਵਿੱਚ ਵਿਘਨ ਪਾਉਣਾ ਬੰਦ ਨਹੀਂ ਕਰ ਦਿੰਦਾ। ਫੌਜੀ ਕਾਰਵਾਈ ਦੀ ਮਿਆਦ ਬਾਰੇ ਪੁੱਛੇ ਜਾਣ 'ਤੇ ਟਰੰਪ ਨੇ ਕਿਹਾ ਕਿ ਹਮਲੇ ਉਦੋਂ ਤੱਕ ਜਾਰੀ ਰਹਿਣਗੇ ਜਦੋਂ ਤੱਕ ਉਹ ਖੁਦ ਉਨ੍ਹਾਂ ਨੂੰ ਰੋਕਣ ਦਾ ਫੈਸਲਾ ਨਹੀਂ ਕਰਦੇ।

# ਰਘੂਰਾਮ ਰਾਜਨ ਸਮੇਤ ਇਨ੍ਹਾਂ ਭਾਰਤੀਆਂ ਨੂੰ USA 'ਚ ਮਿਲੀ ਅਹਿਮ ਜ਼ਿੰਮੇਵਾਰੀ

ਨਿਊਯਾਰਕ : ਫੈਡਰਲ ਰਿਜ਼ਰਵ ਦੇ ਚੇਅਰਮੈਨ ਕੇਵਿਨ ਵਾਰਸ਼ ਨੇ ਕੇਂਦਰੀ ਬੈਂਕ ਦੇ ਪੰਜ ਨਵੇਂ ਟਾਸਕ ਫੋਰਸਾਂ ਦੀ ਕਮਾਨ ਸੰਭਾਲਨ ਵਾਲੀ ਟੀਮ ਦਾ ਐਲਾਨ ਕਰ ਦਿੱਤਾ ਹੈ। ਇਸ ਵਿਚ ਕਈ ਭਾਰਤੀਆਂ ਨੂੰ ਬਾਹਰੀ ਸਲਾਹਕਾਰਾਂ ਵਜੋਂ ਚੁਣਿਆ ਹੈ। ਭਾਰਤੀ ਰਿਜ਼ਰਵ ਬੈਂਕ (ਆਰਬੀਆਈ) ਦੇ ਸਾਬਕਾ ਗਵਰਨਰ ਰਘੂਰਾਮ ਰਾਜਨ ਉਨ੍ਹਾਂ ਵਿੱਚੋਂ ਇੱਕ ਹਨ। ਇਹ ਮੈਂਬਰ ਇਸ ਗੱਲ ਨੂੰ ਹੋਰ ਭਰੋਸੇਮੰਦ ਬਣਾਉਂਦੇ ਹਨ ਕਿ ਸੰਸਥਾ ਕਿਵੇਂ ਗੱਲਬਾਤ ਕਰਦੀ ਹੈ ਪਾਲਸੀ ਲਾਗੂ ਕਰਦੀ ਹੈ। ਇਸ 'ਤੇ ਫਿਰ ਤੋਂ ਸੋਚਣ ਦੀ ਉਨ੍ਹਾਂ ਦੀ ਕੋਸ਼ਿਸ਼ ਨੂੰ ਬਲ ਮਿਲਦਾ ਹੈ। ਇਹ ਅਰਥਸ਼ਾਸਤਰੀਆਂ ਅਤੇ ਵਿਸ਼ਲੇਸ਼ਕਾਂ ਦਾ ਵਿਚਾਰ ਹੈ ਜੋ ਫੈੱਡ ਦੀ ਨੇੜਿਓਂ ਨਿਗਰਾਨੀ ਕਰਦੇ ਹਨ।

ਇਹ ਵੀ ਸਪੱਸ਼ਟ ਹੈ ਕਿ ਕੁਝ ਟਾਸਕ ਫੋਰਸ ਦੇ ਨੇਤਾ ਦੀ ਸੋਚ ਖਾਸ ਕਰਕੇ ਸੰਚਾਰ ਅਤੇ ਫੈੱਡ ਦੀ ਬੈਲੇਂਸ ਸ਼ੀਟ ਬਾਰੇ ਵਾਰਸ਼ ਵਰਗੀ ਹੈ।

ਹਾਲਾਂਕਿ, ਮਾਹਰ ਦੋਵਾਂ ਪਾਰਟੀਆਂ (ਰਿਪਬਲਿਕਨ ਅਤੇ ਡੈਮੋਕਰੇਟ) ਦੇ ਹਨ। ਇਨ੍ਹਾਂ ਸਮੂਹਾਂ ਦੀਆਂ ਕਿਸੇ ਵੀ ਸਿਫ਼ਾਰਸ਼ਾਂ ਲਈ ਫੈਡਰਲ ਓਪਨ ਮਾਰਕੀਟ ਕਮੇਟੀ ਦੀ ਪ੍ਰਵਾਨਗੀ ਦੀ ਲੋੜ ਹੋਵੇਗੀ, ਜੋ ਕਿ ਮੁਦਰਾ ਨੀਤੀ ਦੇ ਫੈਸਲੇ ਲੈਣ ਲਈ ਜ਼ਿੰਮੇਵਾਰ 12 ਅਧਿਕਾਰੀਆਂ ਦੀ ਕਮੇਟੀ ਹੈ। ਵਾਰਸ਼ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਸਾਲ ਦੇ ਅੰਤ ਤੱਕ ਤਿਆਰ ਹੋ ਜਾਣਾ ਚਾਹੀਦਾ ਹੈ।



ਨਿਊਯਾਰਕ ਯੂਨੀਵਰਸਿਟੀ ਦੇ ਸਟਰਨ ਸਕੂਲ ਆਫ਼ ਬਿਜ਼ਨਸ ਵਿੱਚ ਅਰਥ ਸ਼ਾਸਤਰ ਦੇ ਪ੍ਰੋਫੈਸਰ ਸਾਈਮਨ ਬੋਮੇਕਰ ਨੇ ਕਿਹਾ, 'ਇਹ ਅਰਥ ਸ਼ਾਸਤਰ ਦੀ ਦੁਨੀਆ ਦੇ ਕੁਝ ਵੱਡੇ ਨਾਮ ਹਨ - ਇਹਨਾਂ ਵਿੱਚ ਨੀਤੀ ਨਿਰਮਾਤਾ, ਨਿੱਜੀ ਖੇਤਰ ਦੇ ਸ਼ਖਸੀਅਤਾਂ ਅਤੇ ਪ੍ਰਸਿੱਧ ਸਿੱਖਿਆ ਸ਼ਾਸਤਰੀ ਸ਼ਾਮਲ ਹਨ।'

**ਰਘੂਰਾਮ ਰਾਜਨ ਕੋਲ ਹੈ ਇਹ ਜ਼ਿੰਮੇਵਾਰੀ**

ਭਾਰਤੀ ਰਿਜ਼ਰਵ ਬੈਂਕ ਦੇ ਸਾਬਕਾ ਗਵਰਨਰ ਰਘੂਰਾਮ ਰਾਜਨ ਬੈਲੇਂਸ ਸ਼ੀਟ 'ਤੇ ਚਰਚਾ ਕਰਨ ਵਾਲੇ ਸਮੂਹ ਦੀ ਅਗਵਾਈ ਕਰਨ ਵਿੱਚ ਮਦਦ ਕਰਨਗੇ। ਉਨ੍ਹਾਂ ਨੇ ਵੱਡੇ ਪੱਧਰ 'ਤੇ ਬਾਂਡ ਖਰੀਦਦਾਰੀ ਨੂੰ ਘਟਾਉਣ ਦੀਆਂ ਚੁਣੌਤੀਆਂ ਬਾਰੇ ਲਿਖਿਆ ਹੈ ਅਤੇ ਫੈਡ ਨੂੰ ਅਜਿਹਾ ਸੁਚਾਰੂ ਢੰਗ ਨਾਲ ਕਰਨ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਹੈ।

ਜਾਰਜ ਮੇਸਨ ਯੂਨੀਵਰਸਿਟੀ ਦੇ ਮਰਕੈਟਸ ਸੈਂਟਰ ਦੇ ਸੀਨੀਅਰ ਰਿਸਰਚ ਫੈਲੋ ਡੇਵਿਡ ਬੈਕਵਰਥ ਨੇ ਕਿਹਾ ਕਿ ਉਹ ਇੱਕ ਅਜਿਹਾ ਵਿਅਕਤੀ ਹੈ ਜੋ ਫੈਡ ਨੂੰ 'ਇੱਕ ਛੋਟੀ ਬੈਲੇਂਸ ਸ਼ੀਟ ਅਤੇ ਸ਼ਾਇਦ ਓਪਰੇਟਿੰਗ ਸਿਸਟਮ ਵਿੱਚ ਤਬਦੀਲੀ ਵੱਲ' ਲੈ ਜਾਣ ਲਈ ਤਿਆਰ ਹੋਵੇਗਾ।

ਰਾਜਨ ਨੇ 2005 ਵਿੱਚ ਜੈਕਸਨ ਹੋਲ 'ਚ ਸਾਬਕਾ ਫੈਡ ਦੇ ਚੇਅਰਮੈਨ ਐਲਨ ਗ੍ਰੀਨਸਪੈਨ ਦੇ ਆਖਰੀ ਸਿੰਪੋਜ਼ੀਅਮ ਵਿੱਚ ਵਧ ਰਹੇ ਵਿੱਤੀ ਸਥਿਰਤਾ ਜੋਖਮਾਂ 'ਤੇ ਇੱਕ ਪ੍ਰੈਜ਼ੈਂਟੇਸ਼ਨ ਵੀ ਦਿੱਤੀ ਸੀ। ਕੁਝ ਸਾਲ ਬਾਅਦ ਜਦੋਂ ਵਿੱਤੀ ਸੰਕਟ ਆਇਆ ਤਾਂ ਉਨ੍ਹਾਂ ਦੇ ਸ਼ਬਦ ਸੱਚ ਸਾਬਤ ਹੋਏ।

2012 ਤੋਂ 2014 ਤੱਕ ਹਾਰਵਰਡ ਦੇ ਅਰਥ ਸ਼ਾਸਤਰ ਦੇ ਪ੍ਰੋਫੈਸਰ ਅਤੇ ਫੈਡ ਗਵਰਨਰ, ਜੇਰੇਮੀ ਸਟੀਨ ਨੇ ਮਈ ਵਿੱਚ ਅਟਲਾਂਟਾ ਫੈਡ ਦੁਆਰਾ ਆਯੋਜਿਤ ਇੱਕ ਕਾਨਫਰੰਸ ਵਿੱਚ ਕਿਹਾ ਕਿ ਬੈਲੇਂਸ ਸ਼ੀਟ ਦੇ ਆਕਾਰ ਬਾਰੇ ਜਾਇਜ਼ ਆਲੋਚਨਾਵਾਂ ਹਨ। ਹਾਲਾਂਕਿ, ਹੋਲਡਿੰਗਜ਼ ਦੀ ਪਰਿਪੱਕਤਾ 'ਤੇ ਵਧੇਰੇ ਜ਼ੋਰ ਦਿੱਤਾ ਜਾਣਾ ਚਾਹੀਦਾ ਹੈ।

ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ

# LAW OFFICES OF EMMANUEL ENYINWA

ESQ, Abogado

- ਪੋਲੀਟੀਕਲ ਅਸਾਈਲਮ
- Political Asylum
- Deportation of Defense
- BIA Appeal
- 9 Circuit Court
- Federal Court
- ਗਰੀਨਕਾਰਡ
- ਸਿਟੀਜਨਸ਼ਿਪ
- Green Card
- Citizenship
- ਡਾਈਵੋਰਸ
- ਸਿਵਲ ਐਂਡ ਕਰੀਮੀਨਲ ਕੇਸ
- Divorce
- Civil and Criminal Cases
- Family Petition Immigration
- Travel document
- Work Permit

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

ਨੋਟ : ਇਥੇ ਸਪੈਨਿਸ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।

ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ

## Manteca-Arizona- San Francisco


239 West Yosemite Ave Manteca CA 95336
hsrotal.64@gmail.com
369 Pine Street, Suite 420, San Francisco, CA 94104
Enyinwalaw@gmail.com



## All Services Under One Roof

HARMINDER SINGH SAMANA
OFFICE MANAGER
209-481-7750
209-624-3919

EMMANUEL ENYINWA
Attorney of Law
Tel. 415-956-6100
Fax. 415-956-6111



# ਨਿਊਯਾਰਕ ਵਿੱਚ ਕਾਰ-ਸੜਕ ਹਾਦਸੇ ’ਚ ਆਂਧਰਾ ਪ੍ਰਦੇਸ਼ ਦੀ ਵਿਦਿਆਰਥਣ ਦੀ ਮੌਤ

ਨਿਊਯਾਰਕ, (ਰਾਜ ਗੋਗਨਾ/ਸਾਡੇ ਲੋਕ) : ਨਿਊਯਾਰਕ ਵਿੱਚ ਇੱਕ ਦਰਦਨਾਕ ਸੜਕ ਹਾਦਸੇ ਵਿੱਚ ਇੱਕ ਨੌਜਵਾਨ (ਆਂਧਰਾ ਪ੍ਰਦੇਸ਼) ਦੀ ਤੇਲਗੂ ਵਿਦਿਆਰਥਣ ਦੀ ਮੌਤ ਹੋ ਗਈ। ਉਹ ਪੇਸ ਯੂਨੀਵਰਸਿਟੀ ਦੇ ਲੁਬਿਨ ਸਕੂਲ ਆਫ਼ ਬਿਜ਼ਨਸ ਤੋਂ ਹਾਲ ਹੀ ਵਿੱਚ ਗ੍ਰੈਜੂਏਟ ਹੋਈ ਪ੍ਰਸੰਨਾ ਅਤਲੂਰੀ ਨਾਮੀਂ ਵਿਦਿਆਰਥਣ ਆਂਧਰਾ ਪ੍ਰਦੇਸ਼ ਦੇ ਐਨਟੀਆਰ ਜ਼ਿਲ੍ਹੇ ਦੇ ਇਬਰਾਹਿਮਪਟਨਮ ਮੰਡਲ ਦੇ ਮੂਲਾਪਾਡੂ ਪਿੰਡ ਦੀ ਰਹਿਣ ਵਾਲੀ ਸੀ। ਰਿਪੋਰਟਾਂ ਵਿੱਚ ਕਿਹਾ ਗਿਆ ਹੈ ਕਿ ਪ੍ਰਸੰਨਾ ਆਪਣੇ ਦੋਸਤਾਂ ਨਾਲ ਇੱਕ ਮੰਦਰ ਮੱਥਾ ਟੇਕਣ ਜਾ ਰਹੀ ਸੀ ਜਦੋਂ ਇਹ ਹਾਦਸਾ ਵਾਪਰਿਆ। ਕਥਿਤ ਤੌਰ ’ਤੇ ਉਸਦੀ ਕਾਰ ਟਰੈਫਿਕ ਸਿਗਨਲ ’ਤੇ ਰੁਕੀ ਹੋਈ ਸੀ ਜਦੋਂ ਇੱਕ ਹੋਰ ਵਾਹਨ ਨੇ ਪਿੱਛੇ ਤੋਂ ਬਹੁਤ ਜ਼ੋਰ ਨਾਲ ਟੱਕਰ ਮਾਰ ਦਿੱਤੀ। ਪ੍ਰਸੰਨਾ ਅਤੇ ਕਾਰ ਵਿੱਚ ਸਵਾਰ ਇੱਕ ਹੋਰ ਨੌਜਵਾਨ ਔਰਤ ਦੀ ਮੌਕੇ ’ਤੇ ਹੀ ਮੌਤ ਹੋ ਗਈ। ਜਦਕਿ ਤੀਜੀ ਸਵਾਰੀ ਗੰਭੀਰ ਸੱਟਾਂ ਦੇ ਨਾਲ ਜਾਨ ਤੋਂ ਬਚ ਗਈ ਅਤੇ ਇਸ ਸਮੇਂ ਸਥਾਨਕ ਹਸਪਤਾਲ ਵਿੱਚ ਇਲਾਜ ਅਧੀਨ ਹੈ। ਮ੍ਰਿਤਕ ਪ੍ਰਸੰਨਾ ਨੇ ਹੁਣੇ ਹੀ ਆਪਣੀ ਡਿਗਰੀ ਪੂਰੀ ਕੀਤੀ ਸੀ ਅਤੇ ਨੌਕਰੀ ਦੀ ਭਾਲ ਕਰ ਰਹੀ ਸੀ, ਉਸਦੀ ਮੌਤ ਨੇ ਅਮਰੀਕਾ ਵਿੱਚ ਤੇਲਗੂ ਭਾਈਚਾਰੇ ਨੂੰ ਹਿਲਾ ਕੇ ਰੱਖ ਦਿੱਤਾ ਹੈ। ਉਸਦੇ ਚਚੇਰੇ ਭਰਾ ਰਵੀ ਕੁਮਾਰ ਅਤਲੂਰੀ ਨੇ ਅੰਤਿਮ ਸੰਸਕਾਰ ਦੇ ਖਰਚਿਆਂ, ਉਸਦੀ ਮ੍ਰਿਤਕ ਦੇਹ ਨੂੰ ਭਾਰਤ ਵਾਪਸ ਲਿਆਉਣ, ਪਰਿਵਾਰਕ ਯਾਤਰਾ ਦੇ ਖਰਚਿਆਂ ਅਤੇ ਉਸ ਦੇ ਬਾਕੀ ਵਿਦਿਆਰਥੀ ਕਰਜ਼ਿਆਂ ਨੂੰ ਪੂਰਾ ਕਰਨ ਲਈ ਇੱਕ ਗੋ ਫੰਡ ਮੀ ਸ਼ੁਰੂ ਕੀਤਾ ਹੈ। ਇਹ ਮੁਹਿੰਮ ਪਹਿਲਾਂ ਹੀ ਆਪਣੇ 75,000 ਡਾਲਰ ਦੇ ਟੀਚੇ ਵਿੱਚੋਂ 40,000 ਡਾਲਰ ਨੂੰ ਪਾਰ ਕਰ ਚੁੱਕੀ ਹੈ, ਜਿਸ ਵਿੱਚ ਲਗਭਗ 900 ਦੇ ਕਰੀਬ ਲੋਕਾਂ ਨੇ ਯੋਗਦਾਨ ਪਾਇਆ ਹੈ।



# ਚਰਚਿਤ ਸੜਕ ਹਾਦਸੇ ਦੇ ਮਾਮਲੇ ਵਿੱਚ ਧਰਮੇਸ਼ ਪਟੇਲ ਵਿਰੁੱਧ ਕਤਲ ਦੀ ਕੋਸ਼ਿਸ਼ ਦੇ ਦੋਸ਼ ਰੱਦ



ਸੈਕਰਾਮੈਂਟੋ/ਕੈਲੀਫੋਰਨੀਆ, (ਹੁਸਨ ਲੜੋਆ ਬੰਗਾ/ਸਾਡੇ ਲੋਕ) : ਅਖਬਾਰਾਂ ਦੀ ਸੁਰਖੀਆਂ ਬਣੇ ਇਕ ਮਾਮਲੇ ਵਿੱਚ ਪਾਸਾਡੇਨਾ ਦੇ ਰੇਡੀਓਲੋਜਿਸਟ ਧਰਮੇਸ਼ ਪਟੇਲ ਵਿਰੁੱਧ ਕਤਲ ਦੀ ਕੋਸ਼ਿਸ਼ ਦੇ ਦੋਸ਼ਾਂ ਨੂੰ ਅਦਾਲਤ ਦੁਆਰਾ ਰੱਦ ਕਰ ਦਿੱਤਾ ਗਿਆ ਹੈ। ਅਦਾਲਤ ਨੇ ਇਹ ਫੈਸਲਾ ਪਟੇਲ ਦੁਆਰਾ ਪ੍ਰਵਾਨਿਤ ਮਾਨਸਿਕ ਸਿਹਤ ਪਰਵਰਤਨ ਪ੍ਰੋਗਰਾਮ ਨੂੰ ਪੂਰਾ ਕਰਨ ਤੋਂ ਬਾਅਦ ਸੁਣਾਇਆ ਹੈ। ਸਰਕਾਰੀ ਵਕੀਲਾਂ ਨੇ ਦੋਸ਼ ਲਾਇਆ ਸੀ ਕਿ ਪਟੇਲ ਨੇ ਜਾਣਬੁੱਝ ਕੇ ਕਾਰ ਨੂੰ ਉੱਤਰੀ ਕੈਲੀਫੋਰਨੀਆ ਦੀ ਇੱਕ ਖੱਡ ਵਿੱਚ ਸੁੱਟ ਦਿੱਤਾ ਸੀ ਜਿਸ ਕਾਰ ਵਿਚ ਉਸ ਦੀ ਪਤਨੀ ਤੇ ਦੋ ਛੋਟੇ ਬੱਚੇ ਸਵਾਰ ਸਨ। ਲਾਏ ਦੋਸ਼ਾਂ ਅਨੁਸਾਰ ਪਟੇਲ ਨੇ ਆਪਣੇ ਪਰਿਵਾਰ ਨੂੰ ਮਾਰਨ ਦੇ ਇਰਾਦੇ ਨਾਲ ਇਹ ਹਾਦਸਾ ਜਾਣਬੁਝ ਕੇ ਕੀਤਾ ਸ੍ਰੀ ਇਹ ਘਟਨਾ ਜਨਵਰੀ 2023 ਵਿੱਚ ਵਾਪਰੀ ਸ੍ਰੀ ਪਟੇਲ ਦੀ ਪਤਨੀ ਨੇਹਾ ਪਟੇਲ ਨੇ ਵੀ ਬਿਆਨ ਦਿੱਤਾ ਸੀ ਕਿ ਉਸ ਦੇ ਪਤੀ ਨੇ ਜਾਣਬੁਝ ਕੇ ਕਾਰ ਖੱਡ ਵਿਚ ਸੁੱਟੀ ਸੀ। ਚੰਗੀ ਗੱਲ ਇਹ ਰਹੀ ਕਿ ਇਸ ਹਾਦਸੇ ਵਿਚ ਪਟੇਲ ਤੇ ਪਰਿਵਾਰ ਦੇ ਬਾਕੀ ਜੀਅ ਬਚ ਗਏ ਸਨ੍ਹ ਅਦਾਲਤ ਵਿੱਚ ਮਨੋਵਿਗਿਆਨੀਆਂ ਨੇ ਗਵਾਹੀ ਦਿੱਤੀ ਕਿ ਜਦੋਂ ਹਾਦਸਾ ਹੋਇਆ ਤਾਂ ਪਟੇਲ ਵੱਡੇ ਡਿਪਰੈਸ਼ਨ ਵਿੱਚ ਸੀ। ਅਦਾਲਤ ਦੇ ਆਦਸ਼ਾਂ ’ਤੇ ਮਾਨਸਕ ਸਿਹਤ ਪ੍ਰੋਗਰਾਮ ਦੇ ਹਿੱਸੇ ਵਜੋਂ, ਪਟੇਲ ਨੇ ਮਨੋਵਿਗਿਆਨਕ ਦੇਖਭਾਲ ਪ੍ਰਾਪਤ ਕੀਤੀ, ਪਰਿਵਾਰਕ ਥੈਰੇਪੀ ਵਿੱਚ ਹਿੱਸਾ ਲਿਆ ਅਤੇ ਬੇਲਮੌਂਟ ਵਿੱਚ ਆਪਣੇ ਮਾਪਿਆਂ ਨਾਲ ਰਹਿੰਦੇ ਹੋਏ ਅਦਾਲਤ ਨੂੰ ਨਿਯਮਤ ਅਪਡੇਟ ਪ੍ਰਦਾਨ ਕੀਤੇ।

# ਟਰੰਪ ਨੂੰ ਹਰਾਉਣਾ ਸਾਡੀ ਪਾਰਟੀ ਦੀ ਪਹਿਲੀ ਤਰਜੀਹ : ਐਮੀ ਬੇਰਾ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ/ਸਾਡੇ ਲੋਕ).- ਕਾਂਗਰਸ ਮੈਂਬਰ ਅਮੀ ਬੇਰਾ ਨੇ ਕਹਿਾ ਹੈ ਕ੍ਰਡੈਮੋਕ੍ਰੇਟਕਿ ਪਾਰਟੀ ’ਚ ਵਚਿਾਰਧਾਰਕ ਮਤਭੇਦ ਹਨ ਪਰੰਤੂ ਸਾਡੀ ਪਹਿਲੀ ਤਰਜੀਹ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਹਰਾਉਣਾ ਅਤੇ ਅਮਰੀਕੀਆਂ ਦੀਆਂ ਆਰਥਕਿ ਚਿੰਤਾਵਾਂ ਨੂੰ ਹੱਲ ਕਰਨਾ ਹੈ। ਉਨਾਂ ਕਿਹਾ ਕਿ ਸਾਡੇ ਵਿਆਪਕ ਮਿਸ਼ਨ ਸਾਹਮਣੇ ਵਿਚਾਰਧਾਰਕ ਮੱਤਭੇਦ ਸੈਕੰਡਰੀ ਹਨ। ਉਨ੍ਹਾਂ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਡੈਮੋਕ੍ਰੇਟਿਕ ਵੱਖ-ਵੱਖ ਵਚਿਾਰਾਂ ਵਾਲੀ ਇੱਕ ਵੱਡੀ ਪਾਰਟੀ ਹੈ ਪਰ ਮੈਂਬਰ ਸਾਂਝੇ ਟੀਚਿਆਂ ’ਤੇ ਇੱਕਜੁੱਟ ਹਨ। ਬੇਰਾ ਨੇ ਕਿਹਾ ਕਿ ਸਾਡਾ ਮਕਸਦ ਟਰੰਪ ਨੂੰ ਰੋਕਣਾ ਤੇ ਉਸ ਦੇ ਭ੍ਰਿਸ਼ਟ ਸ਼ਾਸਨ ਨੂੰ ਜਵਾਬਦੇਹ ਬਣਾਉਣਾ ਹੈ। ਉਨ੍ਹਾਂ ਦੀਆਂ ਟਿੱਪਣੀਆਂ ਨਿਊਯਾਰਕ ਵਿੱਚ ਡੈਮੋਕ੍ਰੇਟਕਿ ਸਮਾਜਵਾਦੀ ਉਮੀਦਵਾਰਾਂ ਦੁਆਰਾ ਉੱਚ-ਪੱਧਰੀ ਪ੍ਰਾਇਮਰੀ ਜਿੱਤਾਂ ਪ੍ਰਾਪਤ ਕਰਨ ਤੋਂ ਬਾਅਦ ਆਈਆਂ ਹਨ। ਜੇਤੂ ਉਮੀਦਵਾਰਾਂ ਦਾ ਮੇਅਰ ਜ਼ੋਹਰਾਨ ਮਮਦਾਨੀ ਦੁਆਰਾ ਸਮਰਥਨ ਕੀਤਾ ਗਿਆ ਸੀ, ਜਿਨ੍ਹਾਂ ਦੇ ਆਪਣੇ ਉਭਾਰ ਨੇ ਡੈਮੋਕ੍ਰੇਟਕਿ ਰਾਜਨੀਤੀ ਵਿੱਚ ਡੈਮੋਕ੍ਰੇਟਕਿ ਸਮਾਜਵਾਦ ਦੇ ਵਧ ਰਹੇ ਪ੍ਰਭਾਵ ਨੂੰ ਉਜਾਗਰ ਕੀਤਾ ਹੈ।




# ਅਮਰੀਕੀ ਇਤਿਹਾਸ ਵਿੱਚ ਪਹਿਲੀ ਵਾਰ, ਫਲੋਰੀਡਾ ਦੇ ਇੱਕ ਹਵਾਈ ਅੱਡੇ ਦਾ ਨਾਮ ਟਰੰਪ ਦੇ ਨਾਮ ’ਤੇ ਰੱਖਿਆ ਗਿਆ

ਵਾਸ਼ਿੰਗਟਨ, (ਰਾਜ ਗੋਗਨਾ/ਸਾਡੇ ਲੋਕ)- ਅਮਰੀਕਾ ਦੀ ਫਲੋਰੀਡਾ ਰਾਜ ਸਰਕਾਰ ਨੇ ਦੇਸ਼ ਦੇ ਰਾਸ਼ਟਰਪਤੀ ਡੋਨਾਲਡ ਜੇ ਟਰੰਪ ਦੇ ਸਨਮਾਨ ਵਿੱਚ ਇੱਕ ਮਹੱਤਵਪੂਰਨ ਫੈਸਲਾ ਲਿਆ ਹੈ। ਇਸ ਨੇ ਦੱਖਣੀ ਫਲੋਰੀਡਾ ਦੇ ਪਾਮ ਬੀਚ ਅੰਤਰਰਾਸ਼ਟਰੀ ਹਵਾਈ ਅੱਡੇ ਦਾ ਨਾਮ ਬਦਲ ਕੇ ‘ਰਾਸ਼ਟਰਪਤੀ ਡੋਨਾਲਡ ਜੇ. ਟਰੰਪ ਅੰਤਰਰਾਸ਼ਟਰੀ ਹਵਾਈ ਅੱਡਾ’ ਕਰ ਦਿੱਤਾ ਹੈ। ਇਹ ਤਬਦੀਲੀ ਅਧਿਕਾਰਤ ਤੌਰ ’ਤੇ ਬੀਤੇਂ ਦਿਨ 9 ਜੁਲਾਈ, 2026 ਨੂੰ ਲਾਗੂ ਹੋਈ, ਜਦੋਂ ਫਲੋਰੀਡਾ ਦੇ ਗਵਰਨਰ ਰੌਨ ਡੀਸੈਂਟਿਸ ਨੇ ਹਵਾਈ ਅੱਡੇ ਦੇ ਨਾਮ ਬਦਲਣ ਦੇ ਕਾਨੂੰਨ ’ਤੇ ਦਸਤਖਤ ਕੀਤੇ। ਹਾਲਾਂਕਿ, ਹਵਾਈ ਅੱਡੇ ਦੇ ਅਧਿਕਾਰੀਆਂ ਨੇ ਕਿਹਾ ਕਿ ਹਵਾਈ ਅੱਡੇ ਦਾ ਨਾਮ ਬਦਲਣ ਅਤੇ ਨਵੀਨੀਕਰਨ ਵਿੱਚ ਕੁਝ ਸਮਾਂ ਲੱਗੇਗਾ। ਅਮਰੀਕੀ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੈ ਜਦੋਂ ਕਿਸੇ ਹਵਾਈ ਅੱਡੇ ਦਾ ਨਾਮ ਕਿਸੇ ਮੌਜੂਦਾ ਰਾਸ਼ਟਰਪਤੀ ਦੇ ਨਾਮ ’ਤੇ ਰੱਖਿਆ ਗਿਆ ਹੈ। ਟਰੰਪ ਨੇ ਇਸ ਦੁਰਲੱਭ ਸਨਮਾਨ ਨਾਲ ਨਵਾਂ ਇਤਿਹਾਸ ਰਚਿਆ ਹੈ। ਜ਼ਿਕਰਯੋਗ ਹੈ ਕਿ ਨਾਮ ਬਦਲਣ ਤੋਂ ਬਾਅਦ ਇਸ ਹਵਾਈ ਅੱਡੇ ’ਤੇ ਟਰੰਪ ਵਨ ਫੋਰਸ ਜਹਾਜ਼ ਸਭ ਤੋਂ ਪਹਿਲਾਂ ਉਤਰਿਆ ਸੀ।




ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ ਟਰੂਥ ’ਤੇ ਇਸ ਦੁਰਲੱਭ ਮਾਨਤਾ ਦਾ ਜਵਾਬ ਵੀ ਦਿੱਤਾ ਅਤੇ ਉਨ੍ਹਾਂ ਕਿਹਾ ਕਿ ਇਹ ਪਾਮ ਬੀਚ ਲਈ ਇੱਕ ਵੱਡਾ ਦਿਨ ਹੈ। ਉਨ੍ਹਾਂ ਨੇ ਪਾਮ ਬੀਚ ਹਵਾਈ ਅੱਡੇ ਦਾ ਨਾਮ ਉਨ੍ਹਾਂ ਦੇ ਨਾਮ ’ਤੇ ਰੱਖਣਾ ਉਨ੍ਹਾਂ ਲਈ ਇੱਕ ਬਹੁਤ ਵੱਡਾ ਸਨਮਾਨ ਦੱਸਿਆ। ਉਨ੍ਹਾਂ ਉਮੀਦ ਪ੍ਰਗਟਾਈ ਕਿ ਇਹ ਦੁਨੀਆ ਦੇ ਸਭ ਤੋਂ ਮਹਾਨ ਅਤੇ ਸਭ ਤੋਂ ਸ਼ਾਨਦਾਰ ਹਵਾਈ ਅੱਡਿਆਂ ਵਿੱਚੋਂ ਇੱਕ ਵਜੋਂ ਖੜ੍ਹਾ ਹੋਵੇਗਾ।



# ਹੋਰਮੁਜ਼ ’ਚ ਮੁੜ ਟਕਰਾਅ

ਸਟ੍ਰੇਟ ਆਫ ਹੋਰਮੁਜ਼ ਮੁੜ ਤਣਾਅ ਦਾ ਕੇਂਦਰ ਬਣ ਰਿਹਾ ਹੈ। ਅਮਰੀਕਾ ਤੇ ਈਰਾਨ ਵਿਚਾਲੇ ਮੁੜ ਭੜਕੀ ਲੜਾਈ ਜਾਂ ਵੱਡਾ ਟਕਰਾਅ ਇਸ ਤੰਗ ਸਮੁੰਦਰੀ ਰਾਹ ਨੂੰ ਬੰਦ ਕਰ ਦੇਵੇ ਤਾਂ ਕੌਮਾਂਤਰੀ ਅਰਥਚਾਰੇ ਲਈ ਵੱਡਾ ਝਟਕਾ ਹੋਵੇਗਾ। ਭਾਰਤ ਆਪਣੀਆਂ ਤੇਲ ਦੀਆਂ ਲਗਪਗ 90 ਫ਼ੀਸਦੀ ਲੋੜਾਂ ਦਰਾਮਦ ਰਾਹੀਂ ਪੂਰੀਆਂ ਕਰਦਾ ਹੈ ਅਤੇ ਜਿਸ ਵਿਚ ਖਾੜੀ ਖੇਤਰ ਤੋਂ ਆਉਣ ਵਾਲਾ ਤੇਲ ਬਹੁਤ ਵੱਡੀ ਭੂਮਿਕਾ ਨਿਭਾਉਂਦਾ ਹੈ। ਅਮੀਰਕਾ-ਈਰਾਨ ਵਿਚਾਲੇ ਤਾਜ਼ਾ ਲੜਾਈ ਨਾਲ ਭਾਰਤ ਦਾ ਨੁਕਸਾਨ ਹੋਵੇਗਾ ਹੀ, ਪੰਜਾਬ ਵਰਗੇ ਖੇਤੀ ਪ੍ਰਧਾਨ ਸੂਬੇ ਲਈ ਇਹ ਆਰਥਿਕ ਦਿੱਕਤਾਂ ਦਾ ਕਾਰਨ ਬਣ ਸਕਦਾ ਹੈ। ਹੋਰਮੁਜ਼ ਸਟ੍ਰੇਟ ਰਾਹੀਂ ਦੁਨੀਆ ਦੇ 20-30 ਫ਼ੀਸਦੀ ਤੇਲ ਦੀ ਸਪਲਾਈ ਹੁੰਦੀ ਹੈ, ਇਸ ਲਈ ਇਸ ਦਾ ਖੁੱਲ੍ਹਾ ਰਹਿਣਾ ਜ਼ਰੂਰੀ ਹੈ। ਇੱਥੋਂ ਰੋਜ਼ਾਨਾ ਲੱਖਾਂ ਬੈਰਲ ਤੇਲ ਸਊਦੀ ਅਰਬ, ਈਰਾਨ, ਇਰਾਕ, ਯੂਏਈ ਆਦਿ ਤੋਂ ਏਸ਼ੀਆ, ਯੂਰਪ ਤੱਕ ਪਹੁੰਚਦਾ ਹੈ। ਜੇਕਰ ਅਮਰੀਕਾ-ਈਰਾਨ ਵਿਚਾਲੇ ਟਕਰਾਅ ਵਧਦਾ ਹੈ ਤਾਂ ਈਰਾਨ ਇਸ ਰਾਹ ਨੂੰ ਬੰਦ ਕਰਨ ਜਾਂ ਖ਼ਤਰਾ ਪੈਦਾ ਕਰਨ ਦੇ ਰਾਹ ਪੈ ਜਾਵੇਗਾ। ਇਸ ਨਾਲ ਤੇਲ ਦੀਆਂ ਕੀਮਤਾਂ ’ਚ ਵੱਡੀ ਉਛਾਲ ਆਵੇਗੀ, ਜਿਵੇਂ ਕਿ ਪਹਿਲਾਂ ਵੀ ਆ ਚੁੱਕੀ ਹੈ। ਊਰਜਾ ਸੰਕਟ ਵੱਖਰਾ ਖੜ੍ਹਾ ਹੋ ਗਿਆ ਸੀ। ਭਾਰਤ ਲਈ ਸਮੱਸਿਆ ਇਕ ਹੋਰ ਵੀ ਹੈ ਕਿ ਉਹ ਪਹਿਲਾਂ ਹੀ ਤੇਲ ਦਰਾਮਦ ਦੇ ਬਿੱਲ ਹੇਠ ਦਬਿਆ ਹੋਇਆ ਹੈ। ਸਿਰਫ਼ ਇਕ ਡਾਲਰ ਪ੍ਰਤੀ ਬੈਰਲ ਵਾਧੇ ਨਾਲ ਭਾਰਤ ਦਾ ਦਰਾਮਦ ਖ਼ਰਚ 2 ਬਿਲੀਅਨ ਡਾਲਰ ਵਧ ਜਾਂਦਾ ਹੈ। ਇਸ ਨਾਲ ਰੁਪਇਆ ਕਮਜ਼ੋਰ ਹੁੰਦਾ ਹੈ ਅਤੇ ਮੁਲਕ ਮਹਿੰਗਾਈ ਦੀ ਮਾਰ ਹੇਠ ਆਉਂਦਾ ਹੈ। ਪੰਜਾਬ ਲਈ ਇਹ ਸਥਿਤੀ ਇਸ ਲਈ ਚਿੰਤਾਜਨਕ ਹੈ ਕਿਉਂਕਿ ਟਰੈਕਟਰਾਂ, ਟਿਊਬਵੈੱਲਾਂ ਤੇ ਢੋਆ-ਢੁਆਈ ਲਈ ਡੀਜ਼ਲ ਦੀ ਕਾਫੀ ਖ਼ਪਤ ਹੁੰਦੀ ਹੈ। ਤੇਲ ਮਹਿੰਗਾ ਹੋਣ ਨਾਲ ਖੇਤੀ ਲਾਗਤ ਵੱਧ ਜਾਂਦੀ ਹੈ। ਖਾਦਾਂ, ਕੀਟਨਾਸ਼ਕ ਤੇ ਬੀਜ ਵੀ ਮਹਿੰਗੇ ਹੋਣਗੇ ਕਿਉਂਕਿ ਇਨ੍ਹਾਂ ਦਾ ਉਤਪਾਦਨ ਊਰਜਾ ’ਤੇ ਨਿਰਭਰ ਹੈ। ਕਿਸਾਨਾਂ ਦੀ ਆਮਦਨ ਘਟੇਗੀ ਤੇ ਉਹ ਪਹਿਲਾਂ ਹੀ ਮੌਜੂਦਾ ਸੰਕਟ (ਘੱਟ ਝਾੜ, ਵਧਦੀ ਲਾਗਤ) ਨਾਲ ਜੂਝ ਰਹੇ ਹਨ। ਇਸ ਨਾਲ ਖੇਤੀ ਅਰਥਚਾਰਾ ਹੋਰ ਸੰਕਟਗ੍ਰਸਤ ਹੋ ਸਕਦਾ ਹੈ। ਊਰਜਾ ਲਾਗਤ ਦੇ ਵਧਣ ਨਾਲ ਸੂਬੇ ਵਿਚ ਟੈਕਸਟਾਈਲ, ਖੇਤੀ ਉਪਕਰਣ ਆਦਿ ਵਰਗੇ ਛੋਟੇ ਉਦਯੋਗਾਂ ’ਤੇ ਵੀ ਖ਼ਤਰੇ ਦੇ ਬੱਦਲ ਮੰਡਰਾਉਣਗੇ। ਬਿਜਲੀ ਉਤਪਾਦਨ ਵੀ ਥਰਮਲ ਪਲਾਂਟਾਂ ’ਤੇ ਨਿਰਭਰ ਹੈ। ਤੇਲ-ਕੋਲੇ ਦੀਆਂ ਵਧਦੀਆਂ ਕੀਮਤਾਂ ਨਾਲ ਬਿਜਲੀ ਬਿੱਲ ਵਧ ਸਕਦੇ ਹਨ। ਪੰਜਾਬ ਵਿਚ ਪਹਿਲਾਂ ਹੀ ਬੇਰੁਜ਼ਗਾਰੀ ਤੇ ਨੌਜਵਾਨਾਂ ਦੇ ਵਿਦੇਸ਼ ਵੱਲ ਉਡਾਰੀ ਮਾਰਨ ਦੀ ਸਮੱਸਿਆ ਹੈ। ਖਾੜੀ ਖੇਤਰ ’ਚ ਅਸਥਿਰਤਾ ਨਾਲ ਇਹ ਰੁਜ਼ਗਾਰ ਵੀ ਘਟ ਸਕਦਾ ਹੈ। ਦਰਅਸਲ, ਹੋਰਮੁਜ਼ ’ਤੇ ਟਕਰਾਅ ਨਾ ਸਿਰਫ਼ ਆਰਥਿਕ ਸੰਕਟ ਹੈ ਬਲਕਿ ਸਿਆਸੀ ਤੇ ਰਣਨੀਤਕ ਚੁਣੌਤੀ ਵੀ ਹੈ। ਭਾਰਤ ਤੇ ਖ਼ਾਸ ਕਰ ਪੰਜਾਬ ਨੂੰ ਇਸ ਤੋਂ ਬਚਣ ਲਈ ਤੁਰੰਤ ਤੇ ਲੰਬੇ ਸਮੇਂ ਲਈ ਰਣਨੀਤੀ ਬਣਾਉਣੀ ਪਵੇਗੀ, ਨਹੀਂ ਤਾਂ ਇਕ ਵਿਦੇਸ਼ੀ ਟਕਰਾਅ ਸਥਾਨਕ ਆਰਥਿਕਤਾ ਤੇ ਲੋਕਾਂ ਦੀ ਜ਼ਿੰਦਗੀ ਨੂੰ ਵੱਡਾ ਨੁਕਸਾਨ ਪਹੁੰਚਾ ਸਕਦਾ ਹੈ। ਰਣਨੀਤਕ ਤੇਲ ਰਿਜ਼ਰਵ ਵਧਾਉਣ ਤੇ ਦਰਾਮਦ ਘਟਾਉਣ ਵਾਲੀਆਂ ਨੀਤੀਆਂ ਤੇਜ਼ ਕਰਨਾ ਸਮੇਂ ਦੀ ਮੰਗ ਹੈ। ਊਰਜਾ ਜ਼ਰੂਰਤਾਂ ਨੂੰ ਘਰੇਲੂ ਪੱਧਰ ’ਤੇ ਪੂਰਾ ਕਰਨ ਲਈ ਉਪਰਾਲੇ ਵਿੱਢਣ ਦੀ ਲੋੜ ਹੈ। ਪੰਜਾਬ ਵਿਚ ਖੇਤੀ ਨੂੰ ਟਿਕਾਊ ਤੇ ਲਾਹੇਬੰਦ ਧੰਦਾ ਬਣਾਉਣ ਲਈ ਲੰਬੇ ਦੀ ਕਾਰਜ ਯੋਜਨਾ ਬਣਾ ਕੇ ਕੰਮ ਕਰਨ ਦੀ ਲੋੜ ਹੈ। ਜੇਕਰ ਸਮਝਿਆ ਜਾਵੇ ਤਾਂ ਇਸ ਸੰਕਟ ਵਿਚ ਇਕ ਮੌਕਾ ਵੀ ਹੈ। ਇਹ ਭਾਰਤ ਨੂੰ ਆਤਮਨਿਰਭਰ ਬਣਨ ਲਈ ਪ੍ਰੇਰਿਤ ਕਰ ਸਕਦਾ ਹੈ। ਸਮੇਂ ਦੀ ਮੰਗ ਹੈ ਕਿ ਆਪਣੀਆਂ ਕਮਜ਼ੋਰੀਆਂ ਨੂੰ ਮਜ਼ਬੂਤੀ ਵਿਚ ਬਦਲੀਏ ਤੇ ਵਧੇਰੇ ਲਚਕੀਲੀ ਆਰਥਿਕਤਾ ਬਣਾਈਏ।

# ਬਦਲਾਅ ਦੀ ਸਿਆਸਤ ਤੇ ਨੌਜਵਾਨ ਵੋਟਰ

ਅੱਜ ਦੇ ਦੌਰ ਵਿੱਚ ਨੌਜਵਾਨਾਂ (18-34 ਸਾਲ) ਦੀ ਹਮਾਇਤ ਤੋਂ ਬਿਨਾਂ ਕੋਈ ਵੀ ਸਿਆਸੀ ਪਾਰਟੀ ਸਰਕਾਰ ਬਣਾਉਣ ਦਾ ਸੁਫਨਾ ਨਹੀਂ ਦੇਖ ਸਕਦੀ। ਇਸੇ ਲਈ ਹਰ ਪਾਰਟੀ ਨੌਜਵਾਨ ਵਰਗ ਨੂੰ ਆਪਣੀ ਸਿਆਸਤ ਦੇ ਕੇਂਦਰ ਵਿੱਚ ਰੱਖਦੀ ਨਜ਼ਰ ਆਉਂਦੀ ਹੈ। ਇਸ ਦਾ ਵੱਡਾ ਕਾਰਨ ਇਹ ਹੈ ਕਿ ਵੋਟਰਾਂ ਦਾ ਇੱਕ ਬਹੁਤ ਵੱਡਾ ਹਿੱਸਾ ਨੌਜਵਾਨ ਹਨ। ਦੂਜਾ, ਅਜੋਕੇ ਸਮੇਂ ਵਿੱਚ ਨੌਜਵਾਨ ਕਿਸੇ ਵੀ ਸਿਆਸੀ ਧਿਰ ਨਾਲ ਵਿਚਾਰਧਾਰਕ ਪੱਖੋਂ ਪੱਕੇ ਤੌਰ ’ਤੇ ਨਹੀਂ ਜੁੜੇ ਹੋਏ। ਇਹ ਵਰਗ ਰਾਜਨੀਤਕ ਤੌਰ ’ਤੇ ਬੇਸਬਰਾ ਹੈ ਅਤੇ ਆਪਣੀਆਂ ਮੰਗਾਂ ਤੇ ਆਸਾਂ ਦੀ ਪੂਰਤੀ ਲਈ ਹਮੇਸ਼ਾ ਤਬਦੀਲੀ ਲਈ ਤਿਆਰ ਰਹਿੰਦਾ ਹੈ। ਇਸ ਦੀ ਤਾਜ਼ਾ ਉਦਾਹਰਣ ਹੁਣੇ ਹੀ ਉੱਭਰੀ ਕੌਕਰੋਚ ਜਨਤਾ ਪਾਰਟੀ ਨੂੰ ਮਿਲੀ ਨੌਜਵਾਨ ਵਰਗ ਦੀ ਵੱਡੀ ਹਮਾਇਤ ਤੋਂ ਦੇਖੀ ਜਾ ਸਕਦੀ ਹੈ।

ਨੌਜਵਾਨ ਅਕਸਰ ਉਮੀਦਾਂ ’ਤੇ ਖ਼ਰੀਆਂ ਨਾ ਉਤਰਨ ਵਾਲੀਆਂ ਸਰਕਾਰਾਂ ਤੋਂ ਮੂੰਹ ਮੋੜ ਕੇ ਨਵੀਆਂ ਉੱਭਰ ਰਹੀਆਂ ਸਿਆਸੀ ਪਾਰਟੀਆਂ ਵੱਲੋਂ ਕੀਤੇ ਵਾਅਦਿਆਂ ’ਤੇ ਵਿਸ਼ਵਾਸ ਪ੍ਰਗਟ ਕਰਦਿਆਂ ਉਨ੍ਹਾਂ ਦੇ ਹੱਕ ਵਿੱਚ ਭੁਗਤਦੇ ਹਨ। ਇਸੇ ਤਰ੍ਹਾਂ ਦਾ ਵਰਤਾਰਾ 2014 ਦੀਆਂ ਲੋਕ ਸਭਾ ਚੋਣਾਂ ਵਿੱਚ ਵੀ ਦੇਖਣ ਨੂੰ ਮਿਲਿਆ ਸੀ ਜਦੋਂ ਭਾਰਤੀ ਜਨਤਾ ਪਾਰਟੀ ਨੇ ਨੌਜਵਾਨਾਂ ਨੂੰ ਚੰਗੇ ਦਿਨਾਂ ਦੀ ਆਸ ਤੇ ਹਰ ਸਾਲ 2 ਕਰੋੜ ਨੌਕਰੀਆਂ ਦੇਣ ਦੇ ਵਾਅਦੇ ਨਾਲ ਆਪਣੇ ਵੱਲ ਖਿੱਚਿਆ ਅਤੇ ਦੇਸ਼ ਵਿੱਚ ਸੱਤਾ ਹਾਸਲ ਕੀਤੀ। ਇਸ ਦੀ ਇੱਕ ਝਲਕ ਪੰਜਾਬ ਵਿੱਚ ਵੀ ਦੇਖਣ ਨੂੰ ਮਿਲੀ, ਜਿੱਥੇ ਵੱਡੀ ਗਿਣਤੀ ’ਚ ਨੌਜਵਾਨ ਵੋਟਰਾਂ ਨੇ ਨਵੀਂ ਬਣੀ ਆਮ ਆਦਮੀ ਪਾਰਟੀ ਦੇ ਚਾਰ ਲੋਕ ਸਭਾ ਮੈਂਬਰਾਂ ਨੂੰ ਕੁੱਲ ਪਈਆਂ ਵੋਟਾਂ ਦੇ ਤਕਰੀਬਨ 25 ਫ਼ੀਸਦੀ ਹਿੱਸੇ ਨਾਲ ਜਿਤਾ ਕੇ ਸੰਸਦ ਭੇਜਿਆ। ਉਸ ਵੇਲੇ ਇਸ ਪਾਰਟੀ ਨੇ 33 ਵਿਧਾਨ ਸਭਾ ਹਲਕਿਆਂ ਵਿੱਚ ਪਹਿਲਾ ਅਤੇ 25 ਵਿਧਾਨ ਸਭਾ ਹਲਕਿਆਂ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ ਸੀ। ਇਹ ਵੀ ਜ਼ਿਕਰਯੋਗ ਹੈ ਕਿ ਦੇਸ਼ ਦੇ ਨੌਜਵਾਨ ਵੋਟਰਾਂ ਵਿੱਚ 1996 ਦੀਆਂ ਚੋਣਾਂ ਤੋਂ ਬਾਅਦ ਸਾਰੇ ਸਮਾਜਿਕ, ਆਰਥਿਕ, ਰਾਜਨੀਤਕ ਅਤੇ ਸੱਭਿਆਚਾਰਕ ਪਾੜੇ ਛੱਡ ਕੇ ਵੋਟ ਪਾਉਣ ਦਾ ਰੁਝਾਨ ਲਗਾਤਾਰ ਵਧ ਰਿਹਾ ਹੈ।

ਪੰਜਾਬ ਦੀ ਨੌਜਵਾਨ ਪੀੜ੍ਹੀ ਦੀ ਗੱਲ ਕਰੀਏ ਤਾਂ ਦੇਖਣ ਵਿੱਚ ਆਇਆ ਹੈ ਕਿ ਅਤਿਵਾਦ ਦੇ ਦੌਰ ਤੋਂ ਬਾਅਦ 1992 ਤੋਂ ਲੈ ਕੇ ਹੁਣ ਤੱਕ ਹੋਈਆਂ ਸਾਰੀਆਂ ਚੋਣਾਂ ਵਿੱਚ ਹਰ ਸਿਆਸੀ ਪਾਰਟੀ ਨੇ ਨੌਜਵਾਨਾਂ ਦੇ ਸੁਨਹਿਰੀ ਭਵਿੱਖ, ਰੁਜ਼ਗਾਰ ਅਤੇ ਆਰਥਿਕ ਹਾਲਾਤ ਸੁਧਾਰਨ ਦੇ ਵੱਡੇ-ਵੱਡੇ ਵਾਅਦੇ ਆਪਣੇ ਚੋਣ ਮਨੋਰਥ ਪੱਤਰਾਂ ਵਿੱਚ ਕੀਤੇ, ਪਰ ਸਰਕਾਰਾਂ ਬਣਨ ਤੋਂ ਬਾਅਦ ਇਸ ਵਰਗ ਨੂੰ ਹਮੇਸ਼ਾ ਵਿਸਾਰ ਦਿੱਤਾ ਗਿਆ। ਸਿਆਸੀ ਪਾਰਟੀਆਂ ਨੇ ਆਪਣੇ ਨੌਜਵਾਨ ਵਿੰਗ ਜ਼ਰੂਰ ਬਣਾਏ, ਪਰ ਯੋਗ ਤੇ ਆਮ ਨੌਜਵਾਨਾਂ ਨੂੰ ਅੱਗੇ ਲਿਆਉਣ ਦੀ ਬਜਾਏ ਮੰਤਰੀਆਂ, ਮੁੱਖ ਮੰਤਰੀਆਂ, ਵਿਧਾਇਕਾਂ ਦੇ ਪਰਿਵਾਰਾਂ ਜਾਂ ਰਸੂਖਵਾਨਾਂ ਦੇ ਬੱਚਿਆਂ ਨੂੰ ਅਹੁਦੇਦਾਰ ਬਣਾ ਕੇ ਮਹਿਜ਼ ਖਾਨਾਪੂਰਤੀ ਕੀਤੀ ਜਾਂਦੀ ਰਹੀ। ਇਹ ਵੀ ਦੇਖਿਆ ਗਿਆ ਹੈ ਕਿ ਇਨ੍ਹਾਂ ਜਥੇਬੰਦੀਆਂ ਦੇ ਆਗੂਆਂ ਨੇ ਆਪਣੇ ਸਿਆਸੀ ਹਿੱਤਾਂ ਦੀ ਪੂਰਤੀ ਲਈ ਵੱਡੀ ਗਿਣਤੀ ਨੌਜਵਾਨਾਂ ਨੂੰ ਕੁਰਾਹੇ ਪਾਇਆ, ਜਿਸ ਦਾ ਸੰਤਾਪ ਅੱਜ ਉਹ ਖ਼ੁਦ, ਉਨ੍ਹਾਂ ਦੇ ਮਾਪੇ ਅਤੇ ਪੂਰਾ ਪੰਜਾਬੀ ਸਮਾਜ ਭੋਗ ਰਿਹਾ ਹੈ। ਇਸੇ ਨਕਾਰਾਤਮਕ ਵਰਤਾਰੇ ਕਾਰਨ 2014 ਅਤੇ ਉਸ ਤੋਂ ਬਾਅਦ ਦੀਆਂ ਚੋਣਾਂ ਵਿੱਚ ਨੌਜਵਾਨ ਵਰਗ ਦਾ ਮੋਹ ਰਵਾਇਤੀ ਪਾਰਟੀਆਂ ਤੋਂ ਭੰਗ ਹੋਣ ਲੱਗਿਆ। ਸਾਲ 2022 ਦੀਆਂ ਚੋਣਾਂ ਵਿੱਚ ਇਹ ਰੁਝਾਨ ਸਿਖਰ ’ਤੇ ਪਹੁੰਚ ਗਿਆ।

ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੇ ਨੌਜਵਾਨ ਵਰਗ ਦੀ ਅਥਾਹ ਹਮਾਇਤ ਸਦਕਾ 117 ਵਿੱਚੋਂ 92 ਸੀਟਾਂ ਜਿੱਤ ਕੇ ਨਵਾਂ ਇਤਿਹਾਸ ਰਚਿਆ। ਇਸ ਤੋਂ ਪਹਿਲਾਂ ਕਾਂਗਰਸ ਨੇ 1992 ਵਿੱਚ (ਬਾਈਕਾਟ ਵਾਲੀਆਂ ਚੋਣਾਂ ਦੌਰਾਨ) 87 ਸੀਟਾਂ ਜਿੱਤੀਆਂ ਸਨ। ਇਤਿਹਾਸ ਗਵਾਹ ਹੈ ਕਿ ਨੌਜਵਾਨ ਵੋਟਰ ਹਮੇਸ਼ਾ ਹੀ ਦੂਜੇ ਵਰਗਾਂ ਦੇ ਮੁਕਾਬਲੇ ਸਿਆਸੀ ਤਬਦੀਲੀ ਦੇ ਹੱਕ ਵਿੱਚ ਵਧੇਰੇ ਭੁਗਤਦੇ ਹਨ। ਪੰਜਾਬ ਵਿੱਚ ਇਸ ਬਦਲਾਅ ਦਾ ਆਗਾਜ਼ 2014 ਦੀਆਂ ਲੋਕ ਸਭਾ ਚੋਣਾਂ ਵਿੱਚ ਹੀ ਹੋ ਗਿਆ ਸੀ, ਪਰ ਮਜ਼ਬੂਤ ਜਥੇਬੰਦਕ ਢਾਂਚੇ ਦੀ ਅਣਹੋਂਦ ਅਤੇ ਅੰਦਰੂਨੀ ਕਲੇਸ਼ ਕਾਰਨ ‘ਆਪ’ ਨੂੰ 2017 ਦੀਆਂ ਵਿਧਾਨ ਸਭਾ ਅਤੇ 2019 ਦੀਆਂ ਲੋਕ ਸਭਾ ਚੋਣਾਂ ਵਿੱਚ ਸਾਰੀਆਂ ਸੰਭਾਵਨਾਵਾਂ ਹੋਣ ਦੇ ਬਾਵਜੂਦ ਆਸ ਮੁਤਾਬਿਕ ਸਫ਼ਲਤਾ ਨਹੀਂ ਮਿਲੀ। 2017 ਵਿੱਚ ਇਹ ਸਿਰਫ਼ 20 ਸੀਟਾਂ ’ਤੇ ਸਿਮਟ ਗਈ ਅਤੇ ਬਾਅਦ ਵਿੱਚ ਇਸ ਦੇ ਤਕਰੀਬਨ ਅੱਧੇ ਵਿਧਾਇਕ ਦੂਜੀਆਂ ਪਾਰਟੀਆਂ ਵਿੱਚ ਸ਼ਾਮਿਲ ਹੋ ਗਏ। 2019 ਵਿੱਚ ਇਹ ਸਿਰਫ਼ ਸੰਗਰੂਰ ਦੀ ਲੋਕ ਸਭਾ ਸੀਟ ਹੀ ਜਿੱਤ ਸਕੀ ਅਤੇ ਉੱਥੇ ਵੀ ਜਿੱਤ ਦਾ ਫ਼ਰਕ 2014 ਦੇ ਮੁਕਾਬਲੇ ਬਹੁਤ ਘੱਟ ਸੀ। ਸਭ ਤੋਂ ਵੱਧ ਹੈਰਾਨੀਜਨਕ ਨਤੀਜਾ ਜੂਨ 2022 ਦੀ ਸੰਗਰੂਰ ਜ਼ਿਮਨੀ ਚੋਣ ਵਿੱਚ ਸਾਹਮਣੇ ਆਇਆ, ਜਿੱਥੇ ਪੰਜਾਬ ਵਿੱਚ ਵੱਡੇ ਬਹੁਮਤ ਵਾਲੀ ਸਰਕਾਰ ਹੋਣ ਦੇ ਬਾਵਜੂਦ ਸੱਤਾਧਾਰੀ ਪਾਰਟੀ ਇਹ ਸੀਟ ਹਾਰ ਗਈ।



ਸਾਲ 2017 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੀ 20 ਸੀਟਾਂ ’ਤੇ ਹੋਈ ਜਿੱਤ ਵਿੱਚ ਨੌਜਵਾਨ ਵਰਗ ਦਾ ਵੱਡਾ ਹੱਥ ਸੀ। ਇਨ੍ਹਾਂ ਚੋਣਾਂ ਵਿੱਚ ਪਾਰਟੀ ਨੂੰ 18-25 ਸਾਲ ਦੇ ਕੁੱਲ ਵੋਟਰਾਂ ਦੀਆਂ 31 ਫ਼ੀਸਦੀ ਵੋਟਾਂ ਪਈਆਂ ਜਦੋਂਕਿ ਕਾਂਗਰਸ ਨੇ ਇਸ ਵਰਗ

**ਜਗਰੂਪ ਸਿੰਘ ਸੇਖੋਂ**

ਦੀਆਂ 35 ਫ਼ੀਸਦੀ ਵੋਟਾਂ ਲੈ ਕੇ ਵੱਡੀ ਕਾਮਯਾਬੀ ਹਾਸਲ ਕੀਤੀ। ਇਸ ਦੇ ਉਲਟ ਅਕਾਲੀ ਦਲ ਅਤੇ ਭਾਜਪਾ ਗੱਠਜੋੜ ਨੂੰ ਮਹਿਜ਼ 26 ਫ਼ੀਸਦੀ ਵੋਟਾਂ ਨਸੀਬ ਹੋਈਆਂ। ਸਾਲ 2022 ਵਿੱਚ ਪਾਸਾ ਪੂਰੀ ਤਰ੍ਹਾਂ ਪਲਟ ਗਿਆ ਅਤੇ ਆਮ ਆਦਮੀ ਪਾਰਟੀ ਨੇ 18-25 ਸਾਲ ਦੇ ਨੌਜਵਾਨਾਂ ਦੀਆਂ 51 ਫ਼ੀਸਦੀ ਵੋਟਾਂ ਹੂੰਝ ਲਈਆਂ। ਇਸ ਦੇ ਮੁਕਾਬਲੇ ਕਾਂਗਰਸ, ਅਕਾਲੀ ਦਲ-ਭਾਜਪਾ ਗੱਠਜੋੜ ਤੇ ਇਨ੍ਹਾਂ ਦੇ ਭਾਈਵਾਲਾਂ ਨੂੰ ਕ੍ਰਮਵਾਰ 18 ਫ਼ੀਸਦੀ, 18.4 ਫ਼ੀਸਦੀ ਅਤੇ ਮਹਿਜ਼ 3.3 ਫ਼ੀਸਦੀ ਵੋਟਾਂ ’ਤੇ ਹੀ ਸਬਰ ਕਰਨਾ ਪਿਆ। 26 ਤੋਂ 34 ਸਾਲ ਦੇ ਵੋਟਰਾਂ ਦੇ ਝੁਕਾਅ ਵਿੱਚ ਵੀ ਕੁਝ ਅਜਿਹੀ ਹੀ ਤਬਦੀਲੀ ਦੇਖਣ ਨੂੰ ਮਿਲੀ। ਇੱਥੇ ਵੀ ‘ਆਪ’ ਨੂੰ ਦੂਜਿਆਂ ਦੇ ਮੁਕਾਬਲੇ ਵੱਡੀ ਹਮਾਇਤ ਮਿਲੀ। ਇਸ ਵਰਗ ਦੇ ਕੁੱਲ 48 ਫ਼ੀਸਦੀ ਵੋਟਰਾਂ ਨੇ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਫਤਵਾ ਦਿੱਤਾ ਜਦੋਂਕਿ ਕਾਂਗਰਸ ਨੂੰ 18.1 ਫ਼ੀਸਦੀ, ਅਕਾਲੀ ਦਲ ਗੱਠਜੋੜ ਨੂੰ 19.5 ਫ਼ੀਸਦੀ ਅਤੇ ਭਾਜਪਾ ਤੇ ਹੋਰਾਂ ਨੂੰ ਸਿਰਫ਼ 7.6 ਫ਼ੀਸਦੀ ਵੋਟਾਂ ਹੀ ਮਿਲ ਸਕੀਆਂ। ਆਮ ਆਦਮੀ ਪਾਰਟੀ ਵੱਲੋਂ ਚੋਣਾਂ ਤੋਂ ਪਹਿਲਾਂ ਜਾਰੀ ਕੀਤੇ ਗਏ ਚੋਣ ਮਨੋਰਥ ਪੱਤਰ ਵਿੱਚ ਨੌਜਵਾਨਾਂ ਨਾਲ ਕੀਤੇ ਵਾਅਦਿਆਂ ’ਤੇ ਵੀ ਝਾਤ ਮਾਰਨੀ ਬਣਦੀ ਹੈ। ਪਾਰਟੀ ਨੇ ਵਾਅਦਾ ਕੀਤਾ ਸੀ ਕਿ ਸਰਕਾਰ ਬਣਨ ’ਤੇ ਆਗਾਮੀ ਪੰਜ ਸਾਲਾਂ ਵਿੱਚ ਰੁਜ਼ਗਾਰ ਦੇ 25 ਲੱਖ ਦੇ ਕਰੀਬ ਨਵੇਂ ਮੌਕੇ ਪੈਦਾ ਕੀਤੇ ਜਾਣਗੇ। ਇਹ ਵੀ ਕਿਹਾ ਗਿਆ ਸੀ ਕਿ ਪਿੰਡਾਂ ਅਤੇ ਸ਼ਹਿਰਾਂ ਨੂੰ ਰੁਜ਼ਗਾਰ ਹੱਬ ਵਜੋਂ ਵਿਕਸਤ ਕੀਤਾ ਜਾਵੇਗਾ ਅਤੇ ਪੰਜਾਬ ਦੇ 10 ਵੱਡੇ ਸ਼ਹਿਰਾਂ ਵਿੱਚ ਛੋਟੇ ਉਦਯੋਗਾਂ ਨੂੰ ਹੁਲਾਰਾ ਦੇਣ ਲਈ ਵਿਸ਼ੇਸ਼ ਕੇਂਦਰ ਖੋਲ੍ਹੇ ਜਾਣਗੇ। ਇਨ੍ਹਾਂ ਉਪਰਾਲਿਆਂ ਦਾ ਮਕਸਦ ਨੌਜਵਾਨਾਂ ਨੂੰ ਆਪਣੇ ਸੁਫਨੇ ਸਾਕਾਰ ਕਰਨ ਵਿੱਚ ਮਦਦ ਦੇਣਾ ਅਤੇ ਵਿਦੇਸ਼ਾਂ ਵੱਲ ਹੋ ਰਹੇ ਬੇਲੋੜੇ ਪਰਵਾਸ ਨੂੰ ਰੋਕਣਾ ਦੱਸਿਆ ਗਿਆ ਸੀ। ਇਨ੍ਹਾਂ ਕੇਂਦਰਾਂ ਵਿੱਚ ਨੌਜਵਾਨਾਂ ਨੂੰ ਤਕਨੀਕੀ ਸਹਾਇਤਾ, ਮਾਲੀ ਮਦਦ ਅਤੇ ਬਾਜ਼ਾਰ ’ਚ ਮੁਕਾਬਲੇ ਲਈ ਤਿਆਰ ਕਰਕੇ ਸਮੇਂ ਦੇ ਹਾਣੀ ਬਣਾਉਣ ਦੀ ਗੱਲ ਕਹੀ ਗਈ ਸੀ।

ਇਸ ਤੋਂ ਇਲਾਵਾ ਸਰਕਾਰ ਨੇ ਵਿਦੇਸ਼ ਜਾਣ ਦੇ ਚਾਹਵਾਨ ਨੌਜਵਾਨਾਂ ਨੂੰ ਉੱਥੇ ਉਨ੍ਹਾਂ ਦੀ ਯੋਗਤਾ ਮੁਤਾਬਿਕ ਰੁਜ਼ਗਾਰ ਲੱਭਣ ਵਿੱਚ ਮਦਦ ਕਰਨ ਦਾ ਵਾਅਦਾ ਵੀ ਕੀਤਾ। ਦਲਿਤ ਭਾਈਚਾਰੇ ਦੀ ਸੰਘਣੀ ਆਬਾਦੀ ਵਾਲੇ ਦੋਆਬਾ ਖੇਤਰ ਵਿੱਚ ਬਾਬੂ ਕਾਂਸ਼ੀ ਰਾਮ ਦੇ ਨਾਂ ’ਤੇ ਉੱਚ-ਪੱਧਰੀ ਹੁਨਰ ਸਿਖਲਾਈ ਯੂਨੀਵਰਸਿਟੀ ਖੋਲ੍ਹਣ ਦਾ ਐਲਾਨ ਕੀਤਾ ਗਿਆ। ਹਰ ਕਿਸਮ ਦੇ ਮਾਫ਼ੀਆ ਜਿਵੇਂ ਰੇਤ-ਬੱਜਰੀ ਅਤੇ ਸ਼ਰਾਬ ਮਾਫ਼ੀਆ ਨੂੰ ਖ਼ਤਮ ਕਰਕੇ ਇਸ ਕਾਰੋਬਾਰ ਵਿੱਚ ਨੌਜਵਾਨਾਂ ਨੂੰ ਭਾਈਵਾਲ ਬਣਾਉਣ ਦਾ ਭਰੋਸਾ ਦਿੱਤਾ ਗਿਆ ਤਾਂ ਜੋ ਉਹ ਮਾੜੇ ਕੰਮਾਂ ਤੋਂ ਬਚ ਕੇ ਆਪਣਾ ਸੁਨਹਿਰੀ ਭਵਿੱਖ ਸਿਰਜ ਸਕਣ। ਕੁੜੀਆਂ ਲਈ ਵਿਸ਼ੇਸ਼ ਸਿਖਲਾਈ ਕੇਂਦਰ ਖੋਲ੍ਹਣ ਦਾ ਵਾਅਦਾ ਸੀ ਤਾਂ ਜੋ ਉਹ ਫ਼ੌਜ, ਨੀਮ-ਫ਼ੌਜੀ ਬਲਾਂ, ਪੁਲੀਸ ਅਤੇ ਹੋਰ ਮਹਿਕਮਿਆਂ ਵਿੱਚ ਉੱਚੇ ਰੁਤਬੇ ਪ੍ਰਾਪਤ ਕਰ ਸਕਣ।

ਇੱਕ ਮੋਟੇ ਅੰਦਾਜ਼ੇ ਮੁਤਾਬਿਕ ਪੰਜਾਬ ਸਰਕਾਰ ਨੇ ਆਪਣੇ ਚਾਰ ਸਾਲ ਤੋਂ ਵੱਧ ਦੇ ਕਾਰਜਕਾਲ ਵਿੱਚ ਤਕਰੀਬਨ 67 ਹਜ਼ਾਰ ਨੌਜਵਾਨਾਂ ਨੂੰ ਪੱਕਾ ਰੁਜ਼ਗਾਰ ਦਿੱਤਾ ਹੈ। ਹਾਲਾਂਕਿ, ਇਨ੍ਹਾਂ ਵਿੱਚੋਂ ਵੱਡੀ ਗਿਣਤੀ ਉਨ੍ਹਾਂ ਮੁਲਾਜ਼ਮਾਂ ਦੀ ਹੈ, ਜੋ ਲੰਮੇ ਸਮੇਂ ਤੋਂ ਕੱਚੇ ਤੌਰ ’ਤੇ ਕੰਮ ਕਰ ਰਹੇ ਸਨ। ਇਹ ਕਦਮ ਸਰਕਾਰ ਵੱਲੋਂ 5 ਸਾਲਾਂ ਵਿੱਚ ਕੁੱਲ 1,25,000 ਸਰਕਾਰੀ ਨੌਕਰੀਆਂ ਦੇਣ ਦੇ ਕੀਤੇ ਗਏ ਵਾਅਦੇ ਦਾ ਹੀ ਹਿੱਸਾ ਹੈ। ਲਗਾਤਾਰ ਸਰਕਾਰੀ ਭਰਤੀਆਂ ਹੋਣ ਦਾ ਵਾਅਦਾ ਨੌਜਵਾਨਾਂ ਲਈ ਆਸ ਦੀ ਇੱਕ ਵੱਡੀ ਕਿਰਨ ਸੀ, ਪਰ ਹੁਣ ਇਹ ਆਸ ਮੱਧਮ ਪੈ ਚੁੱਕੀ ਹੈ।

ਸਾਲ 2021 ਦੇ ਦੇਸ਼-ਪੱਧਰੀ ਸਰਵੇਖਣ ਮੁਤਾਬਿਕ ਪੰਜਾਬ ਦੇ 76 ਫ਼ੀਸਦੀ ਨੌਜਵਾਨਾਂ ਨੇ ਬੇਰੁਜ਼ਗਾਰੀ ਨੂੰ ਆਪਣੀ ਸਭ ਤੋਂ ਵੱਡੀ ਸਮੱਸਿਆ ਦੱਸਿਆ ਅਤੇ 2022 ਦੀਆਂ ਚੋਣਾਂ ਵਿੱਚ ਇਨ੍ਹਾਂ ਵਿੱਚੋਂ 42 ਫ਼ੀਸਦੀ ਨੇ ਇਸ ਦੇ ਹੱਲ ਲਈ ਆਮ ਆਦਮੀ ਪਾਰਟੀ ’ਤੇ ਭਰੋਸਾ ਜਤਾਇਆ ਸੀ, ਪਰ ਮੌਜੂਦਾ ਸਰਕਾਰ ਨੌਜਵਾਨਾਂ ਦੀਆਂ ਉਮੀਦਾਂ ’ਤੇ ਖ਼ਰੀ ਉਤਰਨ ਵਿੱਚ ਕਾਮਯਾਬ ਹੋਈ ਨਹੀਂ ਜਾਪਦੀ। ਦਰਅਸਲ, ਪੰਜਾਬ ਲੰਮੇ ਸਮੇਂ ਤੋਂ ਖੇਤੀਬਾੜੀ ਦੀ ਖੜੋਤ ਅਤੇ ਉਦਯੋਗਾਂ ਦੀ ਘਾਟ ਕਾਰਨ ਡੂੰਘੇ ਆਰਥਿਕ ਸੰਕਟ ਵਿੱਚੋਂ ਲੰਘ ਰਿਹਾ ਹੈ। ਹਾਲਾਤ ਇਹ ਹਨ ਕਿ ਸੂਬੇ ਦੇ 70 ਫ਼ੀਸਦੀ ਤੋਂ ਵੱਧ ਕਿਸਾਨ ਚੰਗਾ ਰੁਜ਼ਗਾਰ ਮਿਲਣ ’ਤੇ ਖੇਤੀ ਛੱਡਣ ਲਈ ਤਿਆਰ ਹਨ। ਸੁਨਹਿਰੀ ਭਵਿੱਖ ਦੀ ਆਸ ਧੁੰਦਲੀ ਹੋਣ ਕਾਰਨ ਪੰਜਾਬੀ ਨੌਜਵਾਨਾਂ ਵਿੱਚ ਨਿਰਾਸ਼ਾ ਵਧੀ ਹੈ। ਸਰਵੇਖਣ ਦੱਸਦੇ ਹਨ ਕਿ 2016 ਦੇ ਮੁਕਾਬਲੇ 2021 ਤੱਕ ਸਿੱਖ ਨੌਜਵਾਨਾਂ ਵਿੱਚ ਧਾਰਮਿਕਤਾ ਵੱਲ ਝੁਕਾਅ ਵਧਿਆ ਹੈ ਅਤੇ ਆਪਸੀ ਸਹਿਣਸ਼ੀਲਤਾ ਘਟੀ ਹੈ। ਅਫ਼ਸੋਸ ਦੀ ਗੱਲ ਇਹ ਹੈ ਕਿ ਸਰਕਾਰਾਂ ਨੇ ਵੀ ਨੌਜਵਾਨਾਂ ਦੇ ਅਸਲ ਮਸਲਿਆਂ ਨੂੰ ਹੱਲ ਕਰਨ ਦੀ ਬਹੁਤੀ ਕੋਸ਼ਿਸ਼ ਨਹੀਂ ਕੀਤੀ। ਅਜਿਹੇ ਮਾਹੌਲ ਵਿੱਚ ਮੌਜੂਦਾ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਸੀ ਕਿ ਉਹ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦੇ ਨਾਲ-ਨਾਲ ਪੰਚਾਇਤੀ ਅਤੇ ਸ਼ਹਿਰੀ ਚੋਣਾਂ ਵਿੱਚ ਉਨ੍ਹਾਂ ਦੀ ਸਿਆਸੀ ਹਿੱਸੇਦਾਰੀ ਵਧਾਉਂਦੀ। ਅਜਿਹਾ ਕਰਕੇ ਪੰਜਾਬ ਨੂੰ ‘ਰੰਗਲਾ ਪੰਜਾਬ’ ਬਣਾਉਣ ਦਾ ਸੁਫਨਾ ਹਕੀਕੀ ਰੂਪ ਵਿੱਚ ਸਾਕਾਰ ਹੋ ਸਕਦਾ ਸੀ।

*** ਵਿਜ਼ਿਟਿੰਗ ਪ੍ਰੋਫ਼ੈਸਰ, ਖ਼ਾਲਸਾ ਯੂਨੀਵਰਸਿਟੀ, ਅੰਮ੍ਰਿਤਸਰ।**

ਸਾਡੇ ਲੋਕ
SADE LOK

ਸਤਨਾਮ ਸਿੰਘ ਖਾਲਸਾ

Office : (925) 243-1300 | Cell : (510) 706-1300 | Fax : (925) 373-1300 | India : 783 706 1300

1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.

ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

# ਆਜ਼ਾਦੀ ਤੋਂ ਬਾਅਦ ਪਹਿਲੀ ਵਾਰ ਖੁੱਲ੍ਹਿਆ ਲਾਹੌਰ ਦਾ ਇਤਿਹਾਸਕ ਗੁਰਦੁਆਰਾ

## ਸਿੱਖ ਸੰਗਤਾਂ 'ਚ ਖੁਸ਼ੀ ਦੀ ਲਹਿਰ



ਲਾਹੌਰ : ਪਾਕਿਸਤਾਨ ਦੇ ਲਾਹੌਰ ਵਿੱਚ ਸਥਿਤ 6ਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨਾਲ ਸਬੰਧਤ ਇੱਕ ਇਤਿਹਾਸਕ ਗੁਰਦੁਆਰਾ ਸਾਹਿਬ ਦੇਸ਼ ਦੀ ਵੰਡ, ਭਾਵ 1947 ਤੋਂ ਬਾਅਦ ਪਹਿਲੀ ਵਾਰ ਸ਼ਰਧਾਲੂਆਂ ਲਈ ਦੁਬਾਰਾ ਖੋਲ੍ਹ ਦਿੱਤਾ ਗਿਆ ਹੈ। ਇਸ ਗੁਰਦੁਆਰਾ ਸਾਹਿਬ ਦੇ ਖੁੱਲ੍ਹਣ ਨਾਲ ਸਿੱਖ ਸੰਗਤ ਦਾ ਲਗਭਗ 79 ਸਾਲਾਂ ਦਾ ਲੰਮਾ ਇੰਤਜ਼ਾਰ ਆਖ਼ਿਰਕਾਰ ਖ਼ਤਮ ਹੋ ਗਿਆ ਹੈ।

ਗੁਰਦੁਆਰਾ ਪਾਤਸ਼ਾਹੀ ਛੇਵੀਂ, ਜੋ ਕਿ ਲਾਹੌਰ-ਕਸੂਰ ਰੋਡ 'ਤੇ ਸਥਿਤ ਇਤਿਹਾਸਕ ਪਿੰਡ 'ਅਮਰ ਸਿੱਧੂ' ਵਿਖੇ ਸਥਿਤ ਹੈ, ਨੂੰ ਇਮਾਰਤ ਦੀ ਮੁਰੰਮਤ ਅਤੇ ਰੈਨੋਵੇਸ਼ਨ ਤੋਂ ਬਾਅਦ ਰਸਮੀ ਤੌਰ 'ਤੇ ਸੰਗਤਾਂ ਲਈ ਖੋਲ੍ਹ ਦਿੱਤਾ ਗਿਆ ਹੈ। ਇਸ ਇਤਿਹਾਸਕ ਮੌਕੇ 'ਤੇ ਸਥਾਨਕ ਸਿੱਖ ਭਾਈਚਾਰੇ ਨੇ ਸ਼ੁੱਕਰਵਾਰ ਨੂੰ ਗੁਰਦੁਆਰਾ ਸਾਹਿਬ ਵਿਖੇ ਸੁਖਮਨੀ ਸਾਹਿਬ ਜੀ ਦੇ ਪਾਠ ਅਤੇ ਅਰਦਾਸ ਦੀ ਮਰਿਆਦਾ ਨਿਭਾਈ।

ਇਹ ਅਸਥਾਨ ਲਾਹੌਰ ਦੇ ਉਨ੍ਹਾਂ ਤਿੰਨ ਇਤਿਹਾਸਕ ਗੁਰਦੁਆਰਿਆਂ 'ਚੋਂ ਇੱਕ ਹੈ ਜਿਨ੍ਹਾਂ ਦਾ ਸਬੰਧ ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਜੀ ਨਾਲ ਹੈ। ਇਤਿਹਾਸ ਮੁਤਾਬਕ, ਗੁਰੂ ਸਾਹਿਬ ਕਸ਼ਮੀਰ ਦੇ ਦੌਰੇ ਤੋਂ ਅੰਮ੍ਰਿਤਸਰ ਪਰਤਦੇ ਸਮੇਂ ਇਸ ਸਥਾਨ 'ਤੇ ਰੁਕੇ ਸਨ। ਇਹ ਅਸਥਾਨ ਮਾਤਾ ਕੌਲਾਂ ਜੀ ਨਾਲ ਵੀ ਜੁੜਿਆ ਹੋਇਆ ਹੈ, ਜੋ ਕਿ ਇਸ ਯਾਤਰਾ ਦੌਰਾਨ ਸਿੱਖ ਸੰਗਤ ਦੇ ਨਾਲ ਗੁਰੂ ਸਾਹਿਬ ਦੇ ਨਾਲ ਆਏ ਸਨ।

ਵੰਡ ਤੋਂ ਬਾਅਦ ਲੰਮੇ ਸਮੇਂ ਤੋਂ ਬੰਦ ਪਏ ਇਸ ਪਵਿੱਤਰ ਅਸਥਾਨ ਦਾ ਦੁਬਾਰਾ ਖੁੱਲ੍ਹਣਾ ਦੁਨੀਆ ਭਰ ਦੀਆਂ ਸਿੱਖ ਸੰਗਤਾਂ ਅਤੇ ਖਾਸ ਕਰ ਕੇ ਪਾਕਿਸਤਾਨ ਵਿੱਚ ਰਹਿ ਰਹੇ ਸਿੱਖ ਪਰਿਵਾਰਾਂ ਲਈ ਇੱਕ ਭਾਵੁਕ ਅਤੇ ਖ਼ੁਸ਼ੀਆਂ ਭਰਿਆ ਪਲ ਹੈ।

# ਸਰੀ ਵਿਖੇ ਕਪਿਲ ਸ਼ਰਮਾ ਦੇ ਕੈਫੇ 'ਤੇ ਗੋਲੀਬਾਰੀ ਮਾਮਲੇ 'ਚ ਹਥਿਆਰ ਲੁਕਾਉਣ ਵਾਲਾ ਜਸ਼ਨਦੀਪ ਸਿੰਘ ਹੋਵੇਗਾ ਡਿਪੋਰਟ

## ਇੰਮੀਗ੍ਰੇਸ਼ਨ ਐਂਡ ਰਿਫਿਊਜੀ ਟ੍ਰਿਬਿਊਨਲ ਨੇ ਕਿਹਾ- ਕੈਨੇਡਾ ਦੇ ਲੋਕਾਂ ਲਈ ਖ਼ਤਰਾ ਬਣਨ ਵਾਲੇ ਕਿਸੇ ਲਿਹਾਜ਼ ਦੇ ਹੱਕਦਾਰ ਨਹੀਂ

ਵੈਨਕੂਵਰ : ਚਾਰ ਸਾਲ ਪਹਿਲਾਂ ਸਟੱਡੀ ਵੀਜ਼ੇ 'ਤੇ ਕੈਨੇਡਾ ਆਏ ਜਸ਼ਨਦੀਪ ਸਿੰਘ, ਜਿਸ ਨੇ ਕੈਨੇਡਾ ਵਿੱਚ ਪੱਕੇ ਹੋਣ ਲਈ ਦੇਸ਼ ਨਿਕਾਲੇ ਖ਼ਿਲਾਫ਼ ਸ਼ਰਨ (ਰਿਫਊਜੀ) ਦਾ ਕੇਸ ਦਾਇਰ ਕੀਤਾ ਹੋਇਆ ਸੀ, ਨੂੰ ਇੰਮੀਗ੍ਰੇਸ਼ਨ ਐਂਡ ਰਿਫਊਜੀ ਬੋਰਡ (IRB) ਵੱਲੋਂ ਵੱਡਾ ਝਟਕਾ ਦਿੱਤਾ ਗਿਆ ਹੈ। ਉਸ ਦੇ ਮਾਮਲੇ 'ਤੇ ਫ਼ੈਸਲਾ ਸੁਣਾਉਂਦਿਆਂ ਟ੍ਰਿਬਿਊਨਲ ਮੈਂਬਰ ਵਾਰੇਨ ਪੁਡੀਕੌਂਬ (Warren Puddicombe) ਨੇ ਸਖ਼ਤ ਰੁਖ਼ ਅਖਤਿਆਰ ਕਰਦਿਆਂ ਕਿਹਾ ਕਿ ਕੈਨੇਡਾ ਦੇ ਲੋਕਾਂ ਲਈ ਖ਼ਤਰਾ ਸਹੇੜਨ ਵਾਲੇ (ਖ਼ਤਰਾ ਪੈਦਾ ਕਰਨ ਵਾਲੇ) ਲੋਕ ਕਿਸੇ ਵੀ ਤਰ੍ਹਾਂ ਦੇ ਲਿਹਾਜ਼ ਦੇ ਹੱਕਦਾਰ ਨਹੀਂ ਹਨ ਅਤੇ ਅਜਿਹੇ ਅਨਸਰਾਂ ਨੂੰ ਤੁਰੰਤ ਦੇਸ਼ ਤੋਂ ਬਾਹਰ ਦਾ ਰਸਤਾ ਦਿਖਾਇਆ ਜਾਵੇ। ਇਸ ਫ਼ੈਸਲੇ ਤੋਂ ਤੁਰੰਤ ਬਾਅਦ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (CBSA) ਦੇ ਅਧਿਕਾਰੀਆਂ ਨੇ ਐਡਮੰਟਨ ਰਹਿ ਰਹੇ ਜਸ਼ਨਦੀਪ ਸਿੰਘ ਨੂੰ ਡਿਪੋਰਟ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ ਅਤੇ ਅਗਲੇ ਹਫ਼ਤੇ ਤੱਕ ਉਸ ਨੂੰ ਜਹਾਜ਼ੇ ਚਾੜ੍ਹ ਦਿੱਤਾ ਜਾਵੇਗਾ (ਭਾਰਤ ਵਾਪਸ ਭੇਜ ਦਿੱਤਾ ਜਾਵੇਗਾ)।

**ਹਿੰਸਾ ਫੈਲਾਉਣ ਵਾਲਿਆਂ ਨੂੰ ਕੀਤਾ ਜਾ ਰਿਹਾ ਡਿਪੋਰਟ: ਸੀ.ਬੀ.ਐਸ.ਏ :** ਇਸ ਦੌਰਾਨ ਵਿਭਾਗੀ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਸੀ.ਬੀ.ਐਸ.ਏ. (CBSA) ਵੱਲੋਂ ਹੁਣ ਉਨ੍ਹਾਂ ਸਾਰੇ ਲੋਕਾਂ ਨੂੰ ਬਹੁਤ ਤੇਜ਼ੀ ਨਾਲ ਡਿਪੋਰਟ ਕੀਤਾ ਜਾ ਰਿਹਾ ਹੈ, ਜੋ ਦੇਸ਼ ਵਿੱਚ ਕਿਸੇ ਵੀ ਤਰ੍ਹਾਂ ਦੀ ਹਿੰਸਾ, ਧੋਖਾਧੜੀ, ਜਾਅਲਸਾਜ਼ੀ ਵਿੱਚ ਸ਼ਾਮਲ ਹਨ ਜਾਂ ਫਿਰ ਬਿਨਾਂ ਕਿਸੇ ਠੋਸ ਵਜ੍ਹਾ ਦੇ ਸ਼ਰਨ (Refuge) ਮੰਗੀ ਬੈਠੇ ਹਨ। ਏਜੰਸੀ ਹੁਣ ਅਜਿਹੇ ਸ਼ੱਕੀ ਲੋਕਾਂ 'ਤੇ ਲੰਬੇ ਕੇਸ ਚਲਾ ਕੇ ਸਿਸਟਮ ਦਾ ਸਮਾਂ ਖ਼ਰਾਬ ਕਰਨ ਦੀ ਬਜਾਏ, ਉਨ੍ਹਾਂ ਨੂੰ ਤੁਰੰਤ ਵਾਪਸ ਤੋਰਨਾ (ਭੇਜਣਾ) ਜ਼ਿਆਦਾ ਠੀਕ ਸਮਝਣ ਲੱਗੀ ਹੈ। ਇਹੀ ਕਾਰਨ ਹੈ ਕਿ ਅਦਾਲਤਾਂ ਵੀ ਹੁਣ ਅਜਿਹੀਆਂ ਅਰਜ਼ੀਆਂ ਨੂੰ ਪਹਿਲੀ ਜਾਂ ਦੂਜੀ ਤਰੀਕ (ਸੁਣਵਾਈ) 'ਤੇ ਹੀ ਨਿਬੇੜ ਰਹੀਆਂ ਹਨ।






**ਜਸ਼ਨਦੀਪ ਦੇ ਹਨ ਗੰਭੀਰ ਦੋਸ਼ :** ਦੱਸਣਯੋਗ ਹੈ ਕਿ ਜਸ਼ਨਦੀਪ ਸਿੰਘ 'ਤੇ ਮਸ਼ਹੂਰ ਭਾਰਤੀ ਕਾਮੇਡੀਅਨ ਕਪਿਲ ਸ਼ਰਮਾ ਦੇ ਸਰੀ (ਬ੍ਰਿਟਿਸ਼ ਕੋਲੰਬੀਆ) ਸਥਿਤ 'ਕੈਪਸ ਕੈਫੇ' (Kap's Cafe) ਵਿਖੇ ਲਾਰੈਂਸ ਬਿਸ਼ਨੋਈ ਗੈਂਗ ਵੱਲੋਂ ਚਲਾਈਆਂ ਗਈਆਂ ਗੋਲੀਆਂ ਦੇ ਮਾਮਲੇ ਵਿੱਚ ਵਰਤਿਆ ਗਿਆ ਹਥਿਆਰ ਲੁਕਾਉਣ ਅਤੇ ਗੈਂਗਸਟਰਾਂ ਦੀ ਮਦਦ ਕਰਨ ਦੇ ਗੰਭੀਰ ਦੋਸ਼ ਹਨ। ਹਾਲਾਂਕਿ ਉਸ ਵਿਰੁੱਧ ਕੈਨੇਡਾ ਵਿੱਚ ਕੋਈ ਸਿੱਧਾ ਅਪਰਾਧਿਕ ਮੁਕੱਦਮਾ ਦਰਜ ਨਹੀਂ ਸੀ, ਪਰ ਪੁਲੀਸ ਹੱਥ ਲੱਗੇ ਪੁਖ਼ਤਾ ਸਬੂਤਾਂ ਅਤੇ ਵੀਡੀਓਜ਼ ਦੇ ਆਧਾਰ 'ਤੇ ਟ੍ਰਿਬਿਊਨਲ ਨੇ ਉਸ ਦੀ ਮੌਜੂਦਗੀ ਨੂੰ ਕੈਨੇਡੀਅਨ ਸਮਾਜ ਦੀ ਸੁਰੱਖਿਆ ਲਈ ਵੱਡਾ ਖ਼ਤਰਾ ਮੰਨਿਆ ਹੈ।

# ਮੈਨੀਟੋਬਾ ਦੇ ਸਾਬਕਾ ਸੰਸਦ ਮੈਂਬਰ Inky Mark ਗ੍ਰਿਫ਼ਤਾਰ; ਘਰੋਂ ਮਿਲਿਆ ਹਥਿਆਰਾਂ ਦਾ ਵੱਡਾ ਜ਼ਖ਼ੀਰਾ

## RCMP ਦੀ ਛਾਪੇਮਾਰੀ 'ਚ 439 ਹਥਿਆਰ, ਇੱਕ ਐਂਟੀਕ ਤੋਪ ਅਤੇ 3 ਲੱਖ ਡਾਲਰ ਨਕਦ ਬਰਾਮਦ; ਪੁਲਿਸ ਨੇ ਦਰਜ ਕੀਤੇ 12 ਗੰਭੀਰ ਦੋਸ਼








ਮੈਨੀਟੋਬਾ : ਮੈਨੀਟੋਬਾ ਵਿੱਚ ਰਾਇਲ ਕੈਨੇਡੀਅਨ ਮਾਊਂਟਿਡ ਪੁਲੀਸ (RCMP) ਨੇ ਇੱਕ ਵੱਡੀ ਕਾਰਵਾਈ ਕਰਦਿਆਂ ਸਾਬਕਾ ਸੰਸਦ ਮੈਂਬਰ (MP) ਇੰਕੀ ਮਾਰਕ (78) ਨੂੰ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ, ਹਥਿਆਰਾਂ ਦੀ ਅਸੁਰੱਖਿਅਤ ਸਟੋਰੇਜ ਅਤੇ ਹੋਰ ਗੰਭੀਰ ਅਪਰਾਧਿਕ ਦੋਸ਼ਾਂ ਹੇਠ ਗ੍ਰਿਫ਼ਤਾਰ ਕੀਤਾ ਹੈ। ਪੁਲੀਸ ਨੇ ਉਨ੍ਹਾਂ ਦੇ ਡੌਫਿਨ ਖੇਤਰ ਸਥਿਤ ਘਰ 'ਤੇ ਛਾਪਾ ਮਾਰ ਕੇ 439 ਹਥਿਆਰ, ਇੱਕ ਪੁਰਾਤਨ ਐਂਟੀਕ ਤੋਪ ਅਤੇ 3 ਲੱਖ ਕੈਨੇਡੀਅਨ ਡਾਲਰ ਨਕਦ ਬਰਾਮਦ ਕੀਤੇ ਹਨ। ਇਹ ਕਾਰਵਾਈ ਮੈਨੀਟੋਬਾ ਦੇ ਹਾਲੀਆ ਇਤਿਹਾਸ ਵਿੱਚ ਹਥਿਆਰਾਂ ਨਾਲ ਜੁੜੇ ਸਭ ਤੋਂ ਵੱਡੇ ਪੁਲੀਸ ਅਪਰੇਸ਼ਨਾਂ ਵਿੱਚੋਂ ਇੱਕ ਮੰਨੀ ਜਾ ਰਹੀ ਹੈ।

ਮੈਨੀਟੋਬਾ RCMP ਦੇ ਕਾਰਪੋਰਲ ਬੈਰੀ ਕਿਰਬੀ ਨੇ ਪ੍ਰੈੱਸ ਕਾਨਫ਼ਰੰਸ ਵਿੱਚ ਦੱਸਿਆ ਕਿ 7 ਜੁਲਾਈ ਨੂੰ ਤਲਾਸ਼ੀ ਵਾਰੰਟ ਦੇ ਆਧਾਰ 'ਤੇ ਡੌਫਿਨ ਇਲਾਕੇ ਵਿੱਚ ਮਾਰਕ ਦੇ ਘਰ ਛਾਪਾ ਮਾਰਿਆ ਗਿਆ ਸੀ। ਬਰਾਮਦ ਕੀਤੇ ਹਥਿਆਰਾਂ ਦੀ ਵੱਡੀ ਗਿਣਤੀ ਕਾਰਨ ਉਨ੍ਹਾਂ ਦੀ ਗਿਣਤੀ, ਵਰਗੀਕਰਨ ਅਤੇ ਜਾਂਚ ਲਈ ਵਿਸ਼ੇਸ਼ ਮਾਹਿਰ ਟੀਮਾਂ ਨੂੰ ਕਈ ਦਿਨਾਂ ਦਾ ਸਮਾਂ ਲੱਗਿਆ।

**ਗੈਰ-ਕਾਨੂੰਨੀ ਤਸਕਰੀ ਅਤੇ ਨਿਯਮਾਂ ਦੀ ਉਲੰਘਣਾ :** ਪੁਲਿਸ ਮੁਤਾਬਕ ਛਾਪੇ ਦੌਰਾਨ 439 ਵੱਖ-ਵੱਖ ਕਿਸਮਾਂ ਦੀਆਂ ਰਾਈਫਲਾਂ, ਸ਼ਾਟਗਨ ਤੇ ਹੈਂਡ ਗੰਨ, ਇੱਕ ਪੁਰਾਤਨ ਐਂਟੀਕ ਤੋਪ ਅਤੇ 3 ਲੱਖ ਕੈਨੇਡੀਅਨ ਡਾਲਰ ਨਕਦ ਜ਼ਬਤ ਕੀਤੇ ਗਏ। ਮੁੱਢਲੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਘੱਟੋ-ਘੱਟ ਤਿੰਨ ਹਥਿਆਰ ਗੈਰ-ਕਾਨੂੰਨੀ ਤਰੀਕੇ ਨਾਲ ਵੇਚੇ ਗਏ ਸਨ, ਜਦੋਂਕਿ ਇੱਕ ਹਥਿਆਰ ਦਾ ਸੀਰੀਅਲ ਨੰਬਰ ਮਿਟਾਇਆ ਹੋਇਆ ਸੀ। ਇਸ ਤੋਂ ਇਲਾਵਾ ਸੈਂਕੜੇ ਹਥਿਆਰ ਘਰ ਵਿੱਚ ਬਿਨਾਂ ਲੋੜੀਂਦੇ ਸੁਰੱਖਿਆ ਪ੍ਰਬੰਧਾਂ ਦੇ ਰੱਖੇ ਹੋਏ ਸਨ, ਜੋ ਕੈਨੇਡਾ ਦੇ ਹਥਿਆਰ ਕਾਨੂੰਨਾਂ ਦੀ ਸਪਸ਼ਟ ਉਲੰਘਣਾ ਹੈ।

ਪੁਲਿਸ ਨੇ ਇੰਕੀ ਮਾਰਕ ਵਿਰੁੱਧ 12 ਅਪਰਾਧਿਕ ਦੋਸ਼ ਦਰਜ ਕੀਤੇ ਹਨ। ਇਨ੍ਹਾਂ ਵਿੱਚ ਹਥਿਆਰਾਂ ਦੀ ਗੈਰ-ਕਾਨੂੰਨੀ ਤਸਕਰੀ, ਹਥਿਆਰਾਂ ਦੀ ਲਾਪਰਵਾਹੀ ਨਾਲ ਅਤੇ ਅਸੁਰੱਖਿਅਤ ਸਟੋਰੇਜ, ਬਿਨਾਂ ਅਧਿਕਾਰ ਹਥਿਆਰਾਂ ਅਤੇ ਪਾਬੰਦੀਸ਼ੁਦਾ ਉਪਕਰਨ ਆਪਣੇ ਕਬਜ਼ੇ ਵਿੱਚ ਰੱਖਣਾ ਅਤੇ ਅਪਰਾਧ ਰਾਹੀਂ ਹਾਸਲ ਕੀਤੀ ਜਾਇਦਾਦ ਤੇ ਨਕਦੀ ਆਪਣੇ ਕੋਲ ਰੱਖਣ ਵਰਗੇ ਗੰਭੀਰ ਦੋਸ਼ ਸ਼ਾਮਲ ਹਨ।

ਕਾਰਪੋਰਲ ਕਿਰਬੀ ਨੇ ਕਿਹਾ ਕਿ ਕੈਨੇਡਾ ਵਿੱਚ ਕਾਨੂੰਨੀ ਤੌਰ 'ਤੇ ਹਥਿਆਰਾਂ ਦਾ ਸੰਗ੍ਰਹਿ ਕਰਨਾ ਆਪਣੇ ਆਪ ਵਿੱਚ ਗੈਰ-ਕਾਨੂੰਨੀ ਨਹੀਂ ਹੈ, ਪਰ ਜਦੋਂ ਹਥਿਆਰਾਂ ਦੀ ਤਸਕਰੀ ਕੀਤੀ ਜਾਵੇ, ਉਨ੍ਹਾਂ ਦੇ ਸੀਰੀਅਲ ਨੰਬਰ ਮਿਟਾਏ ਜਾਣ ਜਾਂ ਉਨ੍ਹਾਂ ਨੂੰ ਕਾਨੂੰਨ ਅਨੁਸਾਰ ਸੁਰੱਖਿਅਤ ਢੰਗ ਨਾਲ ਨਾ ਰੱਖਿਆ ਜਾਵੇ ਤਾਂ ਇਹ ਗੰਭੀਰ ਅਪਰਾਧ ਬਣ ਜਾਂਦਾ ਹੈ। ਉਨ੍ਹਾਂ ਕਿਹਾ ਕਿ ਗੈਰ-ਕਾਨੂੰਨੀ ਹਥਿਆਰ ਸੰਗਠਿਤ ਅਪਰਾਧ ਅਤੇ ਹਿੰਸਕ ਵਾਰਦਾਤਾਂ ਨੂੰ ਵਧਾਵਾ ਦਿੰਦੇ ਹਨ।

ਇਸ ਜਾਂਚ ਦੀ ਸ਼ੁਰੂਆਤ ਇਸ ਸਾਲ ਮਾਰਚ ਮਹੀਨੇ ਵਿੱਚ ਅਮਰੀਕਾ ਵਿੱਚ ਹੋਏ ਇੱਕ ਹਥਿਆਰ ਤਸਕਰੀ ਦੇ ਮਾਮਲੇ ਤੋਂ ਹੋਈ ਸੀ। ਅਮਰੀਕੀ ਅਧਿਕਾਰੀਆਂ ਨੇ ਡੌਫਿਨ ਖੇਤਰ ਨਾਲ ਸਬੰਧਿਤ ਇੱਕ 73 ਸਾਲਾ ਵਿਅਕਤੀ ਨੂੰ ਗੈਰ-ਕਾਨੂੰਨੀ ਹਥਿਆਰਾਂ ਦੀ ਸਮੱਗਲਿੰਗ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਸੀ। ਉਸ ਮਾਮਲੇ ਦੀ ਜਾਂਚ ਦੌਰਾਨ ਕੈਨੇਡੀਅਨ ਪੁਲਿਸ ਨੂੰ ਕੁਝ ਅਜਿਹੇ ਹਥਿਆਰ ਮਿਲੇ ਜੋ ਇੰਕੀ ਮਾਰਕ ਵੱਲੋਂ ਖ਼ਰੀਦੇ ਗਏ ਸਨ ਪਰ ਕਾਨੂੰਨੀ ਤੌਰ 'ਤੇ ਉਨ੍ਹਾਂ ਦੀ ਮਾਲਕੀ ਤਬਦੀਲ ਨਹੀਂ ਕੀਤੀ ਗਈ ਸੀ। ਇਸ ਸੁਰਾਗ ਦੇ ਆਧਾਰ 'ਤੇ ਨੈਸ਼ਨਲ ਵੇਪਨਜ਼ ਐਨਫੋਰਸਮੈਂਟ ਸਪੋਰਟ ਟੀਮ (NWEST) ਨੇ ਜਾਂਚ ਅੱਗੇ ਵਧਾਈ ਅਤੇ ਛਾਪੇਮਾਰੀ ਕਰਕੇ ਇਹ ਵੱਡਾ ਭੰਡਾਫੋੜ ਕੀਤਾ।

**ਮੈਨੀਟੋਬਾ ਦੀ ਸਿਆਸਤ ਦਾ ਵੱਡਾ ਚਿਹਰਾ ਰਹੇ ਹਨ ਇੰਕੀ ਮਾਰਕ :** ਇੰਕੀ ਮਾਰਕ ਮੈਨੀਟੋਬਾ ਦੀ ਸਿਆਸਤ ਦਾ ਜਾਣਿਆ-ਪਛਾਣਿਆ ਨਾਮ ਰਹੇ ਹਨ। ਉਹ 1994 ਤੋਂ 1997 ਤੱਕ ਡੌਫਿਨ ਦੇ ਮੇਅਰ ਰਹੇ ਅਤੇ ਇਸ ਤੋਂ ਬਾਅਦ 1997 ਤੋਂ 2010 ਤੱਕ ਲਗਾਤਾਰ ਡੌਫਿਨ- ਸਵਾਨ ਰਿਵਰ ਹਲਕੇ ਤੋਂ ਸੰਸਦ ਮੈਂਬਰ (MP) ਚੁਣੇ ਜਾਂਦੇ ਰਹੇ। ਆਪਣੇ ਰਾਜਨੀਤਕ ਜੀਵਨ ਦੌਰਾਨ ਉਹ ਰਿਫਾਰਮ ਪਾਰਟੀ, ਕੈਨੇਡੀਅਨ ਅਲਾਇੰਸ ਅਤੇ ਕੰਜ਼ਰਵੇਟਿਵ ਪਾਰਟੀ ਦੀ ਨੁਮਾਇੰਦਗੀ ਕਰ ਚੁੱਕੇ ਹਨ। ਇਹ ਵੀ ਧਿਆਨਯੋਗ ਹੈ ਕਿ 2012 ਵਿੱਚ ਇੰਕੀ ਮਾਰਕ ਨੇ ਇੱਕ ਅਖ਼ਬਾਰ ਨੂੰ ਲਿਖੇ ਪੱਤਰ ਵਿੱਚ ਕੈਨੇਡਾ ਦੇ ਹਥਿਆਰ ਕਾਨੂੰਨਾਂ ਵਿੱਚੋਂ ਬਹੁਤੀਆਂ ਪਾਬੰਦੀਆਂ ਹਟਾਉਣ ਦੀ ਵਕਾਲਤ ਕੀਤੀ ਸੀ। ਉਨ੍ਹਾਂ ਦੀ ਮੌਜੂਦਾ ਗ੍ਰਿਫ਼ਤਾਰੀ ਤੋਂ ਬਾਅਦ ਉਹ ਬਿਆਨ ਇੱਕ ਵਾਰ ਫਿਰ ਚਰਚਾ ਦਾ ਵਿਸ਼ਾ ਬਣ ਗਿਆ ਹੈ।

ਪੁਲਿਸ ਦਾ ਕਹਿਣਾ ਹੈ ਕਿ ਜ਼ਬਤ ਕੀਤੇ ਗਏ ਹਥਿਆਰਾਂ ਦੀ ਵੱਡੀ ਗਿਣਤੀ ਕਾਰਨ ਸਾਰੇ ਰਿਕਾਰਡ, ਲਾਇਸੈਂਸਾਂ ਅਤੇ ਮਾਲਕੀ ਦਸਤਾਵੇਜ਼ਾਂ ਦੀ ਜਾਂਚ ਵਿੱਚ ਅਜੇ ਕਈ ਹਫ਼ਤੇ ਲੱਗਣਗੇ। ਜਾਂਚ ਦੇ ਨਤੀਜਿਆਂ ਦੇ ਆਧਾਰ 'ਤੇ ਮਾਰਕ ਵਿਰੁੱਧ ਹੋਰ ਦੋਸ਼ ਵੀ ਜੋੜੇ ਜਾ ਸਕਦੇ ਹਨ। ਫਿਲਹਾਲ, ਅਦਾਲਤ ਨੇ ਇੰਕੀ ਮਾਰਕ ਨੂੰ ਸਖ਼ਤ ਸ਼ਰਤਾਂ ਦੇ ਆਧਾਰ 'ਤੇ ਅੰਤਰਿਮ ਰਿਹਾਈ ਦੇ ਦਿੱਤੀ ਹੈ। ਮਾਮਲੇ ਦੀ ਅਗਲੀ ਸੁਣਵਾਈ 11 ਅਗਸਤ ਨੂੰ ਡੌਫਿਨ ਦੀ ਅਦਾਲਤ ਵਿੱਚ ਹੋਵੇਗੀ। ਰਾਜਨੀਤਿਕ ਅਤੇ ਕਾਨੂੰਨੀ ਮਾਹਰਾਂ ਦਾ ਮੰਨਣਾ ਹੈ ਕਿ ਮੈਨੀਟੋਬਾ ਦੇ ਇਤਿਹਾਸ ਵਿੱਚ ਕਿਸੇ ਸਾਬਕਾ ਸੰਸਦ ਮੈਂਬਰ ਵਿਰੁੱਧ ਹਥਿਆਰਾਂ ਨਾਲ ਸੰਬੰਧਿਤ ਇਹ ਸਭ ਤੋਂ ਗੰਭੀਰ ਅਪਰਾਧਿਕ ਮਾਮਲਿਆਂ ਵਿੱਚੋਂ ਇੱਕ ਹੈ। ਇਸ ਕਾਰਵਾਈ ਨੇ ਨਾ ਸਿਰਫ਼ ਕੈਨੇਡਾ ਦੇ ਹਥਿਆਰ ਕਾਨੂੰਨਾਂ ਦੀ ਪ੍ਰਭਾਵਸ਼ੀਲਤਾ, ਸਗੋਂ ਜਨਤਕ ਅਹੁਦੇ ਸੰਭਾਲ ਚੁੱਕੇ ਵਿਅਕਤੀਆਂ ਦੀ ਜਵਾਬਦੇਹੀ ਬਾਰੇ ਵੀ ਗੰਭੀਰ ਚਰਚਾ ਛੇੜ ਦਿੱਤੀ ਹੈ।

# ਅਨਿਲ ਮੇਨਨ 8 ਮਹੀਨਿਆਂ ਦੇ ਮਿਸ਼ਨ 'ਤੇ ਪੁਲਾੜ ਰਵਾਨਾ, 'ਮਾਈਕ੍ਰੋਗ੍ਰੈਵਿਟੀ' ਦੇ ਪ੍ਰਭਾਵਾਂ ਦੀ ਕਰਨਗੇ ਖੋਜ

ਬੈਕੋਨੂਰ : ਭਾਰਤੀ ਮੂਲ ਦੇ ਅਮਰੀਕੀ ਪੁਲਾੜ ਯਾਤਰੀ ਅਨਿਲ ਮੇਨਨ ਮੰਗਲਵਾਰ ਨੂੰ ਅੱਠ ਮਹੀਨਿਆਂ ਦੇ ਲੰਬੇ ਪੁਲਾੜ ਮਿਸ਼ਨ ਲਈ ਰਵਾਨਾ ਹੋ ਗਏ ਹਨ। ਅਨਿਲ ਮੇਨਨ ਦੇ ਨਾਲ ਦੋ ਰੂਸੀ ਪੁਲਾੜ ਯਾਤਰੀ, ਪਿਓਤਰ ਦੁਬਰੋਵ ਅਤੇ ਅੰਨਾ ਕਿਕਿਨਾ ਵੀ ਕਜ਼ਾਕਿਸਤਾਨ ਦੇ ਬੈਕੋਨੂਰ ਕੌਸਮੋਡਰੋਮ ਤੋਂ ਸੋਯੂਜ਼ MS-29 ਸਪੇਸਕ੍ਰਾਫਟ ਰਾਹੀਂ ਪੁਲਾੜ ਲਈ ਰਵਾਨਾ ਹੋਏ।

ਰੋਸਕੋਸਮੋਸ ਦਾ ਇਹ ਸਪੇਸਕ੍ਰਾਫਟ ਭਾਰਤੀ ਸਮੇਂ ਅਨੁਸਾਰ ਰਾਤ 8:17 ਵਜੇ ਰਵਾਨਾ ਹੋਇਆ। ਲਗਭਗ ਤਿੰਨ ਘੰਟਿਆਂ ਦੀ ਯਾਤਰਾ ਤੋਂ ਬਾਅਦ, ਇਹ ਰਾਤ 11:56 ਵਜੇ ਇੰਟਰਨੈਸ਼ਨਲ ਸਪੇਸ ਸਟੇਸ਼ਨ (ISS) ਦੇ ਪ੍ਰਿਚਲ ਮੋਡੀਊਲ ਨਾਲ ਆਪਣੇ-ਆਪ ਜੁੜ ਜਾਵੇਗਾ। ਨਾਸਾ ਅਨੁਸਾਰ, ਇਹ ਅਨਿਲ ਮੇਨਨ ਦੀ ਪਹਿਲੀ ਪੁਲਾੜ ਉਡਾਣ ਹੈ।





ਐਮਰਜੈਂਸੀ ਅਤੇ ਐਰੋਸਪੇਸ ਮੈਡੀਸਨ ਦੇ ਮਾਹਿਰ ਡਾਕਟਰ ਅਨਿਲ ਮੇਨਨ ਇਸ ਮਿਸ਼ਨ ਦੌਰਾਨ ਇਕ ਖੋਜਕਰਤਾ ਦੇ ਨਾਲ-ਨਾਲ ਖੁਦ ਇਕ 'ਟੈਸਟ ਸਬਜੈਕਟ' (ਜਿਸ 'ਤੇ ਪ੍ਰਯੋਗ ਕੀਤੇ ਜਾਣਗੇ) ਵਜੋਂ ਵੀ ਭੂਮਿਕਾ ਨਿਭਾਉਣਗੇ। ਉਨ੍ਹਾਂ ਦੀ ਖੋਜ ਦਾ ਮੁੱਖ ਕੇਂਦਰ ਮਨੁੱਖੀ ਸਰੀਰ 'ਤੇ ਮਾਈਕ੍ਰੋਗ੍ਰੈਵਿਟੀ (ਭਾਰਹੀਣਤਾ) ਦੇ ਪ੍ਰਭਾਵਾਂ ਦਾ ਅਧਿਐਨ ਕਰਨਾ ਹੈ। ਉਹ ਇਹ ਦੇਖਣਗੇ ਕਿ ਲੰਬੇ ਸਮੇਂ ਤੱਕ ਪੁਲਾੜ ਵਿੱਚ ਰਹਿਣ ਨਾਲ ਖ਼ੂਨ ਦੇ ਪ੍ਰਵਾਹ, ਨਸਾਂ ਦੀ ਬਣਤਰ ਅਤੇ ਖ਼ੂਨ ਦੀ ਰਚਨਾ 'ਤੇ ਕੀ ਅਸਰ ਪੈਂਦਾ ਹੈ।

ਇਸ ਤੋਂ ਇਲਾਵਾ, ਉਹ ਆਗਮੈਂਟੇਡ ਰਿਐਲਿਟੀ (AR) ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ (AI) ਦੀ ਮਦਦ ਨਾਲ ਅਲਟਰਾਸਾਊਂਡ ਜਾਂਚ ਕਰਨਗੇ, ਤਾਂ ਜੋ ਭਵਿੱਖ ਦੇ ਮਿਸ਼ਨਾਂ ਵਿੱਚ ਧਰਤੀ ਤੋਂ ਮੈਡੀਕਲ ਸਹਾਇਤਾ ਦੀ ਲੋੜ ਨੂੰ ਘਟਾਇਆ ਜਾ ਸਕੇ।

ਤਕਨੀਕੀ ਅਤੇ ਵਿਗਿਆਨਕ ਪ੍ਰਯੋਗ

ਮਿਸ਼ਨ ਦੌਰਾਨ ਅਨਿਲ ਮੇਨਨ ਕਈ ਅਹਿਮ ਪ੍ਰਯੋਗਾਂ ਦਾ ਹਿੱਸਾ ਬਣਨਗੇ:

ਸੈਮੀਕੰਡਕਟਰ ਉਤਪਾਦਨ: ਪੁਲਾੜ ਦੇ ਭਾਰਹੀਣ ਵਾਤਾਵਰਣ ਵਿੱਚ ਉੱਚ-ਗੁਣਵੱਤਾ ਵਾਲੇ ਸੈਮੀਕੰਡਕਟਰ ਬਣਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ, ਜੋ 19 ਅਤੇ ਬਿਹਤਰ ਮੈਡੀਕਲ ਡਿਵਾਈਸਾਂ ਲਈ ਵਰਤੇ ਜਾਣਗੇ।



ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

(ਟ) ਤਖਤ ਚਾਰ ਹਨ : (੧) ਸ੍ਰੀ ਅਕਾਲ ਤਖਤ ਸਾਹਿਬ, ਅੰਮ੍ਰਿਤਸਰ, (੨) ਤਖਤ ਪਟਨਾ ਸਾਹਿਬ, (੩) ਸ੍ਰੀ ਕੇਸਗੜ੍ਹ ਸਾਹਿਬ, ਅਨੰਦਪੁਰ, (੪) ਸ੍ਰੀ ਹਜ਼ੂਰ ਸਾਹਿਬ, ਨਾਂਦੇੜ।

(ਠ) ਤਖਤਾਂ ਦੇ ਖਾਸ ਅਸਥਾਨ ਉਤੇ ਕੇਵਲ ਰਹਿਤਵਾਲ ਅੰਮ੍ਰਿਤਧਾਰੀ (ਸਿੰਘ ਜਾਂ ਸਿੰਘਣੀ) ਹੀ ਚੜ੍ਹ ਸਕਦੇ ਹਨ।

(ਡ) ਤਖਤਾਂ ਉਤੇ ਪਤਿਤ ਤੇ ਤਨਖਾਹੀਏ ਸਿੱਖ ਤੋਂ ਬਿਨਾਂ ਹਰ ਇਕ ਪ੍ਰਾਣੀ ਮਾਤ੍ਰ, ਸਿੱਖ ਗੁਰੂ ਸਿੱਖ ਦੀ ਅਰਦਾਸ ਹੋ ਸਕਦੀ ਹੈ।

(ਢ) ਹਰ ਇਕ ਗੁਰਦੁਆਰੇ ਵਿਚ ਨਿਸ਼ਾਨ ਸਾਹਿਬ ਕਿਸੇ ਉਚੀ ਥਾਂ 'ਤੇ ਹੋਵੇ। ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦਾ ਰੰਗ ਬਸੰਤੀ ਜਾਂ ਸੁਰਮਈ ਹੋਵੇ ਅਤੇ ਨਿਸ਼ਾਨ ਸਾਹਿਬ ਦੇ ਸਿਰ 'ਤੇ ਸਰਬ ਲੋਹ ਦਾ ਖੰਡਾ ਹੋਵੇ।

**ਕੀਰਤਨ**

(ੳ) ਸੰਗਤ ਵਿਚ ਕੀਰਤਨ ਕੇਵਲ ਸਿੱਖ ਹੀ ਕਰ ਸਕਦਾ ਹੈ।

(ਅ) ਕੀਰਤਨ ਗੁਰਬਾਣੀ ਨੂੰ ਰਾਗ ਵਿਚ ਉਚਾਰਣ ਕਰਨ ਨੂੰ ਕਹਿੰਦੇ ਹਨ।

(ੲ) ਸੰਗਤ ਵਿਚ ਕੀਰਤਨ ਕੇਵਲ ਗੁਰਬਾਣੀ ਜਾਂ ਇਸ ਦੀ ਵਿਆਖਿਆ ਸਰੂਪ ਰਚਨਾ ਭਾਈ ਗੁਰਦਾਸ ਜੀ ਤੇ ਭਾਈ ਨੰਦ ਲਾਲ ਜੀ ਦੀ ਬਾਣੀ ਦਾ ਹੋ ਸਕਦਾ ਹੈ।

(ਸ) ਸ਼ਬਦਾਂ ਨੂੰ ਜੋਟੀਆਂ ਦੀ ਧਾਰਨਾ ਜਾਂ ਰਾਗ ਨਾਲ ਪੜ੍ਹਦਿਆਂ ਬਾਹਰ ਦੀਆਂ ਮਨਘੜਤ ਤੇ ਵਾਧੂ ਤੁਕਾਂ ਲਾ ਕੇ ਧਾਰਨਾ ਲਾਣੀ ਜਾਂ ਗਾਉਣਾ ਆਯੋਗ ਹੈ। ਸ਼ਬਦ ਦੀ ਤੁਕ ਹੀ ਧਾਰਨਾ ਬਣਾਈ ਜਾਵੇ।

**'ਹੁਕਮ' ਲੈਣਾ**

(ੳ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਣਾ ਗੁਰੂ ਰੂਪ ਸੰਗਤ ਦੇ ਅਦਬ ਨਾਲ ਦਰਸ਼ਨ ਕਰਨੇ ਤੇ ਆਵਾਜ਼ਾ ਲੈਣਾ ਜਾਂ ਸੁਣਨਾ ਸਤਿਗੁਰੂ ਦੇ ਦਰਸ਼ਨ ਹਨ। ਵਾਕ ਲੈਣ ਤੋਂ ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਰੁਮਾਲ ਚੁਕ ਚੁਕ ਕੇ 'ਦਰਸ਼ਨ' ਕਰਨਾ ਜਾਂ ਕਰਾਉਣਾ ਮਨਮਤ ਹੈ।

(ਅ) ਸੰਗਤ ਵਿਚ ਇਕ ਵਕਤ ਇਕੋ ਗੱਲ ਹੋਣੀ ਚਾਹੀਏ, ਜਾਂ ਕੀਰਤਨ ਜਾਂ ਕਥਾ, ਵਖਿਆਨ ਜਾਂ ਪਾਠ।

(ੲ) ਦੀਵਾਨ ਸਮੇਂ ਸੰਗਤਿ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਕੇਵਲ ਸਿੱਖ (ਮਰਦ ਜਾਂ ਤੀਵੀਂ) ਹੀ ਬੈਠਣ ਦਾ ਅਧਿਕਾਰੀ ਹੈ।

(ਸ) ਸੰਗਤ ਨੂੰ ਪਾਠ ਕੇਵਲ ਸਿੱਖ ਹੀ ਕਰਕੇ ਸੁਣਾਵੇ। ਆਪਣੇ ਆਪ ਲਈ ਪਾਠ ਕੋਈ ਗੈਰ ਸਿੱਖ ਭੀ ਕਰ ਸਕਦਾ ਹੈ।


(ਹ) 'ਹੁਕਮ' ਲੈਣ ਲੱਗਿਆਂ ਖੱਬੇ ਪੰਨੇ ਦੇ ਉਤਲੇ ਪਾਸਿਓਂ ਪਹਿਲਾ ਸ਼ਬਦ, ਜੋ ਜਾਰੀ ਹੈ, ਮੁਢ ਤੋਂ ਪੜ੍ਹਨਾ ਚਾਹੀਏ। ਜੇ ਉਸ ਸ਼ਬਦ ਦਾ ਮੁਢ ਪਿਛਲੇ ਪੰਨੇ ਤੋਂ ਸ਼ੁਰੂ ਹੁੰਦਾ ਹੈ ਤਾਂ ਪਤਰਾ ਪਰਤ ਕੇ ਪੜ੍ਹਨਾ ਸ਼ੁਰੂ ਕਰੋ ਅਤੇ ਸ਼ਬਦ ਸਾਰਾ ਪੜ੍ਹੋ। ਜੇ 'ਵਾ.' ਹੋਵੇ, ਤਾਂ ਪਉੜੀ ਦੇ ਸਾਰੇ ਸਲੋਕ ਅਤੇ ਪਉੜੀ ਪੜ੍ਹਨੀ ਚਾਹੀਏ। ਸ਼ਬਦ ਦੇ ਅੰਤ ਵਿਚ ਜਿਥੇ 'ਨਾਨਕ' ਨਾਮ ਆ ਜਾਵੇ, ਉਸ ਤੁਕ ਉਤੇ ਭੋਗ ਪਾਇਆ ਜਾਵੇ।

(ਕ) ਦੀਵਾਨ ਦੀ ਸਮਾਪਤੀ ਜਾਂ ਭੋਗ ਦਾ ਅਰਦਾਸਾ ਹੋ ਕੇ ਅੰਤਿਮ 'ਹੁਕਮ' ਲਿਆ ਜਾਵੇ।

**ਸਾਧਾਰਨ ਪਾਠ**

(ੳ) ਹਰ ਇਕ ਸਿੱਖ ਨੂੰ ਵੱਸ ਲੱਗੇ ਆਪਣੇ ਘਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਕਰਨ ਦਾ ਵੱਖਰਾ ਤੇ ਨਿਵੇਕਲਾ ਅਸਥਾਨ ਨੀਯਤ ਕਰਨਾ ਚਾਹੀਏ।

(ਅ) ਹਰ ਇਕ ਸਿੱਖ ਸਿੱਖਣੀ, ਬੱਚੇ ਬੱਚੀ ਨੂੰ




ਗੁਰਮੁਖੀ ਪੜ੍ਹਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨਾ ਸਿਖਣਾ ਚਾਹੀਏ।

(ੲ) ਹਰ ਇਕ ਸਿੱਖ ਅੰਮ੍ਰਿਤ ਵੇਲੇ ਪਰਸ਼ਾਦ ਛਕਣ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ 'ਹੁਕਮ' ਲਵੇ। ਜੇ ਇਸ ਵਿਚ ਉਕਾਈ ਹੋ ਜਾਵੇ, ਤਾਂ ਦਿਨ ਵਿਚ ਕਿਸੇ ਨਾ ਕਿਸੇ ਵੇਲੇ ਜ਼ਰੂਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾਪਾਠ ਕਰੇ ਜਾਂ ਸੁਣੇ। ਸਫ਼ਰ ਆਦਿ ਔਕੜ ਵੇਲੇ ਦਰਸ਼ਨ ਕਰਨ ਤੋਂ ਅਸਮਰਥ ਹੋਵੇ, ਤਾਂ ਸ਼ੰਕਾ ਨਹੀਂ ਕਰਨੀ।

(ਸ) ਚੰਗਾ ਤਾਂ ਇਹ ਹੈ ਕਿ ਹਰ ਇਕ ਸਿੱਖ ਆਪਣਾ ਸਾਧਾਰਣ ਪਾਠ ਜਾਰੀ ਰੱਖੇ ਅਤੇ ਮਹੀਨੇ ਦੋ ਮਹੀਨੇ ਮਗਰੋਂ (ਜਾਂਜਿਤਨੇ ਸਮੇਂ ਵਿਚ ਹੋ ਸਕੇ) ਭੋਗ ਪਾਵੇ।

(ਹ) ਪਾਠ ਅਰੰਭ ਕਰਨ ਸਮੇਂ ਅਨੰਦ ਸਾਹਿਬ (ਪਹਿਲੀਆਂ ਪੰਜ ਪਉੜੀਆਂ ਤੇ ਇਕ ਅੰਤਲੀ ਪਉੜੀ) ਦੇ ਪਾਠ ਮਗਰੋਂ ਅਰਦਾਸਾ ਕਰਕੇ ਹੁਕਮ ਲੈਣਾ ਚਾਹੀਏ, ਫੇਰ ਜਪੁ ਸਾਹਿਬ ਦਾ ਪਾਠ ਕਰਨਾ ਚਾਹੀਏ।

**ਅਖੰਡ ਪਾਠ**

(ੳ) ਅਖੰਡ ਪਾਠ ਕਿਸੇ ਭੀੜ ਜਾਂ ਉਤਸ਼ਾਹ ਵੇਲੇ ਕੀਤਾ ਜਾਂਦਾ ਹੈ। ਇਹ ਕਰੀਬਨ ੪੮ ਘੰਟੇ ਵਿਚ ਸੰਪੂਰਨ ਕੀਤਾ ਜਾਂਦਾ ਹੈ। ਇਸ ਵਿਚ ਪਾਠ ਲਗਾਤਾਰ ਬਿਨਾਂ ਰੁਕੇ ਕੀਤਾ ਜਾਂਦਾ ਹੈ। ਪਾਠ ਸਾਫ਼ ਤੇ ਸ਼ੁੱਧ ਹੋਵੇ। ਬਹੁਤ ਤੇਜ਼ ਪੜ੍ਹਨਾ, ਜਿਸ ਤੋਂ ਸੁਣਨ ਵਾਲਾ ਕੁਝ ਸਮਝ ਨਾ ਸਕੇ, ਗੁਰਬਾਣੀ ਦੀ ਨਿਰਾਦਰੀ ਹੈ। ਅੱਖਰ ਮਾਤ੍ਰਾ ਦਾ ਧਿਆਨ ਰੱਖ ਕੇ ਪਾਠ ਸ਼ੁੱਧ ਤੇ ਸਾਫ਼ ਕਰਨਾ ਚਾਹੀਏ, ਭਾਵੇਂ ਸਮਾਂ ਕੁਝ ਵਧੀਕ ਲੱਗ ਜਾਵੇ।

(ਅ) ਅਖੰਡ ਪਾਠ ਜਿਸ ਪਰਿਵਾਰ ਜਾਂ ਸੰਗਤ ਨੇ ਕਰਨਾ ਹੈ, ਉਹ ਆਪ ਕਰੇ, ਟੱਬਰ ਦੇ ਆਦਮੀ, ਸਾਕ ਸਬੰਧੀ ਮਿੱਤਰ ਆਦਿ ਮਿਲ ਕੇ ਕਰਨ। ਪਾਠੀਆਂ ਦੀ ਗਿਣਤੀ ਮੁਕਰਰ ਨਹੀਂ। ਜੇ ਕੋਈ ਆਦਮੀ ਆਪ ਪਾਠ ਨਹੀਂ ਕਰ ਸਕਦਾ, ਤਾਂ ਕਿਸੇ ਚੰਗੇ ਪਾਠੀ ਕੋਲੋਂ ਸੁਣ ਲਵੇ, ਪਰ ਇਹ ਨਾ ਹੋਵੇ ਕਿ ਪਾਠੀ ਆਪੇ ਇਕੱਲਾ ਬਹਿ ਕੇ ਪਾਠ ਕਰਦਾ ਰਹੇ ਤੇ ਸੰਗਤ ਜਾਂ ਟੱਬਰ ਦਾ ਕੋਈ ਆਦਮੀ ਨਾ ਸੁਣਦਾ ਹੋਵੇ। ਪਾਠੀ ਦੀ ਯਥਾ ਸ਼ਕਤੀ ਭੋਜਨ, ਬਸਤਰ ਆਦਿ ਯੋਗ ਸੇਵਾ ਕੀਤੀ ਜਾਵੇ।

**(ਚਲਦਾ)**

# ਅਮਰੀਕਾ 'ਚ ਭਾਰਤੀ ਮੂਲ ਦੀ ਮਹਿਲਾ ਦਾ ਗੋਲੀਆਂ ਮਾਰ ਕਤਲ

## ਪਤੀ ਹੀ ਨਿਕਲਿਆ ਕਾਤਲ, ਪੁੱਤ ਨੂੰ ਵੀ ਨਾ ਬਖਸ਼ਿਆ



ਵਾਸ਼ਿੰਗਟਨ : ਅਮਰੀਕਾ ਦੇ ਜਾਰਜੀਆ ਰਾਜ ਵਿੱਚ ਇੱਕ 56 ਸਾਲਾ ਵਿਅਕਤੀ ਨੇ ਕਥਿਤ ਤੌਰ 'ਤੇ ਆਪਣੀ ਭਾਰਤੀ ਅਮਰੀਕੀ ਪਤਨੀ ਦਾ ਗੋਲੀਆਂ ਮਾਰ ਕੇ ਕਤਲ ਕਰਨ ਮਗਰੋਂ ਅਤੇ ਆਪਣੇ ਪੁੱਤ 'ਤੇ ਵੀ ਗੋਲੀਆਂ ਚਲਾ ਦਿੱਤੀਆਂ, ਜਿਸ ਨਾਲ ਉਹ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਿਆ। ਉਥੇ ਹੀ ਪੁਲਸ ਨੇ ਤੁਰੰਤ ਕਾਰਵਾਈ ਕਰਦਿਆਂ ਮ੍ਰਿਤਕਾ ਦੇ ਪਤੀ ਕਿਰਕ ਬੀ. ਰਿਜ਼ੇਨ ਨੂੰ ਹਿਰਾਸਤ ਵਿੱਚ ਲੈ ਲਿਆ ਹੈ। ਮੁਲਜ਼ਮ 'ਤੇ ਕਤਲ, ਹਮਲੇ ਅਤੇ ਹਥਿਆਰ ਰੱਖਣ ਵਰਗੇ ਕਈ ਗੰਭੀਰ ਦੋਸ਼ ਲਗਾਏ ਗਏ ਹਨ। ਉਹ ਇਸ ਸਮੇਂ ਕੋਬ ਕਾਊਂਟੀ ਅਡਲਟ ਡਿਟੈਂਸ਼ਨ ਸੈਂਟਰ ਵਿੱਚ ਬਿਨਾਂ ਜ਼ਮਾਨਤ ਬਾਂਡ ਤੋਂ ਬੰਦ ਹੈ।

ਇਹ ਘਟਨਾ ਐਟਲਾਂਟਾ ਦੇ ਨੇੜੇ ਸਥਿਤ ਕੋਬ ਕਾਊਂਟੀ ਦੇ ਸਮਿਰਨਾ ਸ਼ਹਿਰ ਵਿੱਚ ਲੌਰੇਲ ਕ੍ਰੀਕ ਟਰੇਲ 'ਤੇ ਸਥਿਤ ਇਕ ਘਰ ਵਿੱਚ ਵਾਪਰੀ। ਇਸ ਘਟਨਾ ਦੀ ਸੂਚਨਾ ਮਿਲਣ 'ਤੇ ਮੌਕੇ 'ਤੇ ਪਹੁੰਚੀ ਪੁਲਸ ਨੂੰ 57 ਸਾਲਾ ਸ਼ੀਤਲ ਰਿਜ਼ੇਨ ਆਪਣੇ ਘਰ ਅੰਦਰੋਂ ਮ੍ਰਿਤਕ ਪਈ ਮਿਲੀ ਸੀ। ਉਸ ਨੂੰ ਗੋਲੀਆਂ ਲੱਗੀਆਂ ਹੋਈਆਂ ਸਨ। ਉਥੇ ਹੀ ਉਨ੍ਹਾਂ ਦਾ 23 ਸਾਲਾ ਪੁੱਤਰ, ਜੇਸਨ ਰਿਜ਼ੇਨ ਘਰ ਦੇ ਬਾਹਰ ਜ਼ਖਮੀ ਹਾਲਤ ਪਿਆ ਮਿਲਿਆ, ਜਿਸ ਨੂੰ ਐਮਰਜੈਂਸੀ ਟੀਮਾਂ ਦੁਆਰਾ ਤੁਰੰਤ ਹਸਪਤਾਲ ਪਹੁੰਚਾਇਆ ਗਿਆ।

# ਕੈਨੇਡਾ ਨਾਲ ਵਪਾਰ ਲਈ ਤਿਆਰ ਪੁਲ ਖੋਲਣ ਵਾਸਤੇ ਥਾਨੇਦਾਰ ਤੇ ਹੋਰਨਾਂ ਨੇ ਟਰੰਪ ਨੂੰ ਕੀਤੀ ਅਪੀਲ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ/ਸਾਡੇ ਲੋਕ) : ਡੈਮੋਕਰੈਟਿਕ ਪ੍ਰਤੀਨਿਧੀ ਸ਼੍ਰੀ ਥਾਨੇਦਾਰ ਤੇ ਹੋਰਨਾਂ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਤੋਂ ਪੁਰਜੋਰ ਸ਼ਬਦਾਂ ਵਿਚ ਮੰਗ ਕੀਤੀ ਹੈ ਕਿ ਗੋਰਡੀ ਹੋਵ ਇੰਟਰਨੈਸ਼ਨਲ ਬ੍ਰਿਜ ਜੋ ਬਣ ਕੇ ਤਿਆਰ ਹੋ ਗਿਆ ਹੈ, ਨੂੰ ਤੁਰੰਤ ਖੋਲਿਆ ਜਾਵੇ। ਉਨ੍ਹਾਂ ਕਿਹਾ ਕਿ ਇਹ ਪੁਲ ਡੀਟਰਾਇਟ ਨੂੰ ਵਿੰਡਸਰ, ਓਨਟਾਰੀਓ ਨਾਲ ਜੋੜੇਗਾ ਜਿਸ ਨਾਲ ਕੈਨੇਡਾ ਨਾਲ ਕਾਰੋਬਾਰ ਲਈ ਇਕ ਹੋਰ ਰਾਹ ਖੁਲ ਜਾਵੇਗਾ ਜਿਸ ਨਾਲ ਦੋਨਾਂ ਦੇਸ਼ਾਂ ਦੇ ਲੋਕਾਂ ਨੂੰ ਫਾਇਦਾ ਹੋਵੇਗਾ। ਥਾਨੇਦਾਰ ਸਮੇਤ ਹੋਰ ਅਲੋਚਕਾਂ ਨੇ ਕਿਹਾ ਹੈ ਕਿ ਇਹ ਕਰਾਸਿੰਗ ਜੂਨ ਵਿੱਚ ਖੁੱਲਣੀ ਸੀ ਪਰ ਟਰੰਪ ਪ੍ਰਸ਼ਾਸਨ ਦੁਆਰਾ ਇਸ ਨੂੰ ਰੋਕ ਦਿੱਤਾ ਗਿਆ ਕਿਉਂਕਿ ਰਾਸ਼ਟਰਪਤੀ ਇੱਕ 'ਬਿਹਤਰ ਸੌਦੇ' ਲਈ ਜ਼ੋਰ ਦੇ ਰਹੇ ਹਨ। ਆਲੋਚਕਾਂ ਨੇ ਮੌਰੂਨ ਪਰਿਵਾਰ ਵੱਲ ਇਸ਼ਾਰਾ ਕੀਤਾ ਹੈ, ਜੋ ਕਿ ਅੰਬੈਸਡਰ ਬ੍ਰਿਜ ਦੇ ਮਾਲਕ ਹਨ। ਇਸ ਪਰਿਵਾਰ ਦੇ ਲੰਬੇ ਸਮੇਂ ਤੋਂ ਟਰੰਪ ਪ੍ਰਸ਼ਾਸਨ ਨਾਲ ਰਾਜਨੀਤਿਕ ਸਬੰਧ ਹਨ ਜਿਸ ਨਾਲ ਇਸ ਚਰਚਾ ਨੂੰ ਹਵਾ ਮਿਲੀ ਹੈ ਕਿ ਰਾਸ਼ਟਰਪਤੀ ਆਪਣੇ ਸਹਿਯੋਗੀਆਂ ਨੂੰ ਮੁਕਾਬਲੇ ਤੋਂ ਬਚਾਉਣ ਲਈ ਪੁਲ ਨੂੰ ਰੋਕ ਰਹੇ ਹਨ। ਥਾਨੇਦਾਰ ਨੇ ਇਕ ਸਮਾਗਮ ਦੌਰਾਨ ਰਿਵਰਸਾਈਡ ਪਾਰਕ ਵਿਖੇ ਹਾਊਸ ਹੋਮਲੈਂਡ ਸਿਕਿਓਰਿਟੀ ਕਮੇਟੀ ਦੇ ਦੋ ਸੀਨੀਅਰ ਡੈਮੋਕ੍ਰੇਟਿਕ



ਮੈਂਬਰਾਂ ਨਾਲ ਇਸ ਮਹੱਤਵਪੂਰਨ ਕਰਾਸਿੰਗ ਦਾ ਮੁੱਦਾ ਜ਼ੋਰਦਾਰ ਢੰਗ ਨਾਲ ਉਠਾਇਆ। ਥਾਣੇਦਾਰ, ਜੋ ਉਸ ਜ਼ਿਲੇ ਦੀ ਨੁਮਾਇੰਦਗੀ ਕਰਦਾ ਹੈ ਜਿੱਥੇ ਪੁਲ ਸਥਿਤ ਹੈ, ਨੇ ਵਾਈਟ ਹਾਊਸ 'ਤੇ ਦਬਾਅ ਵਧਾਉਣ ਲਈ ਪ੍ਰਤੀਨਿਧੀ ਬੈਨੀ ਥੌਮਸਨ ਅਤੇ ਲੂ ਕੋਰੀਆ ਨਾਲ ਮਿਲ ਕੇ ਦਲੀਲ ਦਿੱਤੀ ਕਿ ਦੇਰੀ ਮਿਸ਼ੀਗਨ ਦੀ ਆਰਥਿਕਤਾ 'ਤੇ ਸਿੱਧਾ ਅਸਰ ਪਾ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਪੁਲ ਆਟੋਮੋਟਿਵ ਸਪਲਾਈ ਚੇਨ ਅਤੇ ਹਜ਼ਾਰਾਂ ਨੌਕਰੀਆਂ ਲਈ ਜ਼ਰੂਰੀ ਹੈ ਜੋ ਸਰਹੱਦ ਪਾਰਲੇ ਹਿੱਸੇ-ਪੁਰਜਿਆਂ ਅਤੇ ਸਾਮਾਨ 'ਤੇ ਨਿਰਭਰ ਕਰਦੇ ਹਨ। ਥਾਣੇਦਾਰ ਨੇ ਕਿਹਾ ਕਿ ਇਹ ਪੁਲ ਜਿਥੇ ਅਮਰੀਕਾ ਦੇ ਆਟੋ ਉਦਯੋਗ ਲਈ ਸਹਾਇਕ ਹੋਵੇਗਾ ਉਥੇ ਇਹ ਪੁਲ ਸਾਡੀਆਂ ਆਟੋ ਨੌਕਰੀਆਂ ਨੂੰ ਬਰਕਰਾਰ ਰੱਖਣ ਅਤੇ ਵਧਾਉਣ ਲਈ ਸਹਾਇਕ ਹੋਵੇਗਾ। ਉਨ੍ਹਾਂ ਚਿਤਾਵਨੀ ਦਿੱਤੀ ਕਿ ਉਹ ਇਸ ਸਬੰਧੀ ਹਰ ਕਾਨੂੰਨੀ ਲੜਾਈ ਲੜਨ ਲਈ ਤਿਆਰ ਹਨ ਅਤੇ ਰਾਜਨੀਤਿਕ ਕਦਮ ਵੀ ਚੁੱਕਣਗੇ। ਪ੍ਰਤੀਨਿਧੀ ਲੂ ਕੋਰੀਆ ਨੇ ਕਿਹਾ ਕਿ ਰਾਸ਼ਟਰਪਤੀ ਨੂੰ ਪੁਲ ਉਪਰੋਂ ਆਵਾਜਾਈ ਸ਼ੁਰੂ ਕਰਕੇ ਆਪਣੇ ਸਿਰ ਸਿਹਰਾ ਲੈਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਸਾਰੇ ਟੈਕਸਦਾਤਾਵਾਂ ਨੂੰ ਲਾਭ ਹੋਵੇਗਾ ਅਤੇ ਉਹ ਇਸ ਦਾ ਸਿਹਰਾ ਉਸੇ ਤਰ੍ਹਾਂ ਲੈ ਸਕਦਾ ਹੈ ਜਿਵੇਂ ਉਸ ਨੂੰ ਲੈਣਾ ਚਾਹੀਦਾ ਹੈ। ਸਮਾਗਮ ਨੂੰ ਸਮਾਪਤ ਕਰਦੇ ਹੋਏ, ਥਾਨੇਦਾਰ ਨੇ ਰਾਸ਼ਟਰਪਤੀ ਨੂੰ ਇੱਕ ਸਪੱਸ਼ਟ ਅਪੀਲ ਜਾਰੀ ਕੀਤੀ ਤੇ ਕਿਹਾ "ਸ਼੍ਰੀਮਾਨ ਟਰੰਪ, ਗੋਰਡੀ ਹੋਵ ਬ੍ਰਿਜ ਖੋਲੋ। ਸ਼੍ਰੀਮਾਨ ਟਰੰਪ, ਪੁਲ ਖੋਲੋ, ਕਿਉਂਕਿ ਮਿਸ਼ੀਗਨ ਨੂੰ ਇਸ ਦੀ ਲੋੜ ਹੈ, ਸੰਯੁਕਤ ਰਾਜ ਦੇ ਲੋਕਾਂ ਨੂੰ ਇਸ ਦੀ ਲੋੜ ਹੈ।"

# BASRA
## Heating & Air Conditioning

**ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ**

# ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**




Reasonable price first class work ਅਤੇ

100% ਗਰੰਟੀ

**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

**Common Air Conditioner Problems Requiring Repair**
**Low or Leaking Refrigerant**
**Broken Belt**
**Compressor Failure**
**Coil Issues**

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

**ਹੋਰ ਜਾਣਕਾਰੀ ਲਈ ਕਾਲ ਕਰੋ**

**ਸ. ਰਜਿੰਦਰ ਸਿੰਘ ਬਸਰਾ (209) 834-6188**

**Address: 231 Portico Ln, Tracy, CA 95377**



ਸੰਤ ਸੇਵਾ ਸਿਘ ਜੀ

ਸਿੱਖ ਪੰਥ ਦੀ ਮਹਾਨ ਸ਼ਖ਼ਸੀਅਤ ਸੱਚਖੰਡਵਾਸੀ, ਬ੍ਰਹਮਗਿਆਨੀ ਮਹਾਂਪੁਰਖ ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲੇ, ਜਿਨ੍ਹਾਂ ਨੇ ਸ਼ਬਦ ਗੁਰੂ ਦੇ ਨਾਲ ਆਪਣੀ ਸੁਰਤ ਨੂੰ ਜੋੜ ਕੇ ਜਿੱਥੇ ਆਪ ਪਰਮੇਸ਼ਰ ਜੀ ਵਿੱਚ ਅਭੇਦਤਾ ਪ੍ਰਾਪਤ ਕੀਤੀ; ਉਥੇ ਗੁਰਮਤਿ ਮਾਰਗ ਤੋਂ ਦੁਰੇਡੇ ਜਾ ਚੁੱਕਿਆਂ ਨੂੰ ਖੰਡੇ ਬਾਟੇ ਦੀ ਪਾਹੁਲ ਛਕਾ ਕੇ 'ਸ਼ਬਦ ਗੁਰੂ' ਦੇ ਲੜ ਲਾ ਉਹਨਾਂ ਦਾ ਮਾਰਗ ਦਰਸ਼ਨ ਕੀਤਾ। ਮਹਾਂਪੁਰਖਾਂ ਦੇ ਉੱਤਰਾਧਿਕਾਰੀ ਸੰਤ ਬਾਬਾ ਸੇਵਾ ਸਿੰਘ ਜੀ 'ਰਾਮਪੁਰ ਖੇੜੇ ਵਾਲਿਆਂ' ਨੇ 'ਸੇ ਕਿਨੇਹਿਆ ?' ਪੁਸਤਕ ਵਿੱਚ ਸੱਚਖੰਡਵਾਸੀ ਸੰਤ ਬਾਬਾ ਹਰਨਾਮ ਸਿੰਘ ਜੀ ਦੇ ਜੀਵਨ ਦਾ ਬਾਖ਼ੂਬੀ ਚਿਤਰਨ ਕੀਤਾ ਹੈ। ਇਹ ਪੁਸਤਕ ਸਿੱਖ ਜਗਤ ਵਿੱਚ ਬਹੁਤ ਹੀ ਮਕਬੂਲੀਅਤ ਹਾਸਲ ਕਰ ਚੁੱਕੀ ਹੈ ਅਤੇ ਲੱਖਾਂ ਦੀ ਗਿਣਤੀ ਵਿੱਚ ਛਾਪ ਕੇ ਸੰਗਤਾਂ ਤੱਕ ਪਹੁੰਚਾਈ ਗਈ ਹੈ। ਸੰਤ ਬਾਬਾ ਸੇਵਾ ਸਿੰਘ ਜੀ ਦੀ ਕਲਮ ਰਾਹੀਂ ਲਿਖੀਆਂ ਗਈਆਂ ਅਨੇਕਾਂ ਪੁਸਤਕਾਂ ਵਿੱਚੋਂ ਉਨ੍ਹਾਂ ਦੀ ਇਹ ਸ਼ਾਹਕਾਰ ਰਚਨਾ 'ਸੇ ਕਿਨੇਹਿਆ ?' ਆਪਣੇ ਪਾਠਕਾਂ ਦੀ ਮੰਗ 'ਤੇ ਅਸੀਂ ਆਪਣੇ ਅਖ਼ਬਾਰ ਰਾਹੀਂ ਲੜੀਵਾਰ ਛਾਪ ਰਹੇ ਹਾਂ। ਆਸ ਹੈ ਕਿ ਇਸ ਯਤਨ ਤੋਂ ਸਾਡੇ ਪਾਠਕ ਲਾਭ ਪ੍ਰਾਪਤ ਕਰਨਗੇ। - ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਦੁਲਭ ਦੇਹ ਸਵਾਰਿ ॥ ਜਾਹਿ ਨ ਦਰਗਹ ਹਾਰਿ ॥

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਇਸ ਦੁਰਲੱਭ ਮਨੁੱਖਾ ਜਨਮ ਨੂੰ ਆਪਾਂ ਕਿਵੇਂ ਸਫਲਾ ਕਰਨਾ ਹੈ ? ਗੁਰਦੇਵ ਪੰਜਵੇਂ ਸਤਿਗੁਰੂ ਜੀ ਨੇ ਹੁਕਮ ਕੀਤਾ ਹੈ :

ਨਿਤ ਨਿਤ ਦਯੁ ਸਮਾਲੀਐ ॥ ਮੂਲਿ ਨ ਮਨਹੁ ਵਿਸਾਰੀਐ ॥ ਰਹਾਉ ॥
ਸੰਤਾ ਸੰਗਤਿ ਪਾਈਐ ॥ ਜਿਤੁ ਜਮ ਕੈ ਪੰਥਿ ਨ ਜਾਈਐ ॥
ਤੋਸਾ ਹਰਿ ਕਾ ਨਾਮੁ ਲੈ ਤੇਰੇ ਕੁਲਹਿ ਨ ਲਾਗੈ ਗਾਲਿ ਜੀਉ ॥੧॥
ਜੋ ਸਿਮਰੰਦੇ ਸਾਂਈਐ ॥ ਨਰਕਿ ਨ ਸੇਈ ਪਾਈਐ ॥
ਤਤੀ ਵਾਉ ਨ ਲਗਈ ਜਿਨ ਮਨਿ ਵੁਠਾ ਆਇ ਜੀਉ ॥੨॥
ਸੇਈ ਸੁੰਦਰ ਸੋਹਣੇ ॥ ਸਾਧਸੰਗਿ ਜਿਨ ਬੈਹਣੇ ॥
ਹਰਿ ਧਨੁ ਜਿਨੀ ਸੰਜਿਆ੪ ਸੇਈ ਗੰਭੀਰ ਅਪਾਰ ਜੀਉ ॥੩॥
ਹਰਿ ਅਮਿਉ ਰਸਾਇਣੁ ਪੀਵੀਐ ॥ ਮੁਹਿ ਡਿਠੈ ਜਨ ਕੈ ਜੀਵੀਐ ॥
ਕਾਰਜ ਸਭਿ ਸਵਾਰਿ ਲੈ ਨਿਤ ਪੂਜਹੁ ਗੁਰ ਕੇ ਪਾਵ ਜੀਉ ॥੪॥
ਜੋ ਹਰਿ ਕੀਤਾ ਆਪਣਾ ॥ ਤਿਨਹਿ ਗੁਸਾਈ ਜਾਪਣਾ ॥
ਸੋ ਸੂਰਾ ਪਰਧਾਨੁ ਸੋ ਮਸਤਕਿ ਜਿਸ ਦੈ ਭਾਗੁ ਜੀਉ ॥੫॥
ਮਨ ਮੰਧੇ ਪ੍ਰਭੁ ਅਵਗਾਹੀਆ੫ ॥ ਏਹਿ ਰਸ ਭੋਗਣ ਪਾਤਿਸਾਹੀਆ ॥
ਮੰਦਾ ਮੂਲਿ ਨ ਉਪਜਿਓ ਤਰੇ ਸਚੀ ਕਾਰੈ ਲਾਗਿ ਜੀਉ ॥੬॥
ਕਰਤਾ ਮੰਨਿ ਵਸਾਇਆ ॥ ਜਨਮੈ ਕਾ ਫਲੁ ਪਾਇਆ ॥
ਮਨਿ ਭਾਵੰਦਾ ਕੰਤੁ ਹਰਿ ਤੇਰਾ ਥਿਰੁ ਹੋਆ ਸੋਹਾਗੁ ਜੀਉ ॥੭॥
ਅਟਲ ਪਦਾਰਥੁ ਪਾਇਆ ॥ ਭੈ ਭੰਜਨ ਕੀ ਸਰਣਾਇਆ ॥
ਲਾਇ ਅੰਚਲਿ੬ ਨਾਨਕ ਤਾਰਿਅਨੁ ਜਿਤਾ ਜਨਮੁ ਅਪਾਰ ਜੀਉ ॥੮॥

(ਮਾਝ ਮ: ੫ ਘਰ ੨ ਅਸਟਪਦੀ, ਅੰਗ ੧੩੨)

ਉਂਝ ਤਾਂ ਸਰੀਰ ਦੇ ਸਾਰੇ ਅੰਗਾਂ ਨੂੰ ਸਫਲ ਕਰਨ ਵਾਸਤੇ ਸਤਿਗੁਰੂ ਜੀ ਨੇ ਉਪਦੇਸ਼ ਦਿੱਤਾ ਹੈ। ਨਿਰਾ ਉਪਦੇਸ਼ ਹੀ ਨਹੀਂ, ਬਲਕਿ ਸਫ਼ਲ ਕਰਨ ਦਾ ਢੰਗ ਵੀ ਦੱਸਿਆ ਹੈ :

ਚਰਣ ਤ ਪਰ ਸਕਯਥ੧ ਚਰਣ ਗੁਰ੨ ਅਮਰ ਪਵਲਿ ਰਯ ॥
ਹਥ ਤ ਪਰ ਸਕਯਥ ਹਥ ਲਗਹਿ ਗੁਰ ਅਮਰ ਪਯ੩ ॥
ਜੀਹ੪ ਤ ਪਰ ਸਕਯਥ ਜੀਹ ਗੁਰ ਅਮਰੁ ਭਣਿਜੈ੫ ॥
ਨੈਣ ਤ ਪਰ ਸਕਯਥ ਨਯਣਿ ਗੁਰੁ ਅਮਰੁ ਪਿਖਿਜੈ੬ ॥
ਸ੍ਰਵਣ੭ ਤ ਪਰ ਸਕਯਥ ਸ੍ਰਵਣਿ ਗੁਰੁ ਅਮਰੁ ਸੁਣਿਜੈ ॥
ਸਕਯਥੁ ਸੁ ਹੀਉ੮ ਜਿਤੁ ਹੀਅ ਬਸੈ ਗੁਰ ਅਮਰਦਾਸੁ ਨਿਜ ਜਗਤ ਪਿਤ ॥
ਸਕਯਥੁ ਸੁ ਸਿਰੁ ਜਾਲਪੁ੯ ਭਣੈ ਜੁ ਸਿਰੁ ਨਿਵੈ ਗੁਰ ਅਮਰ ਨਿਤ ॥੧॥੧੦॥

(ਸਵਈਏ ਮ: ਤੀਜੇ ਕੇ, ਅੰਗ ੧੩੯੪)

ਤਥਾ

ਸਾ ਰਸਨਾ ਧਨੁ ਧੰਨੁ ਹੈ ਮੇਰੀ ਜਿੰਦੁੜੀਏ ਗੁਣ ਗਾਵੈ ਹਰਿ ਪ੍ਰਭ ਕੇਰੇ ਰਾਮ ॥
ਤੇ ਸ੍ਰਵਨ ਭਲੇ ਸੋਭਨੀਕ ਹਹਿ ਮੇਰੀ ਜਿੰਦੁੜੀਏ ਹਰਿ ਕੀਰਤਨੁ ਸੁਣਹਿ ਹਰਿ ਤੇਰੇ ਰਾਮ ॥
ਸੋ ਸੀਸੁ ਭਲਾ ਪਵਿਤ੍ਰ ਪਾਵਨੁ ਹੈ ਮੇਰੀ ਜਿੰਦੁੜੀਏ ਜੋ ਜਾਇ ਲਗੈ ਗੁਰ ਪੈਰੇ ਰਾਮ ॥
ਗੁਰ ਵਿਟਹੁ ਨਾਨਕੁ ਵਾਰਿਆ ਮੇਰੀ ਜਿੰਦੁੜੀਏ ਜਿਨਿ ਹਰਿ ਹਰਿ ਨਾਮੁ ਚਿਤੇਰੇ ਰਾਮ ॥੨॥
ਤੇ ਨੇਤ੍ਰ ਭਲੇ ਪਰਵਾਣੁ ਹਹਿ ਮੇਰੀ ਜਿੰਦੁੜੀਏ ਜੋ ਸਾਧੂ ਸਤਿਗੁਰੁ ਦੇਖਹਿ ਰਾਮ ॥
ਤੇ ਹਸਤ ਪੁਨੀਤ ਪਵਿਤ੍ਰ ਹਹਿ ਮੇਰੀ




ਜਿੰਦੁੜੀਏ ਜੋ ਹਰਿ ਜਸੁ ਹਰਿ ਹਰਿ ਲੇਖਹਿ ਰਾਮ ॥
ਤਿਸੁ ਜਨ ਕੇ ਪਗ ਨਿਤ ਪੂਜੀਅਹਿ ਮੇਰੀ ਜਿੰਦੁੜੀਏ ਜੋ ਮਾਰਗਿ ਧਰਮ ਚਲੇਸਹਿ ਰਾਮ ॥
ਨਾਨਕੁ ਤਿਨ ਵਿਟਹੁ ਵਾਰਿਆ ਮੇਰੀ ਜਿੰਦੁੜੀਏ ਹਰਿ ਸੁਣਿ ਹਰਿ ਨਾਮੁ ਮਨੇਸਹਿ ਰਾਮ ॥੩॥.........

(ਬਿਹਾਗੜਾ ਮ: ੪, ਅੰਗ ੫੪੦)

ਅਨੰਦ ਸਾਹਿਬ ਵਿੱਚ ਤੀਸਰੇ ਗੁਰਦੇਵ ਜੀ, ਸਾਨੂੰ ਆਪਣੇ ਸਰੀਰ ਦੇ ਇਕੱਲੇ-ਇਕੱਲੇ ਕਰਮ ਇੰਦਰੇ ਨੂੰ ਸਫ਼ਲ ਕਰਨ ਲਈ ਹੁਕਮ ਕਰਦੇ ਹਨ ਕਿ ਰਸਨਾ ਨਾਲ ਬੋਲ ਕੇ ਕੰਨਾਂ ਨੂੰ ਗੁਰ ਉਪਦੇਸ਼ ਸ੍ਰਵਣ ਕਰਾਉਣਾ ਹੈ ਕਿ ਹੇ ਰਸਨਾ ! ਤੇਰੀ ਹੋਰ ਰਸਾਂ ਨੂੰ ਭੁੰਚਣ ਵਾਸਤੇ ਜੋ ਪਿਆਸ ਹੈ, ਉਹ ਉਤਨਾ ਚਿਰ ਦੂਰ ਨਹੀਂ ਹੋਣੀ ਜਿੰਨਾਂ ਚਿਰ ਤੇਰੇ ਵਿੱਚ ਪਰਮੇਸ਼ਰ ਜੀ ਦਾ ਨਾਮ ਨਹੀਂ ਵਸਦਾ

ਏ ਰਸਨਾ ਤੂ ਅਨ ਰਸਿ ਰਾਚਿ ਰਹੀ ਤੇਰੀ ਪਿਆਸ ਨ ਜਾਇ ॥
ਪਿਆਸ ਨ ਜਾਇ ਹੋਰਤੁ ਕਿਤੈ ਜਿਚਰੁ ਹਰਿ ਰਸੁ ਪਲੈ ਨ ਪਾਇ ॥
ਹਰਿ ਰਸੁ ਪਾਇ ਪਲੈ ਪੀਐ ਹਰਿ ਰਸੁ ਬਹੁੜਿ ਨ ਤ੍ਰਿਸਨਾ ਲਾਗੈ ਆਇ ॥

(ਅਨੰਦੁ ਸਾਹਿਬ, ਅੰਗ ੯੨੧)

ਅੱਖਾਂ ਨੂੰ ਹਦਾਇਤ ਕਰਨੀ ਹੈ ਕਿ ਸਾਰਿਆਂ ਵਿੱਚ ਉਸ ਪਰਮੇਸ਼ਰ (ਬ੍ਰਹਮ) ਦੀ ਜੋਤ ਨੂੰ ਹੀ ਵੇਖਣਾ ਕਰੋ ਕਿਉਂਕਿ ਇਹ ਜੋ ਸ੍ਰਿਸ਼ਟੀ ਹੈ, ਸਭ ਹਰੀ ਪਰਮੇਸ਼ਰ ਜੀ ਦਾ ਹੀ ਰੂਪ ਹੈ। ਇਸ ਰਚਨਾ ਵਿੱਚੋਂ ਹਰੀ ਨੂੰ ਵੇਖਣ ਦਾ ਯਤਨ ਕਰੋ :

ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ
ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥
ਹਰਿ ਬਿਨੁ ਅਵਰੁ ਨ ਦੇਖਹੁ ਕੋਈ ਨਦਰੀ ਹਰਿ ਨਿਹਾਲਿਆ ॥
ਏਹੁ ਵਿਸੁ੧ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ
ਹਰਿ ਰੂਪੁ ਨਦਰੀ ਆਇਆ ॥

(ਅਨੰਦੁ ਸਾਹਿਬ, ਅੰਗ ੯੨੨)

ਕੰਨਾਂ ਨੂੰ ਸਾਵਧਾਨ ਕਰਨਾ ਹੈ ਕਿ ਹੇ ਸ੍ਰਵਣੋ ! ਪਰਮੇਸ਼ਰ ਜੀ ਨੇ ਤੁਹਾਨੂੰ ਇਸ ਸਰੀਰ ਨਾਲ ਇਸ ਵਾਸਤੇ ਲਾਉਣਾ ਕੀਤਾ ਹੈ ਕਿ ਤੁਸੀਂ ਸੱਚੇ ਪਰਮੇਸ਼ਰ ਦੀ ਸਿਫ਼ਤੋ-ਸਲਾਹ ਰੂਪੀ ਬਾਣੀ ਨੂੰ ਸੁਣ ਕੇ ਅੰਤਸ਼ਕਰਨ ਵਿੱਚ ਬਾਣੀ ਨੂੰ ਅਤੇ ਹਰੀ ਨਾਮ ਨੂੰ ਸਿੰਚਣਾ ਕਰੋ :

ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ੨ ॥
ਸਾਚੈ ਸੁਨਣੈ ਨੋ ਪਠਾਏ ਸਰੀਰਿ ਲਾਏ ਸੁਣਹੁ ਸਤਿ ਬਾਣੀ ॥
ਜਿਤੁ ਸੁਣੀ ਮਨੁ ਤਨੁ ਹਰਿਆ ਹੋਆ ਰਸਨਾ ਰਸਿ ਸਮਾਣੀ ॥

(ਅਨੰਦੁ ਸਾਹਿਬ, ਅੰਗ ੯੨੨)

ਸਾਰੇ ਹੀ ਸਰੀਰ ਤੋਂ ਹਿਸਾਬ ਲੈਣਾ ਹੈ ਕਿ ਪਰਮੇਸ਼ਰ ਜੀ ਨੇ ਤੇਰੇ ਵਿੱਚ ਆਪਣੀ ਪਵਿੱਤਰ ਜੋਤ ਰੱਖੀ ਹੈ, ਜਿਸ ਦੀ ਸੱਤਿਆ ਦੁਆਰਾ ਤੂੰ ਕਿਰਿਆ ਕਰ ਰਿਹਾ ਹੈਂ। ਪ੍ਰਭੂ ਜੀ ਨੇ ਤੈਨੂੰ ਸੰਸਾਰ ਵਿੱਚ ਸਾਰੇ ਲੋੜੀਂਦੇ ਅੰਗ, ਪ੍ਰਤੀ-ਅੰਗ ਲਗਾ ਕੇ, ਸ਼ਿੰਗਾਰ ਕੇ ਸਾਰੀਆਂ ਜੂਨਾਂ ਦਾ ਸਰਦਾਰ ਬਣਾ ਕੇ ਭੇਜਿਆ ਹੈ ਪਰ ਜਿਸ ਨੇ ਤੈਨੂੰ ਸਿਰਜਿਆ ਹੈ, ਤੂੰ ਉਸ ਨੂੰ ਕਦੇ ਚੇਤੇ ਹੀ ਨਹੀਂ ਕੀਤਾ। ਜੇ ਤੂੰ ਉਸ ਦਾਤਾਰ ਜੀ ਨਾਲ ਪ੍ਰੀਤੀ ਲਾਵੇਂਗਾ ਤਾਂ ਤੂੰ ਪ੍ਰਵਾਨ ਹੋ ਜਾਵੇਂਗਾ

ਏ ਸਰੀਰਾ ਮੇਰਿਆ ਇਸੁ ਜਗ ਮਹਿ ਆਇ ਕੈ ਕਿਆ ਤੁਧੁ ਕਰਮ ਕਮਾਇਆ ॥
ਕਿ ਕਰਮ ਕਮਾਇਆ ਤੁਧੁ ਸਰੀਰਾ ਜਾ ਤੂ ਜਗ ਮਹਿ ਆਇਆ ॥
ਜਿਨਿ ਹਰਿ ਤੇਰਾ ਰਚਨੁ ਰਚਿਆ ਸੋ ਹਰਿ ਮਨਿ ਨ ਵਸਾਇਆ ॥
ਗੁਰ ਪਰਸਾਦੀ ਹਰਿ ਮੰਨਿ ਵਸਿਆ ਪੂਰਬਿ ਲਿਖਿਆ ਪਾਇਆ ॥
ਕਹੈ ਨਾਨਕੁ ਏਹੁ ਸਰੀਰੁ ਪਰਵਾਣੁ ਹੋਆ ਜਿਨਿ ਸਤਿਗੁਰ ਸਿਉ ਚਿਤੁ ਲਾਇਆ ॥੩੫॥

(ਅਨੰਦੁ ਸਾਹਿਬ, ਅੰਗ ੯੨੨)

(ਚਲਦਾ)

## ਦਿੱਗਜ ਸੈਨੇਟਰ ਤੇ ਟਰੰਪ ਦੇ ਕਰੀਬੀ ਲਿੰਡਸੇ ਗ੍ਰਾਹਮ ਦਾ ਹੋਇਆ ਦਿਹਾਂਤ ! 71 ਸਾਲ ਦੀ ਉਮਰ 'ਚ ਲਿਆ ਆਖ਼ਰੀ ਸਾਹ

ਅਮਰੀਕਾ ਤੋਂ ਇਕ ਵੱਡੀ ਖ਼ਬਰ ਸਾਹਮਣੇ ਆਈ ਹੈ, ਜਿੱਥੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਬੇਹੱਦ ਨਜ਼ਦੀਕੀ ਸਿਆਸੀ ਸਹਿਯੋਗੀ ਅਤੇ ਰਿਪਬਲਿਕਨ ਪਾਰਟੀ ਦੇ ਦਿੱਗਜ ਸੀਨੇਟਰ ਲਿੰਡਸੇ ਗ੍ਰਾਹਮ ਦਾ ਦਿਹਾਂਤ ਹੋ ਗਿਆ ਹੈ। ਉਨ੍ਹਾਂ ਨੇ 71 ਸਾਲ ਦੀ ਉਮਰ 'ਚ ਆਖ਼ਰੀ ਸਾਹ ਲਿਆ। ਲਿੰਡਸੇ ਗ੍ਰਾਹਮ ਦੇ ਦਫ਼ਤਰ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਸ਼ਨੀਵਾਰ, 11 ਜੁਲਾਈ ਦੀ ਸ਼ਾਮ ਨੂੰ ਉਨ੍ਹਾਂ ਦੇ ਦਿਹਾਂਤ ਦੀ ਪੁਸ਼ਟੀ ਕੀਤੀ। ਗ੍ਰਾਹਮ ਦੱਖਣੀ ਕੈਰੋਲਾਈਨਾ ਸੂਬੇ ਤੋਂ ਪਿਛਲੇ ਦੋ ਦਹਾਕਿਆਂ (2003 ਤੋਂ) ਤੋਂ ਵੀ ਵੱਧ ਸਮੇਂ ਤੋਂ ਸੈਨੇਟਰ ਸਨ। ਉਨ੍ਹਾਂ ਨੂੰ ਅਮਰੀਕਾ ਦੀ ਵਿਦੇਸ਼ ਨੀਤੀ ਵਿੱਚ ਇੱਕ ਬੇਹੱਦ ਪ੍ਰਭਾਵਸ਼ਾਲੀ ਨੇਤਾ ਮੰਨਿਆ ਜਾਂਦਾ ਸੀ। ਰੂਸ-ਯੂਕ੍ਰੇਨ ਜੰਗ ਦੌਰਾਨ ਉਹ ਯੂਕ੍ਰੇਨ ਦੇ ਸਭ ਤੋਂ ਅਹਿਮ ਸਮਰਥਕਾਂ 'ਚੋਂ ਇੱਕ ਸਨ। ਹਾਲ ਹੀ ਵਿੱਚ ਉਹ ਯੂਕ੍ਰੇਨ ਦੇ ਦੌਰੇ ਤੋਂ ਪਰਤੇ ਸਨ। ਉਨ੍ਹਾਂ ਨੇ ਜੰਗ ਦੌਰਾਨ ਭਾਰਤ ਵੱਲੋਂ ਰੂਸ ਤੋਂ ਤੇਲ ਖਰੀਦਣ ਦੀ ਤਿੱਖੀ ਆਲੋਚਨਾ ਵੀ ਕੀਤੀ ਸੀ, ਹਾਲਾਂਕਿ ਇਸ ਸਾਲ ਦੇ ਸ਼ੁਰੂ ਵਿੱਚ ਉਨ੍ਹਾਂ ਮੰਨਿਆ ਸੀ ਕਿ ਨਵੀਂ ਦਿੱਲੀ ਨੇ ਹੁਣ ਰੂਸ ਤੋਂ ਤੇਲ ਦੀ ਖਰੀਦ ਵਿੱਚ ਕਾਫ਼ੀ ਕਟੌਤੀ ਕੀਤੀ ਹੈ। ਸਾਲ 2016 ਦੀਆਂ ਰਾਸ਼ਟਰਪਤੀ ਚੋਣਾਂ ਦੀ ਦੌੜ ਦੌਰਾਨ ਡੋਨਾਲਡ ਟਰੰਪ ਅਤੇ ਲਿੰਡਸੇ ਗ੍ਰਾਹਮ



ਵਿਚਾਲੇ ਕਾਫ਼ੀ ਸਿਆਸੀ ਵਿਰੋਧ ਸੀ। ਪਰ ਬਾਅਦ 'ਚ ਉਹ ਟਰੰਪ ਦੇ ਸਭ ਤੋਂ ਭਰੋਸੇਮੰਦ ਸਿਆਸੀ ਸਲਾਹਕਾਰਾਂ ਅਤੇ ਨਜ਼ਦੀਕੀ ਦੋਸਤਾਂ 'ਚ ਸ਼ਾਮਲ ਹੋ ਗਏ। ਡੋਨਾਲਡ ਟਰੰਪ ਨੇ ਗ੍ਰਾਹਮ ਦੇ ਦਿਹਾਂਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ, 'ਮੈਂ ਸੈਨੇਟਰ ਲਿੰਡਸੇ ਗ੍ਰਾਹਮ ਨੂੰ ਸਭ ਤੋਂ ਮਹਾਨ ਵਿਅਕਤੀਆਂ ਅਤੇ ਸੈਨੇਟਰਾਂ ਵਿੱਚੋਂ ਇੱਕ ਮੰਨਦਾ ਹਾਂ। ਉਹ ਹਮੇਸ਼ਾ ਦੇਸ਼ ਹਿੱਤ 'ਚ ਕੰਮ ਕਰਨ ਵਾਲੇ ਇੱਕ ਸੱਚੇ ਅਮਰੀਕੀ ਦੇਸ਼ਭਗਤ ਸਨ। ਉਨ੍ਹਾਂ ਦੀ ਬਹੁਤ ਕਮੀ ਮਹਿਸੂਸ ਹੋਵੇਗੀ।' ਗ੍ਰਾਹਮ ਦੇ ਦਿਹਾਂਤ ਮਗਰੋਂ ਦੁਨੀਆ ਭਰ 'ਚ ਉਨ੍ਹਾਂ ਦੇ ਕਰੀਬੀਆਂ ਵੱਲੋਂ ਦੁੱਖ ਦਾ ਪ੍ਰਗਟਾਵਾ ਕੀਤਾ ਜਾ ਰਿਹਾ ਹੈ। ਇਨ੍ਹਾਂ 'ਚ ਇਜ਼ਰਾਈਲੀ ਰਾਸ਼ਟਰਪਤੀ ਆਈਜ਼ੈਕ ਹਰਜ਼ੋਗ, ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਸਣੇ ਦੁਨੀਆ ਭਰ ਦੇ ਕਈ ਦਿੱਗਜ ਨੇਤਾ ਸ਼ਾਮਲ ਹਨ।

## ਪੁੱਤ ਦੀ ਖੋਜ ਨੇ ਜਿੱਤਿਆ ਸਭ ਦਾ ਦਿਲ ! ਅਪਾਹਜ ਪਿਤਾ ਲਈ ਬਣਾਈ ਪੌੜੀਆਂ ਚੜ੍ਹਨ ਵਾਲੀ ਵ੍ਹੀਲਚੇਅਰ

ਅਮਰੀਕੀ ਰੋਬੋਟਿਕਸ ਨਿਰਮਾਤਾ ਜੇਕ ਲੇਡਰ ਨੇ ਆਪਣੇ ਅਪਾਹਜ ਪਿਤਾ ਲਈ ਇੱਕ ਵਿਲੱਖਣ 'ਬਾਇਓਨਿਕ ਰੋਬੋਟਿਕ ਕੁਰਸੀ' ਬਣਾਈ ਹੈ, ਜੋ ਉਨ੍ਹਾਂ ਥਾਵਾਂ 'ਤੇ ਪਹੁੰਚ ਸਕਦੀ ਹੈ ਜਿੱਥੇ ਇੱਕ ਆਮ ਵ੍ਹੀਲਚੇਅਰ ਨਹੀਂ ਪਹੁੰਚ ਸਕਦੀ। ਇਹ ਵਿਸ਼ੇਸ਼ ਕੁਰਸੀ ਪੌੜੀਆਂ ਚੜ੍ਹਨ, ਪੱਥਰੀਲੇ ਰਸਤਿਆਂ 'ਤੇ ਚੱਲਣ ਅਤੇ ਖੁਰਦਰੇ ਇਲਾਕਿਆਂ ਨੂੰ ਪਾਰ ਕਰਨ ਦੇ ਸਮਰੱਥ ਹੈ। ਜੇਕ ਦੇ ਪਿਤਾ ਪਿਛਲੇ 20 ਸਾਲਾਂ ਤੋਂ ਮਲਟੀਪਲ ਸਕਲੇਰੋਸਿਸ (ਐਮਐਸ) ਤੋਂ ਪੀੜਤ ਹਨ ਅਤੇ ਵ੍ਹੀਲਚੇਅਰ-ਨਿਰਭਰ ਹਨ। ਆਪਣੇ ਪਿਤਾ ਦੀਆਂ ਮੁਸ਼ਕਲਾਂ ਨੂੰ ਪਛਾਣਦੇ ਹੋਏ, ਜੇਕ ਨੇ ਉਸਦੇ ਲਈ ਇਹ ਉੱਚ-ਤਕਨੀਕੀ ਗਤੀਸ਼ੀਲਤਾ ਪ੍ਰਣਾਲੀ ਵਿਕਸਤ ਕੀਤੀ। ਜੇ ਲੋੜ ਹੋਵੇ, ਪੌੜੀਆਂ ਚੜ੍ਹ ਸਕਦਾ ਹੈ ਅਤੇ ਉੱਚੀਆਂ ਰੁਕਾਵਟਾਂ 'ਤੇ ਚੜ੍ਹ ਸਕਦਾ ਹੈ। ਰੋਬੋਟ ਨੂੰ ਇੱਕ ਮਜ਼ਬੂਤ ਰੇਸਿੰਗ ਸੀਟ ਅਤੇ ਸੁਰੱਖਿਆ ਹਾਰਨੈੱਸ ਨਾਲ ਫਿੱਟ ਕੀਤਾ ਗਿਆ ਸੀ। ਇਸ ਤੋਂ ਇਲਾਵਾ ਜੇਕ ਨੇ ਰੋਬੋਟ ਦੇ ਸਾਫਟਵੇਅਰ



ਇਸ ਵਿਲੱਖਣ ਕੁਰਸੀ ਨੂੰ ਬਣਾਉਣ ਲਈ ਜੇਕ ਨੇ ਯੂਨਿਟਰੀ ਤੋਂ ਇੱਕ ਚਾਰ-ਪੈਰ ਵਾਲੇ ਉਦਯੋਗਿਕ ਰੋਬੋਟ ਦੀ ਵਰਤੋਂ ਕੀਤੀ। ਰੋਬੋਟ ਵਿੱਚ ਪਹੀਆਂ ਅਤੇ ਰੋਬੋਟਿਕ ਲੱਤਾਂ ਦਾ ਇੱਕ ਵਿਲੱਖਣ ਸੁਮੇਲ ਹੈ, ਜਿਸ ਨਾਲ ਇਹ ਆਮ ਸੜਕਾਂ 'ਤੇ ਪਹੀਆਂ 'ਤੇ ਘੁੰਮ ਸਕਦਾ ਹੈ ਅਤੇ, ਨੂੰ ਸੋਧਿਆ ਅਤੇ ਇਸਦੇ ਸੰਤੁਲਨ ਪ੍ਰਣਾਲੀ ਨੂੰ ਦੁਬਾਰਾ ਪ੍ਰੋਗਰਾਮ ਕੀਤਾ ਤਾਂ ਜੋ ਇਹ ਮਨੁੱਖੀ ਭਾਰ ਦੇ ਨਾਲ ਵੀ ਸੰਤੁਲਨ ਬਣਾਈ ਰੱਖ ਸਕੇ। ਇਹ ਬਾਇਓਨਿਕ ਕੁਰਸੀ ਇੱਕ ਵਾਇਰਲੈੱਸ ਡਿਊਲ-ਜਾਇਸਟਿਕ ਕੰਟਰੋਲਰ ਦੁਆਰਾ ਚਲਾਈ ਜਾਂਦੀ ਹੈ। ਉਪਭੋਗਤਾ ਇਸਨੂੰ ਅੱਗੇ, ਪਿੱਛੇ, ਖੱਬੇ ਅਤੇ ਸੱਜੇ ਹਿਲਾ ਸਕਦਾ ਹੈ, ਅਤੇ ਲੋੜ ਅਨੁਸਾਰ ਇਸਦੀ ਉਚਾਈ ਨੂੰ ਅਨੁਕੂਲ ਕਰ ਸਕਦਾ ਹੈ। ਆਪਣੇ ਪਿਤਾ ਨੂੰ ਇਸ 'ਤੇ ਬਿਠਾਉਣ ਤੋਂ ਪਹਿਲਾਂ, ਜੇਕ ਨੇ ਵੱਖ-ਵੱਖ ਚੁਣੌਤੀਪੂਰਨ ਸਥਿਤੀਆਂ ਵਿੱਚ ਕੁਰਸੀ ਦੀ ਜਾਂਚ ਕੀਤੀ। ਰੋਬੋਟ ਨੇ ਖੜ੍ਹੀਆਂ ਪੌੜੀਆਂ ਚੜ੍ਹੀਆਂ, ਪੱਥਰੀਲੇ ਰਸਤੇ ਪਾਰ ਕੀਤੇ, ਨਦੀ ਦੇ ਕਿਨਾਰੇ ਅਸਮਾਨ ਜ਼ਮੀਨ 'ਤੇ ਤੁਰਿਆ ਅਤੇ ਹਰ ਚੁਣੌਤੀ ਨੂੰ ਸਫਲਤਾਪੂਰਵਕ ਪਾਰ ਕੀਤਾ। ਜਦੋਂ ਜੇਕ ਦੇ ਪਿਤਾ ਪਹਿਲੀ ਵਾਰ ਇਸ ਰੋਬੋਟਿਕ ਕੁਰਸੀ 'ਤੇ ਬੈਠੇ, ਤਾਂ ਉਹ ਉਨ੍ਹਾਂ ਥਾਵਾਂ 'ਤੇ ਪਹੁੰਚਣ ਦੇ ਯੋਗ ਸੀ ਜਿੱਥੇ ਉਹ ਪਿਛਲੇ ਦੋ ਦਹਾਕਿਆਂ ਤੋਂ ਨਹੀਂ ਪਹੁੰਚ ਸਕਿਆ ਸੀ। ਇਹ ਪਲ ਪੂਰੇ ਪਰਿਵਾਰ ਲਈ ਬਹੁਤ ਭਾਵੁਕ ਸੀ। ਵਰਤਮਾਨ ਵਿੱਚ, ਇਹ ਬਾਇਓਨਿਕ ਰੋਬੋਟਿਕ ਕੁਰਸੀ ਸਿਰਫ਼ ਇੱਕ ਪ੍ਰੋਟੋਟਾਈਪ ਹੈ ਅਤੇ ਬਾਜ਼ਾਰ ਵਿੱਚ ਵਿਕਰੀ ਲਈ ਉਪਲਬਧ ਨਹੀਂ ਹੈ। ਹਾਲਾਂਕਿ, ਇਸ ਕਾਢ ਨੂੰ ਭਵਿੱਖ ਵਿੱਚ ਅਪਾਹਜ ਲੋਕਾਂ ਲਈ ਸਮਾਰਟ ਮੋਬਿਲਿਟੀ ਤਕਨਾਲੋਜੀ ਦੀ ਇੱਕ ਨਵੀਂ ਪੀੜ੍ਹੀ ਵੱਲ ਇੱਕ ਵੱਡਾ ਕਦਮ ਮੰਨਿਆ ਜਾਂਦਾ ਹੈ।

# ਹਰਿਮੰਦਰ ਸਾਹਿਬ: ਰੋਜ਼ਾਨਾ ਇੱਕ ਲੱਖ ਸ਼ਰਧਾਲੂਆਂ ਲਈ ਤਿਆਰ ਹੁੰਦਾ ਹੈ ਲੰਗਰ

## ਗੁਰੂ ਰਾਮਦਾਸ ਲੰਗਰ ਘਰ ਵਿਚ 24 ਘੰਟੇ ਹੁੰਦੀ ਹੈ ਲੰਗਰ ਵਰਤਾਉਣ ਦੀ ਸੇਵਾ; ਵਿਸ਼ਵ ਭਰ ਦੀਆਂ ਵੱਡੀਆਂ ਮੁਫਤ ਰਸੋਈਆਂ ਵਿਚ ਸ਼ੁਮਾਰ











ਅੰਮ੍ਰਿਤਸਰ : ਸ੍ਰੀ ਹਰਿਮੰਦਰ ਸਾਹਿਬ ਵਿਖੇ ਸ੍ਰੀ ਗੁਰੂ ਰਾਮਦਾਸ ਲੰਗਰ ਘਰ ਸਿੱਖਾਂ ਦੀ ਇੱਕ ਨਿਵੇਕਲੀ ਪਛਾਣ ਦਾ ਹਿੱਸਾ ਹੈ। ਇਹ ਵਿਸ਼ਵ ਦੀ ਸਭ ਤੋਂ ਵੱਡੀ ਅਜਿਹੀ ਰਸੋਈ ਹੈ ਜਿੱਥੇ 24 ਘੰਟੇ ਸ਼ਰਧਾਲੂਆਂ ਤੇ ਲੋੜਵੰਦਾਂ ਨੂੰ ਮੁਫਤ ਲੰਗਰ ਮਿਲਦਾ ਹੈ। ਇੱਥੇ ਰੋਜ਼ਾਨਾ 70 ਹਜ਼ਾਰ ਤੋਂ ਇਕ ਲੱਖ ਸ਼ਰਧਾਲੂਆਂ ਲਈ ਲੰਗਰ ਤਿਆਰ ਕੀਤਾ ਜਾਂਦਾ ਹੈ ਪਰ ਸਮੇਂ ਸਮੇਂ ਤੇ ਲੋੜ ਅਨੁਸਾਰ ਇਹ ਗਿਣਤੀ ਘਟਦੀ ਵਧਦੀ ਰਹਿੰਦੀ ਹੈ।

ਇਹ ਲੰਗਰ ਘਰ ਵਿਸ਼ਵਾਸ, ਸੇਵਾ ਅਤੇ ਸਮਾਨਤਾ ਦਾ ਵਿਲੱਖਣ ਸੁਮੇਲ ਪੇਸ਼ ਕਰਦਾ ਹੈ। ਭਾਰਤ ਦੇ ਵੱਖ-ਵੱਖ ਹਿੱਸਿਆਂ ਤੋਂ ਅਤੇ ਵਿਦੇਸ਼ਾਂ ਤੋਂ ਹਜ਼ਾਰਾਂ ਸ਼ਰਧਾਲੂ ਅਤੇ ਸੈਲਾਨੀ ਰੋਜ਼ਾਨਾ ਬਿਨਾਂ ਕਿਸੇ ਜਾਤ ਪਾਤ, ਨਸਲ, ਰੰਗ, ਧਰਮ ਜਾਂ ਸਮਾਜਿਕ ਵਿਤਕਰੇ ਤੋਂ ਬਿਨਾਂ ਇਥੇ ਮੁਫ਼ਤ ਲੰਗਰ ਛਕਦੇ ਹਨ। ਲੰਗਰ ਨੂੰ ਤਿਆਰ ਕਰਨ ਅਤੇ ਪਰੋਸਣ ਵਾਸਤੇ ਵੀ ਸ਼ਰਧਾਲੂ ਇਸੇ ਤਰ੍ਹਾਂ ਯੋਗਦਾਨ ਪਾਉਂਦੇ ਹਨ।

ਇਹ ਵਿਸ਼ਾਲ ਕਮਿਊਨਿਟੀ ਰਸੋਈ ਚੌਵੀ ਘੰਟੇ ਕੰਮ ਕਰਦੀ ਹੈ ਅਤੇ ਇਸ ਨੂੰ ਦੁਨੀਆ ਦੀਆਂ ਸਭ ਤੋਂ ਵੱਡੀਆਂ ਮੁਫ਼ਤ ਰਸੋਈਆਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਪਿਆਜ਼ ਤੇ ਸਬਜੀਆਂ ਛਿੱਲਣ ਅਤੇ ਆਟਾ ਗੁੰਨਣ ਤੋਂ ਲੈ ਕੇ ਚਪਾਤੀਆਂ ਵੇਲਣ ਤੇ ਬਣਾਉਣ, ਭਾਂਡੇ ਧੋਣ ਅਤੇ ਭੋਜਨ ਪਰੋਸਣ ਤੱਕ, ਵਾਲੰਟੀਅਰ ਹਰ ਕੰਮ ਸ਼ਰਧਾ ਅਤੇ ਨਿਮਰਤਾ ਨਾਲ ਕਰਦੇ ਹਨ।

ਵੱਡੀਆਂ ਕੜਾਹੀਆਂ ਵਿੱਚ ਦਾਲਾਂ ਅਤੇ ਸਬਜ਼ੀਆਂ ਨੂੰ ਤਿਆਰ ਕੀਤਾ ਜਾਂਦਾ ਹੈ, ਜਦੋਂ ਕਿ ਆਧੁਨਿਕ ਮਸ਼ੀਨਾਂ ਹਰ ਘੰਟੇ ਹਜ਼ਾਰਾਂ ਰੋਟੀਆਂ ਤਿਆਰ ਕਰਦੀਆਂ ਹਨ ਤਾਂ ਕਿ ਗੁਰੂ ਘਰ ਵਿੱਚ ਵੱਡੀ ਗਿਣਤੀ ਸ਼ਰਧਾਲੂਆਂ ਅਤੇ ਸੈਲਾਨੀਆਂ ਦੀਆਂ ਭੋਜਨ ਸਬੰਧੀ ਜ਼ਰੂਰਤਾਂ ਨੂੰ ਪੂਰਾ ਕੀਤਾ ਜਾ ਸਕੇ।

ਇਸ ਲੰਗਰ ਘਰ ਦੀ ਰਸੋਈ ਵਿੱਚ ਜਿੱਥੇ ਲੰਗਰ ਤਿਆਰ ਕਰਨਾ ਇੱਕ ਵੱਡਾ ਸਮੂਹਿਕ ਕਾਰਜ ਹੈ, ਉਥੇ ਇਸ ਨੂੰ ਵਰਤਾਉਣਾ, ਇਸ ਦੀ ਸਾਫ ਸਫਾਈ ਨੂੰ ਕਾਇਮ ਰੱਖਣਾ ਅਤੇ ਭਾਂਡਿਆਂ ਨੂੰ ਮਾਂਜਣਾ ਤੇ ਸਾਫ ਕਰਨਾ ਵੀ ਇੱਕ ਵੱਡਾ ਸਮੂਹਿਕ ਕਾਰਜ ਹੈ। ਹਰ ਇੱਕ ਕਾਰਜ ਸੇਵਾ ਦੇ ਰੂਪ ਵਿੱਚ ਕੀਤਾ ਜਾਂਦਾ ਹੈ। ਸ਼ਰਧਾਲੂ ਗੁਰੂ ਘਰ ਨੂੰ ਸਮਰਪਿਤ ਹੋ ਕੇ ਇਹ ਨਿਸ਼ਕਾਮ ਸੇਵਾ ਵਿੱਚ ਹਿੱਸਾ ਪਾਉਂਦੇ ਹਨ। ਤਿਆਰ ਹੋ ਰਹੇ ਲੰਗਰ ਦੀ ਮਿੱਠੀ ਖ਼ੁਸ਼ਬੂ, ਭਾਂਡਿਆਂ ਦੀਆਂ ਆਵਾਜ਼ਾਂ, ਗੁਰੂ ਘਰ ਵਿੱਚ ਚੱਲ ਰਿਹਾ ਗੁਰਬਾਣੀ ਦਾ ਕੀਰਤਨ ਅਤੇ ਲੰਗਰ ਘਰ ਵਿੱਚ ਹੁੰਦਾ ਸਤਿਨਾਮ ਵਾਹਿਗੁਰੂ ਦਾ ਜਾਪ ਅਲੌਕਿਕ ਪ੍ਰਭਾਵ ਦਿੰਦਾ ਹੈ।

ਲੰਗਰ ਘਰ ਵਿੱਚ ਸ਼ਰਧਾਲੂਆਂ ਦਾ ਨਿਰੰਤਰ ਪ੍ਰਵਾਹ ਆਪਸੀ ਬਰਾਬਰੀ ਅਤੇ ਆਪਸੀ ਭਾਈਚਾਰੇ ਦੇ ਪ੍ਰਤੀਕ ਦਾ ਗਵਾਹ ਹੈ, ਜਿਥੇ ਸਾਰੇ ਕਤਾਰਾਂ ਵਿੱਚ ਫਰਸ਼ 'ਤੇ ਇਕੱਠੇ ਬੈਠਦੇ ਹਨ ਅਤੇ ਲੰਗਰ ਛਕਦੇ ਹਨ। ਗੁਰੂ ਨਾਨਕ ਦੇਵ ਵਲੋਂ ਸ਼ੁਰੂ ਕੀਤੀ ਗਈ ਅਤੇ ਬਾਅਦ ਵਿੱਚ ਸਿੱਖ ਗੁਰੂਆਂ ਦੀ ਇਹ ਪਰੰਪਰਾ, ਨਿਰਸਵਾਰਥ ਸੇਵਾ ਦੀ ਇੱਕ ਸ਼ਕਤੀਸ਼ਾਲੀ ਉਦਾਹਰਣ ਬਣ ਗਈ ਹੈ, ਜਿਸ ਨੂੰ ਸੇਵਾ ਕਿਹਾ ਜਾਂਦਾ ਹੈ। ਬਹੁਤ ਸਾਰੇ ਸੈਲਾਨੀਆਂ ਲਈ ਸ੍ਰੀ ਹਰਿਮੰਦਰ ਸਾਹਿਬ ਦੇ ਸ੍ਰੀ ਗੁਰੂ ਰਾਮਦਾਸ ਲੰਗਰ ਘਰ ਦੀ ਰਸੋਈ ਦੇ ਅੰਦਰਲੇ ਕਾਰਜਾਂ ਨੂੰ ਦੇਖਣਾ ਪਵਿੱਤਰ ਅਸਥਾਨ 'ਤੇ ਪ੍ਰਾਰਥਨਾ ਕਰਨ ਜਿੰਨਾ ਯਾਦਗਾਰੀ ਹੁੰਦਾ ਹੈ। ਲੰਗਰ ਨਾ ਸਿਰਫ਼ ਲੋਕਾਂ ਨੂੰ ਭੋਜਨ ਦਿੰਦਾ ਹੈ ਬਲਕਿ ਦਇਆ, ਸਾਂਝ ਅਤੇ ਮਨੁੱਖੀ ਏਕਤਾ ਦੇ ਮੁੱਲਾਂ ਨੂੰ ਵੀ ਉਤਸ਼ਾਹਿਤ ਕਰਦਾ ਹੈ, ਇਹ ਇਸ ਨੂੰ ਦੁਨੀਆ ਦੀਆਂ ਸਭ ਤੋਂ ਸ਼ਾਨਦਾਰ ਅਧਿਆਤਮਿਕ ਅਤੇ ਮਾਨਵਤਾਵਾਦੀ ਪਰੰਪਰਾਵਾਂ ਵਿੱਚੋਂ ਇੱਕ ਬਣਾਉਂਦਾ ਹੈ।

# ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਮੁੜ ਤੁਰੰਤ ਖੋਲ੍ਹਣ ਦੀ ਮੰਗ

## ਐਡਵੋਕੇਟ ਧਾਮੀ ਨੇ PM Modi ਨੂੰ ਲਿਖਿਆ ਪੱਤਰ

ਅੰਮ੍ਰਿਤਸਰ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਦੇ ਪ੍ਰਧਾਨ ਐਡਵਕੇਟ ਹਰਜਿੰਦਰ ਸਿੰਘ ਧਾਮੀ ਨੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ, ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਮੁੜ ਤੁਰੰਤ ਖੋਲ੍ਹੇ ਜਾਣ ਦੀ ਮੰਗ ਕੀਤੀ ਹੈ।



ਐਡਵੋਕੇਟ ਧਾਮੀ ਵੱਲੋਂ ਲਿਖੇ ਗਏ ਪੱਤਰ ਵਿਚ ਕਿਹਾ ਗਿਆ ਕਿ ਸ੍ਰੀ ਕਰਤਾਰਪੁਰ ਸਾਹਿਬ ਉਹ ਪਾਵਨ ਧਰਤੀ ਹੈ, ਜਿਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਨੁੱਖਤਾ ਨੂੰ ਕਿਰਤ ਕਰਨ, ਨਾਮ ਜਪਣ ਤੇ ਵੰਡ ਛਕਣ ਦੇ ਉਪਦੇਸ਼ ਦੇ ਨਾਲ-ਨਾਲ ਭਾਈਚਾਰਕ ਸਾਂਝ ਅਤੇ ਸਰਬੱਤ ਦੇ ਭਲੇ ਦਾ ਸੰਦੇਸ਼ ਦਿੱਤਾ। ਉਨ੍ਹਾਂ ਕਿਹਾ ਕਿ ਇਸ ਪਾਵਨ ਅਸਥਾਨ ਨਾਲ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਜੁੜੀਆਂ ਹੋਈਆਂ ਹਨ ਅਤੇ ਸੰਗਤਾਂ ਇਸ ਦੇ ਦਰਸ਼ਨਾਂ ਦੀ ਤਾਂਘ ਹਮੇਸ਼ਾ ਰੱਖਦੀਆਂ ਹਨ।

ਪੱਤਰ ਵਿਚ ਕਿਹਾ ਗਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਨਵੰਬਰ 2019 ਵਿੱਚ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਲਾਂਘਾ ਖੁੱਲ੍ਹਣ ਨਾਲ ਦੁਨੀਆਂ ਭਰ ਦੇ ਸਿੱਖਾਂ ਦੀਆਂ ਰੋਜ਼ਾਨਾ ਕੀਤੀਆਂ ਅਰਦਾਸਾਂ ਪੂਰੀਆਂ ਹੋਈਆਂ ਸਨ ਅਤੇ ਲੱਖਾਂ ਸ਼ਰਧਾਲੂਆਂ ਨੇ ਇਸ ਪਵਿੱਤਰ ਅਸਥਾਨ ਦੇ ਦਰਸ਼ਨ ਕਰਕੇ ਗੁਰੂ ਸਾਹਿਬ ਪ੍ਰਤੀ ਸ਼ਰਧਾ ਪ੍ਰਗਟਾਈ ਸੀ। ਕੁਝ ਸਮਾਂ ਪਹਿਲਾਂ ਦੋਵਾਂ ਦੇਸ਼ਾਂ ਅੰਦਰ ਬਣੇ ਸੁਰੱਖਿਆ ਹਾਲਾਤਾਂ ਕਾਰਨ ਲਾਂਘੇ ਦੀ ਆਵਾਜਾਈ ਰੋਕੇ ਜਾਣ ਨਾਲ ਵਿਸ਼ਵ ਭਰ ਦੇ ਸਿੱਖ ਭਾਈਚਾਰੇ ਵਿੱਚ ਡੂੰਘੀ ਨਿਰਾਸ਼ਾ ਅਤੇ ਪੀੜਾ ਹੈ। ਪੱਤਰ ਵਿੱਚ ਇਹ ਵੀ ਯਾਦ ਕਰਵਾਇਆ ਗਿਆ ਕਿ ਲਾਂਘੇ ਨੂੰ ਮੁੜ ਖੋਲ੍ਹਣ ਦੀ ਮੰਗ ਕੋਈ ਨਵੀਂ ਨਹੀਂ ਹੈ। ਸ਼ ?ਰੋਮਣੀ ਕਮੇਟੀ ਨੇ ਕਈ ਵਾਰ ਮਤੇ ਕਰਕੇ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਸਰਕਾਰ ਤੱਕ ਪਹੁੰਚਾਈਆਂ ਹਨ। ਇਸ ਸਬੰਧੀ ਪੰਜਾਬ ਦੇ ਰਾਜਪਾਲ ਅਤੇ ਕੇਂਦਰੀ ਗ੍ਰਹਿ ਮੰਤਰੀ ਨੂੰ ਵੀ ਯਾਦ ਪੱਤਰ ਭੇਜ ਕੇ ਇਸ ਮਾਮਲੇ 'ਚ ਜਲਦ ਕਾਰਵਾਈ ਦੀ ਮੰਗ ਕੀਤੀ ਗਈ ਸੀ।

ਪ੍ਰਧਾਨ ਮੰਤਰੀ ਨੂੰ ਭੇਜੇ ਪੱਤਰ ਵਿਚ ਕਿਹਾ ਹੈ ਕਿ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਦਾ ਮੁੜ ਖੁੱਲ੍ਹਣਾ ਕੇਵਲ ਧਾਰਮਿਕ ਯਾਤਰਾ ਦੀ ਸਹੂਲਤ ਨਹੀਂ, ਸਗੋਂ ਲੱਖਾਂ ਸ਼ਰਧਾਲੂਆਂ ਦੀਆਂ ਧਾਰਮਿਕ ਭਾਵਨਾਵਾਂ ਦਾ ਸਨਮਾਨ ਹੈ। ਉਨ੍ਹਾਂ ਪੱਤਰ ਰਾਹੀਂ ਪ੍ਰਧਾਨ ਮੰਤਰੀ ਨੂੰ ਅਪੀਲ ਕੀਤੀ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਇਸ ਪਾਵਨ ਅਸਥਾਨ ਦੀ ਵਿਸ਼ੇਸ਼ ਧਾਰਮਿਕ ਮਹੱਤਤਾ ਅਤੇ ਦੁਨੀਆਂ ਭਰ ਦੇ ਕਰੋੜਾਂ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਇਸ ਮਾਮਲੇ ਨੂੰ ਪਹਿਲ ਦੇ ਆਧਾਰ 'ਤੇ ਵਿਚਾਰਿਆ ਜਾਵੇ ਅਤੇ ਸਬੰਧਤ ਮੰਤਰਾਲਿਆਂ ਨੂੰ ਸ੍ਰੀ ਕਰਤਾਰਪੁਰ ਸਾਹਿਬ ਦੇ ਲਾਂਘੇ ਨੂੰ ਤੁਰੰਤ ਮੁੜ ਖੋਲ੍ਹਣ ਲਈ ਲੋੜੀਂਦੇ ਕੂਟਨੀਤਕ ਅਤੇ ਪ੍ਰਸ਼ਾਸਕੀ ਕਦਮ ਚੁੱਕਣ ਦੇ ਨਿਰਦੇਸ਼ ਜਾਰੀ ਕੀਤੇ ਜਾਣ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵਿਸ਼ਵਾਸ ਪ੍ਰਗਟਾਇਆ ਕਿ ਸਿੱਖ ਭਾਈਚਾਰੇ ਦੀ ਇਸ ਭਾਵਨਾਤਮਕ ਅਪੀਲ 'ਤੇ ਕੇਂਦਰ ਸਰਕਾਰ ਹਮਦਰਦੀ ਅਤੇ ਸੰਵੇਦਨਸ਼ੀਲਤਾ ਨਾਲ ਵਿਚਾਰ ਕਰੇਗੀ, ਤਾਂ ਜੋ ਦੁਨੀਆਂ ਭਰ ਦੇ ਸ਼ਰਧਾਲੂ ਇਕ ਵਾਰ ਫਿਰ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਨਤਮਸਤਕ ਹੋ ਸਕਣ।

# ਜਥੇਦਾਰ ਗੜਗੱਜ ਵੱਲੋਂ ਵਿਦੇਸ਼ ਵੱਸਦੀ ਸੰਗਤ ਨੂੰ ਪਾਵਨ ਸਰੂਪ ਵਿਦੇਸ਼ਾਂ ਵਿੱਚ ਭੇਜਣ ਲਈ ਪ੍ਰਣਾਲੀ ਹੋਰ ਸੁਖਾਲੀ ਕਰਨ ਦਾ ਭਰੋਸਾ

## ਜਥੇਦਾਰ ਨੇ ਸੰਗਤ ਨੂੰ ਗੁਰਦੁਆਰਾ ਸਾਹਿਬ ਜ਼ਰੂਰ ਆਉਣ ਅਤੇ ਆਪਣੇ ਬੱਚਿਆਂ ਨੂੰ ਗੁਰੂ ਘਰ ਨਾਲ ਜੋੜਨ ਲਈ ਆਖਿਆ

ਅੰਮ੍ਰਿਤਸਰ : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸੰਗਤ ਨੂੰ ਕੌਮੀ ਹਿੱਤਾਂ ਲਈ ਕਾਰਜ ਕਰਨ, ਪੰਥ ਤੇ ਪੰਜਾਬ ਨਾਲ ਜੁੜੇ ਰਹਿਣ, ਨਵੀਂ ਪੀੜ੍ਹੀ ਨੂੰ ਸਿੱਖੀ ਤੇ ਮਾਂ-ਬੋਲੀ ਗੁਰਮੁਖੀ ਪੰਜਾਬੀ ਨਾਲ ਜੋੜਨ ਅਤੇ ਕੇਂਦਰੀ ਸਿੱਖ ਸੰਸਥਾਵਾਂ ਨੂੰ ਮਜ਼ਬੂਤ ਕਰਨ ਦੀ ਪ੍ਰੇਰਨਾ ਕੀਤੀ ਹੈ। ਉਹ ਹਾਂਗਕਾਂਗ ਦੌਰੇ 'ਤੇ ਹਨ, ਜਿੱਥੇ ਗੁਰਦੁਆਰਾ ਖ਼ਾਲਸਾ ਦੀਵਾਨ ਹਾਂਗਕਾਂਗ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਿਰਜਣਾ ਦਿਹਾੜੇ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਇਆ ਗਿਆ ਹੈ।

ਇਸ ਸਮਾਗਮ ਵਿੱਚ ਗੁਰਦੁਆਰਾ ਖ਼ਾਲਸਾ ਦੀਵਾਨ ਹਾਂਗਕਾਂਗ ਦੇ ਗ੍ਰੰਥੀ ਸਿੰਘ ਰਹੇ ਗਿਆਨੀ ਨੰਦ ਸਿੰਘ, ਜੋ ਕਿ ਵਿਸ਼ਵ ਯੁੱਧ ਸਮੇਂ ਗੁਰੂ ਘਰ ਵਿੱਚ ਸੇਵਾ ਕਰਦਿਆਂ ਸ਼ਹੀਦ ਹੋਏ ਸਨ, ਉਨ੍ਹਾਂ ਨੂੰ ਵੀ ਯਾਦ ਕੀਤਾ ਗਿਆ। ਸਮਾਗਮ ਮੌਕੇ ਜਥੇਦਾਰ ਗੜਗੱਜ ਨੇ ਦੇਸ਼-ਵਿਦੇਸ਼ ਵਿੱਚ ਵੱਸਦੀ ਸਿੱਖ ਕੌਮ ਦੀ ਚੜ੍ਹਦੀ ਕਲਾ ਅਤੇ ਇਕਜੁੱਟਤਾ ਲਈ ਅਰਦਾਸ ਕੀਤੀ।

ਸੰਗਤ ਨੂੰ ਸੰਬੋਧਨ ਕਰਦਿਆਂ ਜਥੇਦਾਰ ਨੇ ਕਿਹਾ ਕਿ ਭਾਰਤ ਦੀ ਆਜ਼ਾਦੀ ਵਿੱਚ ਖ਼ਾਲਸਾ ਦੀਵਾਨ ਹਾਂਗਕਾਂਗ ਦਾ ਮੁੱਢਲਾ ਯੋਗਦਾਨ ਹੈ। ਸਿੱਖਾਂ ਨੇ ਸੰਨ 1901 ਵਿੱਚ ਇੱਥੇ ਸ੍ਰੀ ਗੁਰੂ ਸਿੰਘ ਸਭਾ ਸਥਾਪਤ ਕੀਤੀ। ਇਸ ਧਰਤੀ ਉੱਤੇ ਗੁਰੂ ਨਾਨਕ ਜਹਾਜ਼ (ਕਾਮਾਗਾਟਾਮਾਰੂ) ਵਾਲੇ ਬਾਬਾ ਗੁਰਦਿੱਤ ਸਿੰਘ ਅਤੇ ਸ਼ਹੀਦ ਭਾਈ ਕਰਤਾਰ ਸਿੰਘ ਸਰਾਭਾ ਜਿਹੇ ਗ਼ਦਰੀ ਬਾਬੇ ਕਾਰਜਸ਼ੀਲ ਰਹੇ ਅਤੇ ਸੰਨ




1903 ਵਿੱਚ 33ਵੀਂ ਬਰਮਾ ਇਨਫੈਂਟਰੀ ਦੇ ਸਿੱਖ ਫ਼ੌਜੀ ਵੀ ਇੱਥੇ ਆਏ, ਜਿਨ੍ਹਾਂ ਨੇ ਗੁਰੂ ਘਰ ਵਾਲੀ ਥਾਂ ਉੱਤੇ ਮਿੱਠੇ ਜਲ ਦਾ ਖੂਹ ਤਿਆਰ ਕੀਤਾ ਜੋ ਅੱਜ ਵੀ ਚਾਲੂ ਤੇ ਮੌਜੂਦ ਹੈ। ਉਨ੍ਹਾਂ ਹਾਂਗਕਾਂਗ ਦੀ ਸੰਗਤ ਨੂੰ ਆਪਣੀ ਸਿੱਖ ਵਿਰਾਸਤ ਤੇ ਇਤਿਹਾਸ ਸੰਭਾਲ ਕੇ ਰੱਖਣ ਲਈ ਕਿਹਾ।

ਹਾਂਗਕਾਂਗ ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ ਹੈ ਕਿ ਪੰਜਾਬ ਸਰਕਾਰ ਦੇ ਨਵੇਂ ਕਾਨੂੰਨ ਦੇ ਡਰ ਤੋਂ ਉਨ੍ਹਾਂ ਨੂੰ ਗੁਰਬਾਣੀ ਦੇ ਬਿਰਧ ਗੁਟਕਾ ਸਾਹਿਬ ਅਤੇ ਪੋਥੀਆਂ ਨੂੰ ਸਸਕਾਰ ਲਈ ਗੁਰਦੁਆਰਾ ਸ੍ਰੀ ਬਾਉਲੀ ਸਾਹਿਬ, ਗੋਇੰਦਵਾਲ ਸਾਹਿਬ ਭੇਜਣ ਵਿੱਚ ਪਰੇਸ਼ਾਨੀ ਆ ਰਹੀ ਹੈ। ਪਹਿਲਾਂ ਉਹ ਰਾਗੀ ਸਿੰਘਾਂ ਦੇ ਜਥਿਆਂ ਰਾਹੀਂ ਸਸਕਾਰ ਲਈ ਬਿਰਧ ਗੁਟਕਾ ਸਾਹਿਬ ਤੇ ਪੋਥੀਆਂ ਭਾਰਤ ਭੇਜਦੇ ਸਨ, ਪਰੰਤੂ ਹੁਣ ਸਰਕਾਰ ਦੇ ਕਾਨੂੰਨ ਦੇ ਕਾਰਨ ਰਾਗੀ ਜਥੇ ਡਰ ਰਹੇ ਹਨ। ਜਥੇਦਾਰ ਨੇ ਹਾਂਗਕਾਂਗ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਬਿਨਾਂ ਕਿਸੇ ਡਰ-ਭੈਅ ਦੇ ਗੁਰਬਾਣੀ ਦੇ ਬਿਰਧ ਗੁਟਕਾ ਸਾਹਿਬ ਤੇ ਪੋਥੀਆਂ ਦਾ ਰਿਕਾਰਡ ਮੁਕੰਮਲ ਤਿਆਰ ਕਰਕੇ, ਇਸ ਦੀ ਜਾਣਕਾਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਪਹਿਲਾਂ ਭੇਜ ਕੇ ਇਹ ਕਾਰਜ ਕਰਨ ਦੀ ਹਿਦਾਇਤ ਕੀਤੀ। ਉਨ੍ਹਾਂ ਸੰਗਤ ਨੂੰ ਗੁਰਦੁਆਰਾ ਸਾਹਿਬ ਜ਼ਰੂਰ ਆਉਣ ਅਤੇ ਆਪਣੇ ਬੱਚਿਆਂ ਨੂੰ ਗੁਰੂ ਘਰ ਨਾਲ ਜੋੜਨ ਲਈ ਆਖਿਆ।

ਇਸ ਦੌਰਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੰਘ ਸਾਹਿਬ ਦੇ ਕੋਲ ਵਿਦੇਸ਼ਾਂ ਵਿੱਚ ਪਾਵਨ ਸਰੂਪ ਲਿਆਉਣ ਸਬੰਧੀ ਆਉਂਦੀਆਂ ਮੁਸ਼ਕਲਾਂ ਵੀ ਰੱਖੀਆਂ, ਜਿਨ੍ਹਾਂ ਸਬੰਧੀ ਜਥੇਦਾਰ ਗੜਗੱਜ ਨੇ ਸੰਗਤ ਨੂੰ ਭਰੋਸਾ ਦਿੱਤਾ ਕਿ ਆਉਣ ਵਾਲੇ ਸਮੇਂ ਵਿੱਚ ਪੰਥ ਨਾਲ ਵਿਚਾਰ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਵਿਦੇਸ਼ਾਂ ਵਿੱਚ ਮਰਯਾਦਾ ਅਨੁਸਾਰ ਭੇਜਣ ਲਈ ਪ੍ਰਣਾਲੀ ਹੋਰ ਸੁਖਾਲੀ ਕਰਨ ਵਾਸਤੇ ਕਾਰਜ ਕੀਤਾ ਜਾਵੇਗਾ।

CALL US: 209-637-0210 | 612-578-8078
925-495-0207

SAN RAMON
Lathrop & Main Street Manteca
URGENT CARE & CLINIC

# CITIZENSHIP ELIGIBILITY AND GREEN CARD APPLICATION

DR. RAJESH MAHESHWARI, MD

VISIT US NOW!

San Ramon URGENT CARE & CLINIC
9140 Alcosta Boulevard Ste D
San Ramon, CA 94583
(925) 361-5959

Lathrop URGENT CARE
15810 Harlan Road #A
Lathrop, CA 95330
(209) 983-9000

Main Street URGENT CARE
1040 North Main Street
Manteca, CA 95336
(209) 825-5155

https://www.sanramonurgentcare.com/

Email us at info@sanramonucc.com



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ਼੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਂ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

**(ਪਿਛਲੇ ਅੰਕ ਦੀ ਬਾਕੀ)**

ਸਾਡੇ ਪੰਥਕ ਕੰਮਾਂ ਸੰਬੰਧੀ ਇਕ ਗੱਲ, ਉਸ ਸਮੇਂ ਭੀ ਮੈਂ ਮਹਿਸੂਸ ਕਰਦਾ ਰਿਹਾ ਅਤੇ ਹੁਣ 45 ਸਾਲ ਬੀਤਣ ਉਪਰੰਤ ਭੀ ਇਸ ਬਾਰੇ ਉਹੋ ਵਿਚਾਰ ਰੱਖਦਾ ਹਾਂ, ਉਹ ਇਹ ਹੈ ਕਿ ਪੰਥ ਦੀ ਵਾਗ ਡੋਰ ਜਿਸ ਕਿਸੇ ਦੇ ਹੱਥ ਵੀ ਆਉਂਦੀ ਰਹੀ, ਭਾਵੇਂ ਉਹ ਮਾਸਟਰ ਤਾਰਾ ਸਿੰਘ ਤੇ ਗਿ. ਕਰਤਾਰ ਸਿੰਘ ਸਨ, ਜਥੇਦਾਰ ਤੇ ਮਝੈਲ ਗਰੁੱਪ ਸੰਤ ਫ਼ਤਿਹ ਸਿੰਘ ਧੜਾ ਜਾਂ ਇਨ੍ਹਾਂ ਤੋਂ ਪਿੱਛੋਂ ਆਏ ਜਥੇਦਾਰ ਕੋਈ ਵੀ ਆਪਣੀ ਸਮਰੱਥਾ ਤੇ ਅਧਿਕਾਰਾਂ ਨੂੰ ਕਿਸੇ ਦੂਸਰੇ ਨਾਲ ਵੰਡਣ ਅਤੇ ਦੂਸਰੇ ਤੇ ਭਰੋਸਾ ਕਰਨ ਨੂੰ ਕਦੀ ਤਿਆਰ ਨਹੀਂ ਹੋਇਆ। ਹਰ ਸੱਤਿਆ ਧਾਰੀ ਸਜਣ ਇਹੋ ਸਮਝਦਾ ਰਿਹਾ ਕਿ ਉਸ ਤੋਂ ਬਿਨਾਂ ਹੋਰ ਕੋਈ ਕਿਸੇ ਕੰਮ ਨੂੰ ਸੰਭਾਲ ਲੈਣ ਦੀ ਸੂਝ ਬੂਝ ਨਹੀਂ ਰੱਖਦਾ। ਭਾਵੇਂ ਇਹ ਸਿਆਸੀ ਮਾਮਲਾ ਸੀ, ਧਾਰਮਿਕ, ਵਿੱਦਿਅਕ ਜਾਂ ਇਕਤਸਾਦੀ, ਸਮੇਂ ਦਾ ਹਰ ਮੁਖੀ ਤੇ ਉਸ ਦੇ ਨਿਕਟ ਵਰਤੀ ਆਪਣੇ-ਆਪ ਨੂੰ ਹਰ ਤਰ੍ਹਾਂ ਦੇ ਮਾਮਲੇ ਨਜਿੱਠ ਲੈਣ ਦੇ ਯੋਗ ਤੇ ਸਮਰੱਥ ਸਮਝਦੇ ਰਹੇ।

**ਬੰਬੇ ਕਾਲਜ ਦੀ ਜ਼ਿੰਮੇਵਾਰੀ ਨਨਕਾਣਾ ਸਾਹਿਬ ਦੀ ਕਮੇਟੀ ਦੁਆਰਾ ਸੰਭਾਲਣਾ**

ਗੁਰਮਤਿ ਪ੍ਰਚਾਰ ਦੇ ਉਦੇਸ਼ ਨਾਲ ਨਨਕਾਣਾ ਸਾਹਿਬ ਕਮੇਟੀ ਵੱਲੋਂ ਸਥਾਪਿਤ ਤੇਰਾਂ ਮੈਂਬਰਾਂ ਦਾ 'ਬੋਰਡ ਆਫ਼ ਟਰੱਸਟੀਜ' ਉਸ ਸਮੇਂ ਦੀਆਂ ਸਾਰੀਆਂ ਪੰਥਕ ਸੁਸਾਇਟੀਆਂ ਤੇ ਪਾਰਟੀਆਂ ਦੀ ਪ੍ਰਤੀਨਿਧਤਾ ਕਰਦਾ ਸੀ, ਅਤੇ ਨਨਕਾਣਾ ਸਾਹਿਬ ਕਮੇਟੀ ਦੀ ਮਾਇਕ ਦਸ਼ਾ ਏਨੀ ਚੰਗੀ ਸੀ ਕਿ ਕਿਸੇ ਸਮੇਂ ਭੀ ਕੋਈ ਤੋਟ ਆ ਜਾਣ ਦਾ ਡਰ ਨਹੀਂ ਸੀ, ਪ੍ਰੰਤੂ ਅਕਾਲੀ ਪਾਰਟੀ ਜਿਸ ਦੇ ਹੱਥ ਉਸ ਵੇਲੇ ਪੰਥ ਦੀ ਵਾਂਗ ਡੋਰ ਸੀ, ਨੇ ਗੁਰਮਤਿ ਪ੍ਰਚਾਰ ਜਿਹੇ ਹਰਮਨ-ਪਿਆਰੇ ਕੰਮ ਵਿਚ ਵੀ ਗੈਰ ਅਕਾਲੀ ਮੈਂਬਰਾਂ ਦੀ ਸ਼ਮੂਲੀਅਤ ਨੂੰ ਬਰਦਾਸ਼ਤ ਨ ਕਰਦੇ ਹੋਏ, 'ਸਰਬ-ਹਿੰਦ ਸਿੱਖ ਮਿਸ਼ਨ ਜੈਸੀ ਸੰਸਥਾ ਸਥਾਪਤ ਕਰਕੇ (ਜੋ ਭਾਵੇਂ ਕੇਂਦਰੀ ਸੰਸਥਾ ਹੋਣ ਕਰਕੇ ਵਿਸ਼ੇਸ਼ ਅਹਿਮੀਅਤ ਰੱਖਦੀ ਸੀ) ਉਸ ਨੂੰ ਇਕ ਪਾਰਟੀ ਦੇ ਮੁਖੀਆਂ ਨੂੰ ਦਿੱਤਾ ਅਤੇ ਜਿਸ ਤਰ੍ਹਾਂ ਅਸੀਂ ਅੱਗੋਂ ਚੱਲ ਕੇ ਵੇਖਾਂਗੇ, ਨਾ ਕੇਵਲ ਮਾਇਆ ਦੀ ਥੁੜ ਕਾਰਨ ਮਿਸ਼ਨ ਆਪਣੇ ਮਿਥੇ ਮਹਾਨ ਕਾਰਜ ਵਿਚ ਸਫਲ ਨਾ ਹੋ ਸਕਿਆ ਸਗੋਂ ਜਦੋਂ ਉਸੇ ਕਾਲ ਅੰਦਰ ਬਟਾਲੇ ਦੇ ਅਸੈਂਬਲੀ ਚੋਣ ਹਲਕੇ ਵਿਚ ਅਕਾਲੀ ਪਾਰਟੀ ਦੀ ਪੰਜਾਬ ਦੀ ਯੂਨੀਅਨਿਸਟ ਪਾਰਟੀ ਨਾਲ ਸਖ਼ਤ ਟੱਕਰ ਲਈ ਸੀ ਤਾਂ 'ਸਰਬ-ਹਿੰਦ ਸਿੱਖ ਮਿਸ਼ਨ' ਦੇ ਮੁਖੀ ਗੁਰਮਤਿ ਪ੍ਰਚਾਰ ਅਤੇ ਖ਼ਾਲਸਾ ਕਾਲਜ ਬੰਬਈ ਜੈਸੇ ਮਹਾਨ ਕਾਰਜ ਅਣਗੌਲੇ ਛੱਡ ਬਟਾਲੇ ਦੇ ਚੋਣ ਦੰਗਲ ਵਿਚ ਜਾ ਸ਼ਾਮਲ ਹੋਏ ਅਤੇ ਅਗਰ ਨਨਕਾਣਾ ਸਾਹਿਬ ਕਮੇਟੀ ਉਸ ਸਮੇਂ ਕਾਲਜ ਦੀ ਇਮਾਰਤ ਦੇ ਕੰਮਾਂ ਨੂੰ ਸੰਭਾਲ ਲੈਣ ਦਾ ਹੌਸਲਾ ਨਾ ਕਰਦੀ ਤਾਂ ਕਾਲਜ ਦਾ ਕੰਮ ਵੀ ਵਿੱਚੇ ਹੀ ਰਹਿ ਜਾਂਦਾ।




**ਸ਼੍ਰੋਮਣੀ ਅਤੇ ਲੋਕਲ ਗੁਰਦੁਆਰਾ ਸਿੱਖ ਕਮੇਟੀਆਂ ਦੀਆਂ ਚੋਣਾਂ**

ਪੰਜਾਬ ਗੁਰਦੁਆਰਾ ਐਕਟ ਅਨੁਸਾਰ ਸ਼੍ਰੋਮਣੀ ਅਤੇ ਲੋਕਲ ਗੁਰਦੁਆਰਾ ਕਮੇਟੀਆਂ ਦੀ ਹਰ ਤਿੰਨ ਸਾਲ ਪਿੱਛੋਂ ਨਵੀਂ ਚੋਣ ਹੁੰਦੀ ਸੀ ਜੋ 1933 ਤੋਂ ਪਿੱਛੋਂ 1936 ਵਿਚ ਹੋਈ ਸੀ। ਇਸ ਵਿਚ ਨਨਕਾਣਾ ਸਾਹਿਬ ਦੀ ਲੋਕਲ ਕਮੇਟੀ ਲਈ ਮੈਂਬਰ ਚੁਣੇ ਗਏ ਜਿਨ੍ਹਾਂ ਵਿਚ ਨਨਕਾਣਾ ਸਾਹਿਬ ਸ਼ਹਿਰ ਵੱਲੋਂ ਫਿਰ ਸ੍ਰ. ਗੁਰਮੁਖ ਸਿੰਘ ਆਏ ਸਨ। ਪੰਜ ਮੈਂਬਰੀ ਸ਼੍ਰੋਮਣੀ ਗੁਰਦੁਆਰਾ ਕਮੇਟੀ ਵੱਲੋਂ ਨਾਮਜ਼ਦ ਹੁੰਦੇ ਸਨ। ਇਨ੍ਹਾਂ ਵਿਚ ਸ੍ਰ. ਤੇਜਾ ਸਿੰਘ ਅਕਰਪੁਰਾ (ਗੁਰਦਾਸਪੁਰ) ਅਤੇ ਸ੍ਰ. ਕਰਤਾਰ ਸਿੰਘ ਦੀਵਾਨਾ ਸਨ ਜੋ ਕ੍ਰਮਨਸਾਰ ਲੋਕਲ ਕਮੇਟੀ ਦੇ ਪ੍ਰਧਾਨ ਤੇ ਮੀਤ ਪ੍ਰਧਾਨ ਚੁਣੇ ਗਏ। ਇਸ ਕਮੇਟੀ ਵਿਚ ਅਕਾਲੀ ਪਾਰਟੀ ਨੂੰ ਵੱਡੀ ਬਹੁ ਸੰਮਤੀ ਪ੍ਰਾਪਤ ਸੀ ਚੂੰਕਿ ਸ਼੍ਰੋਮਣੀ ਕਮੇਟੀ ਵਿਚ ਵੀ ਪਹਿਲੇ ਵਾਂਗ ਅਕਾਲੀ ਪਾਰਟੀ ਦੀ ਹੀ ਬਹੁਤ ਸੰਮਤੀ ਰਹੀ ਸੀ, ਇਸ ਲਈ ਹੁਣ ਲੋਕਲ ਕਮੇਟੀ ਦੇ ਸਾਰੇ ਫ਼ੈਸਲਿਆਂ ਤੇ ਸ਼੍ਰੋਮਣੀ ਕਮੇਟੀ ਆਪਣੀ ਪ੍ਰਵਾਨਗੀ ਦੀ ਮੋਹਰ ਲਾ ਦੇਂਦੀ ਸੀ।

**ਲੜਕੀਆਂ ਦਾ ਸਕੂਲ**

ਲੋਕਲ ਕਮੇਟੀ ਨੇ ਟਿਊਬਵੈੱਲ ਲਗਾ ਕੇ ਗੈਰ-ਆਬਾਦ ਧਰਤੀ ਦੇ ਟੁਕੜਿਆਂ ਨੂੰ ਉਪਜਾਊ ਬਣਾਉਣ ਦੀ ਸਕੀਮ ਜਾਰੀ ਰੱਖੀ ਅਤੇ ਸ਼ੁਰੂ ਸ਼ੁਰੂ ਵਿਚ ਹੀ ਤਿੰਨ ਚਾਰ ਟਿਊਬਵੈੱਲ ਹੋਰ ਲਗਾ ਕੇ ਬਿਜਲੀ ਨਾਲ ਚਾਲੂ ਕਰ ਲਏ। ਬਾਗ਼ ਵਾਲੇ ਟਿਊਬਵੈੱਲ ਤੋਂ ਬਾਗ਼ ਲਗਾਉਣਾ ਸ਼ੁਰੂ ਕੀਤਾ ਸੀ। ਉਹ ਵੀ 125 ਏਕੜ ਇਕ ਦੋ ਸਾਲਾਂ ਵਿਚ ਪੂਰਾ ਕਰ ਲਿਆ। ਗਰਲ ਸਕੂਲ ਨੂੰ 1937 ਤੋਂ ਮਿਡਲ ਸਕੂਲ ਬਣਾ ਦਿੱਤਾ ਗਿਆ। ਗਲ ਕੀ ਹਰ ਪੱਖ ਤੋਂ ਨਨਕਾਣਾ ਸਾਹਿਬ ਦਾ ਪ੍ਰਬੰਧ ਤਰੱਕੀ ਵੱਲ ਕਦਮ ਵਧਾਉਂਦਾ ਜਾ ਰਿਹਾ ਸੀ।

**ਡਾ. ਅੰਬੇਡਕਰ ਜੀ ਦੀ ਸਲਾਹ ਨਾਲ ਅੰਮ੍ਰਿਤਸਰ ਵਿਸਾਖੀ ਕਾਨਫ਼ਰੰਸ ਕੀਤੀ ਗਈ**

13 ਅਪ੍ਰੈਲ 1936 ਨੂੰ ਬਣੀ 'ਸਰਬ-ਹਿੰਦ ਸਿੱਖ ਮਿਸ਼ਨ ਨੇ ਡਾ. ਅੰਬੇਡਕਰ ਨਾਲ ਅਛੂਤਾਂ ਦੇ ਸਿੱਖ ਧਰਮ ਵਿਚ ਪ੍ਰਵੇਸ਼ ਕਰਨ ਬਾਰੇ ਗੱਲਬਾਤ ਜਾਰੀ ਕੀਤੀ ਸੀ ਅਤੇ ਡਾਕਟਰ ਦੀ ਸਲਾਹ ਨਾਲ ਅੰਮ੍ਰਿਤਸਰ ਵਿਚ ਇਕ ਗੁਰਮਤਿ ਪ੍ਰਚਾਰ ਕਾਨਫ਼ਰੰਸ ਰਚਾਉਣ ਦਾ ਫ਼ੈਸਲਾ ਕੀਤਾ ਗਿਆ ਜਿਸ ਦਾ ਮੁੱਖ ਵਿਸ਼ਾ ਅਛੂਤਾਂ ਅੰਦਰ ਗੁਰਮਤਿ ਪ੍ਰਚਾਰ ਸੀ। ਡਾ. ਅੰਬੇਦਕਰ ਤੇ ਉਸ ਦੇ ਕਈ ਹੋਰ ਸਾਥੀ ਪੁੱਜੇ ਹੋਏ ਸਨ। ਕਾਨਫ਼ਰੰਸ ਅੰਦਰ ਪ੍ਰੋ. ਬਾਵਾ ਹਰਕਿਸ਼ਨ ਸਿੰਘ ਨੇ ਵੱਡੀ ਪ੍ਰਭਾਵਸ਼ਾਲੀ ਤਕਰੀਰ ਕੀਤੀ, ਜਿਸ ਦੇ ਉਤਰ ਵਿਚ ਡਾ. ਅੰਬੇਡਕਰ ਨੇ ਬੋਲਦੇ ਹੋਏ ਨਿਸ਼ਚੇ ਸ਼ਬਦਾਂ ਵਿਚ ਆਪਣਾ ਤੇ ਆਪਣੇ ਸਾਥੀਆਂ ਦਾ ਸਿੱਖੀ ਧਾਰਨ ਕਰਨ ਦਾ ਵਿਚਾਰ ਪ੍ਰਗਟਾਇਆ। ਇਹ ਸਾਰੀ ਕਾਰਵਾਈ ਮੈਂ ਅੱਖੀਂ ਦੇਖੀ ਤੇ ਕੰਨੀਂ ਸੁਣੀ ਸੀ।

(ਚਲਦਾ)

# ਜੇ ਮੈਨੂੰ ਕੁਝ ਹੋਇਆ ਤਾਂ ਮਿਟ ਜਾਏਗਾ ਇਰਾਨ ਦਾ ਨਾਮੋ-ਨਿਸ਼ਾਨ : ਟਰੰਪ

ਅਮਰੀਕਾ ਤੇ ਇਰਾਨ ਵਿਚਾਲੇ ਜਾਰੀ ਜੰਗ ਇਕ ਵਾਰ ਫ਼ਿਰ ਤੋਂ ਖ਼ਤਰਨਾਕ ਮੋੜ ਮੁੜਦੀ ਹੋਈ ਦਿਖਾਈ ਦੇ ਰਹੀ ਹੈ। ਕੁਝ ਮਹੀਨਿਆਂ ਦੀ ਸ਼ਾਂਤੀ ਮਗਰੋਂ ਦੋਵਾਂ ਧਿਰਾਂ ਵੱਲੋਂ ਕੀਤੇ ਗਏ ਤਾਜ਼ਾ ਹਮਲਿਆਂ ਨੇ ਮਿਡਲ ਈਸਟ 'ਚ ਮੁੜ ਜੰਗ ਦਾ ਖ਼ਤਰਾ ਪੈਦਾ ਕਰ ਦਿੱਤਾ ਹੈ।



ਇਸੇ ਦੌਰਾਨ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਰਾਨ ਨੂੰ ਲੈ ਕੇ ਇਕ ਅਜਿਹਾ ਬਿਆਨ ਜਾਰੀ ਕੀਤਾ ਹੈ, ਜਿਸ ਮਗਰੋਂ ਪੂਰੇ ਇਲਾਕੇ 'ਚ ਤੜਥੱਲੀ ਮਚ ਗਈ ਹੈ।

ਪਿਛਲੇ ਦਿਨੀਂ ਕੁਝ ਰਿਪੋਰਟਾਂ ਸਾਹਮਣੇ ਆਈਆਂ ਸਨ, ਜਿਨ੍ਹਾਂ 'ਚ ਕਿਹਾ ਗਿਆ ਸੀ ਕਿ ਇਰਾਨ ਟਰੰਪ ਦੇ ਕਤਲ ਦੀ ਸਾਜ਼ਿਸ਼ ਨੂੰ ਅੰਜਾਮ ਦੇ ਸਕਦਾ ਹੈ। ਇਸੇ ਦੌਰਾਨ ਟਰੰਪ ਨੇ ਸ਼ਨੀਵਾਰ ਨੂੰ ਆਪਣੇ ਟਰੁੱਥ ਸੋਸ਼ਲ ਅਕਾਊਂਟ 'ਤੇ ਇਕ ਪੋਸਟ ਸਾਂਝੀ ਕੀਤੀ ਹੈ, ਜਿਸ 'ਚ ਉਨ੍ਹਾਂ ਨੇ ਇਰਾਨ ਨੂੰ ਬੇਹੱਦ ਸਖ਼ਤ ਚਿਤਾਵਨੀ ਦਿੰਦੇ ਹੋਏ ਦਾਅਵਾ ਕੀਤਾ ਹੈ ਕਿ ਜੇ ਇਰਾਨ ਨੇ ਉਨ੍ਹਾਂ ਦਾ ਕਤਲ ਕਰਵਾਉਣ ਦੀ ਧਮਕੀ ਦਿੱਤੀ ਜਾਂ ਸਾਜ਼ਿਸ਼ ਰਚੀ ਤਾਂ ਅਮਰੀਕਾ ਇਰਾਨ 'ਤੇ ਅਜਿਹਾ ਹਮਲਾ ਕੀਤਾ ਕਿ ਪੂਰਾ ਦੇਸ਼ ਤਬਾਹ ਹੋ ਜਾਵੇਗਾ।

ਉਨ੍ਹਾਂ ਆਪਣੀ ਪੋਸਟ 'ਚ ਲਿਖਿਆ, "1,000 ਮਿਜ਼ਾਈਲਾਂ ਲਾਕਡ ਤੇ ਲੋਡਿਡ ਹਨ, ਜਿਨ੍ਹਾਂ ਦਾ ਮੂੰਹ ਇਰਾਨ ਵੱਲ ਹੈ। ਜੇ ਇਰਾਨ ਨੇ ਮੈਨੂੰ ਮਾਰਨ ਦੀ ਕੋਈ ਵੀ ਸਾਜ਼ਿਸ਼ ਰਚੀ ਤਾਂ ਹਜ਼ਾਰਾਂ ਹੋਰ ਮਿਜ਼ਾਈਲਾਂ ਇਸ ਤੋਂ ਬਾਅਦ ਦਾਗ ਦਿੱਤੀਆਂ ਜਾਣਗੀਆਂ। ਅਮਰੀਕੀ ਫ਼ੌਜ ਨੂੰ ਹੁਕਮ ਜਾਰੀ ਕਰ ਦਿੱਤੇ ਗਏ ਹਨ ਤੇ ਇਹ ਹੁਕਮ 1 ਸਾਲ ਤੱਕ ਲਾਗੂ ਰਹਿਣਗੇ। ਇਸ ਦੌਰਾਨ ਜੇਕਰ ਇਰਾਨ ਮੈਨੂੰ ਮਾਰਨ ਦੀ ਕੋਈ ਵੀ ਸਾਜ਼ਿਸ਼ ਰਚਦਾ ਹੈ ਤਾਂ ਅਮਰੀਕੀ ਫ਼ੌਜ ਇਰਾਨ ਨੂੰ ਪੂਰੀ ਤਰ੍ਹਾਂ ਤਬਾਹ ਕਰ ਦੇਵੇਗੀ।"

ਜ਼ਿਕਰਯੋਗ ਹੈ ਕਿ 28 ਫਰਵਰੀ ਨੂੰ ਅਮਰੀਕਾ-ਇਜ਼ਰਾਈਲ ਵੱਲੋਂ ਸਾਂਝੇ ਤੌਰ 'ਤੇ ਇਰਾਨ 'ਤੇ ਕੀਤੇ ਗਏ ਹਵਾਈ ਹਮਲੇ, ਜਿਨ੍ਹਾਂ 'ਚ ਇਰਾਨੀ ਸੁਪਰੀਮ ਲੀਡਰ ਸਣੇ ਕਈ ਉੱਚ ਪੱਧਰੀ ਅਧਿਕਾਰੀ ਮਾਰੇ ਗਏ ਸਨ, ਮਗਰੋਂ ਦੋਵਾਂ ਧਿਰਾਂ ਵਿਚਾਲੇ ਕਈ ਦਿਨਾਂ ਤੱਕ ਭਿਆਨਕ ਜੰਗ ਚੱਲੀ। ਇਸ ਜੰਗ ਦੌਰਾਨ ਹਜ਼ਾਰਾਂ ਲੋਕ ਮਾਰੇ ਗਏ ਤੇ ਵੱਡੇ ਪੱਧਰ 'ਤੇ ਮਾਲੀ ਨੁਕਸਾਨ ਵੀ ਹੋਇਆ ਸੀ। ਇਸ ਦੌਰਾਨ ਇਰਾਨ ਨੇ ਹੋਰਮੁਜ਼ ਦਾ ਲਾਂਘਾ ਵੀ ਬੰਦ ਕਰ ਦਿੱਤਾ ਸੀ, ਜਿਸ ਕਾਰਨ ਪੂਰੀ ਦੁਨੀਆ 'ਚ ਤੇਲ-ਗੈਸ ਦੀ ਕਿੱਲਤ ਪੈਦਾ ਹੋ ਗਈ ਸੀ। ਇਸ ਮਗਰੋਂ ਜਦੋਂ ਦੋਵਾਂ ਧਿਰਾਂ ਵਿਚਾਲੇ ਆਖ਼ ?ਰਕਾਰ ਜੰਗਬੰਦੀ ਹੋ ਗਈ ਸੀ ਤਾਂ ਨਵੇਂ ਹਮਲਿਆਂ ਮਗਰੋਂ ਟਰੰਪ ਦੇ ਇਸ ਤਾਜ਼ਾ ਬਿਆਨ ਨੇ ਜੰਗ ਦੀ ਅੱਗ ਨੂੰ ਇਕ ਵਾਰ ਫ਼ਿਰ ਹਵਾ ਦੇ ਦਿੱਤੀ ਹੈ। ਹੁਣ ਦੇਖਣਾ ਹੋਵੇਗਾ ਕਿ ਟਰੰਪ ਦੀ ਇਸ ਧਮਕੀ ਮਗਰੋਂ ਹਾਲਾਤ ਸ਼ਾਂਤੀਪੂਰਨ ਬਣਦੇ ਹਨ ਜਾਂ ਇਰਾਨ ਵੱਲੋਂ ਵੀ ਕੋਈ ਜਵਾਬ ਦਿੱਤਾ ਜਾਂਦਾ ਹੈ।

# ਅਮਰੀਕਾ ਤੇ ਕੈਨੇਡਾ ਵਿਚਾਲੇ ਖ਼ਤਮ ਹੋਇਆ ਵਿਵਾਦ, ਗੋਰਡੀ ਹੋਵੇ ਇੰਟਰਨੈਸ਼ਨਲ ਬ੍ਰਿਜ 'ਤੇ ਕੀਤਾ ਨਵਾਂ ਸਮਝੌਤਾ

ਵਾਸ਼ਿੰਗਟਨ : ਅਮਰੀਕਾ ਅਤੇ ਕੈਨੇਡਾ ਵਿਚਕਾਰ ਟੋਲ ਮਾਲੀਏ ਨੂੰ ਲੈ ਕੇ ਲੰਬੇ ਸਮੇਂ ਤੋਂ ਚੱਲ ਰਿਹਾ ਵਿਵਾਦ ਹੱਲ ਹੋ ਗਿਆ ਹੈ। ਅੰਤ 'ਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸਖ਼ਤ ਇਤਰਾਜ਼ਾਂ ਤੋਂ ਬਾਅਦ, ਕੈਨੇਡਾ ਨੂੰ ਟੋਲ ਮਾਲੀਏ ਸਮਝੌਤੇ 'ਚ ਸੋਧ ਕਰਨ ਲਈ ਮਜਬੂਰ ਹੋਣਾ ਪਿਆ। ਦੋਵਾਂ ਦੇਸ਼ਾਂ ਵਿਚਕਾਰ ਨਵੇਂ ਸਮਝੌਤੇ ਤੋਂ ਬਾਅਦ, ਗੋਰਡੀ ਹੋਵੇ ਇੰਟਰਨੈਸ਼ਨਲ ਬ੍ਰਿਜ ਖੁੱਲ੍ਹੇਗਾ। ਟਰੰਪ ਨੇ ਇਸ ਨੂੰ ਸੰਯੁਕਤ ਰਾਜ ਅਮਰੀਕਾ ਲਈ ਇਕ 'ਬਿਹਤਰ ਅਤੇ ਨਿਰਪੱਖ ਸੌਦਾ' ਦੱਸਦੇ ਹੋਏ ਕਿਹਾ ਕਿ 4.7 ਬਿਲੀਅਨ ਡਾਲਰ ਦਾ ਗੋਰਡੀ ਹੋਵੇ ਇੰਟਰਨੈਸ਼ਨਲ ਬ੍ਰਿਜ ਹੁਣ 27 ਜੁਲਾਈ ਨੂੰ ਜਨਤਾ ਅਤੇ ਵਾਹਨਾਂ ਲਈ ਖੁੱਲ੍ਹੇਗਾ। ਇਹ ਪੁਲ ਡੇਟਰੋਇਟ, ਮਿਸ਼ੀਗਨ ਨੂੰ ਵਿੰਡਸਰ, ਓਨਟਾਰੀਓ, ਕੈਨੇਡਾ ਨਾਲ ਜੋੜਦਾ ਹੈ।

ਪੁਲ ਜੂਨ 'ਚ ਖੁੱਲ੍ਹਣ ਵਾਲਾ ਸੀ, ਪਰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵਿੱਤੀ ਮੁੱਦਿਆਂ ਦਾ ਹਵਾਲਾ ਦਿੰਦੇ ਹੋਏ ਇਸ ਦੇ ਉਦਘਾਟਨ 'ਚ ਦੇਰੀ ਕਰਨ ਦੀ ਧਮਕੀ ਦਿੱਤੀ। ਉਨ੍ਹਾਂ ਕਿਹਾ ਕਿ ਪਿਛਲਾ ਸਮਝੌਤਾ ਅਮਰੀਕਾ ਦੇ ਹਿੱਤ 'ਚ ਨਹੀਂ ਸੀ। ਕੈਨੇਡੀਅਨ ਸਰਕਾਰ ਨੇ ਕਿਹਾ ਕਿ ਟੋਲ ਸੰਚਾਲਨ, ਪਾਰਦਰਸ਼ਤਾ ਅਤੇ ਖੇਤਰੀ ਨਿਵੇਸ਼ ਸੰਬੰਧੀ ਦੋਵਾਂ ਦੇਸ਼ਾਂ ਵਿਚਕਾਰ ਇਕ ਨਵਾਂ ਸਮਝੌਤਾ ਹੋਇਆ ਹੈ। ਸਮਝੌਤੇ ਦੇ ਤਹਿਤ, ਪੁਲ ਦੇ ਮਾਲੀਏ ਦਾ ਇਕ ਹਿੱਸਾ ਖੇਤਰੀ ਆਰਥਿਕ ਵਿਕਾਸ ਲਈ 15 ਸਾਲਾਂ ਦੇ ਫੰਡ 'ਚ ਨਿਵੇਸ਼ ਕੀਤਾ ਜਾਵੇਗਾ।



ਮੀਡੀਆ ਰਿਪੋਰਟਾਂ ਦੇ ਅਨੁਸਾਰ, ਨਵਾਂ ਸਮਝੌਤਾ ਸੰਯੁਕਤ ਰਾਜ ਅਮਰੀਕਾ ਨੂੰ ਟੋਲ ਮਾਲੀਏ ਦਾ 50 ਫੀਸਦੀ ਹਿੱਸਾ ਪ੍ਰਦਾਨ ਕਰੇਗਾ। ਇਸ ਤੋਂ ਇਲਾਵਾ, ਸੰਯੁਕਤ ਰਾਜ ਅਮਰੀਕਾ ਨੂੰ ਟੋਲ ਦਰਾਂ ਨੂੰ 10 ਫੀਸਦੀ ਤੋਂ ਵੱਧ ਵਧਾਉਣ ਦੇ ਕਿਸੇ ਵੀ ਪ੍ਰਸਤਾਵ ਨੂੰ ਵੀਟੋ ਕਰਨ ਦਾ ਅਧਿਕਾਰ ਹੋਵੇਗਾ।

ਡੋਨਾਲਡ ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ, ਟਰੂਥ ਸੋਸ਼ਲ 'ਤੇ ਕਿਹਾ ਕਿ ਪਿਛਲਾ ਸਮਝੌਤਾ ਅਸਵੀਕਾਰਨਯੋਗ ਸੀ, ਪਰ ਹੁਣ ਸੰਯੁਕਤ ਰਾਜ ਅਮਰੀਕਾ ਲਈ ਇਕ 'ਬਿਹਤਰ ਅਤੇ ਨਿਰਪੱਖ' ਸਮਝੌਤਾ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਪੁਲ ਦਾ ਉਦਘਾਟਨ ਹੁਣ ਮੁਲਤਵੀ ਕਰ ਦਿੱਤਾ ਜਾਵੇਗਾ। ਗੋਰਡੀ ਹੋਵ ਇੰਟਰਨੈਸ਼ਨਲ ਬ੍ਰਿਜ ਡੇਟ੍ਰੋਇਟ ਅਤੇ ਵਿੰਡਸਰ ਵਿਚਕਾਰ ਕਾਰਗੋ ਟਰੱਕਾਂ ਦੀ ਆਵਾਜਾਈ ਨੂੰ ਸੁਵਿਧਾਜਨਕ ਬਣਾਏਗਾ। ਇਸ ਰੂਟ ਨੂੰ ਅਮਰੀਕਾ-ਕੈਨੇਡਾ ਸਰਹੱਦ 'ਤੇ ਸਭ ਤੋਂ ਵੱਡਾ ਮਾਲ ਢੋਆ-ਢੁਆਈ ਕੋਰੀਡੋਰ ਮੰਨਿਆ ਜਾਂਦਾ ਹੈ। ਇੱਕ ਅਧਿਐਨ ਦੇ ਅਨੁਸਾਰ, ਪੁਲ ਦੇ ਖੁੱਲ੍ਹਣ ਨਾਲ ਲਗਭਗ 20 ਮਿੰਟ ਦੀ ਸਰਹੱਦ ਪਾਰ ਕਰਨ ਦਾ ਸਮਾਂ ਬਚੇਗਾ ਅਤੇ ਅਗਲੇ 30 ਸਾਲਾਂ ਵਿੱਚ ਟਰੱਕ ਆਪਰੇਟਰਾਂ ਨੂੰ ਲਗਭਗ 2.3 ਬਿਲੀਅਨ ਡਾਲਰ ਦੀ ਬਚਤ ਹੋ ਸਕਦੀ ਹੈ। ਪੁਲ ਦਾ ਨਿਰਮਾਣ 2018 'ਚ ਸ਼ੁਰੂ ਹੋਇਆ ਸੀ। ਇਸ ਪ੍ਰਾਜੈਕਟ ਨੂੰ ਕੈਨੇਡਾ ਦੁਆਰਾ ਫੰਡ ਦਿੱਤਾ ਗਿਆ ਸੀ, ਜਿਸ ਦੀ ਲਾਗਤ ਅਗਲੇ 30 ਸਾਲਾਂ ਵਿੱਚ ਟੋਲ ਫੀਸਾਂ ਰਾਹੀਂ ਵਾਪਸ ਕੀਤੀ ਜਾਣੀ ਸੀ। ਇਹ ਅਜੇ ਸਪੱਸ਼ਟ ਨਹੀਂ ਹੈ ਕਿ ਨਵਾਂ ਸਮਝੌਤਾ ਇਸ ਵਿੱਤੀ ਮਾਡਲ ਨੂੰ ਕਿਵੇਂ ਪ੍ਰਭਾਵਤ ਕਰੇਗਾ।

ਡਾ. ਗੁਰਪ੍ਰੀਤ ਸਿੰਘ ਧੁੱਗਾ M.D., C.M.D. ਸਟਰ ਹਸਪਤਾਲ (ਫੇਅਰ ਫੀਲਡ-ਵਲੇਹੋ) ਵਿਚ ਮੈਡੀਕਲ ਡਾਇਰੈਕਟਰ ਹਨ। ਅਮੈਰੀਕਨ ਮੈਡੀਕਲ ਬੋਰਡ ਵਲੋਂ ਡਬਲ ਬੋਰਡ ਸਰਟੀਫਾਈਡ ਹਨ। ਉਨ੍ਹਾਂ ਨੂੰ ਸਾਲ 2006 ਵਿਚ 'ਸੀਨੀਅਰ ਹੈਲਥ ਹੀਰੋ' ਦਾ ਪੁਰਸਕਾਰ ਵੀ ਦਿੱਤਾ ਗਿਆ। ਡਾ. ਧੁੱਗਾ ਨੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਆਪਣੀ ਮੁਢਲੀ ਮੈਡੀਕਲ ਸਿੱਖਿਆ ਪੂਰੀ ਕੀਤੀ। ਡਾ. ਧੁੱਗਾ ਕੈਲੀਫੋਰਨੀਆ ਦੇ ਫੇਅਰਫੀਲਡ ਸ਼ਹਿਰ ਵਿਚ ਬਤੌਰ ਚੇਅਰਮੈਨ, ਪਲੈਨਿੰਗ ਕਮਿਸ਼ਨ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਪੰਜਾਬੀ ਅਮੈਰੀਕਨ ਕਲਚਰਲ ਐਸੋਸੀਏਸ਼ਨ ਦੇ ਫਾਉਂਡਰ ਮੈਂਬਰ ਹਨ, ਜੋ ਕਿ ਕੈਲੀਫੋਰਨੀਆ ਵਿਚ ਇਕ ਸਮਾਜਿਕ ਕੰਮ ਕਰਨ ਵਾਲੀ ਸੰਸਥਾ ਹੈ। ਡਾ. ਗੁਰਪ੍ਰੀਤ ਸਿੰਘ ਧੁੱਗਾ ਵਲੋਂ ਸਿਹਤ ਸੰਬੰਧੀ ਲਿਖੀ ਆਪਣੀ ਕਿਤਾਬ 'ਹੈਲਥ ਗਾਈਡ' ਬਿਮਾਰੀਆਂ ਦੀ ਜਾਣਕਾਰੀ ਅਤੇ ਰੋਕਥਾਮ, ਬਚਾਅ, ਘਰੇਲੂ ਇਲਾਜ ਅਤੇ ਡਾਕਟਰਾਂ ਨੂੰ ਕਦੋਂ ਵਿਖਾਈਏ ਬਾਰੇ ਵਿਸਥਾਰ ਨਾਲ ਦੱਸਦੀ ਹੈ। ਸਿਹਤ ਸੰਬੰਧੀ ਜ਼ਿਆਦਾਤਰ ਕਿਤਾਬਾਂ ਮੈਡੀਕਲ ਨਾਲ ਸੰਬੰਧਤ ਵਿਅਕਤੀਆਂ ਦੇ ਲਈ ਹੀ ਲਿਖੀਆਂ ਗਈਆਂ ਹਨ। ਇਸ ਕਰਕੇ ਅਜਿਹੀ ਸਿਹਤ ਸੰਬੰਧੀ 'ਹੈਲਥ ਗਾਈਡ' ਵਰਗੀ ਕਿਤਾਬ ਦੀ ਬੇਹੱਦ ਜ਼ਰੂਰਤ ਸੀ ਜੋ ਆਮ ਵਿਅਕਤੀ ਪੜ੍ਹ ਸਕੇ, ਸਮਝ ਸਕੇ ਅਤੇ ਆਪਣੀ ਰੋਜ਼ਮਰਾਂ ਦੀ ਜ਼ਿੰਦਗੀ 'ਚ ਵਰਤ ਸਕੇ। ਇਹ ਕਿਤਾਬ 'ਹੈਲਥ ਗਾਈਡ' ਸਭ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਕਿਤਾਬ ਸੰਬੰਧੀ ਜਾਣਕਾਰੀ ਅਸੀਂ 'ਸਾਡੇ ਲੋਕ' 'ਚ ਪਾਠਕਾਂ ਦੀ ਮੰਗ 'ਤੇ ਦੁਆਰਾ ਲੜੀਵਾਰ ਛਾਪ ਕੇ ਮਾਣ ਹਾਸਲ ਕਰ ਰਹੇ ਹਾਂ। ਜੇਕਰ ਕਿਸੇ ਵਿਅਕਤੀ ਨੂੰ ਇਹ ਕਿਤਾਬ ਚਾਹੀਦੀ ਹੈ ਤਾਂ ਉਹ ਡਾ. ਧੁੱਗਾ ਨਾਲ gpdhugga@gmail.com 'ਤੇ ਸੰਪਰਕ ਕਰ ਸਕਦੇ ਹਨ।



**ਹੈਲਥ ਗਾਈਡ**

# ਸਿਹਤਮੰਦ ਜੀਵਨ ਦੇ ਨੁਕਤੇ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਘਰੇਲੂ ਇਲਾਜ :**

1. ਜ਼ਿਆਦਾ ਪਾਣੀ ਪੀਓ।
2. ਮੱਥੇ 'ਤੇ ਗਿੱਲਾ ਕੱਪੜਾ (ਠੰਡਾ ਪਾਣੀ) ਰੱਖੋ।
3. ਜੇਕਰ ਤੁਸੀਂ ਨਾ ਨਹਾ ਸਕੋ ਤਾਂ ਆਪਣੇ ਸਰੀਰ ਨੂੰ ਗਿੱਲੇ ਤੌਲੀਏ ਨਾਲ ਸਾਫ਼ ਕਰੋ।
4. ਵਧੀਆ ਹਵਾਦਾਰ ਕਮਰੇ ਵਿੱਚ ਰਹੋ।

**ਡਾਕਟਰ ਨੂੰ ਕਦੋਂ ਦਿਖਾਈਏ :**


1. ਜੇਕਰ ਤੁਹਾਨੂੰ ਖਾਂਸੀ ਹੈ ਜਾਂ ਸਾਹ ਲੈਣ ਵਿੱਚ ਤਕਲੀਫ਼ ਹੁੰਦੀ ਹੈ (ਨਿਮੋਨੀਆ ਦੇ ਚਿੰਨ੍ਹ) ।
2. ਅੱਖਾਂ ਅਤੇ ਗੱਲ੍ਹਾਂ ਵਿੱਚ ਦਰਦ ਹੋਣਾ।
3. ਪਿਸ਼ਾਬ ਆਉਣ ਸਮੇਂ ਜਲਣ ਹੋਣਾ।
4. ਗਰਦਨ ਦਾ ਅਕੜਨਾ ਅਤੇ ਬਹੁਤ ਜ਼ਿਆਦਾ ਸਿਰ ਦਰਦ ਹੋਣਾ।
5. ਪੇਟ ਦਰਦ, ਜੀਅ ਕੱਚਾ ਹੋਣਾ ਅਤੇ ਉਲਟੀਆਂ ਆਉਣੀਆਂ।

**ਬੱਚਿਆਂ ਵਿੱਚ ਬੁਖ਼ਾਰ :**

1. ਜੇਕਰ ਬੱਚਾ ਬੁਖ਼ਾਰ ਦੇ ਨਾਲ ਮਿਰਗੀ ਵਾਂਗ ਕੰਬਣ ਲੱਗੇ ਤਾਂ ਇਹ ਇੱਕ ਐਮਰਜੈਂਸੀ ਹੈ। ਬੱਚੇ ਨੂੰ ਉਸੇ ਸਮੇਂ ਡਾਕਟਰ ਕੋਲ ਲੈ ਕੇ ਜਾਓ।
2. ਬੁਖ਼ਾਰ ਦੇ ਦੌਰਾਨ ਬੱਚੇ ਨੂੰ ਘੱਟ ਅਤੇ ਖੁੱਲ੍ਹੇ ਕੱਪੜੇ ਪਹਿਨਾਓ।
3. ਬੱਚੇ ਨੂੰ ਐਸਪੀਰਿਨ ਦੀ ਦਵਾਈ ਨਾ ਦੇਵੋ, ਐਸੀਟਾਮਨੋਫਿਨ ਦੇ ਸਕਦੇ ਹੋ।

**ਮਲੇਰੀਆ**

ਦੁਨੀਆਂ ਵਿੱਚ ਮਲੇਰੀਏ ਨਾਲ ਇੱਕ ਸਾਲ ਵਿੱਚ ਤਕਰੀਬਨ ਦਸ ਲੱਖ ਲੋਕਾਂ ਦੀ ਮੌਤ ਹੋ ਜਾਂਦੀ ਹੈ। ਮਲੇਰੀਆ ਇੱਕ ਪੈਰਾਸਾਈਟ (ਪਰਜੀਵੀ) ਦੇ ਕਾਰਨ




ਹੁੰਦਾ ਹੈ। ਇਹ ਪੈਰਾਸਾਈਟ ਇੱਕ ਇਨਫ਼ੈਕਟਡ ਮੱਛਰ ਦੇ ਕੱਟਣ ਕਰਕੇ ਫੈਲਦਾ ਹੈ। ਇਸ ਮੱਛਰ ਦੇ ਕੱਟਣ ਤੋਂ ਬਾਅਦ ਮਲੇਰੀਆ ਦੇ ਲੱਛਣ ਕੁਝ ਦਿਨਾਂ ਬਾਅਦ ਸ਼ੁਰੂ ਹੁੰਦੇ ਹਨ।

**ਲੱਛਣ :**

1. ਵਾਰ ਵਾਰ ਬੁਖ਼ਾਰ ਹੋਣਾ।
2. ਕਾਂਬਾ ਲੱਗਣਾ।
3. ਬੁਖ਼ਾਰ ਦੇ ਉਤਰਨ ਤੋਂ ਬਾਅਦ ਪਸੀਨਾ ਆਉਣਾ।
4. ਸਿਰ ਦਰਦ ਹੋਣਾ।

**ਮਲੇਰੀਏ ਦਾ ਚੱਕਰ :**

ਜਦੋਂ ਮੱਛਰ ਕਿਸੇ ਮਲੇਰੀਏ ਦੀ ਬਿਮਾਰੀ ਵਾਲੇ ਵਿਅਕਤੀ ਨੂੰ ਕੱਟਣ ਤੋਂ ਬਾਅਦ ਕਿਸੇ ਸਿਹਤਮੰਦ ਵਿਅਕਤੀ ਨੂੰ ਕੱਟਦਾ ਹੈ ਅਤੇ ਇਹ ਮਲੇਰੀਏ ਦਾ ਪੈਰਾਸਾਈਟ (ਪਰਜੀਵੀ) ਇਸ ਸਿਹਤਮੰਦ ਵਿਅਕਤੀ ਵਿੱਚ ਛੱਡ ਦਿੰਦਾ ਹੈ। ਉਸ ਤੋਂ ਬਾਅਦ ਮਲੇਰੀਏ ਦਾ ਪੈਰਾਸਾਈਟ (ਪਰਜੀਵੀ), ਇਸ ਵਿਅਕਤੀ ਦੇ ਜਿਗਰ ਵਿੱਚ ਚਲਾ ਜਾਂਦਾ ਹੈ। ਜਿਗਰ ਤੋਂ ਇਹ ਖ਼ੂਨ ਵਿੱਚ ਚਲਾ ਜਾਂਦਾ ਹੈ ਅਤੇ ਖ਼ੂਨ ਦੇ ਸੈੱਲਾਂ ਨੂੰ ਨਸ਼ਟ ਕਰਦਾ ਹੈ, ਜਿਸ ਨਾਲ ਮਲੇਰੀਆ ਹੁੰਦਾ ਹੈ। ਮੱਛਰ ਫਿਰ ਇਸ ਬਿਮਾਰ ਵਿਅਕਤੀ ਨੂੰ ਕੱਟਦਾ ਹੈ ਅਤੇ ਇਹ ਚੱਕਰ ਚੱਲਦਾ ਰਹਿੰਦਾ ਹੈ।

**ਮੁਸ਼ਕਲਾਂ :**

1. ਖ਼ੂਨ ਦਾ ਘਟਣਾ (ਅਨੀਮੀਆ)।
2. ਜਿਗਰ ਜਾਂ ਗੁਰਦਿਆਂ ਦਾ ਕੰਮ ਕਰਨਾ ਬੰਦ ਕਰਨਾ ।
3. ਫੇਫੜਿਆਂ ਵਿੱਚ ਪਾਣੀ ਭਰ ਜਾਣਾ ।
4. ਦਿਮਾਗੀ ਬੁਖ਼ਾਰ (ਸੇਰੇਬਰੇਲ ਮਲੇਰੀਆ) - ਜਿਸ ਨਾਲ ਵਿਅਕਤੀ ਬੇਹੋਸ਼ ਵੀ ਹੋ ਸਕਦਾ ਹੈ
5. ਮੌਤ ਵੀ ਹੋ ਸਕਦੀ ਹੈ ।

**ਰੋਕਥਾਮ/ਬਚਾਅ :**

1. ਮਲੇਰੀਆ ਦੇ ਬਚਾਅ ਲਈ ਅਜੇ ਤੱਕ ਕੋਈ ਟੀਕਾਕਰਨ ਉਪਲਬਧ ਨਹੀਂ ਹੈ।
2. ਮੱਛਰਾਂ ਤੋਂ ਬਚੋ : ਸਪ੍ਰੇਅ ਕਰੋ, ਮੱਛਰਦਾਨੀ ਵਿੱਚ ਸੌਂਵੋਂ, ਆਪਣੀ ਚਮੜੀ ਨੂੰ ਢੱਕ ਕੇ ਰੱਖੋ।
3. ਮੱਛਰਾਂ ਦੀ ਆਬਾਦੀ ਨੂੰ ਘਟਾਉਣ ਲਈ, ਉਹਨਾਂ ਥਾਵਾਂ ਨੂੰ ਹਟਾਓ ਜਿੱਥੇ ਮੱਛਰ ਪੈਦਾ ਹੁੰਦੇ ਹਨ।
4. ਤੁਸੀਂ ਕਿਸੇ ਯਾਤਰਾ 'ਤੇ ਜਾਣ ਤੋਂ 4-6 ਹਫ਼ਤੇ ਪਹਿਲਾਂ ਆਪਣੇ ਡਾਕਟਰ ਨੂੰ ਦਿਖਾਓ ਅਤੇ ਮਲੇਰੀਏ, ਹੈਪੇਟਾਈਟਸ, ਟਾਇਫ਼ੌਇਡ ਆਦਿ ਬਿਮਾਰੀਆਂ ਨੂੰ ਰੋਕਣ ਲਈ ਦਵਾਈਆਂ ਲਵੋ। ਇਹ ਦਵਾਈਆਂ ਯਾਤਰਾ ਤੋਂ ਪਹਿਲਾਂ, ਇਸਦੇ ਦੌਰਾਨ ਅਤੇ ਇਸ ਤੋਂ ਬਾਅਦ ਲਵੋ।

**ਜਾਂਚ :**

ਮਲੇਰੀਏ ਨੂੰ ਖ਼ੂਨ ਦੀ ਜਾਂਚ ਨਾਲ ਪਤਾ ਲਗਾਇਆ ਜਾ ਸਕਦਾ ਹੈ। ਇਸ ਖ਼ੂਨ ਦੀ ਜਾਂਚ ਨਾਲ ਪੈਰਾਸਾਈਟਾਂ (ਪਰਜੀਵੀਆਂ) ਦੀ ਕਿਸਮ ਦਾ ਵੀ ਪਤਾ ਲੱਗ ਜਾਂਦਾ ਹੈ।

**ਇਲਾਜ :**

ਮਲੇਰੀਏ ਦੇ ਇਲਾਜ ਲਈ ਕਿਹੜੀ ਦਵਾਈ ਕੰਮ ਕਰੇਗੀ, ਇਹ ਪੈਰਾਸਾਈਟ (ਪਰਜੀਵੀ) ਦੀ ਕਿਸਮ, ਤੁਹਾਡੀ ਉਮਰ ਅਤੇ ਗਰਭ-ਅਵਸਥਾ ਹੋਣ ਜਾਂ ਨਾ ਹੋਣ 'ਤੇ ਨਿਰਭਰ ਕਰਦਾ ਹੈ।

**ਡੇਂਗੂ ਬੁਖ਼ਾਰ**

ਡੇਂਗੂ ਬੁਖ਼ਾਰ ਇੱਕ ਏਡੀਜ਼ ਮੱਛਰ ਦੇ ਕੱਟਣ ਕਰਕੇ ਹੁੰਦਾ ਹੈ ਜਿਸ ਵਿੱਚ ਡੇਂਗੂ ਦਾ ਵਾਇਰਸ ਹੁੰਦਾ ਹੈ।

**(ਚਲਦਾ)**

ਇਹ ਕਾਲਮ ਤੁਹਾਡੀ ਜਾਣਕਾਰੀ ਲਈ ਹੈ, ਜੇ ਬਿਮਾਰੀ ਉਚਿਤ ਸਮੇਂ ਵਿਚ ਠੀਕ ਨਹੀਂ ਹੁੰਦੀ ਤਾਂ ਡਾਕਟਰ ਨੂੰ ਦਿਖਾਓ।

ਹੀਲਿੰਗ ਹਰਬਸ ਐਂਡ ਮਸਾਜ
HEALING HERBS & MASSAGE

ANY TYPE OF LADIES & GENTS PROBLEM
Healing Herbs & Healing Massage

ਕੀ ਤੁਸੀਂ ਸਰੀਰਕ ਦੁੱਖਾਂ ਦਰਦਾਂ ਤੋਂ ਪ੍ਰੇਸ਼ਾਨ ਹੋ ?

Cure with Homeopathy or Ayurved Best Natural Way of treatment with no side effects.

ਜੜੀ-ਬੂਟੀਆਂ ਅਤੇ ਮਾਲਿਸ਼ ਰਾਹੀਂ ਕੁਦਰਤੀ ਇਲਾਜ !

ਸਰੀਰ ਦੀ ਕਾਇਆ ਕਲਪ ਕਰੋ ! ਤਣਾਅ ਅਤੇ ਦਰਦ ਤੋਂ ਮੁਕਤੀ ਪਾਉਣ ਲਈ ਅੱਜ ਹੀ ਪਹੁੰਚੋ।



ਅਸੀਂ ਲੈ ਕੇ ਆਏ ਹਾਂ ਤੁਹਾਡੀ ਸਿਹਤ ਲਈ ਕੁਦਰਤੀ ਖਜ਼ਾਨਾ। ਸਾਡੇ ਕੋਲ ਦੇਸੀ ਜੜੀ-ਬੂਟੀਆਂ, ਦੇਸੀ ਦਵਾਈਆਂ ਅਤੇ ਮਾਹਿਰਾਂ ਦੁਆਰਾ ਮਾਲਿਸ਼ ਦੀ ਸਹੂਲਤ ਉਪਲਬਧ ਹੈ।

ਸਾਡਾ ਸਮਾਂ:
ਸੋਮਵਾਰ ਤੋਂ ਸ਼ੁੱਕਰਵਾਰ: ਸ਼ਾਮ 4 ਵਜੇ ਤੋਂ ਰਾਤ 8 ਵਜੇ ਤੱਕ
ਸ਼ਨੀਵਾਰ ਤੇ ਐਤਵਾਰ: ਸਵੇਰੇ 11 ਵਜੇ ਤੋਂ ਸ਼ਾਮ 6 ਵਜੇ ਤੱਕ

ਇਥੇ ਸ਼ੂਗਰ ਦੀ ਬਿਮਾਰੀ ਦਾ ਇਲਾਜ ਦੇਸੀ ਦਵਾਈਆਂ ਅਤੇ ਕੁਦਰਤੀ ਤਰੀਕੇ ਨਾਲ ਕੀਤਾ ਜਾਂਦਾ ਹੈ

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ 510-200-1110
ਪਤਾ: 3038 Castro Valley Blvd, Castro Valley, CA 94546

# ਭਾਰਤ ਅਮਰੀਕਾ ਵਪਾਰ ਸਮਝੌਤਾ, ਨਵੀਂ ਲੈਂਡ ਪੂਲਿੰਗ ਨੀਤੀ ਅਤੇ ਹੋਰਨਾਂ ਮੰਗਾਂ ਨੂੰ ਲੈ ਕੇ ਕਿਸਾਨਾਂ ਵੱਲੋਂ ਵਿਸ਼ਾਲ ਰੋਸ ਮੁਜ਼ਾਹਰਾ





ਚੰਡੀਗੜ੍ਹ : ਪੰਜਾਬ ਦੀਆਂ ਦੋ ਕਿਸਾਨ ਜਥੇਬੰਦੀਆਂ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਅਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਸੱਦੇ ਤੇ ਪੰਜਾਬ ਦੇ ਕੋਨੇ ਕੋਨੇ ਤੋਂ ਵਰ੍ਹਦੇ ਮੀਂਹ ਚ ਚੰਡੀਗੜ੍ਹ ਪੁੱਜੇ ਦਹਿ ਹਜ਼ਾਰਾਂ ਕਿਸਾਨਾਂ ਮਰਦ ਔਰਤਾਂ ਨੇ ਭਾਰਤ ਅਮਰੀਕਾ ਵਪਾਰ ਸਮਝੌਤੇ ਅਤੇ ਨਵੀਂ ਲੈਂਡ ਪੂਲਿੰਗ ਨੀਤੀ ਖ਼ਿਲਾਫ਼ ਤੇ ਨਾਲ ਹੀ ਇਰਾਨ ’ਤੇ ਅਮਰੀਕੀ ਹਮਲੇ ਖ਼ਿਲਾਫ਼ ਅਤੇ ਇਸ ਹਮਲੇ ਦੀ ਆੜ ਚ ਭਾਰਤੀ ਲੋਕਾਂ ’ਤੇ ਮਹਿੰਗਾਈ ਦੇ ਪਾਏ ਜਾ ਰਹੇ ਬੋਝ ਖਿਲਾਫ਼ ਸੈਕਟਰ 34 ਦੇ ਦੁਸਹਿਰਾ ਗਰਾਊਂਡ ਚ ਵਿਸ਼ਾਲ ਰੈਲੀ ਕੀਤੀ ਅਤੇ ਮਟਕਾ ਚੌਂਕ ਤੱਕ ਮੁਜ਼ਾਹਰਾ ਕਰਕੇ ਕੇਂਦਰ ਦੀ ਮੋਦੀ ਸਰਕਾਰ ਅਤੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੂੰ ਜ਼ੋਰਦਾਰ ਸੁਣਵਾਈ ਕੀਤੀ।

ਇਸ ਮੌਕੇ ਜੁੜੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਅਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਸੂਬਾ ਪ੍ਰਧਾਨ ਮਨਜੀਤ ਸਿੰਘ ਧਨੇਰ ਨੇ ਕਿਹਾ ਕਿ ਮੋਦੀ ਸਰਕਾਰ ਵੱਲੋਂ ਸਿਰੇ ਚਾੜ੍ਹਿਆ ਜਾ ਰਿਹਾ ਭਾਰਤ ਅਮਰੀਕਾ ਵਪਾਰ ਸਮਝੌਤਾ ਕਿਸਾਨਾਂ ਦੇ ਨਾਲ ਨਾਲ ਸਮਾਜ ਦੇ ਸਭਨਾਂ ਮਿਹਨਤਕਸ਼ ਵਰਗਾਂ ’ਤੇ ਮਾਰ ਪਾਵੇਗਾ। ਅਮਰੀਕੀ ਮੰਡੀ ਚੋਂ ਆਉਣ ਵਾਲੇ ਖੇਤੀ ਉਤਪਾਦ ਭਾਰਤੀ ਕਿਸਾਨਾਂ ਦਾ ਉਜਾੜਾ ਕਰਨਗੇ ਅਤੇ ਹੋਰ ਸਨਅਤੀ ਤਿਆਰ ਮਾਲ ਛੋਟੇ ਸਨਅਤਕਾਰਾਂ ਤੇ ਛੋਟੇ ਵਪਾਰੀਆਂ/ਕਾਰੋਬਾਰੀਆਂ ਦਾ ਉਜਾੜਾ ਕਰੇਗਾ। ਉਹਨਾਂ ਕਿਹਾ ਕਿ ਮੋਦੀ ਹਕੂਮਤ ਅਮਰੀਕੀ ਸਾਮਰਾਜੀਆਂ ਦੇ ਦਬਾਅ ਮੂਹਰੇ ਝੁਕ ਕੇ ਦੇਸ਼ ਨਾਲ ਧਰੋਹ ਕਮਾ ਰਹੀ ਹੈ ਜਦਕਿ ਮੁਲਕ ਅੰਦਰ ਖਰੀ ਰਾਸ਼ਟਰਵਾਦੀ ਸਰਕਾਰ ਹੋਣ ਦੇ ਦਾਅਵੇ ਕਰਦੀ ਰਹੀ ਹੈ ਅਸਲੀਅਤ ਵਿੱਚ ਇਹ ਸਰਕਾਰ ਆਪਣੀ ਫਿਰਕੂ ਰਾਸ਼ਟਰਵਾਦੀ ਸਿਆਸਤ ਦੇ ਜ਼ਰੀਏ ਸਾਮਰਾਜੀਆਂ ਦੀ ਸੇਵਾ ਕਮਾ ਰਹੀ ਹੈ। ਉਹਨਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਕਿਸਾਨਾਂ ਦੇ ਸਖਤ ਵਿਰੋਧ ਦੇ ਮਗਰੋਂ ਰੱਦ ਕੀਤੀ ਗਈ ਲੁਟੇਰੀ ਲੈਂਡ ਪੂਲਿੰਗ ਨੀਤੀ ਮੁੜ ਲਿਆ ਕੇ ਕਾਰਪੋਰੇਟ ਕਾਰੋਬਾਰੀਆਂ ਤੇ ਰੀਅਲ ਅਸਟੇਟ ਦੀਆਂ ਜੋਕਾਂ ਨੂੰ ਹਰ ਹਾਲ ਕਿਸਾਨਾਂ ਦੀਆਂ ਜ਼ਮੀਨਾਂ ਲੁਟਾਉਣਾ ਚਾਹੁੰਦੀ ਹੈ। ਉਹਨਾਂ ਐਲਾਨ ਕੀਤਾ ਕਿ ਪੰਜਾਬ ਦੇ ਕਿਸਾਨ ਅਜਿਹੀ ਖੇਤੀ ਉਜਾੜੂ ਤੇ ਕਿਸਾਨ ਉਜਾੜੂ ਨੀਤੀ ਨੂੰ ਲਾਗੂ ਨਹੀਂ ਹੋਣ ਦੇਣਗੇ।

ਇਸ ਮੌਕੇ ਸੰਬੋਧਨ ਕਰਦਿਆਂ ਝੰਡਾ ਸਿੰਘ ਜੇਠੂਕੇ ਅਤੇ ਗੁਰਦੀਪ ਸਿੰਘ ਰਾਮਪੁਰਾ ਨੇ ਇਰਾਨ ’ਤੇ ਅਮਰੀਕੀ ਸਾਮਰਾਜ ਵੱਲੋਂ ਵਿੱਢੇ ਹੋਏ ਫੌਜੀ ਹਮਲੇ ਦੀ ਸਖਤ ਨਿੰਦਾ ਕੀਤੀ। ਉਹਨਾਂ ਕਿਹਾ ਕਿ ਇਹ ਹਮਲਾ ਇਰਾਨ ਨੂੰ ਲੁੱਟਣ ਅਤੇ ਸਾਰੇ ਮੱਧ ਪੂਰਬ ਅੰਦਰ ਤੇਲ ’ਤੇ ਕਬਜ਼ਾ ਜਮਾ ਕੇ ਰੱਖਣ ਲਈ ਇਰਾਨੀ ਟਾਕਰਾ ਖਤਮ ਕਰਨ ਲਈ ਕੀਤਾ ਗਿਆ ਹੈ। ਅਮਰੀਕੀ ਸਾਮਰਾਜੀ ਹੁਕਮਰਾਨ ਦੁਨੀਆਂ ਭਰ ਦੇ ਦੇਸ਼ਾਂ ਨੂੰ ਲੁੱਟਣ ਲਈ ਆਪਣੇ ਸਮਝੌਤੇ ਤੇ ਲੋਟੂ ਨੀਤੀਆਂ ਮੜ੍ਹ ਰਹੇ ਹਨ ਅਤੇ ਇਹਨਾਂ ਨੀਤੀਆਂ ਖਿਲਾਫ ਆਵਾਜ਼ ਉਠਾਉਣ ਵਾਲੇ ਦੇਸ਼ਾਂ ਦੇ ਹੁਕਮਰਾਨਾਂ ਨੂੰ ਕਤਲ ਕਰਨ ਤੇ ਮੁਲਕਾਂ ਤੇ ਹਮਲੇ ਕਰਨ ਤੱਕ ਜਾ ਰਹੇ ਹਨ। ਮੋਦੀ ਸਰਕਾਰ ਹੱਕੀ ਜੰਗ ਲੜ ਰਹੇ ਇਰਾਨ ਨਾਲ ਖੜਨ ਦੀ ਥਾਂ ਅਮਰੀਕੀ ਸਾਮਰਾਜੀਆਂ ਦੀ ਚਾਕਰੀ ਵਿੱਚ ਇਜ਼ਰਾਈਲ ਤੇ ਅਮਰੀਕਾ ਦਾ ਸਾਥ ਦੇ ਰਹੀ ਹੈ। ਇਸ ਜੰਗ ਦੀ ਆੜ ਲੈ ਕੇ ਪੈਟਰੋਲ ਡੀਜ਼ਲ ਤੇ ਰਸੋਈ ਗੈਸ ਦੀਆਂ ਕੀਮਤਾਂ ਦੇ ਵਧੇ ਰਾਹੀਂ ਲੋਕਾਂ ਤੇ ਭਾਰੀ ਬੋਝ ਪਾਇਆ ਜਾ ਰਿਹਾ ਹੈ। ਉਹਨਾਂ ਮੰਗ ਕੀਤੀ ਕਿ ਇਹਨਾਂ ਕੀਮਤਾਂ ’ਚ ਕੀਤੇ ਵਾਧੇ ਵਾਪਸ ਲਏ ਜਾਣ ਅਤੇ ਬਹੁਕੌਮੀ ਕੰਪਨੀਆਂ, ਵੱਡੇ ਸਰਮਾਏਦਾਰਾਂ ਤੇ ਭੌਂ-ਸਰਦਾਰਾਂ ’ਤੇ ਸਿੱਧੇ ਭਾਰੀ ਟੈਕਸ ਲਾ ਕੇ ਖਜ਼ਾਨਾ ਭਰਿਆ ਜਾਵੇ ਅਤੇ ਖਜ਼ਾਨੇ ਦਾ ਮੂੰਹ ਲੋਕਾਂ ਵੱਲ ਖੋਲਿਆ ਜਾਵੇ।

ਔਰਤ ਆਗੂ ਹਰਿੰਦਰ ਬਿੰਦੂ ਨੇ ਆਪਣੇ ਭਾਸ਼ਣ ਰਾਹੀਂ ਔਰਤਾਂ ਨੂੰ ਸੰਘਰਸ਼ਾਂ ਦੇ ਪਿੜ ਮੱਲਣ ਦਾ ਸੱਦਾ ਦਿੰਦਿਆਂ ਕਿਹਾ ਕਿ ਸਮਾਜ ਅੰਦਰ ਸਭ ਤੋਂ ਵੱਧ ਮਹਿੰਗਾਈ ਦੀ ਮਾਰ ਔਰਤ ਭੈਣਾਂ ਝੱਲਦੀਆਂ ਹਨ। ਇਸ ਲਈ ਇਸ ਵਰਗ ਨੂੰ ਵੱਧ ਜ਼ੋਰ ਨਾਲ ਲੜਾਈ ਦੇ ਮੈਦਾਨ ਵਿੱਚ ਨਿੱਤਰਨਾ ਪਊ। ਬੀਕੇਯੂ (ਏਕਤਾ ਡਕੌਂਦਾ) ਦੇ ਆਗੂ ਅੰਗਰੇਜ਼ ਸਿੰਘ ਭਦੌੜ ਨੇ ਸਾਰੇ ਤਬਕਿਆਂ ਨੂੰ ਸਾਂਝੇ ਘੋਲਾਂ ਦੇ ਰਾਹ ਪੈਣ ਦਾ ਸੱਦਾ ਦਿੱਤਾ।

## ਭਾਰਤ-ਅਮਰੀਕਾ ਵਪਾਰ ਸਮਝੌਤੇ ਖ਼ਿਲਾਫ਼ ਡਟੇ ਕਿਸਾਨ

### ਕਿਸਾਨਾਂ ਨੇ ਟੌਲ ਪਲਾਜ਼ੇ ਪਰਚੀ ਮੁਕਤ ਕੀਤੇ; ਡੱਲੇਵਾਲ ਨੇ ਸਰਕਾਰਾਂ ’ਤੇ ਨਿਸ਼ਾਨਾ ਸੇਧਿਆ



ਬਠਿੰਡਾ : ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਨੇ ਸੰਯੁਕਤ ਕਿਸਾਨ ਮੋਰਚਾ (ਗ਼ੈਰ-ਰਾਜਨੀਤਕ) ਦੇ ਸੱਦੇ ’ਤੇ ਅੱਜ ਬਠਿੰਡਾ ਜ਼ਿਲ੍ਹੇ ਵਿਚਲੇ ਲਹਿਰਾ, ਜੱਸੀ ਬਾਗ ਵਾਲੀ, ਬੱਲੂਆਣਾ, ਸ਼ੇਖ਼ੂਪੁਰਾ ਤੇ ਜੀਦਾ ਟੌਲ ਪਲਾਜ਼ਿਆਂ ’ਤੇ ਧਰਨੇ ਲਾ ਕੇ ਕਰੀਬ 5 ਘੰਟਿਆਂ ਲਈ ਪਲਾਜ਼ਿਆਂ ਨੂੰ ਟੌਲ ਮੁਕਤ ਕੀਤਾ। ਧਰਨਿਆਂ ਦੀ ਅਗਵਾਈ ਕਾਕਾ ਸਿੰਘ ਕੋਟੜਾ, ਰੇਸ਼ਮ ਸਿੰਘ ਯਾਤਰੀ, ਮੁਖਤਿਆਰ ਸਿੰਘ, ਗੁਰਮੇਲ ਸਿੰਘ ਨੇ ਕੀਤੀ। ਐੱਸ ਕੇ ਐਮ (ਗ਼ੈਰ-ਰਾਜਨੀਤਕ) ਦੇ ਕਨਵੀਨਰ ਅਤੇ ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦੇ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ ਨੇ ਜੀਦਾ ਟੌਲ ਪਲਾਜ਼ੇ ਤੋਂ ਹੋਰ ਪਲਾਜ਼ਿਆਂ ’ਤੇ ਬੈਠੇ ਕਿਸਾਨਾਂ ਨੂੰ ਆਨ-ਲਾਈਨ ਸੰਬੋਧਨ ਕੀਤਾ। ਡੱਲੇਵਾਲ ਨੇ ਲੈਂਡ ਮਾਰਗੇਜ਼ ਬੈਂਕਾਂ ਵਿੱਚ ਹੋ ਰਹੀਆਂ ਕਥਿਤ ਬੇਨਿਯਮੀਆਂ ਅਤੇ ਕਿਸਾਨਾਂ ਨਾਲ ਧੋਖਾਧੜੀ ਦੇ ਮਾਮਲੇ ਉਠਾਏ। ਡੱਲੇਵਾਲ ਨੇ ਪੰਜਾਬ ਸਰਕਾਰ ਦੀ ਲੈਂਡ ਪੂਲਿੰਗ ਨੀਤੀ ਦਾ ਵੀ ਵਿਰੋਧ ਕੀਤਾ। ਉਨ੍ਹਾਂ ਭਾਰਤ-ਅਮਰੀਕਾ ਵਪਾਰ ਸਮਝੌਤੇ ’ਤੇ ਚਿੰਤਾ ਪ੍ਰਗਟਾਈ।

ਇਸੇ ਦੌਰਾਨ ਭਾਰਤੀ ਕਿਸਾਨ ਯੂਨੀਅਨ (ਏਕਤਾ ਸਿੱਧੂਪੁਰ) ਵੱਲੋਂ ਵੱਖ-ਵੱਖ ਕਿਸਾਨੀ ਮੰਗਾਂ ਨੂੰ ਲੈ ਕੇ ਪੰਜਾਬ ਭਰ ਦੇ ਛੋਟੇ-ਵੱਡੇ ਟੌਲ ਪਲਾਜ਼ਿਆਂ ਨੂੰ ਪਰਚੀ ਮੁਕਤ ਕਰਨ ਦੇ ਐਲਾਨ ਤਹਿਤ ਅੱਜ ਮਾਲਵਾ ਖੇਤਰ ਵਿੱਚ ਵੱਖ-ਵੱਖ ਥਾਈਂ ਟੌਲ ਪਲਾਜ਼ਾ ਨੂੰ ਸਵੇਰੇ 11 ਤੋਂ ਸ਼ਾਮ 4 ਵਜੇ ਤੱਕ ਟੌਲ ਮੁਕਤ ਰੱਖਿਆ ਗਿਆ। ਮਾਨਸਾ ਜ਼ਿਲ੍ਹੇ ਵਿੱਚ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਤਰਸੇਮ ਸਿੰਘ ਗੋਬਿੰਦਪੁਰਾ ਦੀ ਅਗਵਾਈ ਹੇਠ ਬੁਢਲਾਡਾ-ਪਟਿਆਲਾ ਰੋਡ ’ਤੇ ਸਥਿਤ ਪਿੰਡ ਚੋਟੀਆਂ ਵਿੱਚ ਟੌਲ ਪਲਾਜ਼ਾ ’ਤੇ ਧਰਨਾ ਲਗਾ ਕੇ ਪਰਚੀ ਮੁਕਤ ਕੀਤਾ ਗਿਆ। ਉਨ੍ਹਾਂ ਕਿਹਾ ਕਿ ਦੋਸ਼ ਲਾਇਆ ਕਿ ਪੰਜਾਬ ਸਰਕਾਰ ਕੇਂਦਰ ਦੀਆਂ ਨੀਤੀਆਂ ’ਤੇ ਚੱਲਦਿਆਂ ਸੂਬੇ ਦੀ ਉਪਜਾਊ ਅਤੇ ਜ਼ਰਖੇਜ਼ ਖੇਤੀਬਾੜੀ ਜ਼ਮੀਨ ਨੂੰ ਲੈਂਡ ਪੂਲਿੰਗ ਨੀਤੀ ਰਾਹੀਂ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਨ ਦੀ ਤਿਆਰੀ ਕਰ ਰਹੀ ਹੈ। ਉਨ੍ਹਾਂ ਮੰਗ ਕੀਤੀ ਕਿ ਭਾਰਤ-ਅਮਰੀਕਾ ਮੁਕਤ ਵਪਾਰ ਸਮਝੌਤੇ ਵਿੱਚੋਂ ਖੇਤੀਬਾੜੀ, ਡੇਅਰੀ ਅਤੇ ਪੋਲਟਰੀ ਖੇਤਰ ਨੂੰ ਬਾਹਰ ਰੱਖਿਆ ਜਾਵੇ। ਉਨ੍ਹਾਂ ਚਿਤਾਵਨੀ ਦਿੰਦਿਆਂ ਕਿਹਾ ਕਿ ਜੇ ਕਿਸਾਨਾਂ ਦੀਆਂ ਮੰਗਾਂ ਜਲਦ ਪੂਰੀਆਂ ਨਾ ਕੀਤੀਆਂ ਗਈਆਂ ਤਾਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ।

## ਕਿਸਾਨਾਂ ਵੱਲੋਂ ਚੰਡੀਗੜ੍ਹ ਵਿੱਚ ਮੋਟਰਸਾਈਕਲ ਮਾਰਚ

### ਭਾਰਤ-ਅਮਰੀਕਾ ਵਪਾਰ ਸਮਝੌਤੇ ਤੇ ਲੈਂਡ ਪੂਲਿੰਗ ਨੀਤੀ ਲਈ ਸਰਕਾਰਾਂ ਨੂੰ ਘੇਰਿਆ



ਚੰਡੀਗੜ੍ਹ : ਕਿਸਾਨ ਜਥੇਬੰਦੀਆਂ ਨੇ ਕੇਂਦਰ ਤੇ ਸੂਬਾ ਸਰਕਾਰ ਨਾਲ ਸਬੰਧਤ ਵੱਖ-ਵੱਖ ਮੰਗਾਂ ਨੂੰ ਲੈ ਕੇ ਸੰਘਰਸ਼ ਦਾ ਰਾਹ ਅਖ਼ਤਿਆਰ ਕਰ ਲਿਆ ਹੈ। ਕਿਸਾਨਾਂ ਤੇ ਮਜ਼ਦੂਰਾਂ ਦੀਆਂ ਵੱਖ-ਵੱਖ ਮੰਗਾਂ ਨੂੰ ਲੈ ਕੇ ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਦੀ ਅਗਵਾਈ ਹੇਠ ਵੱਡੀ ਗਿਣਤੀ ਕਿਸਾਨਾਂ ਨੇ ਰਾਜਧਾਨੀ ਚੰਡੀਗੜ੍ਹ ’ਚ ਮੋਟਰਸਾਈਕਲ ਮਾਰਚ ਕੱਢਿਆ। ਮਾਰਚ ਮੁਹਾਲੀ ਤੋਂ ਸ਼ੁਰੂ ਹੋ ਕੇ ਚੰਡੀਗੜ੍ਹ ਦੇ ਸੈਕਟਰ 34 ਗਰਾਊਂਡ ਵਿੱਚ ਪਹੁੰਚਿਆ। ਕਿਸਾਨਾਂ ਨੇ ਪੰਜਾਬ ਦੇ ਪਾਣੀਆਂ ਦੀ ਰਾਖੀ ਲਈ, ਭਾਰਤ-ਅਮਰੀਕਾ ਵਪਾਰ ਸਮਝੌਤੇ ਤੇ ਲੈਂਡ ਪੂਲਿੰਗ ਨੀਤੀ ਰੱਦ ਕਰਾਉਣ ਅਤੇ ਹੋਰਨਾਂ ਮੰਗਾਂ ਬਾਰੇ ਕੇਂਦਰ ਤੇ ਸੂਬਾ ਸਰਕਾਰ ਦੀ ਘੇਰਾਬੰਦੀ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਮੁੱਖ ਮੰਤਰੀ ਭਗਵੰਤ ਮਾਨ ਦੇ ਨਾਮ ਮੰਗ ਪੱਤਰ ਸੌਂਪੇ। ਮੰਗ ਪੱਤਰ ਚੰਡੀਗੜ੍ਹ ਦੀ ਐੱਸ ਡੀ ਐੱਮ (ਦੱਖਣੀ) ਈਸ਼ਾ ਕੰਬੋਜ ਨੇ ਹਾਸਲ ਕੀਤਾ। ਕਿਸਾਨ ਜਥੇਬੰਦੀਆਂ ਨੇ ਕੇਂਦਰ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇ ਭਾਰਤ-ਅਮਰੀਕਾ ਵਪਾਰ ਸਮਝੌਤਾ ਲਾਗੂ ਕੀਤਾ ਗਿਆ ਤਾਂ ਕਿਸਾਨਾਂ ਵੱਲੋਂ ਦੇਸ਼ ਵਿਆਪੀ ਅੰਦੋਲਨ ਵਿੱਢਿਆ ਜਾਵੇਗਾ।

ਯੂਨੀਅਨ ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਨੇ ਪੰਜਾਬ ਸਰਕਾਰ ਕੋਲੋਂ ਵਿਧਾਨ ਸਭਾ ਵਿੱਚ ਪਾਣੀਆਂ ਦੇ ਗੈਰ-ਸੰਵਿਧਾਨਕ ਸਮਝੌਤੇ ਰੱਦ ਕਰਨ ਦਾ ਮਤਾ ਪਾਸ ਕਰਨ ਦੀ ਮੰਗ ਕੀਤੀ। ਕਿਸਾਨਾਂ ਨੇ ਪੰਜਾਬ ਪੁਨਰਗਠਨ ਐਕਟ ਦੀ ਧਾਰਾ 78, 79 ਤੇ 80 ਰੱਦ ਕਰਨ ਅਤੇ ਪੰਜਾਬ ਦੇ ਪਿੰਡਾਂ ਤੇ ਸ਼ਹਿਰਾਂ ਤੱਕ ਪੀਣ ਵਾਲਾ ਸਾਫ ਪਾਣੀ ਪਹੁੰਚਾਉਣ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਕਿਸਾਨਾਂ ਨੂੰ ਸਾਰੀਆਂ ਫ਼ਸਲਾਂ ’ਤੇ ਐੱਮ ਐੱਸ ਪੀ ਦੀ ਕਾਨੂੰਨੀ ਗਾਰੰਟੀ ਦੇਣ ਦਾ ਵਾਧਾ ਕਰ ਕੇ ਗਰੰਟੀ ਨਹੀਂ ਦਿੱਤੀ। ਕਿਸਾਨਾਂ ਨੇ ਪੰਜਾਬ ਸਰਕਾਰ ਵੱਲੋਂ ਲਿਆਂਦੀ ਨਵੀਂ ਲੈਂਡ ਪੂਲਿੰਗ ਨੀਤੀ ਦਾ ਵਿਰੋਧ ਕੀਤਾ ਤੇ ਕਿਹਾ ਕਿ ਇਸ ਨੂੰ ਲਾਗੂ ਨਹੀਂ ਹੋਣ ਦਿੱਤਾ ਜਾਵੇਗਾ। ਕਿਸਾਨੀ ਕਰਜ਼ੇ ਮੁਆਫ ਕੀਤੇ ਜਾਣ ਅਤੇ ਪਾਕਿਸਤਾਨ ਤੇ ਮੱਧ ਪੂਰਬ ਨਾਲ ਵਪਾਰ ਸ਼ੁਰੂ ਕਰਨ ਲਈ ਵਾਹਗਾ ਤੇ ਹੁਸੈਨੀਵਾਲਾ ਬਾਰਡਰ ਖੋਲ੍ਹੇ ਜਾਣ। 58 ਸਾਲ ਤੋਂ ਵੱਧ ਉਮਰ ਦੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਨੂੰ 10 ਹਜ਼ਾਰ ਰੁਪਏ ਮਹੀਨਾ ਪੈਨਸ਼ਨ ਦਿੱਤੀ ਜਾਵੇ ਅਤੇ ਡੀਜ਼ਲ ਤੇ ਪੈਟਰੋਲ ਦੀਆਂ ਕੀਮਤਾਂ ਘਟਾਈਆਂ ਜਾਣ। ਕਿਸਾਨਾਂ ਨੇ ਕੇਂਦਰ ਸਰਕਾਰ ਤੋਂ ਬਿਜਲੀ ਸੋਧ ਬਿੱਲ ਅਤੇ ਸੀਡ ਬਿੱਲ ਨੂੰ ਸੰਸਦ ਵਿੱਚ ਪੇਸ਼ ਨਾ ਕਰਨ ਦੀ ਮੰਗ ਕੀਤੀ।

## ਕਿਸਾਨੀ ਮੰਗਾਂ ਨੂੰ ਲੈ ਕੇ ਬੀਕੇਯੂ ਅਤੇ ਸਿੱਧੂਪੁਰ ਵੱਲੋਂ ਸੂਬੇ ਭਰ ’ਚ ਟੌਲ ਪਲਾਜ਼ੇ ਪਰਚੀ ਮੁਕਤ

ਪਟਿਆਲਾ : ਭਾਰਤੀ ਕਿਸਾਨ ਯੂਨੀਅਨ ਏਕਤਾ (ਸਿੱਧੂਪੁਰ/ਡੱਲੇਵਾਲ) ਦੇ ਸੂਬਾਈ ਸੱਦੇ ’ਤੇ ਅੱਜ ਕਿਸਾਨਾਂ ਵੱਲੋਂ ਵੱਖ-ਵੱਖ ਥਾਵਾਂ ’ਤੇ ਟੌਲ ਪਲਾਜ਼ਿਆਂ ਨੂੰ ਪਰਚੀ ਮੁਕਤ ਕਰ ਕੇ ਪੰਜਾਬ ਸਰਕਾਰ ਵਿਰੁੱਧ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ ਗਿਆ। ਯੂਨੀਅਨ ਵੱਲੋਂ ਪੂਰੇ ਪੰਜਾਬ ਵਿੱਚ ਸਵੇਰੇ 11:00 ਵਜੇ ਤੋਂ ਲੈ ਕੇ ਸ਼ਾਮ 4:00 ਵਜੇ ਤੱਕ ਟੌਲ ਪਲਾਜ਼ੇ ਮੁਫ਼ਤ ਕਰਨ ਦਾ ਐਲਾਨ ਕੀਤਾ ਗਿਆ ਸੀ, ਜਿਸ ਤਹਿਤ ਕਿਸਾਨਾਂ ਨੇ ਵੱਖ-ਵੱਖ ਹਾਈਵੇਅ ’ਤੇ ਧਰਨੇ ਲਾਏ।

ਯੂਨੀਅਨ ਦੇ ਸੱਦੇ ’ਤੇ ਸਵੇਰੇ 11:00 ਵਜੇ ਕਿਸਾਨਾਂ ਨੇ ਬਨੂੜ ਤੋਂ ਜ਼ੀਰਕਪੁਰ ਨੂੰ ਜਾਂਦੇ ਕੌਮੀ





ਮਾਰਗ ’ਤੇ ਪੈਂਦੇ ਅਜ਼ੀਜ਼ਪੁਰ ਟੌਲ ਪਲਾਜ਼ਾ ਨੂੰ ਪੂਰੀ ਤਰ੍ਹਾਂ ਪਰਚੀ ਮੁਕਤ ਕਰ ਦਿੱਤਾ। ਕਿਸਾਨਾਂ ਵੱਲੋਂ ਟੌਲ ਪਲਾਜ਼ਾ ’ਤੇ ਧਰਨਾ ਆਰੰਭ ਦਿੱਤਾ ਗਿਆ ਹੈ, ਜਿਸ ਵਿੱਚ ਸੂਬਾਈ ਆਗੂ ਮਾਨ ਸਿੰਘ ਰਾਜਪੁਰਾ, ਤਰਲੋਚਨ ਸਿੰਘ ਨੰਡਿਆਲੀ, ਗੁਰਮੀਤ ਸਿੰਘ ਸਿਆਊ ਅਤੇ ਹੋਰ ਪ੍ਰਮੁੱਖ ਆਗੂ ਵਿਸ਼ੇਸ਼ ਤੌਰ ’ਤੇ ਮੌਜੂਦ ਹਨ। ਇਸ ਦੌਰਾਨ ਕਿਸਾਨਾਂ ਵੱਲੋਂ ਆਪਣੀਆਂ ਹੱਕੀ ਮੰਗਾਂ ਲਈ ਪੰਜਾਬ ਸਰਕਾਰ ਦੇ ਖ਼ ?ਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ।

ਦੂਜੇ ਪਾਸੇ, ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ’ਤੇ ਬੀ.ਕੇ.ਯੂ. (ਡੱਲੇਵਾਲ) ਜ਼ਿਲ੍ਹਾ ਪਟਿਆਲਾ ਵੱਲੋਂ ਪਟਿਆਲਾ-ਰਾਜਪੁਰਾ ਰੋਡ ’ਤੇ ਸਥਿਤ ਧਰੇੜੀ ਜੱਟਾਂ ਟੌਲ ਪਲਾਜ਼ਾ ’ਤੇ ਵੀ ਧਰਨਾ ਮਾਰ ਕੇ ਇਸ ਨੂੰ ਵਾਹਨਾਂ ਲਈ ਪਰਚੀ ਮੁਕਤ ਕਰ ਦਿੱਤਾ ਗਿਆ। ਇਸ ਧਰਨੇ ਦੀ ਅਗਵਾਈ ਕਰਦਿਆਂ ਯੂਨੀਅਨ ਦੇ ਜ਼ਿਲ੍ਹਾ ਕਨਵੀਨਰ ਜਗਦੀਪ ਸਿੰਘ ਅਲੂਣਾ ਨੇ ਸਰਕਾਰ ਦੀਆਂ ਨੀਤੀਆਂ ਦੀ ਸਖ਼ਤ ਨਿਖੇਧੀ ਕੀਤੀ।

# ਅਮਰੀਕੀ ਹਮਲੇ ਨਾਲ ਈਰਾਨ ਵਿੱਚ ਭਾਰੀ ਤਬਾਹੀ, 30 ਤੋਂ ਵੱਧ ਮੌਤਾਂ, 260 ਤੋਂ ਵੱਧ ਜ਼ਖਮੀ



ਅਮਰੀਕਾ ਦੁਆਰਾ ਈਰਾਨ 'ਤੇ ਕੀਤੇ ਗਏ ਹਵਾਈ ਹਮਲਿਆਂ ਨਾਲ ਇਸਲਾਮਿਕ ਗਣਰਾਜ ਵਿੱਚ ਭਾਰੀ ਤਬਾਹੀ ਹੋਈ ਹੈ। ਈਰਾਨੀ ਸਰਕਾਰ ਦੀ ਬੁਲਾਰਾ ਫਾਤਮੇਹ ਮੋਹਾਜੇਰਾਨੀ ਨੇ ਬੁੱਧਵਾਰ ਨੂੰ ਦੱਸਿਆ ਕਿ ਈਰਾਨ 'ਤੇ ਅਮਰੀਕਾ ਦੁਆਰਾ ਕੀਤੇ ਗਏ ਹਵਾਈ ਹਮਲਿਆਂ ਵਿੱਚ ਹਾਲ ਹੀ ਦੇ ਦਿਨਾਂ ਵਿੱਚ 30 ਤੋਂ ਵੱਧ ਲੋਕਾਂ ਦੀ ਮੌਤ ਹੋਈ ਹੈ। ਹਾਲਾਂਕਿ, ਫਾਤਮੇਹ ਮੋਹਾਜੇਰਾਨੀ ਨੇ ਇਹ ਸਾਫ਼ ਨਹੀਂ ਕੀਤਾ ਕਿ ਉਨ੍ਹਾਂ ਨੇ 30 ਤੋਂ ਵੱਧ ਮੌਤਾਂ ਦਾ ਅੰਕੜਾ ਕਿਸ ਸਮੇਂ ਦੌਰਾਨ ਦਾ ਦਿੱਤਾ ਹੈ। ਈਰਾਨ ਦੀ ਸਰਕਾਰ ਵੱਲੋਂ ਇਹ ਬਿਆਨ ਅਜਿਹੇ ਸਮੇਂ ਆਇਆ ਹੈ ਜਦੋਂ ਈਰਾਨ ਦੇ ਸਿਹਤ ਮੰਤਰਾਲੇ ਦੇ ਬੁਲਾਰੇ ਨੇ ਦੱਸਿਆ ਕਿ ਰਾਤ ਭਰ ਹੋਏ ਅਮਰੀਕੀ ਹਵਾਈ ਹਮਲਿਆਂ ਵਿੱਚ 260 ਤੋਂ ਵੱਧ ਲੋਕ ਜ਼ਖਮੀ ਹੋਏ ਹਨ।

ਅਮਰੀਕੀ ਹਮਲੇ ਵਿੱਚ ਦੱਖਣ-ਪੂਰਬੀ ਈਰਾਨ ਵਿੱਚ ਸੱਤ ਸੈਨਿਕਾਂ ਦੀ ਮੌਤ

ਈਰਾਨੀ ਫੌਜ ਨੇ ਕਿਹਾ ਹੈ ਕਿ ਈਰਾਨਸ਼ਹਿਰ ਦੇ ਬੰਪੂਰ ਗੈਰੀਸਨ 'ਤੇ ਹੋਏ ਅਮਰੀਕੀ ਹਮਲੇ ਵਿੱਚ ਉਸਦੇ ਸੱਤ ਸੈਨਿਕਾਂ ਦੀ ਮੌਤ ਹੋਈ ਹੈ। ਨਾਲ ਹੀ ਈਰਾਨੀ ਫੌਜ ਨੇ ਕਿਹਾ ਕਿ ਸਹੀ ਸਮਾਂ ਆਉਣ 'ਤੇ ਇਸ ਹਮਲੇ ਦਾ ਫੈਸਲਾਕੁੰਨ ਜਵਾਬ ਦਿੱਤਾ ਜਾਵੇਗਾ। ਫੌਜ ਨੇ ਇਸ ਹਮਲੇ ਨੂੰ ਕਾਇਰਤਾਪੂਰਨ ਹਮਲਾ ਕਰਾਰ ਦਿੱਤਾ ਹੈ। ਫੌਜ ਦੇ ਅਨੁਸਾਰ, ਅਮਰੀਕੀ ਫੌਜ ਨੇ ਬੰਪੂਰ ਸਥਿਤ ਫੌਜੀ ਬੈਰਕ 'ਤੇ 13 ਮਿਜ਼ਾਈਲਾਂ ਦਾਗੀਆਂ।

ਇਸ ਹਮਲੇ ਵਿੱਚ 388ਵੀਂ ਬ੍ਰਿਗੇਡ ਦੇ ਸੱਤ ਸੈਨਿਕਾਂ ਦੀ ਮੌਤ ਹੋ ਗਈ, ਜਦੋਂ ਕਿ ਕਈ ਹੋਰ ਜ਼ਖਮੀ ਹੋਏ ਹਨ। ਈਰਾਨੀ ਫੌਜ ਨੇ ਦਾਅਵਾ ਕੀਤਾ ਕਿ 'ਨਿਸ਼ਕਿਰਿਆ ਰੱਖਿਆ ਉਪਾਵਾਂ' ਕਾਰਨ ਜਾਨੀ ਨੁਕਸਾਨ ਨੂੰ ਸੀਮਤ ਰੱਖਣ ਵਿੱਚ ਮਦਦ ਮਿਲੀ। ਫੌਜ ਦਾ ਦੋਸ਼ ਹੈ ਕਿ ਅਮਰੀਕੀ ਹਮਲਿਆਂ ਦਾ ਉਦੇਸ਼ ਵੱਧ ਤੋਂ ਵੱਧ ਜਾਨੀ ਨੁਕਸਾਨ ਪਹੁੰਚਾਉਣਾ ਸੀ। ਇਸ ਤਹਿਤ ਫੌਜੀ ਅੱਡੇ ਦੇ ਗੈਸਟ ਹਾਊਸ, ਸੁਰੱਖਿਆ ਚੌਕੀਆਂ ਅਤੇ ਰਿਹਾਇਸ਼ੀ ਸਹੂਲਤਾਂ ਨੂੰ ਨਿਸ਼ਾਨਾ ਬਣਾਇਆ ਗਿਆ।

**ਅਮਰੀਕੀ ਹਵਾਈ ਹਮਲਿਆਂ ਵਿੱਚ 260 ਤੋਂ ਵੱਧ ਲੋਕ ਜ਼ਖਮੀ :** ਈਰਾਨ 'ਤੇ ਅਮਰੀਕਾ ਦੁਆਰਾ ਰਾਤ ਭਰ ਕੀਤੇ ਗਏ ਤਾਜ਼ਾ ਹਵਾਈ ਹਮਲਿਆਂ ਵਿੱਚ 260 ਤੋਂ ਵੱਧ ਲੋਕ ਜ਼ਖਮੀ ਹੋਏ ਹਨ। ਇਹ ਜਾਣਕਾਰੀ ਈਰਾਨ ਦੇ ਸਿਹਤ ਮੰਤਰਾਲੇ ਦੇ ਇੱਕ ਅਧਿਕਾਰੀ ਨੇ ਬੁੱਧਵਾਰ ਨੂੰ ਦਿੱਤੀ। ਹਾਲ ਹੀ ਦੇ ਦਿਨਾਂ ਵਿੱਚ ਈਰਾਨ ਅਤੇ ਅਮਰੀਕਾ ਵਿਚਕਾਰ ਵਧਦੇ ਤਣਾਅ ਦੌਰਾਨ ਹੋਏ ਕਿਸੇ ਵੀ ਹੋਰ ਹਮਲੇ ਦੀ ਤੁਲਨਾ ਵਿੱਚ ਇਸ ਵਾਰ ਜ਼ਖਮੀਆਂ ਦੀ ਗਿਣਤੀ ਕਿਤੇ ਵੱਧ ਦੱਸੀ ਗਈ ਹੈ।

ਦੋਵਾਂ ਦੇਸ਼ਾਂ ਵਿਚਕਾਰ ਫਾਰਸ ਦੀ ਖਾੜੀ ਦੇ ਪ੍ਰਵੇਸ਼ ਦੁਆਰ ਮੰਨੇ ਜਾਣ ਵਾਲੇ ਹੋਰਮੁਜ਼ ਜਲਡਮਰੂਮੱਧ 'ਤੇ ਕੰਟਰੋਲ ਨੂੰ ਲੈ ਕੇ ਤਣਾਅ ਬਣਿਆ ਹੋਇਆ ਹੈ। ਦੁਨੀਆ ਵਿੱਚ ਸਮੁੰਦਰੀ ਮਾਰਗ ਰਾਹੀਂ ਹੋਣ ਵਾਲੇ ਤੇਲ ਅਤੇ ਕੁਦਰਤੀ ਗੈਸ ਦੇ ਕਾਰੋਬਾਰ ਦਾ ਵੱਡਾ ਹਿੱਸਾ ਇਸੇ ਰਣਨੀਤਕ ਜਲਮਾਰਗ ਤੋਂ ਹੋ ਕੇ ਲੰਘਦਾ ਹੈ।

### ਮੁਸ਼ਕਲ ਘੜੀ 'ਚ ਅਫ਼ਗਾਨਿਸਤਾਨ ਦੇ ਨਾਲ ਖੜਿਆ ਭਾਰਤ

## ਵਾਪਸ ਪਰਤ ਰਹੇ ਸ਼ਰਨਾਰਥੀਆਂ ਦੇ ਮੁੜ-ਵਸੇਬੇ ਲਈ ਭੇਜੇ ਵਿਸ਼ੇਸ਼ ਟੈਂਟ; ਕਾਬੁਲ 'ਚ ਸੌਂਪੀ ਗਈ ਰਾਹਤ ਸਮੱਗਰੀ !





ਕਾਬੁਲ : ਭਾਰਤ ਸਰਕਾਰ ਵੱਲੋਂ ਅਫ਼ਗਾਨਿਸਤਾਨ ਦੇ ਲੋਕਾਂ ਦੀ ਮਦਦ ਲਈ ਨਿਰੰਤਰ ਚਲਾਈ ਜਾ ਰਹੀ ਮਾਨਵਤਾਵਾਦੀ ਸਹਾਇਤਾ (Humanitarian Assistance) ਦੇ ਤਹਿਤ ਇੱਕ ਹੋਰ ਵੱਡੀ ਖੇਪ ਕਾਬੁਲ ਪਹੁੰਚਾਈ ਗਈ। ਭਾਰਤ ਨੇ ਵੱਖ-ਵੱਖ ਦੇਸ਼ਾਂ ਤੋਂ ਅਫ਼ਗਾਨਿਸਤਾਨ ਵਾਪਸ ਪਰਤ ਰਹੇ ਅਫ਼ਗਾਨ ਨਾਗਰਿਕਾਂ (Afghan returnees) ਦੇ ਰਹਿਣ-ਸਹਿਣ ਅਤੇ ਮੁੜ-ਵਸੇਬੇ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਅਫ਼ਗਾਨਿਸਤਾਨ ਦੇ 'ਸ਼ਰਨਾਰਥੀ ਅਤੇ ਮੁੜ-ਵਸੇਬਾ ਮੰਤਰਾਲੇ' (MoRR) ਨੂੰ ਪਰਿਵਾਰਕ ਟੈਂਟ (Family Tents) ਸੌਂਪੇ ਹਨ।

ਇਹ ਰਾਹਤ ਸਮੱਗਰੀ ਅਫ਼ਗਾਨਿਸਤਾਨ ਵਿੱਚ ਬੁਨਿਆਦੀ ਸਹੂਲਤਾਂ ਅਤੇ ਛੱਤ ਤੋਂ ਵਾਂਝੇ ਪਰਿਵਾਰਾਂ ਨੂੰ ਫੌਰੀ ਤੌਰ 'ਤੇ ਆਸਰਾ ਦੇਣ ਵਿੱਚ ਬੇਹੱਦ ਮਦਦਗਾਰ ਸਾਬਤ ਹੋਵੇਗੀ।

ਭਾਰਤ ਦੀ 'ਨੇਬਰਹੁੱਡ ਫਸਟ' ਨੀਤੀ ਅਤੇ ਮਦਦ (The Humanitarian Bond)

ਭਾਰਤ ਨੇ ਹਮੇਸ਼ਾ ਹੀ ਸਿਆਸੀ ਉਥਲ-ਪੁਥਲ ਤੋਂ ਦੂਰ ਰਹਿ ਕੇ ਅਫ਼ਗਾਨਿਸਤਾਨ ਦੇ ਆਮ ਲੋਕਾਂ ਦੀ ਭਲਾਈ ਨੂੰ ਤਰਜੀਹ ਦਿੱਤੀ ਹੈ:

**ਮੁੜ-ਵਸੇਬੇ ਲਈ ਵੱਡੀ ਹਮਾਇਤ:** ਗੁਆਂਢੀ ਦੇਸ਼ਾਂ ਤੋਂ ਵੱਡੀ ਗਿਣਤੀ ਵਿੱਚ ਵਾਪਸ ਆਪਣੇ ਵਤਨ ਪਰਤ ਰਹੇ ਅਫ਼ਗਾਨ ਪਰਿਵਾਰਾਂ ਦੇ ਸਿਰ 'ਤੇ ਇਸ ਵੇਲੇ ਛੱਤ ਨਹੀਂ ਹੈ। ਭਾਰਤ ਵੱਲੋਂ ਭੇਜੇ ਗਏ ਇਹ ਉੱਚ-ਮਿਆਰੀ ਫੈਮਿਲੀ ਟੈਂਟ ਇਨ੍ਹਾਂ ਲੋਕਾਂ ਨੂੰ ਤੁਰੰਤ ਆਸਰਾ (Shelter) ਦੇਣ ਵਿੱਚ ਵੱਡੀ ਭੂਮਿਕਾ ਨਿਭਾਉਣਗੇ।

**ਨਿਰੰਤਰ ਸਪਲਾਈ:** ਇਸ ਤੋਂ ਪਹਿਲਾਂ ਵੀ ਭਾਰਤ ਵੱਲੋਂ ਅਫ਼ਗਾਨਿਸਤਾਨ ਦੇ ਲੋਕਾਂ ਲਈ ਹਜ਼ਾਰਾਂ ਮੀਟ੍ਰਿਕ ਟਨ ਕਣਕ, ਜੀਵਨ-ਰੱਖਿਅਕ ਦਵਾਈਆਂ, ਟੀਕੇ ਅਤੇ ਸਰਦੀਆਂ ਦੇ ਕੱਪੜੇ ਭੇਜੇ ਜਾ ਚੁੱਕੇ ਹਨ, ਜਿਸ ਦੀ ਗਲੋਬਲ ਪੱਧਰ 'ਤੇ ਸ਼ਲਾਘਾ ਹੋਈ ਹੈ।

**ਅਫ਼ਗਾਨ ਪ੍ਰਸ਼ਾਸਨ ਨੇ ਜਤਾਇਆ ਭਾਰਤ ਦਾ ਆਭਾਰ :** ਕਾਬੁਲ ਵਿਖੇ ਹੋਏ ਇੱਕ ਰਸਮੀ ਪ੍ਰੋਗਰਾਮ ਦੌਰਾਨ ਭਾਰਤੀ ਪ੍ਰਤੀਨਿਧੀਆਂ ਨੇ ਇਹ ਸਮੱਗਰੀ ਅਫ਼ਗਾਨਿਸਤਾਨ ਦੇ ਸਬੰਧਤ ਵਿਭਾਗ ਦੇ ਹਵਾਲੇ ਕੀਤੀ। ਇਸ ਮੌਕੇ ਅਫ਼ਗਾਨਿਸਤਾਨ ਦੇ ਸ਼ਰਨਾਰਥੀ ਮੰਤਰਾਲੇ (MoRR) ਦੇ ਅਧਿਕਾਰੀਆਂ ਨੇ ਮੁਸ਼ਕਲ ਸਮੇਂ ਵਿੱਚ ਨਿਰੰਤਰ ਮਦਦ ਭੇਜਣ ਲਈ ਭਾਰਤ ਸਰਕਾਰ ਅਤੇ ਭਾਰਤੀ ਲੋਕਾਂ ਦਾ ਦਿਲੋਂ ਧੰਨਵਾਦ ਪ੍ਰਗਟਾਇਆ। ਸਿਆਸੀ ਮਾਹਰਾਂ ਮੁਤਾਬਕ, ਭਾਰਤ ਦਾ ਇਹ ਕਦਮ ਦਰਸਾਉਂਦਾ ਹੈ ਕਿ ਨਵੀਂ ਦਿੱਲੀ ਅਫ਼ਗਾਨਿਸਤਾਨ ਦੇ ਨਾਲ ਆਪਣੇ ਇਤਿਹਾਸਕ ਅਤੇ ਭਾਈਚਾਰਕ ਸਬੰਧਾਂ ਨੂੰ ਮਜ਼ਬੂਤ ਰੱਖਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਸੋਸ਼ਲ ਮੀਡੀਆ 'ਤੇ ਇਸ ਰਾਹਤ ਸਮੱਗਰੀ ਨੂੰ ਸੌਂਪਣ ਦੀਆਂ ਤਸਵੀਰਾਂ ਭਾਰਤ ਅਤੇ ਅਫ਼ਗਾਨਿਸਤਾਨ ਦੇ ਆਪਸੀ ਸਨੇਹ ਦੇ ਪ੍ਰਤੀਕ ਵਜੋਂ ਦੇਖੀਆਂ ਜਾ ਰਹੀਆਂ ਹਨ।

### ਵਤਨ ਪਰਤੀਆਂ ਲਾਸ਼ਾਂ, ਮੁੰਬਈ ਹਵਾਈ ਅੱਡੇ 'ਤੇ ਮਚਿਆ ਚੀਕ-ਚਿਹਾੜਾ

## ਵੀਅਤਨਾਮ ਕਿਸ਼ਤੀ ਹਾਦਸੇ ਦੇ ਮ੍ਰਿਤਕਾਂ ਦੀਆਂ ਦੇਹਾਂ ਲੈ ਕੇ ਵਿਸ਼ੇਸ਼ ਜਹਾਜ਼ ਪਹੁੰਚਿਆ ਭਾਰਤ !





ਮੁੰਬਈ : ਵੀਅਤਨਾਮ ਦੇ ਪ੍ਰਸਿੱਧ ਸੈਰ-ਸਪਾਟਾ ਸਥਾਨ ਫੂ ਕੁਓਕ (Phu Quoc) ਵਿਖੇ ਬੀਤੀ 11 ਜੁਲਾਈ ਨੂੰ ਵਾਪਰੇ ਭਿਆਨਕ ਅਤੇ ਦਰਦਨਾਕ ਟੂਰਿਸਟ ਕਿਸ਼ਤੀ ਹਾਦਸੇ ਵਿੱਚ ਆਪਣੀ ਜਾਨ ਗੁਆਉਣ ਵਾਲੇ ਭਾਰਤੀ ਨਾਗਰਿਕਾਂ ਦੀਆਂ ਮ੍ਰਿਤਕ ਦੇਹਾਂ (Mortal Remains) ਅੱਜ ਸੋਮਵਾਰ ਨੂੰ ਵਤਨ ਵਾਪਸ ਪਹੁੰਚ ਗਈਆਂ ਹਨ। ਵੀਅਤਨਾਮ ਤੋਂ ਇਨ੍ਹਾਂ ਦੇਹਾਂ ਨੂੰ ਲੈ ਕੇ ਆਇਆ ਵਿਸ਼ੇਸ਼ ਹਵਾਈ ਜਹਾਜ਼ ਅੱਜ ਮੁੰਬਈ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਉਤਰਿਆ।

ਹਵਾਈ ਅੱਡੇ 'ਤੇ ਮ੍ਰਿਤਕਾਂ ਦੀਆਂ ਦੇਹਾਂ ਪਹੁੰਚਦਿਆਂ ਹੀ ਉੱਥੇ ਮੌਜੂਦ ਪਰਿਵਾਰਕ ਮੈਂਬਰਾਂ ਅਤੇ ਰਿਸ਼ਤੇਦਾਰਾਂ ਵਿੱਚ ਚੀਕ-ਚਿਹਾੜਾ ਮਚ ਗਿਆ ਅਤੇ ਮਾਹੌਲ ਪੂਰੀ ਤਰ੍ਹਾਂ ਗ਼ਮਗੀਨ ਹੋ ਗਿਆ।

ਕੌਮਾਂਤਰੀ ਤਾਲਮੇਲ ਰਾਹੀਂ ਲਿਆਂਦੀਆਂ ਗਈਆਂ ਦੇਹਾਂ (The Repatriation Process)

ਹਾਦਸੇ ਦੇ ਤੁਰੰਤ ਬਾਅਦ ਤੋਂ ਹੀ ਭਾਰਤੀ ਵਿਦੇਸ਼ ਮੰਤਰਾਲਾ ਅਤੇ ਵੀਅਤਨਾਮ ਸਥਿਤ ਭਾਰਤੀ ਦੂਤਾਵਾਸ ਪੀੜਤ ਪਰਿਵਾਰਾਂ ਦੀ ਮਦਦ ਲਈ ਸਰਗਰਮ ਸਨ:


**ਤੇਜ਼ੀ ਨਾਲ ਮੁਕੰਮਲ ਹੋਈਆਂ ਕਾਨੂੰਨੀ ਰਸਮਾਂ:** ਵਿਦੇਸ਼ ਮੰਤਰਾਲੇ ਦੇ ਨਿਰਦੇਸ਼ਾਂ 'ਤੇ ਵੀਅਤਨਾਮੀ ਪ੍ਰਸ਼ਾਸਨ ਨਾਲ ਤਾਲਮੇਲ ਕਰਕੇ ਸਾਰੀਆਂ ਕਾਨੂੰਨੀ ਅਤੇ ਮੈਡੀਕਲ ਪ੍ਰਕਿਰਿਆਵਾਂ ਨੂੰ ਬਿਨਾਂ ਕਿਸੇ ਦੇਰੀ ਦੇ ਤੇਜ਼ੀ ਨਾਲ ਪੂਰਾ ਕੀਤਾ ਗਿਆ, ਤਾਂ ਜੋ ਪੀੜਤ ਪਰਿਵਾਰਾਂ ਨੂੰ ਦੇਹਾਂ ਸੌਂਪਣ ਵਿੱਚ ਮੁਸ਼ਕਲ ਨਾ ਆਵੇ।

**ਸਸਕਾਰ ਲਈ ਜੱਦੀ ਪਿੰਡਾਂ ਰਵਾਨਗੀ:** ਮੁੰਬਈ ਹਵਾਈ ਅੱਡੇ 'ਤੇ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਹਾਜ਼ਰੀ ਵਿੱਚ ਦੇਹਾਂ ਨੂੰ ਸਤਿਕਾਰ ਸਹਿਤ ਹਾਸਲ ਕੀਤਾ ਗਿਆ ਅਤੇ ਕਾਗਜ਼ੀ ਕਾਰਵਾਈ ਤੋਂ ਬਾਅਦ ਉਨ੍ਹਾਂ ਨੂੰ ਪਰਿਵਾਰਕ ਮੈਂਬਰਾਂ ਦੇ ਹਵਾਲੇ ਕਰ ਦਿੱਤਾ ਗਿਆ, ਤਾਂ ਜੋ ਜੱਦੀ ਪਿੰਡਾਂ ਵਿੱਚ ਇਨ੍ਹਾਂ ਦਾ ਅੰਤਿਮ ਸਸਕਾਰ ਕੀਤਾ ਜਾ ਸਕੇ।

ਮਾਤਮ ਦੇ ਸਾਏ ਹੇਠ ਪਰਿਵਾਰਕ ਮੈਂਬਰ (A Sombere Atmosphere)

ਹਵਾਈ ਅੱਡੇ 'ਤੇ ਹਾਜ਼ਰ ਮ੍ਰਿਤਕਾਂ ਦੇ ਨਜ਼ਦੀਕੀਆਂ ਨੇ ਭਰੇ ਮਨ ਨਾਲ ਭਾਰਤ ਸਰਕਾਰ ਅਤੇ ਵੀਅਤਨਾਮ ਵਿੱਚ ਭਾਰਤੀ ਦੂਤਾਵਾਸ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਇਸ ਮੁਸ਼ਕਲ ਅਤੇ ਦੁਖਦਾਈ ਘੜੀ ਵਿੱਚ ਉਨ੍ਹਾਂ ਦਾ ਸਾਥ ਦਿੱਤਾ ਅਤੇ ਮ੍ਰਿਤਕ ਦੇਹਾਂ ਨੂੰ ਜਲਦੀ ਭਾਰਤ ਲਿਆਉਣ ਵਿੱਚ ਹਰ ਸੰਭਵ ਸਹਾਇਤਾ ਪ੍ਰਦਾਨ ਕੀਤੀ।

ਸੋਸ਼ਲ ਮੀਡੀਆ 'ਤੇ ਮੁੰਬਈ ਹਵਾਈ ਅੱਡੇ ਤੋਂ ਸਾਹਮਣੇ ਆਈਆਂ ਤਸਵੀਰਾਂ ਅਤੇ ਵੀਡੀਓਜ਼ (Visuals) ਦੇਖ ਕੇ ਹਰ ਅੱਖ ਨਮ ਹੋ ਰਹੀ ਹੈ। ਲੋਕ ਇਸ ਦਰਦਨਾਕ ਹਾਦਸੇ ਦਾ ਸ਼ਿਕਾਰ ਹੋਏ ਸੈਲਾਨੀਆਂ ਦੀ ਆਤਮਿਕ ਸ਼ਾਂਤੀ ਲਈ ਅਰਦਾਸਾਂ ਕਰ ਰਹੇ ਹਨ।


COMPLETE SOLAR & BATTERY
STARTING AT $23,000
For a standard 5kW Solar & 14kWh Battery system
Price is for installation on code-compliant homes.
Electrical panel or roof upgrades are extra.
TSP
ROOFING & SOLAR
Permits and Utility Approvals Included
Main Panel Upgrade Bundle from $3,000
CALL OR TEXT HARRY FOR A QUOTE | (925) 537-2732
TSP SOLAR SALES AND SERVICES (DBA TSP ROOFING AND SOLAR) | CSLB Contractor License #1096233 (C-10 Electrical, C-39 Roofing, B-General Building) Represented by: Harkaran Singh (HIS Registration #167489 SP) | Pricing & offer details vary by location & applicant.

## ਵੈਨੇਜ਼ੁਏਲਾ ਭੂਚਾਲ ਤ੍ਰਾਸਦੀ: ਬਚਾਅ ਕਾਰਜਾਂ ਲਈ ਅੱਗੇ ਆਈ ਅਮਰੀਕੀ ਹਵਾਈ ਫ਼ੌਜ ਦੀ ‘FBAst CRW’

# ਹਵਾਈ ਅੱਡੇ ਦਾ ਕੰਟਰੋਲ ਸੰਭਾਲ ਕੇ ਤੇਜ਼ ਕੀਤੀ ਰਾਹਤ ਸਮੱਗਰੀ ਦੀ ਸਪਲਾਈ !












ਕਾਰਾਕਸ/ਵੈਨੇਜ਼ੁਏਲਾ: ਕਿਸੇ ਭਿਆਨਕ ਕੁਦਰਤੀ ਆਫ਼ਤ ਦੇ ਸਮੇਂ ਗਲੋਬਲ ਪੱਧਰ ’ਤੇ ਦਿੱਤੇ ਜਾਣ ਵਾਲੇ ‘ਤੁਰੰਤ ਹੁੰਗਾਰੇ’ (Rapid Global Response) ਨੂੰ ਇੱਕ ਸਿੰਗਲ ਫੋਟੋ ਵਿੱਚ ਬਿਆਨ ਕਰਨਾ ਬੇਹੱਦ ਮੁਸ਼ਕਲ ਹੈ, ਪਰ ਸਾਹਮਣੇ ਆਈਆਂ ਪੰਜ ਵਿਸ਼ੇਸ਼ ਤਸਵੀਰਾਂ ਵੈਨੇਜ਼ੁਏਲਾ ਵਿੱਚ ਚੱਲ ਰਹੇ ਵੱਡੇ ਰਾਹਤ ਕਾਰਜਾਂ ਦੀ ਪੂਰੀ ਕਹਾਣੀ ਖੁੱਲ੍ਹ ਕੇ ਬਿਆਨ ਕਰ ਰਹੀਆਂ ਹਨ। ਵੈਨੇਜ਼ੁਏਲਾ (Venezuela) ਵਿੱਚ ਆਏ ਵਿਨਾਸ਼ਕਾਰੀ ਭੂਚਾਲ ਤੋਂ ਬਾਅਦ ਪੀੜਤਾਂ ਦੀ ਮਦਦ ਲਈ ਅਮਰੀਕੀ ਹਵਾਈ ਫ਼ੌਜ ਦੀ ਮਾਹਰ ਯੂਨਿਟ ‘FBAst Contingency Response Wing’ (CRW) ਨੇ ਮੋਰਚਾ ਸੰਭਾਲ ਲਿਆ ਹੈ। ਇਸ ਮੁਸ਼ਕਲ ਘੜੀ ਵਿੱਚ, ਇਸ ਵਿਸ਼ੇਸ਼ ਵਿੰਗ ਦੇ ਜਵਾਨ ਪ੍ਰਭਾਵਿਤ ਇਲਾਕਿਆਂ ਤੱਕ ਰਾਹਤ ਸਮੱਗਰੀ ਪਹੁੰਚਾਉਣ ਅਤੇ ਅੰਤਰਰਾਸ਼ਟਰੀ ਮਦਦ ਨੂੰ ਜ਼ਮੀਨੀ ਪੱਧਰ ’ਤੇ ਲਾਗੂ ਕਰਨ ਲਈ ਦਿਨ-ਰਾਤ ਇੱਕ ਕਰ ਰਹੇ ਹਨ।

ਕਿਵੇਂ ਕੰਮ ਕਰ ਰਹੀ ਹੈ ਇਹ ਰਣਨੀਤਕ ਯੂਨਿਟ (The Relief Operations)

ਹਵਾਈ ਸੰਪਰਕ ਟੁੱਟਣ ਅਤੇ ਬੁਨਿਆਦੀ ਢਾਂਚਾ ਤਬਾਹ ਹੋਣ ਕਾਰਨ ਪੈਦਾ ਹੋਈਆਂ ਚੁਣੌਤੀਆਂ ਦੇ ਵਿਚਕਾਰ ‘FBAst CRW’ ਵੱਲੋਂ ਹੇਠ ਲਿਖੇ ਅਹਿਮ ਕਾਰਜ ਕੀਤੇ ਜਾ ਰਹੇ ਹਨ:

**ਏਅਰਫੀਲਡ ਆਪ੍ਰੇਸ਼ਨਾਂ ਦੀ ਸਥਾਪਨਾ:** ਰਾਹਤ ਗਤੀਵਿਧੀਆਂ ਨੂੰ ਤੇਜ਼ ਕਰਨ ਲਈ ਸਭ ਤੋਂ ਪਹਿਲਾਂ ਪ੍ਰਭਾਵਿਤ ਖੇਤਰ ਦੇ ਹਵਾਈ ਅੱਡਿਆਂ (Airfield Operations) ਨੂੰ ਮੁੜ ਚਾਲੂ ਕੀਤਾ ਗਿਆ ਹੈ, ਤਾਂ ਜੋ ਵੱਡੇ ਮਿਲਟਰੀ ਕਾਰਗੋ ਜਹਾਜ਼ ਆਸਾਨੀ ਨਾਲ ਉਤਰ ਸਕਣ।

**ਸਥਾਨਕ ਹਵਾਈ ਖੇਤਰ ਦਾ ਪ੍ਰਬੰਧਨ:** ਭੀੜ-ਭੜੱਕੇ ਅਤੇ ਐਮਰਜੈਂਸੀ ਵਾਲੀ ਸਥਿਤੀ ਵਿੱਚ ਸਥਾਨਕ ਏਅਰਸਪੇਸ (Local Airspace) ਨੂੰ ਬੇਹੱਦ ਪੇਸ਼ੇਵਰ ਤਰੀਕੇ ਨਾਲ ਮੈਨੇਜ ਕੀਤਾ ਜਾ ਰਿਹਾ ਹੈ ਤਾਂ ਜੋ ਰਾਹਤ ਜਹਾਜ਼ਾਂ ਦੀ ਆਵਾਜਾਈ ਸੁਰੱਖਿਅਤ ਰਹੇ।

**ਕਾਰਗੋ ਲੋਡਿੰਗ-ਅਨਲੋਡਿੰਗ ਤੇ ਗਾਈਡੈਂਸ:** ਜਹਾਜ਼ਾਂ ਵਿੱਚੋਂ ਭਾਰੀ ਮਾਤਰਾ ਵਿੱਚ ਆ ਰਹੀਆਂ ਜੀਵਨ-ਰੱਖਿਅਕ ਦਵਾਈਆਂ, ਟੈਂਟ, ਅਤੇ ਖਾਣ-ਪੀਣ ਦੇ ਸਾਮਾਨ (Cargo Offloading) ਨੂੰ ਤੁਰੰਤ ਉਤਾਰਿਆ ਜਾ ਰਿਹਾ ਹੈ ਅਤੇ ਬਾਹਰੋਂ ਆਉਣ ਵਾਲੇ ਹੋਰਨਾਂ ਸੁਰੱਖਿਆ ਬਲਾਂ (Incoming Forces) ਦਾ ਸਹੀ ਮਾਰਗਦਰਸ਼ਨ ਕੀਤਾ ਜਾ ਰਿਹਾ ਹੈ।

ਮਾਨਵਤਾ ਦੀ ਸੇਵਾ ’ਚ ਗਲੋਬਲ ਮੋਰਚਾ! ਵੈਨੇਜ਼ੁਏਲਾ ਵਿੱਚ ਆਏ ਭੂਚਾਲ ਤੋਂ ਬਾਅਦ ਅਮਰੀਕੀ ਹਵਾਈ ਫ਼ੌਜ ਦੀ FBAst CRW ਯੂਨਿਟ ਵੱਲੋਂ ਏਅਰਫੀਲਡ ਆਪ੍ਰੇਸ਼ਨ ਸਥਾਪਤ ਕਰਕੇ ਰਾਹਤ ਅਤੇ ਬਚਾਅ ਕਾਰਜਾਂ ਨੂੰ ਬੇਹੱਦ ਤੇਜ਼ੀ ਨਾਲ ਨੇਪਰੇ ਚਾੜ੍ਹਿਆ ਜਾ ਰਿਹਾ ਹੈ।

## ‘ਐਕਸਰਸਾਈਜ਼ ਰੈਜ਼ੋਲਿਊਟ ਸੈਂਟੀਨਲ-ਸਾਲੀਤਰ 2026’

# ਟੈਕਸਾਸ ਗਾਰਡ ਅਤੇ ਚੀਲੀਅਨ ਹਵਾਈ ਫ਼ੌਜ ਨੇ ਸਾਂਝੇ ਯੁੱਧ ਅਭਿਆਸ ’ਚ ਦਿਖਾਈ ਜੰਗੀ ਤਾਕਤ !








Photo credit : United States Air Force

ਸੈਂਟੀਆਗੋ/ਟੈਕਸਾਸ: ਨਜ਼ਦੀਕੀ ਲੜਾਈ (Close-Quarters Battle-CQB), ਰਣਨੀਤਕ ਕਮਰਾ-ਸਫ਼ਾਈ (Tactical Room-Clearing) ਅਤੇ ਬਹੁ-ਰਾਸ਼ਟਰੀ ਭਾਈਵਾਲੀ (Multinational Partnerships) ਵਿੱਚ ਕੀ ਸਾਂਝਾ ਹੈ ? ਇਸ ਦਾ ਇੱਕੋ-ਇੱਕ ਜਵਾਬ ਹੈ—‘ਐਕਸਰਸਾਈਜ਼ ਰੈਜ਼ੋਲਿਊਟ ਸੈਂਟੀਨਲ-ਸਾਲੀਤਰ 2026’ (Exercise Resolute Sentinel-Salitre 2026)।

ਇਸ ਵੱਕਾਰੀ ਅਤੇ ਅੰਤਰਰਾਸ਼ਟਰੀ ਫੌਜੀ ਅਭਿਆਸ ਦੌਰਾਨ ਟੈਕਸਾਸ ਏਅਰ ਨੈਸ਼ਨਲ ਗਾਰਡ ਦੇ ਡਿਫੈਂਡਰਾਂ (Defenders) ਅਤੇ ਚੀਲੀਅਨ ਏਅਰ ਫੋਰਸ ਦੇ ਇਨਫੈਂਟਰੀਮੈਨ (Infantrymen) ਨੇ ਇੱਕਜੁੱਟ ਹੋ ਕੇ ਆਪਣੀਆਂ ਜੰਗੀ ਰਣਨੀਤੀਆਂ ਨੂੰ ਹੋਰ ਮਜ਼ਬੂਤ ਕੀਤਾ। ਦੋਵਾਂ ਦੇਸ਼ਾਂ ਦੇ ਜਵਾਨਾਂ ਨੇ ਕਿਸੇ ਵੀ ਖ਼ਤਰਨਾਕ ਸਥਿਤੀ ਅਤੇ ਚੁਣੌਤੀਪੂਰਨ ਮਾਹੌਲ ਦਾ ਸਾਹਮਣਾ ਕਰਨ ਲਈ ਅਡਵਾਂਸਿੰਗ ਚਾਲਾਂ (Advancing Maneuvers) ਅਤੇ ਰੱਖਿਆਤਮਕ ਪੋਜੀਸ਼ਨਿੰਗ (Defensive Positioning) ਦਾ ਸਾਂਝਾ ਅਭਿਆਸ ਕੀਤਾ।

ਇੱਕ ਸਿੰਗਲ ਯੂਨਿਟ ਵਜੋਂ ਕੀਤਾ ਆਪ੍ਰੇਸ਼ਨ (Operating as One Cohesive Unit)

ਇਸ ਸਾਂਝੇ ਅਭਿਆਸ ਦਾ ਮੁੱਖ ਉਦੇਸ਼ ਦੋਵਾਂ ਦੇਸ਼ਾਂ ਦੇ ਸੁਰੱਖਿਆ ਬਲਾਂ ਦੇ ਵਿਚਕਾਰ ਆਪਸੀ ਤਾਲਮੇਲ ਨੂੰ ਇੰਨਾ ਮਜ਼ਬੂਤ ਕਰਨਾ ਸੀ ਕਿ ਉਹ ਮੈਦਾਨ-ਏ-ਜੰਗ ਵਿੱਚ ਦੁਸ਼ਮਣ ਦੇ ਖ਼ਿਲਾਫ਼ ਇੱਕਜੁੱਟ ਹੋ ਕੇ ਹਮਲਾ ਕਰ ਸਕਣ:

ਰਣਨੀਤਕ ਕਮਰਾ-ਸਫ਼ਾਈ (Room Clearing): ਸ਼ਹਿਰੀ ਖੇਤਰਾਂ ਵਿੱਚ ਲੁਕੇ ਅੱਤਵਾਦੀਆਂ ਜਾਂ ਦੁਸ਼ਮਣਾਂ ਦਾ ਸਫ਼ਾਇਆ ਕਰਨ ਲਈ ਬੇਹੱਦ ਜੋਖਮ ਭਰੇ ‘ਰੂਮ-ਕਲੀਅਰਿੰਗ’ ਆਪ੍ਰੇਸ਼ਨਾਂ ਦੀਆਂ ਆਧੁਨਿਕ ਤਕਨੀਕਾਂ ਸਾਂਝੀਆਂ ਕੀਤੀਆਂ ਗਈਆਂ।

ਸੁਰੱਖਿਆ ਘੇਰਾ ਮਜ਼ਬੂਤ ਕਰਨਾ: ਟੈਕਸਾਸ ਅਤੇ ਚੀਲੀ ਦੇ ਜਵਾਨਾਂ ਨੇ ਸਾਂਝੇ ਰਣਨੀਤਕ ਹਮਲਿਆਂ ਰਾਹੀਂ ਕਿਸੇ ਵੀ ਉੱਚ-ਖ਼ਤਰੇ ਵਾਲੇ ਖੇਤਰ (Threat Environment) ਨੂੰ ਪੂਰੀ ਤਰ੍ਹਾਂ ਸੁਰੱਖਿਅਤ ਅਤੇ ਕਾਬੂ ਹੇਠ ਕਰਨ ਦਾ ਸਫ਼ਲ ਅਭਿਆਸ ਕੀਤਾ।

ਸੋਸ਼ਲ ਮੀਡੀਆ ਲਈ ਇੱਕ ਦਮਦਾਰ ਕੈਪਸ਼ਨ (English/Punjabi Context)

ਜੇਕਰ ਤੁਸੀਂ ਇਸ ਰਣਨੀਤਕ ਖ਼ਬਰ ਨੂੰ ਸੋਸ਼ਲ ਮੀਡੀਆ ’ਤੇ ਪੋਸਟ ਕਰਨਾ ਚਾਹੁੰਦੇ ਹੋ, ਤਾਂ ਇਹ ਕੈਪਸ਼ਨ ਬੇਹੱਦ ਢੁਕਵਾਂ ਰਹੇਗਾ:

tactical synchronization at its finest!

What do close-quarters battle, tactical room-clearing, and multinational partnerships have in common? Exercise Resolute Sentinel-Salitre 2026. Texas Air National Guard Defenders integrated with Chilean Air Force infantrymen to operate as a single, cohesive unit—securing any threat environment through advanced maneuvers and defensive positioning.

**ਇਤਿਹਾਸ ਦੇ ਕਟਹਿਰੇ ਵਿੱਚ ਸਿੱਖ ਹਸਤੀ ਅਤੇ ਸੰਵਿਧਾਨਕ ਸੱਚ**

ਕਿਸੇ ਵੀ ਕੌਮ ਦੀ ਹੋਂਦ-ਹਸਤੀ ਦੀ ਲੜਾਈ ਕੇਵਲ ਜੰਗ ਦੇ ਮੈਦਾਨਾਂ ਵਿੱਚ ਹੀ ਨਹੀਂ, ਸਗੋਂ ਆਉਣ ਵਾਲੀਆਂ ਨਸਲਾਂ ਦੇ ਕਾਨੂੰਨੀ ਅਤੇ ਸੰਵਿਧਾਨਕ ਦਸਤਾਵੇਜ਼ਾਂ ਦੇ ਪੰਨਿਆਂ ਵਿੱਚ ਵੀ ਲੜੀ ਜਾਂਦੀ ਹੈ। ਸੰਨ 1951 ਦਾ ਹਿੰਦੂ ਕੋਡ ਬਿੱਲ ਅਤੇ ਭਾਰਤੀ ਸੰਵਿਧਾਨ ਦੀ ਧਾਰਾ 25 (ਵਿਆਖਿਆ 99) ਅਜਿਹੇ ਹੀ ਇਤਿਹਾਸਕ ਮੋੜ ਹਨ, ਜਿੱਥੇ ਆਜ਼ਾਦ ਭਾਰਤ ਦੇ ਨਵੇਂ ਨਿਜ਼ਾਮ ਨੇ ਸਿੱਖ ਕੌਮ ਦੀ ਨਿਆਰੀ ਅਤੇ ਪ੍ਰਭੁਸੱਤਾ-ਸੰਪੰਨ ਪਛਾਣ ਨੂੰ ਇੱਕ ਬਹੁ-ਗਿਣਤੀ ਦੇ ਕਾਨੂੰਨੀ ਘੇਰੇ ਅੰਦਰ ਜਜ਼ਬ ਕਰਨ ਦੀ ਪਹਿਲੀ ਵੱਡੀ ਸੰਵਿਧਾਨਕ ਕੋਸ਼ਿਸ਼ ਕੀਤੀ। ਇਹ ਖੋਜ ਪੱਤਰ ਕੇਵਲ ਇੱਕ ਸੁੱਕਾ-ਸੜਿਆ ਕਾਨੂੰਨੀ ਮਸਲਾ ਨਹੀਂ, ਸਗੋਂ ਇਹ ਸਿੱਖ ਇਤਿਹਾਸ ਦੇ ਉਸ ਅਣਗੌਲੇ ਪਰ ਬੇਹੱਦ ਨਾਜ਼ੁਕ ਅਧਿਆਇ ਦਾ ਜੀਵੰਤ ਦਸਤਾਵੇਜ਼ ਹੈ, ਜਿੱਥੇ ਇੱਕ ਪਾਸੇ ਰਾਸ਼ਟਰੀ ਏਕੀਕਰਨ ਦੇ ਨਾਂ ਹੇਠ ਕੇਂਦਰੀ ਕਾਨੂੰਨੀ ਇਕਸਾਰਤਾ ਥੋਪਣ ਵਾਲੇ ਡਾ. ਬੀ. ਆਰ. ਅੰਬੇਦਕਰ ਖੜ੍ਹੇ ਸਨ ਅਤੇ ਦੂਜੇ ਪਾਸੇ ਪੰਜਾਬ ਦੇ ਪਿੰਡਾਂ ਦੀ ਰੂਹ ਵਿੱਚੋਂ ਉਪਜੇ ਸਦੀਵੀ 'ਰਵਾਇਤੀ ਕਾਨੂੰਨ' (Customary Law) ਅਤੇ ਗੁਰੂ ਸਾਹਿਬਾਨ ਦੁਆਰਾ ਬਖਸ਼ੀ ਵਿਲੱਖਣ ਸਿੱਖ ਹਸਤੀ ਦੀ ਰਾਖੀ ਲਈ ਸੰਸਦ ਵਿੱਚ ਹਿੱਕ ਡਾਹ ਕੇ ਖੜ੍ਹੇ ਸਰਦਾਰ ਹੁਕਮ ਸਿੰਘ ਅਤੇ ਸਰਦਾਰ ਭੂਪਿੰਦਰ ਸਿੰਘ ਮਾਨ ਵਰਗੇ ਦੂਰਅੰਦੇਸ਼ ਸਿੱਖ ਪ੍ਰਤੀਨਿਧ ਸਨ। ਆਪਣੇ ਹੱਕਾਂ ਅਤੇ ਇਤਿਹਾਸ ਤੋਂ ਬੇਖ਼ਬਰ ਕੌਮਾਂ ਅਕਸਰ ਕਾਨੂੰਨ ਦੇ ਅਦਿੱਖ ਜਾਲ ਵਿੱਚ ਉਲਝ ਕੇ ਆਪਣਾ ਵਜੂਦ ਗੁਆ ਬੈਠਦੀਆਂ ਹਨ। ਕੈਲੀਫੋਰਨੀਆ ਤੋਂ ਸਿੱਖ ਚਿੰਤਕ ਅਤੇ ਮਨੁੱਖੀ ਹੱਕਾਂ ਦੀ ਅਵਾਜ਼ ਡਾ. ਗੁਰਿੰਦਰ ਸਿੰਘ ਗਰੇਵਾਲ ਜੀ ਦਾ ਇਹ ਬੇਹੱਦ ਬਾਰੀਕੀ ਨਾਲ ਲਿਖਿਆ ਲੇਖ ਬਸਤੀਵਾਦੀ ਅਦਾਲਤਾਂ ਦੀਆਂ ਗਲਤ ਮਿਸਾਲਾਂ ਅਤੇ ਆਜ਼ਾਦ ਭਾਰਤ ਦੇ ਕਾਨੂੰਨ ਨਿਰਮਾਤਾਵਾਂ ਦੀ ਸੌੜੀ ਸੋਚ ਦਾ ਪਰਦਾਫਾਸ਼ ਕਰਦਾ ਹੈ। ਇਹ ਲੇਖ ਸਾਡੇ ਪਾਠਕਾਂ ਦੇ ਸਾਹਮਣੇ ਇਹ ਸਵਾਲ ਖੜ੍ਹਾ ਕਰਦਾ ਹੈ ਕਿ ਕੀ ਸਿੱਖਾਂ ਨੂੰ ਸੰਵਿਧਾਨਕ ਤੌਰ 'ਤੇ ਹਿੰਦੂ ਸ਼੍ਰੇਣੀ ਵਿੱਚ ਸ਼ਾਮਲ ਕਰਨਾ ਕੇਵਲ ਇੱਕ ਪ੍ਰਸ਼ਾਸਨਿਕ ਸਹੂਲਤ ਸੀ ਜਾਂ ਫਿਰ ਇਹ ਗੁਰੂ ਨਾਨਕ ਸਾਹਿਬ ਦੇ 'ਨਾ ਕੋ ਹਿੰਦੂ ਨਾ ਮੁਸਲਮਾਨ' ਦੇ ਸਿਧਾਂਤ 'ਤੇ ਇੱਕ ਗੁਪਤ ਵਾਰ—ਇੱਕ 'ਸੰਵਿਧਾਨਕ ਨਸਲਕੁਸ਼ੀ' ਸੀ? ਆਓ, ਇਤਿਹਾਸ ਦੀ ਇਸ ਕਾਨੂੰਨੀ ਪੈੜ ਦਾ ਖੁਰਾ ਨੱਪੀਏ, ਇਸ ਸੰਘਰਸ਼ ਦੀ ਗੰਭੀਰਤਾ ਨੂੰ ਸਮਝੀਏ ਅਤੇ ਆਪਣੀ ਅਗਲੀ ਪੀੜ੍ਹੀ ਨੂੰ ਆਪਣੀ ਨਿਆਰੀ ਹਸਤੀ ਦੇ ਸੰਵਿਧਾਨਕ ਸੱਚ ਤੋਂ ਜਾਣੂ ਕਰਵਾਈਏ। ---ਸਤਨਾਮ ਸਿੰਘ ਖਾਲਸਾ



ਡਾ. ਗੁਰਿੰਦਰ ਸਿੰਘ ਗਰੇਵਾਲ
209-321-3771

# ਬੀ.ਆਰ. ਅੰਬੇਦਕਰ ਅਤੇ ਸਿੱਖ ਪ੍ਰਤੀਨਿਧ

## 1951 ਦੇ ਹਿੰਦੂ ਕੋਡ ਬਿੱਲ 'ਤੇ ਸੰਸਦੀ ਬਹਿਸਾਂ

### ਸ. ਹੁਕਮ ਸਿੰਘ ਅਤੇ ਸ. ਭੂਪਿੰਦਰ ਸਿੰਘ ਮਾਨ ਵੱਲੋਂ ਸਿੱਖ ਹਸਤੀ (ਪਛਾਣ) ਦੀ ਰਾਖੀ ਲਈ ਦਿੱਤੀਆਂ ਦਲੀਲਾਂ ਦਾ ਇੱਕ ਕਾਨੂੰਨੀ ਅਤੇ ਇਤਿਹਾਸਕ ਵਿਸ਼ਲੇਸ਼ਣ

**ਅਧਿਆਇ 1:** ਭੂਮਿਕਾ (Introduction)

1951 ਦੇ ਹਿੰਦੂ ਕੋਡ ਬਿੱਲ ਦੇ ਆਲੇ-ਦੁਆਲੇ ਹੋਈਆਂ ਸੰਸਦੀ ਬਹਿਸਾਂ ਆਜ਼ਾਦ ਭਾਰਤ ਦੇ ਸ਼ੁਰੂਆਤੀ ਸਾਲਾਂ ਵਿੱਚ ਸਭ ਤੋਂ ਮਹੱਤਵਪੂਰਨ ਸੰਵਿਧਾਨਕ ਟਕਰਾਵਾਂ ਵਿੱਚੋਂ ਇੱਕ ਹਨ। ਭਾਵੇਂ ਇਸ ਕਾਨੂੰਨ ਨੂੰ ਅਧਿਕਾਰਤ ਤੌਰ 'ਤੇ ਹਿੰਦੂ ਨਿੱਜੀ ਕਾਨੂੰਨ (personal law) ਨੂੰ ਆਧੁਨਿਕ ਅਤੇ ਨਿਯਮਬੱਧ (codify) ਕਰਨ ਦੇ ਉਪਾਅ ਵਜੋਂ ਪੇਸ਼ ਕੀਤਾ ਗਿਆ ਸੀ, ਪਰ ਜਲਦੀ ਹੀ ਇਹ ਸਿੱਖ ਭਾਈਚਾਰੇ ਦੀ ਸੰਵਿਧਾਨਕ ਸਥਿਤੀ ਅਤੇ ਕਾਨੂੰਨੀ ਪਛਾਣ ਬਾਰੇ ਇੱਕ ਵੱਡੇ ਵਿਵਾਦ ਦਾ ਕੇਂਦਰ ਬਣ ਗਿਆ। ਇਸ ਬਹਿਸ ਨੇ ਧਾਰਮਿਕ ਆਜ਼ਾਦੀ, ਘੱਟ ਗਿਣਤੀਆਂ ਦੇ ਅਧਿਕਾਰਾਂ, ਕਾਨੂੰਨੀ ਨਿਰੰਤਰਤਾ ਅਤੇ ਇੱਕ ਆਧੁਨਿਕ ਲੋਕਤੰਤਰੀ ਰਾਜ ਅਤੇ ਵੱਖਰੀਆਂ ਧਾਰਮਿਕ ਪ੍ਰੰਪਰਾਵਾਂ ਵਿਚਕਾਰ ਸਬੰਧਾਂ ਬਾਰੇ ਬੁਨਿਆਦੀ ਸਵਾਲ ਖੜ੍ਹੇ ਕੀਤੇ।

ਇਨ੍ਹਾਂ ਵਿਚਾਰ-ਵਟਾਂਦਰਿਆਂ ਦੇ ਕੇਂਦਰ ਵਿੱਚ ਭਾਰਤ ਦੇ ਪਹਿਲੇ ਕਾਨੂੰਨ ਮੰਤਰੀ ਅਤੇ ਸੰਵਿਧਾਨ ਦੀ ਡਰਾਫਟ ਕਮੇਟੀ ਦੇ ਚੇਅਰਮੈਨ ਡਾ. ਬੀ. ਆਰ. ਅੰਬੇਦਕਰ ਖੜ੍ਹੇ ਸਨ। ਹਿੰਦੂ ਕੋਡ ਬਿੱਲ 'ਤੇ ਸੰਸਦੀ ਵਿਚਾਰ ਵਟਾਂਦਰੇ ਦੌਰਾਨ, ਅੰਬੇਦਕਰ ਨੇ ਅਜਿਹੇ ਕਾਨੂੰਨ ਦਾ ਬਚਾਅ ਕੀਤਾ ਜੋ ਇੱਕ ਸਾਂਝੇ ਕਾਨੂੰਨੀ ਢਾਂਚੇ ਦੇ ਤਹਿਤ ਨਾ ਸਿਰਫ਼ ਹਿੰਦੂਆਂ 'ਤੇ ਸਗੋਂ ਸਿੱਖਾਂ, ਜੈਨੀਆਂ ਅਤੇ ਬੋਧੀਆਂ 'ਤੇ ਵੀ ਲਾਗੂ ਹੁੰਦਾ ਸੀ। ਇਹ ਬਿੱਲ ਉਨ੍ਹਾਂ ਦੇ ਇਸ ਵਿਸ਼ਵਾਸ ਨੂੰ ਦਰਸਾਉਂਦਾ ਸੀ ਕਿ ਇਨ੍ਹਾਂ ਭਾਈਚਾਰਿਆਂ ਨੇ ਇਤਿਹਾਸਕ ਤੌਰ 'ਤੇ ਨਿੱਜੀ ਕਾਨੂੰਨ ਦੇ ਇੱਕ ਸਾਂਝੇ ਹਿੱਸੇ ਨੂੰ ਸਾਂਝਾ ਕੀਤਾ ਸੀ ਅਤੇ ਨਿਯਮਬੱਧ ਕਰਨ (codification) ਨੇ ਕੋਈ ਨਵਾਂ ਕਾਨੂੰਨ ਬਣਾਉਣ ਦੀ ਬਜਾਏ ਸਿਰਫ ਇੱਕ ਮੌਜੂਦਾ ਕਾਨੂੰਨੀ ਪਰੰਪਰਾ ਨੂੰ ਜਾਰੀ ਰੱਖਿਆ ਹੈ।

ਇਸਦੇ ਵਿਰੋਧ ਵਿੱਚ ਕਈ ਸਿੱਖ ਸੰਸਦ ਮੈਂਬਰ ਖੜ੍ਹੇ ਸਨ, ਜਿਨ੍ਹਾਂ ਵਿੱਚ ਸਭ ਤੋਂ ਪ੍ਰਮੁੱਖ ਸਰਦਾਰ ਹੁਕਮ ਸਿੰਘ ਅਤੇ ਸਰਦਾਰ ਭੂਪਿੰਦਰ ਸਿੰਘ ਮਾਨ ਸਨ। ਦੋਵਾਂ ਨੇ ਦਲੀਲ ਦਿੱਤੀ ਕਿ ਸਿੱਖ ਧਰਮ ਇੱਕ ਵੱਖਰੀ ਧਾਰਮਿਕ ਪਰੰਪਰਾ ਹੈ ਜਿਸ ਦੇ ਪੈਰੋਕਾਰਾਂ ਨੂੰ ਕਾਨੂੰਨੀ ਤੌਰ 'ਤੇ ਹਿੰਦੂ ਕੋਡ ਵਜੋਂ ਪਛਾਣੇ ਗਏ ਕਾਨੂੰਨ ਦੇ ਅਧੀਨ ਨਹੀਂ ਰੱਖਿਆ ਜਾਣਾ ਚਾਹੀਦਾ। ਉਨ੍ਹਾਂ ਦਾ ਵਿਰੋਧ ਨਿੱਜੀ ਕਾਨੂੰਨ ਦੇ ਤਕਨੀਕੀ ਸਵਾਲਾਂ ਤੋਂ ਪਰੇ ਸੀ। ਉਨ੍ਹਾਂ ਨੇ ਪ੍ਰਸਤਾਵਿਤ ਕਾਨੂੰਨ ਨੂੰ ਸੰਵਿਧਾਨਕ ਮਾਨਤਾ, ਲੋਕਤੰਤਰੀ ਸਲਾਹ-ਮਸ਼ਵਰੇ, ਧਾਰਮਿਕ ਆਜ਼ਾਦੀ ਅਤੇ ਸਿੱਖ ਪਛਾਣ ਦੀ ਰਾਖੀ ਬਾਰੇ ਬੁਨਿਆਦੀ ਮੁੱਦੇ ਖੜ੍ਹੇ ਕਰਨ ਵਾਲੇ ਵਜੋਂ ਦੇਖਿਆ।

ਇਹ ਲੇਖ ਉਨ੍ਹਾਂ ਸੰਸਦੀ ਬਹਿਸਾਂ ਦੀ ਵਿਸਥਾਰ ਨਾਲ ਸਮੀਖਿਆ ਕਰਦਾ ਹੈ। ਇਹ ਦੋਵਾਂ ਧਿਰਾਂ ਦੁਆਰਾ ਪੇਸ਼ ਕੀਤੀਆਂ ਕਾਨੂੰਨੀ ਦਲੀਲਾਂ ਨੂੰ ਮੁੜ ਉਜਾਗਰ ਕਰਦਾ ਹੈ, ਉਨ੍ਹਾਂ ਇਤਿਹਾਸਕ ਮਿਸਾਲਾਂ ਦਾ ਵਿਸ਼ਲੇਸ਼ਣ ਕਰਦਾ ਹੈ ਜਿਨ੍ਹਾਂ 'ਤੇ ਉਹ ਨਿਰਭਰ ਕਰਦੇ ਸਨ ਅਤੇ ਇਸ ਵਿਵਾਦ ਤੋਂ ਪੈਦਾ ਹੋਣ ਵਾਲੇ ਵਿਆਪਕ




ਸੰਵਿਧਾਨਕ ਪ੍ਰਭਾਵਾਂ ਦਾ ਮੁਲਾਂਕਣ ਕਰਦਾ ਹੈ। ਰਾਜਨੀਤਿਕ ਬਿਆਨਬਾਜ਼ੀ ਤੱਕ ਸੀਮਤ ਰਹਿਣ ਦੀ ਬਜਾਏ, ਇਹ ਚਰਚਾ ਰਾਸ਼ਟਰ-ਨਿਰਮਾਣ ਦੇ ਉਨ੍ਹਾਂ ਮੁਕਾਬਲੇਬਾਜ਼ ਸਿਧਾਂਤਾਂ ਦੀ ਪੜਚੋਲ ਕਰਦੀ ਹੈ ਜੋ ਇਸ ਬਹਿਸ ਦੇ ਅਧਾਰ ਸਨ: ਇੱਕ ਕਾਨੂੰਨੀ ਇਕਸਾਰਤਾ ਅਤੇ ਰਾਸ਼ਟਰੀ ਏਕੀਕਰਨ 'ਤੇ ਜ਼ੋਰ ਦਿੰਦਾ ਸੀ, ਜਦੋਂ ਕਿ ਦੂਜਾ ਬਹੁ-ਵਾਦ (pluralism), ਇਤਿਹਾਸਕ ਰੀਤੀ-ਰਿਵਾਜਾਂ ਅਤੇ ਘੱਟ ਗਿਣਤੀ ਪਛਾਣਾਂ ਦੀ ਸੁਰੱਖਿਆ 'ਤੇ ਜ਼ੋਰ ਦਿੰਦਾ ਸੀ।

ਭਾਵੇਂ ਇਹ ਸੰਸਦੀ ਬਹਿਸਾਂ ਸੱਤ ਦਹਾਕੇ ਪਹਿਲਾਂ ਹੋਈਆਂ ਸਨ, ਪਰ ਉਨ੍ਹਾਂ ਦੁਆਰਾ ਉਠਾਏ ਗਏ ਸਵਾਲ ਸੰਵਿਧਾਨ ਦੀ ਧਾਰਾ 25, ਨਿੱਜੀ ਕਾਨੂੰਨ ਅਤੇ ਭਾਰਤ ਵਿੱਚ ਧਾਰਮਿਕ ਘੱਟ ਗਿਣਤੀਆਂ ਦੀ ਸੰਵਿਧਾਨਕ ਸਥਿਤੀ ਬਾਰੇ ਚਰਚਾਵਾਂ ਨੂੰ ਪ੍ਰਭਾਵਿਤ ਕਰਦੇ ਰਹਿੰਦੇ ਹਨ। ਇਸ ਕਾਰਨ ਕਰਕੇ, 1951 ਦੀਆਂ ਬਹਿਸਾਂ ਸੰਵਿਧਾਨਕ ਇਤਿਹਾਸਕਾਰਾਂ, ਕਾਨੂੰਨੀ ਵਿਦਵਾਨਾਂ ਅਤੇ ਆਧੁਨਿਕ ਸਿੱਖ ਰਾਜਨੀਤਿਕ ਇਤਿਹਾਸ ਦੇ ਵਿਦਿਆਰਥੀਆਂ ਲਈ ਇੱਕ ਮਹੱਤਵਪੂਰਨ ਵਿਸ਼ਾ ਬਣੀਆਂ ਹੋਈਆਂ ਹਨ।

**ਅਧਿਆਇ 2:** ਮੁੱਖ ਭਾਗੀਦਾਰ (The Principal Participants)

**ਡਾ. ਬੀ. ਆਰ. ਅੰਬੇਦਕਰ**

ਡਾ. ਭੀਮ ਰਾਓ ਰਾਮਜੀ ਅੰਬੇਦਕਰ ਨੇ ਆਜ਼ਾਦ ਭਾਰਤ ਦੇ ਸੰਵਿਧਾਨਕ ਵਿਕਾਸ ਵਿੱਚ ਇੱਕ ਵਿਲੱਖਣ ਸਥਾਨ ਹਾਸਲ ਕੀਤਾ। ਭਾਵੇਂ ਉਹ ਵਿਆਪਕ ਤੌਰ 'ਤੇ ਸੰਵਿਧਾਨ ਦੇ ਨਿਰਮਾਣ ਨਾਲ ਜੁੜੇ ਹੋਏ ਹਨ, ਪਰ ਇਹ ਪੇਸ਼ਕਾਰੀ ਇੱਕ ਮਹੱਤਵਪੂਰਨ ਅੰਤਰ 'ਤੇ ਜ਼ੋਰ ਦਿੰਦੀ ਹੈ: ਸੰਵਿਧਾਨ ਦਾ ਸ਼ੁਰੂਆਤੀ ਖਰੜਾ ਸੰਵਿਧਾਨ ਸਭਾ ਦੇ ਸੰਵਿਧਾਨਕ ਸਲਾਹਕਾਰ ਬੀ. ਐਨ. ਰਾਓ ਦੁਆਰਾ ਤਿਆਰ ਕੀਤਾ ਗਿਆ ਸੀ। ਅੰਬੇਦਕਰ ਨੇ ਡਰਾਫਟ ਕਮੇਟੀ ਦੇ ਚੇਅਰਮੈਨ ਵਜੋਂ ਸੇਵਾ ਨਿਭਾਈ, ਜਿਨ੍ਹਾਂ ਦੀ ਜ਼ਿੰਮੇਵਾਰੀ ਅਸਲ ਖਰੜਾ ਤਿਆਰ ਕਰਨ ਦੀ ਬਜਾਏ ਸੰਵਿਧਾਨਕ ਖਰੜੇ ਦੀ ਜਾਂਚ ਕਰਨਾ, ਉਸਨੂੰ ਸੋਧਣਾ ਅਤੇ ਸੰਵਿਧਾਨ ਸਭਾ ਦੇ ਸਾਹਮਣੇ ਪੇਸ਼ ਕਰਨਾ ਸੀ।

1951 ਤੱਕ, ਅੰਬੇਦਕਰ ਭਾਰਤ ਦੇ ਪਹਿਲੇ ਕਾਨੂੰਨ ਮੰਤਰੀ ਵਜੋਂ ਸੇਵਾ ਨਿਭਾ ਰਹੇ ਸਨ। ਉਸ ਹੈਸੀਅਤ ਵਿੱਚ, ਉਨ੍ਹਾਂ ਨੇ ਅਸਥਾਈ ਪਾਰਲੀਮੈਂਟ (Provisional Parliament) ਰਾਹੀਂ ਹਿੰਦੂ ਕੋਡ ਬਿੱਲ ਨੂੰ ਪੇਸ਼ ਕੀਤਾ, ਇਸਦਾ ਬਚਾਅ ਕੀਤਾ ਅਤੇ ਇਸਦੀ ਅਗਵਾਈ ਕੀਤੀ। ਉਨ੍ਹਾਂ ਦਾ ਉਦੇਸ਼ ਵਿਆਹ, ਵਿਰਾਸਤ, ਉੱਤਰਾਧਿਕਾਰ, ਅਤੇ ਗੋਦ ਲੈਣ ਅਤੇ ਇਸ ਨਾਲ ਸਬੰਧਤ ਮਾਮਲਿਆਂ ਨੂੰ ਨਿਯੰਤਰਿਤ ਕਰਨ ਵਾਲਾ ਇੱਕ ਵਿਆਪਕ ਕਾਨੂੰਨੀ ਕੋਡ ਸਥਾਪਤ ਕਰਨਾ ਸੀ। ਸਾਰੀਆਂ ਬਹਿਸਾਂ ਦੌਰਾਨ, ਉਨ੍ਹਾਂ ਨੇ ਨਿਰੰਤਰ ਦਲੀਲ ਦਿੱਤੀ ਕਿ ਪ੍ਰਸਤਾਵਿਤ ਕਾਨੂੰਨ ਧਾਰਮਿਕ ਨਵੀਨਤਾ ਦੀ ਬਜਾਏ ਕਾਨੂੰਨੀ ਨਿਰੰਤਰਤਾ ਨੂੰ ਦਰਸਾਉਂਦਾ ਹੈ ਅਤੇ ਇਸਦਾ ਲਾਗੂ ਹੋਣਾ ਬਿਨਾਂ ਕਿਸੇ ਸੂਬਾਈ ਛੋਟ ਦੇ ਪੂਰੇ ਭਾਰਤ ਵਿੱਚ ਇਕਸਾਰ ਹੋਣਾ ਚਾਹੀਦਾ ਹੈ।

ਅੰਬੇਦਕਰ ਨਿਯਮਬੱਧਤਾ (codification) ਨੂੰ ਆਧੁਨਿਕ ਰਾਸ਼ਟਰ-ਨਿਰਮਾਣ ਵਿੱਚ ਇੱਕ ਜ਼ਰੂਰੀ ਕਦਮ ਵਜੋਂ ਦੇਖਦੇ ਸਨ। ਉਨ੍ਹਾਂ ਦੀ ਧਾਰਨਾ ਵਿੱਚ, ਇਤਿਹਾਸਕ ਤੌਰ 'ਤੇ ਸਾਂਝੇ ਨਿੱਜੀ ਕਾਨੂੰਨ ਦੁਆਰਾ ਚਲਾਏ ਜਾਣ ਵਾਲੇ ਭਾਈਚਾਰਿਆਂ ਲਈ ਇੱਕ ਇਕਸਾਰ ਕਾਨੂੰਨੀ ਢਾਂਚੇ ਦੀ ਸਿਰਜਣਾ ਨੇ ਕਾਨੂੰਨੀ ਨਿਸ਼ਚਤਤਾ ਅਤੇ ਰਾਸ਼ਟਰੀ ਏਕੀਕਰਨ ਨੂੰ ਉਤਸ਼ਾਹਿਤ ਕੀਤਾ। ਇਕਸਾਰਤਾ ਪ੍ਰਤੀ ਇਸ ਵਚਨਬੱਧਤਾ ਨੇ ਸਾਰੀ ਸੰਸਦੀ ਕਾਰਵਾਈ ਦੌਰਾਨ ਸਿੱਖਾਂ ਨੂੰ ਛੋਟ ਦੇਣ ਦੀਆਂ ਮੰਗਾਂ ਪ੍ਰਤੀ ਉਨ੍ਹਾਂ ਦੇ ਜਵਾਬਾਂ ਨੂੰ ਨਿਰਧਾਰਤ ਕੀਤਾ।

**ਸਰਦਾਰ ਭੂਪਿੰਦਰ ਸਿੰਘ ਮਾਨ**

ਬਿੱਲ ਦੇ ਮੁੱਖ ਆਲੋਚਕਾਂ ਵਿੱਚ ਸਰਦਾਰ ਭੂਪਿੰਦਰ ਸਿੰਘ ਮਾਨ ਸ਼ਾਮਲ ਸਨ, ਜੋ ਇੱਕ ਉੱਘੇ ਕਾਨੂੰਨਦਾਨ ਅਤੇ ਪੰਜਾਬ ਦੇ ਸਾਬਕਾ ਐਡਵੋਕੇਟ ਜਨਰਲ ਸਨ। ਉਨ੍ਹਾਂ ਦੇ ਕਾਨੂੰਨੀ ਕੈਰੀਅਰ ਅਤੇ ਸੰਵਿਧਾਨਕ ਮੁਹਾਰਤ ਨੇ ਉਨ੍ਹਾਂ ਦੇ ਸੰਸਦੀ ਦਖਲਅੰਦਾਜ਼ੀ ਨੂੰ ਕਾਫ਼ੀ ਮਜ਼ਬੂਤੀ ਦਿੱਤੀ। ਬਹਿਸ ਦੌਰਾਨ, ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਪੰਜਾਬ ਕੋਲ ਇੱਕ ਵਿਲੱਖਣ ਕਾਨੂੰਨੀ ਪਰੰਪਰਾ ਹੈ ਜੋ ਬ੍ਰਾਹਮਣਵਾਦੀ ਨਿਆਸ਼ਾਸਤਰ (jurisprudence) ਵਿੱਚ ਨਹੀਂ ਬਲਕਿ ਰਵਾਇਤੀ ਪੇਂਡੂ ਕਾਨੂੰਨ (customary village law) ਵਿੱਚ ਜੜ੍ਹਾਂ ਰੱਖਦੀ ਹੈ। ਉਨ੍ਹਾਂ ਦੇ ਵਿਸ਼ਲੇਸ਼ਣ ਅਨੁਸਾਰ, ਇਹ ਰਵਾਇਤੀ ਪ੍ਰਣਾਲੀ ਜ਼ਿਆਦਾਤਰ ਸਿੱਖਾਂ 'ਤੇ ਲਾਗੂ ਹੁੰਦੀ ਸੀ ਅਤੇ ਪ੍ਰਸਤਾਵਿਤ ਕੋਡ ਵਿੱਚ ਸ਼ਾਮਲ ਹਿੰਦੂ ਕਾਨੂੰਨੀ ਸਿਧਾਂਤਾਂ ਤੋਂ ਬੁਨਿਆਦੀ ਤੌਰ 'ਤੇ ਵੱਖਰੀ ਸੀ। ਲੇਖ ਵਿੱਚ ਉਨ੍ਹਾਂ ਨੂੰ ਇਨਸਾਫ਼, ਸੰਵਿਧਾਨਵਾਦ ਅਤੇ ਘੱਟ ਗਿਣਤੀਆਂ ਦੇ ਅਧਿਕਾਰਾਂ ਦੀ ਰਾਖੀ ਦੇ ਇੱਕ ਵਚਨਬੱਧ ਸਮਰਥਕ ਵਜੋਂ ਦਰਸਾਇਆ ਗਿਆ ਹੈ, ਜਿਨ੍ਹਾਂ ਦੀਆਂ ਸੰਸਦੀ ਦਲੀਲਾਂ ਨੇ ਇਸ ਕਾਨੂੰਨ ਦੀ ਸਭ ਤੋਂ ਮਜ਼ਬੂਤ ਕਾਨੂੰਨੀ ਆਲੋਚਨਾਵਾਂ ਵਿੱਚੋਂ ਇੱਕ ਨੂੰ ਰੂਪ ਦਿੱਤਾ।

ਆਪਣੇ ਇਤਰਾਜ਼ਾਂ ਨੂੰ ਕੇਵਲ ਧਾਰਮਿਕ ਦਾਅਵਿਆਂ ਵਜੋਂ ਪੇਸ਼ ਕਰਨ ਦੀ ਬਜਾਏ, ਮਾਨ ਨੇ ਉਨ੍ਹਾਂ ਨੂੰ ਨਿਆਸ਼ਾਸਤਰ, ਵਿਧਾਨਕ ਪ੍ਰਕਿਰਿਆ, ਲੋਕਤੰਤਰੀ ਜਾਇਜ਼ਤਾ ਅਤੇ ਸੰਵਿਧਾਨਕ ਸਮਾਨਤਾ ਦੇ ਸਵਾਲਾਂ ਵਜੋਂ ਪੇਸ਼ ਕੀਤਾ। ਉਨ੍ਹਾਂ ਨੇ ਦਲੀਲ ਦਿੱਤੀ ਕਿ ਸੰਸਦ ਨੂੰ ਇਤਿਹਾਸਕ ਤੌਰ 'ਤੇ ਸਥਾਪਿਤ ਕਾਨੂੰਨੀ ਪ੍ਰਣਾਲੀਆਂ ਦਾ ਸਤਿਕਾਰ ਕਰਨਾ ਚਾਹੀਦਾ ਹੈ ਅਤੇ ਪ੍ਰਭਾਵਿਤ ਭਾਈਚਾਰੇ ਦੀ ਸਹਿਮਤੀ ਤੋਂ ਬਿਨਾਂ ਉਨ੍ਹਾਂ ਨੂੰ ਇੱਕ ਕੇਂਦਰੀ ਕੋਡ ਨਾਲ ਨਹੀਂ ਬਦਲਣਾ ਚਾਹੀਦਾ।

(ਚਲਦਾ)

# ਇਲਫੋਰਡ ਵਿਖੇ ਕਰਵਾਈ ਗਈ 12ਵੀਂ ਯੂ.ਕੇ. ਗਤਕਾ ਚੈਂਪੀਅਨਸ਼ਿਪ

ਲੰਡਨ : ਸਿੰਘ ਸਭਾ ਲੰਡਨ ਈਸਟ ਗੁਰਦੁਆਰਾ ਤੇ ਖੇਡ ਕਲੱਬ ਦੇ ਸਹਿਯੋਗ ਨਾਲ ਤੇ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਦੇ ਯਤਨਾਂ ਸਦਕਾ 12ਵੀਂ ਯੂ ਕੇ ਗੱਤਕਾ ਚੈਂਪੀਅਨਸ਼ਿਪ ਕਰਵਾਈ ਗਈ। ਇਲਫੋਰਡ ਵਿਖੇ 12ਵੀਂ ਯੂ.ਕੇ. ਗੱਤਕਾ ਚੈਂਪੀਅਨਸ਼ਿਪ ਮੌਕੇ ਵਾਰਿੰਗਟਨ, ਕਵੈਂਟਰੀ, ਡਰਬੀ, ਲੇਟਨ, ਗੁੱਡਮੇਅਜ਼, ਗ੍ਰੇਵਜ਼ੈਂਡ, ਵੂਲਿਚ, ਬੋਅ ਸ਼ਹਿਰਾਂ ਤੋਂ ਪਹੁੰਚੇ 9 ਗੱਤਕਾ ਅਖਾੜਿਆਂ ਦੇ ਸਿੱਖ ਨੌਜਵਾਨਾਂ ਤੇ ਬੀਬੀਆਂ ਨੇ ਖਾਲਸਾਈ ਪ੍ਰੰਪਰਾਵਾਂ ਮੁਤਾਬਿਕ ਜੌਹਰ ਵਿਖਾਏ। ਇਹਨਾਂ ਮੁਕਾਬਲਿਆਂ 'ਚੋਂ 18 ਸਾਲ ਤੋਂ ਵੱਧ ਉਮਰ ਦੇ ਮਰਦ ਮੁਕਾਬਲਿਆਂ 'ਚੋਂ ਜੋਰਾ ਸਿੰਘ ਅਖਾੜਾ ਬਾਬਾ ਫਤਹਿ ਸਿੰਘ ਵੂਲਿਚ ਪਹਿਲੇ, ਗੁਰਦੀਪ ਸਿੰਘ ਦਮਦਮੀ ਟਕਸਾਲ ਡਰਬੀ ਦੂਜੇ ਸਥਾਨ 'ਤੇ, ਬੀਬੀਆਂ 'ਚੋਂ ਦਮਦਮੀ ਟਕਸਾਲ ਅਖਾੜੇ ਦੀਆਂ ਕਮਲਪ੍ਰੀਤ ਕੌਰ ਪਹਿਲੇ ਤੇ ਕਰਮਜੀਤ ਕੌਰ ਦੂਜੇ ਸਥਾਨ 'ਤੇ, 15 ਤੋਂ 17 ਸਾਲ ਦੇ ਲੜਕਿਆਂ ਦੇ ਮੁਕਾਬਲਿਆਂ ਤੋਂ ਹਰਸ਼ਦੀਪ



ਸਿੰਘ ਪਹਿਲੇ ਅਤੇ ਜਸਕੀਰਤ ਸਿੰਘ ਦੂਜੇ ਸਥਾਨ 'ਤੇ, ਲੜਕੀਆਂ 'ਚੋਂ ਗੁਰਸੁਖਮਨ ਕੌਰ ਅਖਾੜਾ ਅਕਾਲੀ ਫੂਲਾ ਸਿੰਘ ਪਹਿਲੇ ਤੇ ਹਰਲੀਨ ਕੌਰ ਦੂਜੇ ਸਥਾਨ 'ਤੇ, 12 ਤੋਂ 14 ਸਾਲ ਦੇ ਮੁਕਾਬਲੇ 'ਚੋਂ ਯੁਵਰਾਜ ਸਿੰਘ ਪਹਿਲੇ ਤੇ ਰਬਜੋਤ ਸਿੰਘ ਦੂਜੇ ਸਥਾਨ ਤੇ ਅਤੇ ਲੜਕੀਆਂ ਚੋਂ ਮਨਰੂਪ ਕੌਰ ਪਹਿਲੇ ਤੇ ਅਕਾਲੀ ਬਾਬਾ ਅਜੀਤ ਸਿੰਘ ਵਾਰਿੰਗਟਨ ਦੀ ਨਕੀਤਾ ਕੌਰ ਦੂਜੇ ਸਥਾਨ 'ਤੇ ਰਹੀ। ਗੱਤਕਾ ਫੈਡਰੇਸ਼ਨ ਯੂ.ਕੇ. ਦੇ ਪ੍ਰਧਾਨ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੇ ਗੁਰਦੁਆਰਾ ਸਿੰਘ ਸਭਾ ਲੰਡਨ ਈਸਟ ਬਾਰਕਿੰਗ ਤੇ ਸੈਵਨਕਿੰਗਜ਼, ਸਿੰਘ ਸਭਾ ਲੰਡਨ ਈਸਟ ਸਪੋਰਟਸ ਕਲੱਬ ਦੇ ਸੇਵਾਦਾਰਾਂ ਅਤੇ ਸਹਿਯੋਗੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਗੱਤਕਾ ਕਲਾ ਤੇ ਸ਼ਸਤਰ ਵਿੱਦਿਆ ਨੂੰ ਹੋਰ ਪ੍ਰਫੁਲਤ ਕਰਨ ਲਈ ਅਸੀਂ ਯਤਨ ਕਰ ਰਹੇ ਹਾਂ, ਤਾਂ ਕਿ ਸਵੈ ਰੱਖਿਆ ਦੇ ਨਾਲ ਨਾਲ ਨੌਜਵਾਨ ਪੀੜੀ ਸਿੱਖ ਪ੍ਰੰਪਰਾਵਾਂ ਅਤੇ ਸ਼ਸਤਰ ਵਿਦਿਆ ਦੇ ਹੁਨਰ ਨੂੰ ਸਮਝ ਸਕਣ। ਉਹਨਾਂ ਯੂ.ਕੇ. ਗੱਤਕਾ ਫੈਡਰੇਸ਼ਨ ਦੇ ਜਨਰਲ ਸਕੱਤਰ ਹਰਮਨ ਸਿੰਘ ਜੌਹਲ, ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸਤਨਾਮ ਸਿੰਘ ਸੰਧੂ, ਗੁਰਦੀਪ ਸਿੰਘ ਹੁੰਦਲ, ਖੇਡ ਕਲੱਬ ਦੇ ਪਿੰਦਰ ਸਿੰਘ ਭਰੋਲੀ, ਲਹਿੰਬਰ ਸਿੰਘ ਲੱਧੜ, ਅਜਮੇਰ ਸਿੰਘ ਮੇਲਾ, ਮੇਜਰ ਸਿੰਘ ਬਾਸੀ, ਮਨਦੀਪ ਸਿੰਘ ਬੜਿੰਗ, ਮਨਜਿੰਦਰ ਸਿੰਘ ਬੜਿੰਗ, ਰਾਣਾ ਪੱਡਾ, ਜਸਪਾਲ ਸਿੰਘ ਢੇਸੀ, ਮਨਜੀਤ ਸਿੰਘ ਸ਼ਾਲਾਪੁਰੀ, ਸਾਹਿਬ ਸਿੰਘ ਢੇਸੀ, ਨਿਸ਼ਾਨ ਸਿੰਘ ਸਲੋਹ, ਜਗਬੀਰ ਸਿੰਘ ਜੱਗਾ ਚਕਰ, ਜਸਬੀਰ ਸਿੰਘ ਢੇਸੀ, ਹਰਨੇਕ ਸਿੰਘ ਨੇਕਾ ਮੈਰੀਪੁਰ, ਸੁਖਦੇਵ ਸਿੰਘ ਸਿੱਧੂ, ਪ੍ਰਮਜੀਤ ਸਿੰਘ ਛੋਕਰ, ਕੁਲਵਿੰਦਰ ਸਿੰਘ ਸਹੋਤਾ, ਰਸ਼ਪਾਲ ਸਿੰਘ ਪਾਲਾ ਸਹੋਤਾ ਜੀ ਐਨ ਜੀ ਕਬੱਡੀ ਕਲੱਬ ਗ੍ਰੇਵਜ਼ੈਂਡ, ਡਾ: ਚਾਨਣ ਸਿੰਘ ਸਿੱਧੂ, ਜਸਬੀਰ ਸਿੰਘ ਸ਼ੇਰਗਿੱਲ, ਗੁਰਪ੍ਰੀਤ ਸਿੰਘ ਟੁੱਟ, ਕੁਲਦੀਪ ਸਿੰਘ ਰਾਏ, ਜੈਜ਼ ਸਿੰਘ ਸਿੱਧੂ, ਬਿੰਦਰ ਪੁਆਦੜਾ, ਜਸ ਬਾਠ, ਬੂਟਾ ਸਿੰਘ ਨਿੱਝਰ, ਹਰਜਿੰਦਰ ਸਿੰਘ ਜੌਹਲ, ਦਵਿੰਦਰ ਸਿੰਘ ਪਤਾਰਾ ਦਾ ਵਿਸ਼ੇਸ਼ ਧੰਨਵਾਦ ਕੀਤਾ। ਇਸ ਮੌਕੇ ਸੰਸਦ ਮੈਂਬਰ ਜਸ ਅਠਵਾਲ, ਰਾਣਾ ਪੱਡਾ, ਸੁਰਿੰਦਰ ਸਿੰਘ ਮਾਣਕ, ਸੋਖਾ ਢੇਸੀ, ਸੁਰਜੀਤ ਸਿੰਘ ਘੁੰਮਣ ਤੇ ਹੋਰ ਉਚੇਚੇ ਤੌਰ 'ਤੇ ਪਹੁੰਚੇ।

**ਵਿਰਸੇ ਦਾ ਵਣਜਾਰਾ ਅਤੇ ਰੂਹਾਂ ਦੀ ਆਵਾਜ਼**

**ਹਫ਼ਤਾਵਾਰੀ ਸਾਹਿਤਕ ਲੜੀ 'ਲੋਕਗੀਤਾਂ ਵਿਚ ਭਿੱਜੀ ਰੂਹ' ਦਾ ਇਤਿਹਾਸਕ ਆਗਾਜ਼**

'ਜਿਸ ਕੌਮ ਦੇ ਲੋਕ-ਗੀਤ ਮਰ ਜਾਂਦੇ ਹਨ, ਉਸ ਕੌਮ ਦਾ ਭੂਤਕਾਲ ਗੁੰਮ ਹੋ ਜਾਂਦਾ ਹੈ ਅਤੇ ਭਵਿੱਖ ਗੂੰਗਾ ਹੋ ਜਾਂਦਾ ਹੈ।' ਅੱਜ ਦੇ ਇਸ ਮਸ਼ੀਨੀ ਅਤੇ ਦੌੜ-ਭੱਜ ਵਾਲੇ ਯੁੱਗ ਵਿੱਚ, ਜਿੱਥੇ ਸਾਡੀ ਨਵੀਂ ਪੀੜ੍ਹੀ ਆਪਣੀਆਂ ਸੱਭਿਆਚਾਰਕ ਜੜ੍ਹਾਂ ਤੋਂ ਦੂਰ ਹੋ ਰਹੀ ਹੈ, ਉੱਥੇ ਅਸੀਂ ਬੇਹੱਦ ਮਾਣ ਅਤੇ ਫ਼ਖ਼ਰ ਨਾਲ ਆਪਣੇ ਪਾਠਕਾਂ ਲਈ ਇੱਕ ਨਵੀਂ ਹਫ਼ਤਾਵਾਰੀ ਸਾਹਿਤਕ ਲੜੀ 'ਲੋਕਗੀਤਾਂ ਵਿਚ ਭਿੱਜੀ ਰੂਹ' ਸ਼ੁਰੂ ਕਰਨ ਜਾ ਰਹੇ ਹਾਂ। ਇਹ ਸਿਰਫ਼ ਸ਼ਬਦ ਨਹੀਂ, ਬਲਕਿ ਪੰਜਾਬ ਦੀ ਪਾਕੀਜ਼ਾ ਮਿੱਟੀ ਦੀ ਧੜਕਣ ਅਤੇ ਸਾਡੇ ਵਜੂਦ ਦਾ ਜਿਉਂਦਾ-ਜਾਗਦਾ ਇਤਿਹਾਸ ਹੈ। ਇਸ ਲੜੀ ਦੇ ਲੇਖਿਕਾ ਹਨ—ਕੈਲੀਫੋਰਨੀਆ (ਅਮਰੀਕਾ) ਤੋਂ ਉੱਘੀ ਸਾਹਿਤਕਾਰ, ਪ੍ਰਖ਼ਰ ਚਿੰਤਕ ਅਤੇ ਮਾਂ-ਬੋਲੀ ਦੀ ਸੇਵਕ ਨੀਲਮ ਸੈਣੀ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਪੰਜਾਬੀ ਦੀ ਐਮ.ਐਮ. ਵਿੱਚੋਂ ਟਾਪਰ ਰਹੀ ਨੀਲਮ ਸੈਣੀ ਦੀ ਕਲਮ ਵਿੱਚੋਂ ਨਿਕਲੇ ਇਹ ਬਹੁਮੁੱਲੇ ਸ਼ਬਦ ਤੁਹਾਡੀ ਰੂਹ ਨੂੰ ਪੰਜਾਬ ਦੇ ਪਿੰਡਾਂ, ਸੁਹਾਗਾਂ, ਘੋੜੀਆਂ ਅਤੇ ਲੋਰੀਆਂ ਦੇ ਉਸ ਅਮਰ ਸਰੋਵਰ ਵਿੱਚ ਇਸ਼ਨਾਨ ਕਰਵਾਉਣਗੇ, ਜਿਸਦੀ ਖ਼ੁਸ਼ਬੂ ਦੇਸ਼ਾਂ-ਵਿਦੇਸ਼ਾਂ ਵਿੱਚ ਵੱਸਦੇ ਹਰ ਪੰਜਾਬੀ ਦੇ ਦਿਲ ਤੱਕ ਪਹੁੰਚਦੀ ਹੈ। ਉਨ੍ਹਾਂ ਦੀਆਂ ਲਿਖੀਆਂ ਸੱਭਿਆਚਾਰਕ ਪੁਸਤਕਾਂ (ਜਿਵੇਂ: 'ਸਾਡੀਆਂ ਰਸਮਾਂ ਸਾਡੇ ਗੀਤ' ਅਤੇ 'ਵਿਰਸੇ ਦਾ ਵਣਜਾਰਾ') ਅੱਜ ਵਿਸ਼ਵ ਭਰ ਵਿੱਚ ਪੰਜਾਬੀ ਵਿਰਸੇ ਦਾ ਪ੍ਰਮਾਣਿਕ ਧੁਰਾ ਬਣ ਚੁੱਕੀਆਂ ਹਨ। ਆਓ, ਆਪਣੀਆਂ ਜੜ੍ਹਾਂ ਵੱਲ ਮੁੜੀਏ ਅਤੇ ਇਸ ਖ਼ੂਬਸੂਰਤ ਸੱਭਿਆਚਾਰਕ ਯਾਤਰਾ ਵਿੱਚ ਸਾਡੇ ਹਮਸਫ਼ਰ ਬਣੋ। — ਸਤਨਾਮ ਸਿੰਘ ਖਾਲਸਾ



### ਵਿਸ਼ੇਸ਼ ਸੱਭਿਆਚਾਰਕ ਸੰਪਾਦਕੀ: ਵਿਰਸੇ ਦੀ ਆਵਾਜ਼

# ਲੋਕਗੀਤਾਂ ਵਿੱਚ ਭਿੱਜੀ ਰੂਹ: ਪੰਜਾਬੀ ਸੱਭਿਆਚਾਰ ਦੇ ਅੰਬਰ ਦਾ ਸਦੀਵੀ ਚੰਦਰਮਾ-ਨੀਲਮ ਸੈਣੀ

'ਲੋਕ-ਗੀਤਾਂ ਦੀ ਬਾਂਹ ਉੱਤੇ ਕਿਸੇ ਵੀ ਗੀਤਕਾਰ ਦਾ ਨਾਓਂ ਨਹੀਂ ਖੁਣਿਆ ਹੁੰਦਾ, ਪਰ ਉਨ੍ਹਾਂ ਦੇ ਰੋਮ-ਰੋਮ ਉੱਤੇ ਜੋ ਲ਼ਫ਼ਜ਼ ਲਿਖਿਆ ਹੁੰਦਾ ਹੈ, ਉਹ ਹੈ—ਲੋਕ, ਲੋਕ, ਲੋਕ...।' — ਅੰਮ੍ਰਿਤਾ ਪ੍ਰੀਤਮ

(ਲੜੀ-8)

**ਜਨਮ ਵੇਲੇ ਦੇ ਲੋਕਗੀਤ ਅਤੇ ਰਸਮਾਂ**

ਪੰਜਾਬੀ ਸਭਿਆਚਾਰ ਵਿਚ ਜਦੋਂ ਵੀ ਕਿਸੇ ਘਰ ਪੁੱਤਰ ਜਨਮ ਲੈਂਦਾ ਹੈ ਤਾਂ ਜਸ਼ਨ ਮਨਾਏ ਜਾਂਦੇ ਹਨ।'ਜੱਗ ਵਿਚ ਸੀਰ ਪਈ' ਆਮ ਆਖਿਆ ਜਾਂਦਾ ਹੈ। 'ਵੇਲ ਵਧੀ' ਮੰਨੀ ਜਾਦੀ ਹੈ। ਘਰ ਵਿਚ ਵਧਾਈਆਂ ਦੇਣ ਵਾਲਿਆਂ ਅਤੇ ਲਾਗੀਆਂ ਦਾ ਤਾਂਤਾ ਲੱਗਿਆ ਰਹਿੰਦਾ ਹੈ। ਪਹਿਲਾਂ-ਪਹਿਲ ਲਾਗੀ ਬੂਹੇ ਤੇ ਅੰਬ ਦੇ ਪੱਤੇ ਬੰਨ੍ਹਣ ਆਉਂਦੇ, ਨਵ -ਜਨਮੇ ਬੱਚੇ ਲਈ ਲੱਕੜੀ ਦਾ ਗਡੀਰਨਾ ਵਿਹੜੇ ਵਿਚ ਰੱਖਦੇ ਸਨ। ਵਧਾਈ ਹੋਵੇ ਦੀ ਅਵਾਜ਼ ਕੰਨਾਂ ਵਿਚ ਪੈਂਦੀ ਸੀ। ਤੜਾਗੀ ਲੈ ਕੇ ਆਈਆਂ ਬਾਜੀਗਰਨੀਆਂ ਗਿੱਧੇ ਦਾ ਪਿੜ ਬੰਨ੍ਹ ਕੇ ਮੂੰਹ ਮੰਗੀ ਵਧਾਈ ਲੈ ਜਾਂਦੀਆਂ ਸਨ। ਖ਼ੁਸਰੇ ਆਪਣੇ ਨਿਵੇਕਲ਼ੇ ਅੰਦਾਜ਼ ਵਿਚ 'ਵਧਾਈਆਂ' ਦਿੰਦੇ ਅਤੇ ਮੂੰਹ ਮੰਗੀ ਵਧਾਈ ਲੈਂਦੇ ਸਨ।

ਅਜੋਕੇ ਸਮੇਂ ਵਿਚ ਵੀ ਪੁੱਤਰ ਜੰਮਣ ਦੀ ਖ਼ੁਸ਼ੀ ਵਿਚ ਸਾਰੇ ਰਿਸ਼ਤੇਦਾਰਾਂ ਦੇ ਘਰਾਂ ਵਿੱਚ ਲੱਡੂਆਂ ਦੇ ਡੱਬੇ ਵੰਡੇ ਜਾਂਦੇ ਹਨ। ਧੀਆਂ-ਭੈਣਾਂ ਨੂੰ ਵਧਾਈ ਦੇ ਰੂਪ ਵਿਚ ਤੋਹਫ਼ੇ ਦਿੱਤੇ ਜਾਂਦੇ ਹਨ। ਅਨੇਕਾਂ ਸ਼ਗਨ ਮਨਾਏ ਜਾਂਦੇ ਅਤੇ ਘੋੜੀਆਂ ਗਾਈਆਂ ਜਾਂਦੀਆਂ ਹਨ। ਪੰਜਾਬੀ ਦਾ ਅਖਾਣ 'ਪੁੱਤ ਜੰਮਦੇ ਹੀ ਲਾੜੇ ਹੁੰਦੇ ਨੇ' ਅਮਲ ਵਿਚ ਆ ਜਾਂਦਾ ਹੈ। ਪੁੱਤਰ ਦੇ ਜਨਮ ਵੇਲੇ ਦੇ ਗੀਤਾਂ ਨੂੰ 'ਬਿਆਈਆਂ' ਆਖਿਆ ਜਾਂਦਾ ਹੈ। ਬਿਆਈਆਂ ਤੋਂ ਪਹਿਲਾਂ ਪੰਜਾਬੀ ਮਾਵਾਂ ਨੇ 'ਲੋਰੀਆਂ' ਨੂੰ ਰਚਿਆ ਪ੍ਰਤੀਤ ਹੁੰਦਾ ਹੈ। ਇਸ ਲਈ ਪਹਿਲਾਂ ਲੋਰੀਆਂ ਦੀ ਗੱਲ ਕਰਨਾ ਜ਼ਰੂਰੀ ਹੈ।

**ਲੋਰੀਆਂ:** ਪਹਿਲਾਂ ਪਹਿਲ ਪੰਜਾਬੀਆਂ ਦਾ ਮੁੱਖ ਕਿੱਤਾ ਖੇਤੀ ਸੀ। ਮਰਦ ਸਾਰਾ ਦਿਨ ਘਰੋਂ ਬਾਹਰ ਖੇਤਾਂ ਵਿਚ ਕੰਮ ਕਰਦਾ ਸੀ। ਔਰਤ ਘਰ ਦਾ ਚੁੱਲ੍ਹਾ-ਚੌਂਕਾ ਸਾਂਭਣ ਵਿਚ ਮਸ਼ਰੂਫ਼ ਹੁੰਦੀ ਸੀ। ਘਰ ਦੇ ਕੰਮ-ਕਾਰ ਵਿਚ ਰੁੱਝੀ ਮਾਂ ਰੋਂਦੇ ਹੋਏ ਬੱਚੇ ਨੂੰ ਤੱਕਦੇ ਹੀ ਹਥਲੇ ਕੰਮ ਛੱਡ ਦਿੰਦੀ ਸੀ। ਉਹ ਰੋਂਦੇ ਹੋਏ ਬੱਚੇ ਨੂੰ ਚੁੱਕ ਕੇ ਉਸਦਾ ਮੱਥਾ ਚੁੰਮਦੀ, ਵਰਾਉਂਦੀ ਅਤੇ ਥਾਪੜਦੀ ਲੋਰੀਆਂ ਦਿੰਦੀ ਸੀ। ਇਹ ਲੋਰੀਆਂ ਮਾਂ ਦੀ ਮਮਤਾ ਦਾ ਪ੍ਰਗਟਾਵਾ ਹੁੰਦੀਆਂ ਸਨ। ਲੋਰੀ ਦਾ ਉਚਾਰਨ ਅਤੇ ਸੁਰ ਇਲਾਕੇ ਦੇ ਸਭਿਆਚਾਰ ਅਤੇ ਬੋਲੀ ਤੋਂ ਪ੍ਰਭਾਵਿਤ ਹੁੰਦਾ ਸੀ। ਲੋਰੀਆਂ ਵਿਚ ਮਾਂ ਵਲੋਂ ਨਵ ਜਨਮੇ ਬੱਚੇ ਨਾਲ ਹਰ ਰਿਸ਼ਤੇ ਦੀ ਜਾਣ-ਪਛਾਣ ਕਰਵਾਉਣ ਦੀ ਕੋਸ਼ਿਸ ਹੁੰਦੀ ਸੀ। 'ਲੋਰ' ਤੋਂ ਭਾਵ ਦਿਲ ਵਿਚੋਂ ਉੱਠੀ ਤਰੰਗ ਅਤੇ ਚਾਅ ਹੈ। ਡਾ. ਕਰਨੈਲ ਸਿੰਘ ਥਿੰਦ ਨੇ ਲਿਖਿਆ ਹੈ ਕਿ ਲੋਰੀਆਂ ਪੰਜਾਬ ਦੇ ਅਜਿਹੇ ਲੋਕਗੀਤ ਹਨ, ਜਿਹੜੇ ਮਾਂ ਜਾਂ ਭੈਣ ਦੁਆਰਾ ਬੱਚੇ ਨੂੰ ਚੁੱਪ ਕਰਾਉਣ, ਜੀ ਪਰਚਾਉਣ ਤੇ ਸੁਲਾਉਣ ਲਈ ਗਾਏ ਜਾਂਦੇ ਸਨ। ਲੋਰੀ ਦਾ ਹਲਕੋਰੇ ਅਥਵਾ ਪੰਘੂੜੇ 'ਤੇ ਝੂਟਿਆਂ ਨਾਲ ਡੂੰਘਾ ਸੰਬੰਧ ਸੀ। ਬਹੁਤੀ ਵਾਰੀ ਬੱਚੇ ਨੂੰ ਪੰਘੂੜੇ ਵਿੱਚ ਲਿਟਾ ਕੇ ਝੂਟਿਆਂ ਦੇ ਨਾਲ-ਨਾਲ ਲੋਰੀ ਦੀ ਧੁਨ ਵੀ ਅਲਾਪੀ ਜਾਂਦੀ ਸੀ।



ਰਸੂਲ ਹਮਜ਼ਾਤੋਵ ਆਪਣੀ ਮਾਂ ਦੀਆਂ ਲੋਰੀਆਂ ਨੂੰ ਬਖਸ਼ਿਸ਼ਾਂ ਮੰਨਦੇ ਹੋਏ ਲਿਖਦਾ ਹੈ, "ਮਾਂ ਦੀ ਲੋਰੀ ਇਕ ਚਸ਼ਮਾ ਹੈ, ਜਿਹੜਾ ਪਿਆਸ ਬੁਝਾਉਂਦਾ ਹੈ। ਇਹ ਉਹ ਚੁੱਲ੍ਹਾ ਹੈ, ਜਿਹੜਾ ਮੈਨੂੰ ਨਿੱਘ ਦਿੰਦਾ ਹੈ।" ਇਨ੍ਹਾਂ ਲੋਰੀਆਂ ਵਿਚ ਹਰ ਰਿਸ਼ਤੇ ਦੇ ਜ਼ਿਕਰ ਅਤੇ ਅਹਿਮੀਅਤ ਦੀ ਝਲਕ ਮਨ ਮੋਹ ਲੈਂਦੀ ਸੀ। ਲੋਰੀਆਂ ਨਵ-ਜਨਮੇ ਰੋਂਦੇ ਬਾਲ ਨੂੰ ਚੁੱਪ ਕਰਾਉਣ ਅਤੇ ਵਰਾਉਣ ਲਈ ਹੀ ਨਹੀਂ ਸਗੋਂ ਨੀਂਦ ਦੀ ਗੋਦ ਤੱਕ ਪਹੁੰਚਾਉਣ ਲਈ ਦਿੱਤੀਆਂ ਜਾਂਦੀਆਂ ਸਨ। ਇਸ ਤੋਂ ਵੀ ਵੱਧ ਇਹ ਮਾਂ ਦੀ ਮਮਤਾ ਅਤੇ ਅਸੀਸਾਂ ਨਾਲ ਬਣੀ ਹੋਈ ਮਾਖਿਓਂ ਮਿੱਠੀ ਚਾਸ਼ਣੀ ਸਨ।

ਅਜੋਕੇ ਸਮਾਜ ਵਿਚ ਕੰਮ-ਕਾਜੀ ਮਾਵਾਂ ਕੋਲ ਲੋਰੀਆਂ ਦਾ ਵਕਤ ਨਹੀਂ ਰਿਹਾ। ਦਾਦੀਆਂ-ਨਾਨੀਆਂ ਬੱਚੇ ਨੂੰ ਚੁੱਕਦੇ ਵਕਤ ਲੋਰੀਆਂ ਜਰੂਰ ਦੇ ਰਹੀਆਂ ਹਨ। ਅਮਰੀਕਾ ਵਿਚ ਆਮ ਕਰਕੇ ਬੱਚੇ ਨੂੰ ਜੰਮਦੇ ਹੀ ਕਰਿੱਬ ਵਿਚ ਪਾ ਦਿੱਤਾ ਜਾਂਦਾ ਹੈ। ਉਸਦੇ ਸੌਣ ਲਈ ਸੀ ਡੀ ਲਗਾ ਕੇ ਮਧੁਰ ਸੰਗੀਤਕ ਧੁਨਾਂ ਛੇੜ ਦਿੱਤੀਆਂ ਜਾਂਦੀਆਂ ਹਨ। ਇਨ੍ਹਾਂ ਨੂੰ ਅੰਗਰੇਜ਼ੀ ਵਿਚ 'ਲਾਲਾ ਬਾਈ' ਕਿਹਾ ਜਾਂਦਾ ਹੈ।

**ਲੋਰੀਆਂ**

ਅੱਲੜ-ਬੱਲੜ ਬਾਵੇ ਦਾ,
ਬਾਵਾ ਕਣਕ ਲਿਆਵੇਗਾ।
ਬਾਵੀ ਬਹਿ ਕੇ ਛੱਟੇਗੀ,
ਖਰਾਸੋਂ ਕਣਕ ਪਿਹਾਮਾਂਗੇ।
ਆਟਾ ਘਰ ਲਿਆਮਾਂਗੇ,
ਬਾਵੀ ਮੰਨ ਪਕਾਵੇਗੀ।
ਬਾਵਾ ਬਹਿ ਕੇ ਖਾਵੇਗਾ,
ਛੇਤੀ ਵੱਡਾ ਹੋਵੇਗਾ।
ਖੇਡੇਗਾ ਤੇ ਮੱਲ੍ਹੇਗਾ,
ਸੁਹਣੀ ਵੌਹਟੀ ਲਿਆਵੇਗਾ।
ਅਲੱੜ ਬੱਲੜ ਬਾਵੇ ਦਾ,
ਬਾਵਾ ਰੂੰ ਲਿਆਵੇਗਾ।
ਬਾਵੀ ਪੂਣੀਆਂ ਵੱਟੇਗੀ,
ਬਹਿ ਕੇ ਸੂਤ ਉਣਾਂਮਣਗੇ।
ਸੁਹਣੇ ਕੱਪੜੇ ਪਾਮਣਗੇ,
ਨਾਨਕਿਆਂ ਦੇ ਜਾਮਣਗੇ।
ਸੌਂ ਜਾ ਅੱਬੂ ਸੌਂ ਜਾ,
ਲਾਲ ਪਲੰਘ ਤੇ ਸੌਂ ਜਾ।

(ਚਲਦਾ)

# ਧੀਆਂ ਘਰ ਦਾ ਚਾਨਣ



ਕਰੋਨਾ ਮਹਾਮਾਰੀ ਕਾਰਨ ਦੇਸ਼ ਵਿੱਚ ਲਾਕਡਾਊਨ ਅਤੇ ਕਰਫਿਊ ਲੱਗਿਆ ਹੋਇਆ ਸੀ। ਨਵਕਿਰਨ ਦਾ 11ਵਾਂ ਜਨਮ ਦਿਨ 2 ਮਈ, 2020 ਨੂੰ ਆਉਣਾ ਸੀ, ਪ੍ਰੰਤੂ ਸ਼ਹਿਰ ਵਿੱਚ ਤਾਂ ਹੁਕਮਾਂ ਦੀ ਪਾਲਣਾ ਕਰ ਕੇ ਰੋਕ ਲੱਗੀ ਹੋਈ ਸੀ। ਨਵਕਿਰਨ ਨੇ ਅੱਠਵੀਂ ਸ਼੍ਰੇਣੀ ਪਾਸ ਕਰ ਲਈ ਸੀ। ਸਕੂਲਾਂ ਵਿੱਚ ਛੁੱਟੀਆਂ ਕੀਤੀਆਂ ਹੋਈਆਂ ਸਨ। ਨੌਵੀਂ ਸ਼੍ਰੇਣੀ ਦੀਆਂ ਪਾਠ-ਪੁਸਤਕਾਂ, ਕਾਪੀਆਂ ਤੇ ਹੋਰ ਲਿਖਣ ਸਮੱਗਰੀ ਨਵਕਿਰਨ ਦੇ ਪਿਤਾ ਨੇ ਇਸ ਰੋਕ ਸਮੇਂ ਤੋਂ ਪਹਿਲਾਂ ਹੀ ਲਿਆ ਦਿੱਤੀਆਂ ਸਨ।

ਜਨਮ-ਦਿਨ ਮਨਾਉਣ ਲਈ ਵੀ ਤਿਆਰੀ ਕਰ ਲਈ। ਨਵਕਿਰਨ ਦੀ ਮਾਤਾ ਨੇ ਚਨੇ-ਪੂਰੀਆਂ, ਖੀਰ-ਕੜਾਹ ਘਰ ਹੀ ਬਣਾ ਲਿਆ ਤੇ ਸ਼ਾਮੀਂ ਨਵਕਿਰਨ ਦੇ ਜਨਮ-ਦਿਨ ਦੀਆਂ ਮੁਬਾਰਕਾਂ ਦਾ ਸਮਾਗਮ ਰਚਾ ਲਿਆ। ਉਸ ਦੇ ਪਿਤਾ ਨੇ ਨਵਕਿਰਨ ਦੇ ਗੱਲੇ ਵਿੱਚ ਪੰਜ ਸੌ ਰੁਪਏ ਪਾ ਦਿੱਤੇ। ਜਨਮ-ਦਿਨ ਦੀਆਂ ਮੁਬਾਰਕਾਂ ਨਾਲ ਨਵਕਿਰਨ ਖਿੜ ਗਈ। ਉਸ ਨੇ ਆਪਣੀਆਂ ਸਹੇਲੀਆਂ ਨੂੰ ਘਰ ਨਹੀਂ ਸੱਦਿਆ। ਟੀ.ਵੀ. ਚੈਨਲਾਂ 'ਤੇ ਲੋਕਾਂ ਨੂੰ ਵਾਰ-ਵਾਰ ਘਰ ਰਹਿਣ, ਹੱਥਾਂ ਦੀ ਸਫ਼ਾਈ ਰੱਖਣ, ਇੱਕ-ਦੂਜੇ ਤੋਂ ਵਿੱਥ ਰੱਖਣ ਤੇ ਮਾਸਕ ਪਹਿਨਣ ਦੀਆਂ ਹਦਾਇਤਾਂ ਦਿੱਤੀਆਂ ਜਾ ਰਹੀਆਂ ਸਨ। ਮੋਬਾਈਲ ਫੋਨ 'ਤੇ ਹੀ ਉਸ ਦੀਆਂ ਸਹੇਲੀਆਂ ਨੇ ਹੈਪੀ-ਬਰਥ-ਡੇ ਕਹਿ ਕੇ ਉਸ ਨਾਲ ਬੋਲ ਸਾਂਝੇ ਕੀਤੇ। ਉਸ ਦੀ ਇੰਚਾਰਜ ਅਧਿਆਪਕਾ ਨੇ ਵੀ ਸ਼ੁਭ-ਇੱਛਾਵਾਂ ਦਿੱਤੀਆਂ।

ਹੁਣ ਨਵਕਿਰਨ ਨੂੰ ਸਾਰਾ ਦਿਨ ਘਰ ਬਿਤਾਉਣਾ ਪੈਂਦਾ ਸੀ। ਸਾਰਾ ਦਿਨ ਪੜ੍ਹਾਈ ਵੀ ਨਹੀਂ ਹੋ ਸਕਦੀ ਸੀ। ਟੀ.ਵੀ. ਵੇਖ-ਵੇਖ ਕੇ ਵੀ ਉਹ ਅੱਕ ਜਾਂਦੀ। ਉਸ ਨੇ ਆਪਣੇ ਸਕੂਲ ਦੀ ਸਮਾਂ-ਸਾਰਨੀ ਵਾਂਗ ਘਰ ਰਹਿਣ ਦੀ ਕੰਮ ਦੀ ਵੰਡ ਕਰ ਲਈ। ਉਸ ਦੇ ਮਾਪੇ ਵੀ ਕਾਨੂੰਨ ਦੀ ਪਾਲਣਾ ਕਰਨ 'ਤੇ ਜ਼ੋਰ ਦਿੰਦੇ ਸਨ। ਫੈਕਟਰੀ ਬੰਦ ਹੋਣ ਕਾਰਨ, ਨਵਕਿਰਨ ਦੇ ਪਿਤਾ ਵੀ ਘਰ ਰਹਿਣ ਲਈ ਮਜਬੂਰ ਸਨ। ਉਸ ਦੀ ਮਾਤਾ ਤਾਂ ਕੋਈ ਨੌਕਰੀ ਨਹੀਂ ਸੀ ਕਰਦੀ, ਘਰ ਸੰਭਾਲਦੀ ਸੀ।

ਨਵਕਿਰਨ ਨੇ ਇੱਕ ਦਿਨ ਆਪਣੀ ਮਾਤਾ ਤੋਂ

**ਮਨਮੋਹਨ ਸਿੰਘ ਦੌਣ**

ਆਟਾ ਗੁੰਨ੍ਹਣ ਦੀ ਕਲਾਸ ਲਾਈ। ਦੂਜੇ ਦਿਨ ਰੋਟੀ ਪਕਾਉਣ ਦੀ ਵਿਧੀ ਸਿੱਖੀ। ਚਾਹ ਬਣਾਉਣੀ ਤਾਂ ਉਹ ਪਹਿਲਾਂ ਹੀ ਜਾਣਦੀ ਸੀ। ਗੈਸ-ਚੁੱਲ੍ਹੇ ਦੀ ਵਰਤੋਂ ਕਰਨ ਬਾਰੇ ਉਹ ਬੜੀ ਸਿਆਣੀ ਸੀ। ਕਈ ਵਾਰ ਆਪਣੀ ਮਾਤਾ ਨੂੰ ਵੀ ਗੈਸ ਦੀ ਠੀਕ ਵਰਤੋਂ ਕਰਨ ਬਾਰੇ ਸੁਚੇਤ ਕਰਦੀ।

ਉਹ ਸਬਜ਼ੀ-ਦਾਲ ਬਣਾਉਂਦੀ ਆਪਣੀ ਮੰਮੀ ਨੂੰ ਵੇਖਦੀ ਰਹਿੰਦੀ। ਸਬਜ਼ੀ ਚੀਰਨ-ਕੱਟਣ ਤੋਂ ਪਹਿਲਾਂ, ਉਸ ਨੂੰ ਚੰਗੀ ਤਰ੍ਹਾਂ ਧੋਂਦੀ ਤੇ ਫਿਰ ਸਬਜ਼ੀ ਨੂੰ ਬਣਾਉਣ ਲਈ ਪਲੇਟ 'ਚ ਢੱਕ ਕੇ ਰੱਖ ਦਿੰਦੀ। ਇਸ ਕੰਮ ਕਰ ਕੇ ਇੱਕ ਦਿਨ ਉਸ ਦੇ ਪਾਪਾ ਨੇ ਉਸ ਨੂੰ ਦਸ ਰੁਪਏ ਇਨਾਮ ਵੀ ਦਿੱਤਾ। ਵਿਅਰਥ ਚੀਜ਼ਾਂ ਸੰਵਾਰ-ਸੰਭਾਲ ਕੇ ਡਰਾਇੰਗ ਰੂਮ ਦੇ ਖੂੰਜਿਆਂ ਨੂੰ ਸਜਾ ਦਿੰਦੀ। "ਧੀਏ, ਤੂੰ ਤਾਂ ਮੇਰੇ ਘਰ ਦਾ ਸ਼ਿੰਗਾਰ ਏਂ।" ਉਸ ਦੀ ਮੰਮੀ ਦੇ ਮੂੰਹੋਂ ਨਿਕਲਦਾ।

ਇੱਕ ਦਿਨ ਨਵਕਿਰਨ ਦੀ ਮੰਮੀ ਦੁਪਹਿਰ ਵੇਲੇ ਸੁੱਤੀ ਪਈ ਸੀ। ਨਵਕਿਰਨ ਨੇ ਅਲਮਾਰੀਆਂ 'ਚ ਪਏ ਕੱਪੜਿਆਂ ਨੂੰ ਤਹਿਆਂ ਲਾ-ਲਾ ਕੇ ਸੈੱਟ ਕਰ ਦਿੱਤਾ ਤੇ ਕੁਝ ਨੂੰ ਹੈਂਗਰਾਂ 'ਚ ਟੰਗ ਦਿੱਤਾ। ਫਾਲਤੂ ਲਿਫ਼ਾਫੇ, ਕਾਗਜ਼, ਡੱਬੇ ਤੇ ਵਿਅਰਥ ਵਸਤਾਂ ਨੂੰ ਰੱਦੀ ਕਾਗਜ਼ਾਂ ਦੀ ਟੋਕਰੀ 'ਚ ਪਾ ਦਿੱਤਾ। ਅਲਮਾਰੀਆਂ ਨੂੰ ਜਿਵੇਂ ਸਾਹ ਆ ਗਿਆ। ਉਸ ਦੀ ਮੰਮੀ ਨੇ ਜਦੋਂ ਵੇਖਿਆ ਤਾਂ ਬੇਟੀ ਦੇ ਗੁਣ-ਗਾਣ ਕਰਨ ਲੱਗੀ। ਉਸ ਨੇ ਬੋਲੀ ਬਣਾਈ;

**ਉਹ ਘਰ ਵੰਡੇ ਚਾਨਣਾ**
**ਧੀਆਂ ਜਿੱਥੇ ਹੋਣ ਪੜ੍ਹੀਆਂ।**

ਗਮਲਿਆਂ 'ਚ ਲਾਏ ਫੁੱਲ ਉਸ ਨੂੰ ਬੜੇ ਪਿਆਰੇ ਲੱਗਦੇ। ਉਹ ਫੁੱਲਾਂ 'ਤੇ ਉੱਡਦੀਆਂ ਤਿੱਤਲੀਆਂ ਨੂੰ ਵੇਖ-ਵੇਖ ਖ਼ੁਸ਼ ਹੁੰਦੀ। ਹੁਣ ਉਸ ਨੂੰ ਬਹੁਤ ਨੇੜਿਓਂ ਫੁੱਲਾਂ ਤੇ ਤਿੱਤਲੀਆਂ ਵੇਖਣਾ ਚੰਗਾ ਲੱਗਦਾ। ਸ਼ਾਮੀਂ ਆਪਣੀ ਮੰਮੀ ਨਾਲ ਫੁੱਲਾਂ ਨੂੰ ਪਾਣੀ ਦਿੰਦੀ। ਬੂਟਿਆਂ ਨੂੰ ਵੀ ਸਾਡੇ ਵਾਂਗ ਤ੍ਰੇਹ ਲੱਗਦੀ ਹੈ, ਉਹ ਸੋਚਣ ਲੱਗਦੀ। ਪੰਛੀ ਉੱਡਦੇ, ਚੀਂ-ਚੀਂ ਕਰਦੇ। ਉਸ ਨੂੰ ਪਿਆਰੇ ਲੱਗਦੇ। ਪੰਛੀਆਂ ਨੂੰ ਵੀ ਤ੍ਰੇਹ ਲੱਗਦੀ ਹੋਣੀ ਏਂ, ਉਸ ਨੂੰ ਖ਼ਿਆਲ ਆਉਂਦਾ। ਬਾਹਰ ਗੇਟ ਦੇ ਥਮਲੇ 'ਤੇ ਨਵਕਿਰਨ ਨੇ ਇੱਕ ਠੂਲ੍ਹੇ ਵਿੱਚ ਪਾਣੀ ਭਰ ਕੇ ਰੱਖ ਦਿੱਤਾ ਤਾਂ ਜੋ ਪੰਛੀ ਪਾਣੀ ਪੀਂਦੇ ਰਹਿਣ। ਦੋ ਗੁਟਾਰਾਂ ਪਾਣੀ ਪੀਣ ਆਈਆਂ ਤੇ ਨਵਕਿਰਨ ਨੇ ਝੱਟ ਉਨ੍ਹਾਂ ਦੀ ਫੋਟੋ ਮੋਬਾਈਲ 'ਚ ਕਲਿੱਕ ਕਰ ਲਈ। ਇੰਜ ਨਵਕਿਰਨ ਸਾਰਾ ਦਿਨ ਕੰਮਾਂ 'ਚ ਰੁੱਝੀ ਰਹਿੰਦੀ।

ਇੱਕ ਦਿਨ ਨਵਕਿਰਨ ਨੂੰ ਉਸ ਦੀ ਇੰਚਾਰਜ-ਅਧਿਆਪਕਾ ਦਾ ਫੋਨ ਆਇਆ ਕਿ ਸੁੰਦਰ ਲਿਖਾਈ ਕਰਨ ਲਈ ਹਰ ਰੋਜ਼ ਪੰਜਾਬੀ ਦਾ ਇੱਕ ਸਫ਼ਾ ਲਿਖਿਆ ਕਰ। ਉਸ ਨੂੰ ਗੱਲ ਚੰਗੀ ਲੱਗੀ। ਉਹ ਹਰ ਰੋਜ਼ ਆਪਣੀ ਲਿਖਤ ਨੂੰ ਸੁੰਦਰ ਕਰਨ ਲਈ ਇੱਕ ਸਫ਼ਾ ਲਿਖਣ ਲੱਗ ਪਈ। ਪੰਦਰਾਂ ਦਿਨਾਂ ਵਿੱਚ ਉਸ ਦੀ ਲਿਖਾਈ ਵਿੱਚ ਬਹੁਤ ਸੁਧਾਰ ਹੋ ਗਿਆ। ਉਸ ਨੇ ਸੋਚਿਆ ਕਿ ਮੈਂ ਕਿਉਂ ਨਾ ਆਪਣੇ ਘਰ ਬਾਰੇ ਇੱਕ ਲੇਖ ਲਿਖਾਂ। ਘਰ ਰਹਿਣ ਕਰ ਕੇ ਉਸ ਦਾ ਅਨੁਭਵ ਨਿੱਜੀ ਹੋ ਗਿਆ। 'ਸਾਡਾ ਘਰ' ਉਸ ਦੀ ਇੰਚਾਰਜ ਅਧਿਆਪਕਾ ਨੇ ਸਕੂਲ ਮੈਗਜ਼ੀਨ ਵਿੱਚ ਛਾਪਣ ਲਈ ਚੁਣ ਲਿਆ। ਲੇਖ ਵਿੱਚ ਨਵਕਿਰਨ ਨੇ ਸਾਰਾ ਕੁਝ ਲਿਖ ਦਿੱਤਾ ਸੀ ਜੋ ਉਸ ਨੇ ਲਾਕਡਾਊਨ ਦੇ ਦਿਨਾਂ ਵਿੱਚ ਆਪਣੇ ਸਮੇਂ ਦਾ ਲਾਭ ਉਠਾਉਂਦਿਆਂ, ਪੜ੍ਹਾਈ ਦੇ ਨਾਲ-ਨਾਲ ਕੀਤਾ ਸੀ। ਸਾਰਿਆਂ ਨੇ ਲੇਖ ਦੀ ਪ੍ਰਸੰਸਾ ਕੀਤੀ। ਲੇਖ ਦਾ ਇਨਾਮ ਵੀ ਮਿਲਿਆ। ਨਵਕਿਰਨ ਦੀ ਮੰਮੀ ਨੂੰ ਜਦੋਂ ਇਨਾਮ ਬਾਰੇ ਪਤਾ ਲੱਗਿਆ ਤਾਂ ਕਹਿਣ ਲੱਗੀ: "ਨਵਕਿਰਨ, ਤੂੰ ਤਾਂ ਸੱਚ-ਮੁੱਚ ਘਰ ਦਾ ਚਾਨਣ ਏਂ।" ਇਹ ਕਹਿੰਦਿਆਂ ਉਸ ਨੇ ਧੀ ਨੂੰ ਗਲਵੱਕੜੀ 'ਚ ਲੈ ਲਿਆ।

### ਗਲੋਬਲ ਸਟੇਜ ’ਤੇ ਸਿੱਖ ਵਿਰਾਸਤ ਦੀ ਗੂੰਜ

# ਪਾਕਿਸਤਾਨੀ ਮੰਤਰੀ ਰਮੇਸ਼ ਸਿੰਘ ਅਰੋੜਾ ਵੱਲੋਂ ਗੁਰਦੁਆਰਾ ਸਾਹਿਬ ਗਲੈਨਵੁੱਡ ਫੇਰੀ; ਸਿੱਖ ਨੌਜਵਾਨਾਂ ਨੂੰ ਜੜ੍ਹਾਂ ਨਾਲ ਜੁੜਨ ਦਾ ਸੱਦਾ!










ਸਿਡਨੀ/ਲਾਹੌਰ: ਪਾਕਿਸਤਾਨ ਦੇ ਸੂਬਾ ਪੰਜਾਬ ਦੇ ਘੱਟ-ਗਿਣਤੀ ਮਾਮਲਿਆਂ ਦੇ ਮੰਤਰੀ ਸਰਦਾਰ ਰਮੇਸ਼ ਸਿੰਘ ਅਰੋੜਾ ਨੇ ਆਪਣੀ ਅੰਤਰਰਾਸ਼ਟਰੀ ਫੇਰੀ ਦੌਰਾਨ ‘ਗੁਰਦੁਆਰਾ ਸਾਹਿਬ ਗਲੈਨਵੁੱਡ’ (Gurdwara Sahib Glenwood) ਵਿਖੇ ਨਤਮਸਤਕ ਹੋ ਕੇ ਗੁਰੂ ਚਰਨਾਂ ਵਿੱਚ ਹਾਜ਼ਰੀ ਲਗਾਈ। ਇਸ ਮੌਕੇ ਉਨ੍ਹਾਂ ਨੇ ਸਥਾਨਕ ਸਿੱਖ ਭਾਈਚਾਰੇ ਨਾਲ ਵਿਸ਼ੇਸ਼ ਮੁਲਾਕਾਤ ਕੀਤੀ ਅਤੇ ਗੁਰਦੁਆਰਾ ਸਾਹਿਬ ਵਿਖੇ ਸਥਾਪਿਤ ‘ਸਿੱਖ ਮਿਊਜ਼ੀਅਮ’ (Sikh Museum) ਦਾ ਦੌਰਾ ਕਰਕੇ ਸਿੱਖ ਇਤਿਹਾਸ ਦੇ ਬੇਸ਼ਕੀਮਤੀ ਸਰੋਤਾਂ ਦੀ ਭਰਪੂਰ ਸ਼ਲਾਘਾ ਕੀਤੀ।

ਸੰਗਤ ਨੂੰ ਸੰਬੋਧਨ ਕਰਦਿਆਂ ਸਰਦਾਰ ਅਰੋੜਾ ਨੇ ਪਾਕਿਸਤਾਨ ਸਰਕਾਰ ਵੱਲੋਂ ਸਿੱਖ ਵਿਰਾਸਤ ਦੀ ਸੰਭਾਲ ਅਤੇ ਧਾਰਮਿਕ ਸੈਰ-ਸਪਾਟੇ ਨੂੰ ਉਤਸ਼ਾਹਿਤ ਕਰਨ ਦੀ ਵਚਨਬੱਧਤਾ ਨੂੰ ਮੁੜ ਦੁਹਰਾਇਆ।

ਕਰਤਾਰਪੁਰ ਅਤੇ ਨਨਕਾਣਾ ਸਾਹਿਬ ਸਾਂਝੀ ਰੂਹਾਨੀ ਵਿਰਾਸਤ (The Spiritual Legacy) ਪਾਕਿਸਤਾਨ ਵਿੱਚ ਸਥਿਤ ਪਵਿੱਤਰ ਅਸਥਾਨਾਂ ਦਾ ਜ਼ਿਕਰ ਕਰਦਿਆਂ ਮੰਤਰੀ ਅਰੋੜਾ ਨੇ ਦੁਨੀਆ ਭਰ ਦੀ ਸੰਗਤ ਨੂੰ ਪਾਕਿਸਤਾਨ ਆਉਣ ਦਾ ਖੁੱਲ੍ਹਾ ਸੱਦਾ ਦਿੱਤਾ:

ਰੂਹਾਨੀ ਕੇਂਦਰ: ਉਨ੍ਹਾਂ ਕਿਹਾ ਕਿ ਸ੍ਰੀ ਕਰਤਾਰਪੁਰ ਸਾਹਿਬ (Sri Kartarpur Sahib) ਅਤੇ ਸ੍ਰੀ ਨਨਕਾਣਾ ਸਾਹਿਬ (Nankana Sahib) ਵਰਗੇ ਪਵਿੱਤਰ ਅਸਥਾਨ ਸਮੁੱਚੀ ਸਿੱਖ ਕੌਮ ਦੀ ਸਾਂਝੀ ਅਧਿਆਤਮਿਕ ਅਤੇ ਸੱਭਿਆਚਾਰਕ ਵਿਰਾਸਤ ਦਾ ਪ੍ਰਤੀਕ ਹਨ। ਪਾਕਿਸਤਾਨ ਸਰਕਾਰ ਦੁਨੀਆ ਭਰ ਤੋਂ ਆਉਣ ਵਾਲੇ ਸਿੱਖ ਸ਼ਰਧਾਲੂਆਂ ਦਾ ਹਮੇਸ਼ਾ ਬਾਹਾਂ ਫੈਲਾ ਕੇ ਸਵਾਗਤ ਕਰਦੀ ਹੈ।

**ਨੌਜਵਾਨਾਂ ਨੂੰ ਅਪੀਲ:** ਉਨ੍ਹਾਂ ਨੇ ਵਿਸ਼ੇਸ਼ ਤੌਰ ’ਤੇ ਵਿਦੇਸ਼ਾਂ ਵਿੱਚ ਰਹਿਣ ਵਾਲੇ ਸਿੱਖ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਪਾਕਿਸਤਾਨ ਦੀ ਧਰਤੀ ’ਤੇ ਆ ਕੇ ਆਪਣੇ ਪੁਰਖਿਆਂ ਦੇ ਅਮੀਰ ਇਤਿਹਾਸਕ ਅਤੇ ਰੂਹਾਨੀ ਪਿਛੋਕੜ ਨੂੰ ਅੱਖੀਂ ਦੇਖਣ ਅਤੇ ਆਪਣੀਆਂ ਜੜ੍ਹਾਂ (Roots) ਨਾਲ ਦੁਬਾਰਾ ਜੁੜਨ।

ਮਰਿਅਮ ਨਵਾਜ਼ ਸ਼ਰੀਫ਼ ਦੇ ਦੂਰਅੰਦੇਸ਼ੀ ਉਪਰਾਲਿਆਂ ਦਾ ਜ਼ਿਕਰ

ਸਰਦਾਰ ਰਮੇਸ਼ ਸਿੰਘ ਅਰੋੜਾ ਨੇ ਪਾਕਿਸਤਾਨੀ ਪੰਜਾਬ ਦੀ ਮੁੱਖ ਮੰਤਰੀ ਮਰੀਅਮ ਨਵਾਜ਼ ਸ਼ਰੀਫ਼ (Maryam Nawaz Sharif) ਦੀਆਂ ਨੀਤੀਆਂ ਦੀ ਤਾਰੀਫ਼ ਕਰਦਿਆਂ ਕਿਹਾ: ‘ਮੁੱਖ ਮੰਤਰੀ ਮਰੀਅਮ ਨਵਾਜ਼ ਸ਼ਰੀਫ਼ ਜੀ ਦੀ ਅਗਵਾਈ ਹੇਠ ਪਾਕਿਸਤਾਨ ਵਿੱਚ ਸਰਵ-ਪੱਖੀ ਵਿਕਾਸ, ਨੌਜਵਾਨਾਂ ਦੇ ਸਸ਼ਕਤੀਕਰਨ, ਇਤਿਹਾਸਕ ਵਿਰਾਸਤਾਂ ਦੀ ਸੰਭਾਲ ਅਤੇ ਅੰਤਰ-ਧਰਮ ਸਾਂਝ (Interfaith Harmony) ਨੂੰ ਮਜ਼ਬੂਤ ਕਰਨ ਲਈ ਵੱਡੇ ਅਤੇ ਇਤਿਹਾਸਕ ਕਦਮ ਚੁੱਕੇ ਜਾ ਰਹੇ ਹਨ। ਸਾਡਾ ਮਕਸਦ ਲੋਕਾਂ ਦੇ ਆਪਸੀ ਜੁੜਾਅ ਅਤੇ ਅੰਤਰਰਾਸ਼ਟਰੀ ਸਬੰਧਾਂ ਨੂੰ ਹੋਰ ਮਜ਼ਬੂਤ ਕਰਨਾ ਹੈ।’

# ਅੰਬੇਡਕਰ ਦੇ ਬੁੱਤ ਦੀ ਸੁਰੱਖਿਆ ਲਈ ਲਾਏ ਸ਼ੀਸ਼ੇ ਭੰਨ੍ਹੇ

## ਬਸਪਾ ਵੱਲੋਂ ਪ੍ਰਸ਼ਾਸਨ ਖ਼ਿਲਾਫ਼ ਨਾਅਰੇਬਾਜ਼ੀ; ਪੁਲਿਸ ਨੇ ਜਾਂਚ ਵਿੱਢੀ




ਲੁਧਿਆਣਾ : ਇੱਥੇ ਜਲੰਧਰ ਬਾਈਪਾਸ ਚੌਕ ’ਤੇ ਸਥਿਤ ਪਾਰਕ ਵਿੱਚ ਸਥਾਪਤ ਕੀਤੇ ਡਾ. ਭੀਮ ਰਾਓ ਅੰਬੇਡਕਰ ਦੇ ਬੁੱਤ ਦੀ ਸੁਰੱਖਿਆ ਕੰਧ ਲਈ ਲਾਏ ਸ਼ੀਸ਼ੇ ਕਿਸੇ ਨੇ ਭੰਨ੍ਹ ਦਿੱਤੇ। ਜਾਣਕਾਰੀ ਅਨੁਸਾਰ ਸ਼ਰਾਰਤੀ ਅਨਸਰਾਂ ਵੱਲੋਂ ਵੱਡਾ ਪੱਥਰ ਮਾਰ ਕੇ ਸ਼ੀਸ਼ਿਆਂ ਨੂੰ ਭੰਨ੍ਹ ?ਆ ਗਿਆ ਹੈ। ਦੂਜੇ ਪਾਸੇ ਘਟਨਾ ਦੀ ਭਿਣਕ ਲੱਗਦਿਆਂ ਹੀ ਇਲਾਕੇ ਦੇ ਲੋਕ ਅਤੇ ਬਸਪਾ ਦੇ ਵਰਕਰ ਵੱਡੀ ਗਿਣਤੀ ਵਿੱਚ ਮੌਕੇ ’ਤੇ ਇਕੱਠੇ ਹੋ ਗਏ ਅਤੇ ਜਲੰਧਰ ਬਾਈਪਾਸ ’ਤੇ ਮਾਹੌਲ ਭਖ ਗਿਆ। ਇਸ ਦੌਰਾਨ ਪ੍ਰਦਰਸ਼ਨਕਾਰੀਆਂ ਨੇ ਪੁਲੀਸ ਅਤੇ ਜ਼ਿਲ੍ਹਾ ਪ੍ਰਸ਼ਾਸਨ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਬਸਪਾ ਦੇ ਜਨਰਲ ਸਕੱਤਰ ਸੋਨੂੰ ਨੇ ਕਿਹਾ ਕਿ ਸੁਰੱਖਿਆ ਘੇਰੇ ਲਈ ਬੁੱਤ ਦੇ ਅੱਗੇ ਲਗਾਇਆ ਗਿਆ ਸ਼ੀਸ਼ਾ ਬਹੁਤ ਜ਼ਿਆਦਾ ਮੋਟਾ ਸੀ, ਜੋ ਇੱਕ ਵਾਰ ਨਾਲ ਨਹੀਂ ਟੁੱਟ ਸਕਦਾ। ਉਨ੍ਹਾਂ ਕਿਹਾ ਕਿ ਸ਼ੀਸ਼ੇ ਨੂੰ ਡੂੰਘੀ ਸਾਜ਼ਿਸ਼ ਤਹਿਤ ਕਈ ਪੱਥਰ ਮਾਰ ਕੇ ਤੋੜਿਆ ਗਿਆ ਹੈ। ਰੋਸ ਵਜੋਂ ਇਕੱਠੇ ਹੋਏ ਆਗੂਆਂ ਨੇ ਸਰਕਾਰ ’ਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਪੰਜਾਬ ਵਿੱਚ ਡਾ. ਅੰਬੇਡਕਰ ਦੇ ਬੁੱਤਾਂ ਦੀ ਭੰਨ-ਤੋੜ ਦੀਆਂ ਕਈ ਘਟਨਾਵਾਂ ਵਾਪਰ ਚੁੱਕੀਆਂ ਹਨ। ਜਥੇਬੰਦੀ ਨੇ ਪ੍ਰਸ਼ਾਸਨ ਨੂੰ ਚਿਤਾਵਨੀ ਦਿੱਤੀ ਹੈ ਕਿ ਜੇ ਮੁਲਜ਼ਮਾਂ ਨੂੰ ਛੇਤੀ ਗ੍ਰਿਫ਼ਤਾਰ ਨਾ ਕੀਤਾ ਤਾਂ ਉਹ ਕੌਮੀ ਮਾਰਗ ’ਤੇ ਚੱਕਾ ਜਾਮ ਕਰਨਗੇ। ਇਸ ਦੇ ਨਾਲ ਹੀ ਪ੍ਰਦਰਸ਼ਨਕਾਰੀਆਂ ਨੇ ਮੰਗ ਕੀਤੀ ਕਿ ਡਾ. ਅੰਬੇਡਕਰ ਦੇ ਬੁੱਤ ਵਾਲੀ ਥਾਂ ’ਤੇ ਸੁਰੱਖਿਆ ਮੁਲਾਜ਼ਮਾਂ ਨੂੰ ਤਾਇਨਾਤ ਕੀਤਾ ਜਾਵੇ ਤੇ ਨਾਲ ਹੀ ਨਵੇਂ ਸੀ ਸੀ ਟੀ ਵੀ ਕੈਮਰੇ ਲਾਏ ਜਾਣ।

ਇਸ ਸਬੰਧੀ ਥਾਣਾ ਸਲੇਮ ਟਾਬਰੀ ਦੇ ਮੁਖੀ ਨੇ ਦੱਸਿਆ ਕਿ ਮੁਲਜ਼ਮਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਆਲੇ-ਦੁਆਲੇ ਦੇ ਰਸਤਿਆਂ ’ਤੇ ਲੱਗੇ ਕੈਮਰਿਆਂ ਦੀ ਫ਼ੁਟੇਜ ਦੇਖੀ ਜਾ ਰਹੀ ਹੈ। ਪੁਲੀਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਡੂੰਘੀ ਤਫ਼ਤੀਸ਼ ਤੋਂ ਬਾਅਦ ਹੀ ਸਾਫ਼ ਹੋ ਸਕੇਗਾ ਕਿ ਇਹ ਸ਼ੀਸ਼ਾ ਕਿਸੇ ਹਾਦਸੇ ਕਾਰਨ ਟੁੱਟਿਆ ਹੈ ਜਾਂ ਫਿਰ ਕਿਸੇ ਸ਼ਰਾਰਤੀ ਅਨਸਰ ਨੇ ਭੰਨ੍ਹਿਆ ਹੈ। ਫਿਲਹਾਲ ਪੂਰੇ ਇਲਾਕੇ ਵਿੱਚ ਭਾਰੀ ਪੁਲੀਸ ਤਾਇਨਾਤ ਕਰ ਦਿੱਤੀ ਗਈ ਹੈ।

# ਡਾ. ਮਨਮੋਹਨ ਸਿੰਘ ਲਈ ਸੰਵਿਧਾਨਕ ਮਰਿਆਦਾ ਸਿਰਫ਼ ਗੱਲਬਾਤ ਦਾ ਵਿਸ਼ਾ ਨਹੀਂ, ਸਗੋਂ ਦ੍ਰਿੜ੍ਹ ਜੀਵਨ ਵਿਸ਼ਵਾਸ ਸੀ : ਕੁਰੈਸ਼ੀ

ਨਵੀਂ ਦਿੱਲੀ : ‘ਮੈਂ ਖੁਦਕੁਸ਼ੀ ਕਰ ਲਵਾਂਗਾ’ ਤਤਕਾਲੀ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ 2012 ’ਚ ਮੁੱਖ ਚੋਣ ਕਮਿਸ਼ਨਰ ਐੱਸ.ਵਾਈ. ਕੁਰੈਸ਼ੀ ਨੂੰ ਉਦੋਂ ਕਿਹਾ ਸੀ ਜਦੋਂ ਚੋਣ ਕਮਿਸ਼ਨ ਦੇ ਮੁਖੀ ਨੇ ਮੰਤਰੀਆਂ ਵਲੋਂ ਚੋਣ ਕਮਿਸ਼ਨ ਦੇ ਕੰਮਕਾਜ ਬਾਰੇ ਕਹੀਆਂ ਜਾ ਰਹੀਆਂ “ਬੇਤੁਕੀਆਂ ਗੱਲਾਂ” ’ਤੇ ਨਾਰਾਜ਼ਗੀ ਪ੍ਰਗਟ ਕੀਤੀ ਸੀ। ਮਨਮੋਹਨ ਸਿੰਘ ਨੇ ਕੁਰੈਸ਼ੀ ਨੂੰ ਇਹ ਵੀ ਕਿਹਾ ਸੀ ਕਿ ਚੋਣ ਕਮਿਸ਼ਨ ਸਿਰਫ਼ ਭਾਰਤ ਦਾ ਮਾਣ ਨਹੀਂ ਹੈ; ਇਹ ਦੇਸ਼ ਦੇ ਲੋਕਤੰਤਰ ਦੀ ਆਤਮਾ ਹੈ ਅਤੇ “ਜੇ ਅਸੀਂ ਇਸ ਨੂੰ ਗੁਆ ਦਿੰਦੇ ਹਾਂ, ਤਾਂ ਅਸੀਂ ਸਭ ਕੁਝ ਗੁਆ ਦੇਵਾਂਗੇ।ਇਹ ਗੱਲਬਾਤ ਕੁਰੈਸ਼ੀ ਦੀ ਆਉਣ ਵਾਲੀ ਕਿਤਾਬ, “ਇੰਡੀਆ ਐਂਡ ਆਈ: ਏ ਹੰਡ ?ਰੇਡ ਮੈਮੋਰੀਜ਼, ਨਾਟ ਏ ਮੈਮੋਇਰ” ’ਚ ਦਰਜ ਹੈ।ਆਪਣੀ ਕਿਤਾਬ ’ਚ ਕੁਰੈਸ਼ੀ ਮਨਮੋਹਨ ਸਿੰਘ ਦੀ ਪ੍ਰਸ਼ੰਸਾ ਕਰਦੇ ਹੋਏ ਉਨ੍ਹਾਂ ਨੂੰ ਇਕ ਅਜਿਹੇ ਆਗੂ ਵਜੋਂ ਦਰਸਾਉਂਦੇ ਹਨ, ਜਿਸ ਲਈ ਸੰਵਿਧਾਨਕ ਮਰਿਆਦਾ ਸਿਰਫ਼ ਗੱਲਬਾਤ ਦਾ ਵਿਸ਼ਾ ਨਹੀਂ ਸੀ, ਸਗੋਂ ਇਕ ਦ੍ਰਿੜ੍ਹ ਜੀਵਨ ਵਿਸ਼ਵਾਸ ਸੀ। ਸਾਬਕਾ ਸੀ.ਈ.ਸੀ. ਯਾਦ ਕਰਦੇ ਹਨ ਕਿ ਜਨਵਰੀ 2012 ’ਚ ਉੱਤਰ ਪ੍ਰਦੇਸ਼ ’ਚ ਇਕ ਚੋਣ ਦੌਰਾਨ, ਤਤਕਾਲੀ ਕਾਨੂੰਨ ਮੰਤਰੀ ਸਲਮਾਨ ਖੁਰਸ਼ੀਦ ਨੇ ਇਕ ਰੈਲੀ ’ਚ ਵਾਅਦਾ ਕੀਤਾ ਸੀ ਕਿ ਜੇਕਰ ਉਨ੍ਹਾਂ ਦੀ ਪਾਰਟੀ ਸੱਤਾ ’ਚ ਆਈ, ਤਾਂ ਉਹ ਨੌਕਰੀਆਂ ਵਿਚ ਮੁਸਲਮਾਨਾਂ ਲਈ ਕੋਟਾ 4.5 ਫ਼ੀਸਦੀ ਤੋਂ ਵਧਾ ਕੇ 9 ਫ਼ੀਸਦੀ ਕਰ ਦੇਵੇਗੀ।’ ਭਾਜਪਾ ਨੇ ਤੁਰੰਤ ਆਦਰਸ਼ ਚੋਣ ਜ਼ਾਬਤਾ ਦੀ ਉਲੰਘਣਾ ਦੀ ਸ਼ਿਕਾਇਤ ਕੀਤੀ। ਨਿਯਮਾਂ ਅਨੁਸਾਰ ਚੋਣ ਪ੍ਰਕਿਰਿਆ ਸ਼ੁਰੂ ਹੋਣ ਅਤੇ ਐੱਮ.ਸੀ.ਸੀ. ਲਾਗੂ ਹੋਣ ਤੋਂ ਬਾਅਦ ਕੋਈ ਨਵੀਂ ਯੋਜਨਾ ਦਾ ਐਲਾਨ ਨਹੀਂ ਕੀਤਾ ਜਾ ਸਕਦਾ ਸੀ, ਕੁਰੈਸ਼ੀ ਨੇ ਆਪਣੀ ਕਿਤਾਬ ’ਚ ਯਾਦ ਕੀਤਾ। ਇਹ ਕਿਤਾਬ ਜਲਦੀ ਹੀ ਸ਼ੈਲਫਾਂ ’ਤੇ ਆਉਣ ਵਾਲੀ ਹੈ।ਅਸੀਂ ਚਾਰ ਦਿਨਾਂ ਦੀ ਸੁਣਵਾਈ ਕੀਤੀ। ਅਭਿਸ਼ੇਕ ਮਨੂ ਸਿੰਘਵੀ ਨੇ ਕਾਂਗਰਸ ਲਈ ਅਤੇ ਅਰੁਣ ਜੇਤਲੀ ਨੇ ਭਾਜਪਾ ਲਈ ਦਲੀਲ ਦਿੱਤੀ। ਕੁਰੈਸ਼ੀ, ਜੋ 30 ਜੁਲਾਈ, 2010 ਤੋਂ 10 ਜੂਨ,




2012 ਤੱਕ ਸੀ.ਈ.ਸੀ. ਰਹੇ, ਯਾਦ ਕਰਦੇ ਹਨ, “ਆਖਰਕਾਰ, ਅਸੀਂ ਖੁਰਸ਼ੀਦ ਦੀ ਨਿੰਦਾ ਕੀਤੀ, ਜੋ ਕਿ ਕੋਡ ਤਹਿਤ ਸਭ ਤੋਂ ਸਖ਼ਤ ਕਾਰਵਾਈ ਸੀ।”ਉਹ ਅੱਗੇ ਕਹਿੰਦੇ ਹਨ ਕਿ ਖੁਰਸ਼ੀਦ ਸਪੱਸ਼ਟ ਤੌਰ ’ਤੇ ਨਾਰਾਜ਼ ਸਨ ਅਤੇ ਜਲਦੀ ਹੀ, ਕਾਂਗਰਸ ਅੰਦਰ ਇਹ ਚਰਚਾ ਹੋਣ ਲੱਗੀ ਕਿ ਕਮਿਸ਼ਨ “ਹੰਕਾਰੀ ਜਾਂ ਮਨਮਾਨੀ” ਹੋ ਗਿਆ ਹੈ। ਕੁਰੈਸ਼ੀ ਕਿਤਾਬ ’ਚ ਕਹਿੰਦੇ ਹਨ, “ਆਲੋਚਨਾ ਨੇ ਮੈਨੂੰ ਕਦੇ ਪ੍ਰੇਸ਼ਾਨ ਨਹੀਂ ਕੀਤਾ; ਪਰ ਅਜਿਹੀਆਂ ਚੀਜ਼ਾਂ, ਜਿਨ੍ਹਾਂ ਨੇ ਸੰਸਥਾ ਦੀ ਭਰੋਸੇਯੋਗਤਾ ਨੂੰ ਕਮਜ਼ੋਰ ਕੀਤਾ। ਅਜਿਹੀਆਂ ਬੇਤੁਕੀਆਂ ਗੱਲਾਂ ਅਸਵੀਕਾਰਨਯੋਗ ਸਨ।” ਕੁਰੈਸ਼ੀ ਯਾਦ ਕਰਦੇ ਹਨ ਕਿ ਉਸ ਸਮੇਂ, ਉਹ ਆਪਣੀ ਸਾਲਾਨਾ ਈਦ ‘ਓਪਨ ਹਾਊਸ’ ਪਾਰਟੀ ਦੀ ਮੇਜ਼ਬਾਨੀ ਕਰ ਰਹੇ ਸਨ, ਅਤੇ ਮਹਿਮਾਨਾਂ ’ਚ ਪ੍ਰਧਾਨ ਮੰਤਰੀ ਦੇ ਤਤਕਾਲੀ ਪ੍ਰੈੱਸ ਸਕੱਤਰ, ਹਰੀਸ਼ ਖਰੇ ਵੀ ਸ਼ਾਮਿਲ ਸਨ।” ਗੱਲਬਾਤ ਦੌਰਾਨ, ਮੈਂ ਆਪਣੀ ਸ਼ਿਕਾਇਤ ਦਾ ਜ਼ਿਕਰ ਕੀਤਾ। ਹਰੀਸ਼ ਨੇ ਪੁੱਛਿਆ, ‘ਕੀ ਮੈਨੂੰ ਪ੍ਰਧਾਨ ਮੰਤਰੀ ਨੂੰ ਦੱਸਣਾ ਚਾਹੀਦਾ ਹੈ?’ ਮੈਂ ਕਿਹਾ, ‘ਹਾਂ। ਅਗਲੇ ਦਿਨ, ਆਰ.ਏ.ਐਕਸ. (ਪ੍ਰਤੀਬੰਧਿਤ ਪਹੁੰਚ ਐਕਸਚੇਂਜ) ਦਾ ਫ਼ੋਨ ਵੱਜਿਆ। ‘ਪ੍ਰਧਾਨ ਮੰਤਰੀ ਤੁਹਾਡੇ ਨਾਲ ਤੁਰੰਤ ਗੱਲ ਕਰਨਾ ਚਾਹੁੰਦੇ ਹਨ।’ ਕੁਝ ਹੀ ਪਲਾਂ ’ਚ, ਡਾ. ਮਨਮੋਹਨ ਸਿੰਘ ਲਾਈਨ ’ਤੇ ਆਏ, ਉਨ੍ਹਾਂ ਦੀ ਆਵਾਜ਼ ਚਿੰਤਾ ਨਾਲ ਭਰੀ ਹੋਈ ਸੀ: ‘ਕੁਰੈਸ਼ੀ ਜੀ, ਕੀ ਮੈਂ ਤੁਹਾਨੂੰ ਤੁਰੰਤ ਮਿਲ ਸਕਦਾ ਹਾਂ?’ ਉਨ੍ਹਾਂ ਦੇ ਸੁਰ ਤੋਂ ਪਤਾ ਲੱਗਿਆ ਕਿ ਉਹ ਮੇਰੇ ਕੋਲ ਆ ਸਕਦੇ ਹਨ। ਮੈਂ ਕਿਹਾ, ‘ਸਰ, ਤੁਸੀਂ ਪ੍ਰਧਾਨ ਮੰਤਰੀ ਹੋ, ਮੈਂ ਜਦੋਂ ਵੀ ਕਹੋਗੇ ਆ ਜਾਵਾਂਗਾ। ਅਸੀਂ ਸ਼ਾਮ 7 ਵਜੇ ਦਾ ਸਮਾਂ ਤੈਅ ਕੀਤਾ ਸੀ। ਕੁਰੈਸ਼ੀ ਉਸ ਸ਼ਾਮ ਪ੍ਰਧਾਨ ਮੰਤਰੀ ਦੇ ਨਿਵਾਸ ‘ਤੇ ਪਹੁੰਚੇ।” ਡਾ. ਸਿੰਘ ਦਰਵਾਜ਼ੇ ’ਤੇ ਉਡੀਕ ਕਰ ਰਹੇ ਸਨ। ਉਹ ਮੈਨੂੰ ਅੰਦਰ ਲੈ ਗਏ ਅਤੇ ਸਾਡੇ ਬੈਠਣ ਤੋਂ ਪਹਿਲਾਂ ਹੀ, ਉਨ੍ਹਾਂ ਨੇ ਸੱਚੀ ਉਦਾਸੀ ਦੀ ਆਵਾਜ਼ ’ਚ ਕਿਹਾ: ‘ਹਰੀਸ਼ ਨੇ ਮੈਨੂੰ ਦੱਸਿਆ ਕਿ ਤੁਸੀਂ ਕੀ ਕਿਹਾ ਸੀ। ਜੇ ਤੁਸੀਂ ਇਸ ਤਰ੍ਹਾਂ ਸੋਚਦੇ ਹੋ ਤਾਂ ਮੈਂ ਖੁਦਕੁਸ਼ੀ ਕਰ ਲਵਾਂਗਾ।’ ਮੈਂ ਹੈਰਾਨ ਰਹਿ ਗਿਆ। ਮੈਂ ਕੁਝ ਮੰਤਰੀਆਂ ਦੇ ਵਿਵਹਾਰ ਬਾਰੇ ਗੱਲ ਕਰ ਰਿਹਾ ਸੀ, ਉਨ੍ਹਾਂ ਬਾਰੇ ਨਹੀਂ,”ਕੁਰੈਸ਼ੀ ਨੇ ਯਾਦ ਕੀਤਾ। ਉਹ ਕਹਿੰਦਾ ਹੈ ਕਿ ਮਨਮੋਹਨ ਸਿੰਘ ਨੇ ਹਮੇਸ਼ਾ ਚੋਣ ਕਮਿਸ਼ਨ ਦੀ “ਭਾਰਤ ਦਾ ਮਾਣ” ਅਤੇ ਸਾਡੀ “ਨਰਮ ਸ਼ਕਤੀ” ਵਜੋਂ ਪ੍ਰਸ਼ੰਸਾ ਕੀਤੀ ਸੀ। “ਉਹ ਇਸ ਵਿਚਾਰ ਨੂੰ ਬਰਦਾਸ਼ਤ ਨਹੀਂ ਕਰ ਸਕੇ ਕਿ ਮੈਂ ਇਕ ਪਲ ਲਈ ਵੀ ਉਨ੍ਹਾਂ ਦੇ ਇਰਾਦਿਆਂ ’ਤੇ ਸ਼ੱਕ ਕਰ ਸਕਦਾ ਹਾਂ। ਉਨ੍ਹਾਂ ਨੂੰ ਸ਼ਾਂਤ ਕਰਨ ’ਚ ਕੁਝ ਮਿੰਟ ਲੱਗੇ। ਉਨ੍ਹਾਂ ਕਿਹਾ, ‘ਮੈਨੂੰ ਕੋਈ ਪਤਾ ਨਹੀਂ ਸੀ। ਜੇ ਮੈਨੂੰ ਪਤਾ ਹੁੰਦਾ, ਤਾਂ ਮੈਂ ਉਨ੍ਹਾਂ ਨੂੰ ਸਖ਼ਤ ਝਿੜਕਦਾ। ਜੇ ਤੁਹਾਡੇ ਕੋਲ ਕਦੇ ਕੁਝ ਕਹਿਣਾ ਹੈ, ਤਾਂ ਫ਼ੋਨ ਚੁੱਕੋ ਅਤੇ ਮੈਨੂੰ ਫ਼ੋਨ ਕਰੋ,’”ਕੁਰੈਸ਼ੀ ਨੇ ਸਿੰਘ ਨੂੰ ਯਾਦ ਕੀਤਾ।

# 'ਸਤਲੁਜ' 'ਤੇ ਪਾਬੰਦੀ ਖ਼ਿਲਾਫ਼ ਮਾਰਚ

## ਜਸਵੰਤ ਸਿੰਘ ਖਾਲੜਾ ਨੂੰ ਪੰਥ ਰਤਨ ਐਵਾਰਡ ਨਾਲ ਨਿਵਾਜਿਆ ਜਾਵੇ: ਸਤਵਿੰਦਰ ਸਿੰਘ ਟੌਹੜਾ




ਭਾਦਸੋਂ : ਮਨੁੱਖੀ ਅਧਿਕਾਰਾਂ ਦੇ ਕਾਰਕੁਨ ਭਾਈ ਜਸਵੰਤ ਸਿੰਘ ਖਾਲੜਾ ਦੇ ਜੀਵਨ 'ਤੇ ਬਣੀ ਫਿਲਮ 'ਸਤਲੁਜ' ਉੱਤੇ ਪਾਬੰਦੀ ਲਾਉਣ ਖ਼ਿਲਾਫ਼ ਭਾਦਸੋਂ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਜਥੇਦਾਰ ਸਤਵਿੰਦਰ ਸਿੰਘ ਟੌਹੜਾ ਦੀ ਅਗਵਾਈ ਹੇਠ ਰੋਸ ਮਾਰਚ ਕੀਤਾ ਗਿਆ। ਗੁਰਦੁਆਰਾ ਬੋਹੜ ਸਾਹਿਬ ਚਾਸਵਾਲ ਤੋਂ ਬੱਸ ਸਟੈਂਡ ਭਾਦਸੋਂ ਤੱਕ ਕੀਤੇ ਗਏ ਇਸ ਰੋਸ ਮਾਰਚ ਵਿੱਚ ਸਿੱਖ, ਮੁਸਲਿਮ ਅਤੇ ਹਿੰਦੂ ਭਾਈਚਾਰੇ ਸਣੇ ਅਮਨ-ਪਸੰਦ ਲੋਕਾਂ ਨੇ ਵੀ ਵੱਡੀ ਗਿਣਤੀ 'ਚ ਹਿੱਸਾ ਲਿਆ। ਸਾਰਿਆਂ ਨੇ ਸਾਂਝੇ ਤੌਰ 'ਤੇ 'ਸਤਲੁਜ' ਫਿਲਮ 'ਤੇ ਲੱਗੀ ਪਾਬੰਦੀ ਦਾ ਵਿਰੋਧ ਕੀਤਾ ਤੇ ਇਸ ਨੂੰ ਰਿਲੀਜ਼ ਕਰਨ ਦੀ ਮੰਗ ਕੀਤੀ।

ਇਸ ਮੌਕੇ ਸਤਵਿੰਦਰ ਸਿੰਘ ਟੌਹੜਾ ਅਤੇ ਰਣਧੀਰ ਸਿੰਘ ਢੀਂਡਸਾ ਨੇ ਕਿਹਾ ਮਨੁੱਖਤਾ ਅਤੇ ਮਨੁੱਖੀ ਅਧਿਕਾਰਾਂ ਦੇ ਕਾਰਕੁਨ ਭਾਈ ਖਾਲੜਾ ਖ਼ਿਲਾਫ਼ ਕੋਈ ਵੀ ਕੇਸ ਦਰਜ ਨਹੀਂ ਸੀ। ਉਨ੍ਹਾਂ ਹਥਿਆਰ ਰਹਿਤ ਲੜਾਈ ਲੜੀ ਅਤੇ ਹਮੇਸ਼ਾ ਮਨੁੱਖੀ ਅਧਿਕਾਰਾਂ ਦੀ ਗੱਲ ਕੀਤੀ। ਖਾਲੜਾ ਦੀ ਲੜਾਈ ਮਾੜੇ ਸਿਸਟਮ ਖ਼ਿਲਾਫ਼ ਸੀ, ਨਾ ਕਿ ਕਿਸੇ ਫ਼ਿਰਕੇ ਖ਼ਿਲਾਫ਼। ਉਨ੍ਹਾਂ ਉਸ ਸਮੇਂ 100 ਦੇ ਕਰੀਬ ਹਿੰਦੂ ਨੌਜਵਾਨਾਂ ਦੀਆਂ ਲਾਵਾਰਿਸ ਲਾਸ਼ਾਂ ਦੀ ਵੀ ਸ਼ਨਾਖ਼ਤ ਕੀਤੀ ਸੀ।

ਸ਼੍ਰੀ ਟੌਹੜਾ ਨੇ ਕਿਹਾ ਕਿ ਫਿਲਮ ਵਿੱਚ ਇਤਿਹਾਸ ਦੇ ਤੱਥਾਂ, ਮਨੁੱਖੀ ਅਧਿਕਾਰਾਂ ਅਤੇ ਸਮਾਜਿਕ ਸੱਚਾਈ ਨੂੰ ਸਾਹਮਣੇ ਲਿਆਂਦਾ ਗਿਆ ਹੈ, ਜਿਸ ਨੂੰ ਰੋਕਣ ਦੀ ਬਜਾਇ ਖੁੱਲ੍ਹੇ ਮਨ ਨਾਲ ਦੇਖਿਆ ਅਤੇ ਵਿਚਾਰਿਆ ਜਾਣਾ ਚਾਹੀਦਾ ਹੈ। ਉਨ੍ਹਾਂ ਭਾਈ ਖਾਲੜਾ ਨੂੰ ਪੰਥ ਰਤਨ ਐਵਾਰਡ ਨਾਲ ਨਿਵਾਜਣ ਦੀ ਮੰਗ ਵੀ ਕੀਤੀ। ਇਸ ਮੌਕੇ ਹਰਮੇਲ ਸਿੰਘ ਗੋਬਿੰਦਪੁਰਾ, ਦਰਸ਼ਨ ਸਿੰਘ ਧਾਰਨੀ, ਨਾਜਰ ਟਿਵਾਣਾ, ਹਰਭਜਨ ਸਿੰਘ ਟੌਹੜਾ, ਸਰਪੰਚ ਅੰਗਰੇਜ਼ ਚਾਸਵਾਲ, ਗੁਰਮੇਲ ਖੱਟੜਾ, ਅਮਰਜੀਤ ਟਿਵਾਣਾ, ਪਾਲਾ ਸਿੰਘ, ਰਾਜ ਕੁਮਾਰ ਖਨੌੜਾ, ਮਲੂਕ ਖਾਂ, ਪ੍ਰਿਥੀ ਚੰਦ ਅਤੇ ਕਰਨਵੀਰ ਖਾਂ ਸਣੇ ਕਈ ਲੋਕ ਹਾਜ਼ਰ ਸਨ।

# ਜਸਵੰਤ ਸਿੰਘ ਖ਼ਾਲੜਾ ਦੀ ਯਾਦਗਾਰ ਲਈ ਸੰਸਦ ਮੈਂਬਰ ਸਰਬਜੀਤ ਸਿੰਘ ਖ਼ਾਲਸਾ ਵੱਲੋਂ 1 ਕਰੋੜ ਰੁ. ਦੇਣ ਦਾ ਐਲਾਨ

## ਸੂਬਾ ਸਰਕਾਰ ਨੂੰ ਜ਼ਮੀਨ ਅਲਾਟ ਕਰਨ ਦੀ ਕੀਤੀ ਅਪੀਲ

ਬਠਿੰਡਾ : ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖ਼ਾਲੜਾ ਦੇ ਜੀਵਨ 'ਤੇ ਅਧਾਰਤ ਫ਼ਿਲਮ 'ਸਤਲੁਜ' ਨੂੰ ਲੈ ਕੇ ਚੱਲ ਰਹੇ ਵਿਵਾਦ ਦਰਮਿਆਨ, ਅਕਾਲੀ ਦਲ (ਵਾਰਿਸ ਪੰਜਾਬ ਦੇ) ਆਗੂ ਅਤੇ ਫ਼ਰੀਦਕੋਟ ਦੇ ਸੰਸਦ ਮੈਂਬਰ ਸਰਬਜੀਤ ਸਿੰਘ ਖ਼ਾਲਸਾ ਨੇ ਇੱਕ ਵੱਡਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਉਹ ਹਰੀਕੇ ਪੱਤਣ ਵਿਖੇ ਸਤਲੁਜ ਨਦੀ ਦੇ ਨੇੜੇ ਜਸਵੰਤ ਸਿੰਘ ਖ਼ਾਲੜਾ ਦੀ ਯਾਦਗਾਰ ਬਣਾਉਣ ਲਈ ਆਪਣੇ ਐੱਮ ਪੀ ਲੈਂਡ (MPLAD) ਫੰਡ ਵਿੱਚੋਂ 1 ਕਰੋੜ ਰੁਪਏ ਦੇਣਗੇ। ਜ਼ਿਕਰਯੋਗ ਹੈ ਕਿ ਇਸ ਥਾਂ ਬਾਰੇ ਆਮ ਤੌਰ 'ਤੇ ਇਹ ਮੰਨਿਆ ਜਾਂਦਾ ਹੈ ਕਿ ਇੱਥੇ ਹੀ ਖ਼ਾਲੜਾ ਦੀ ਮ੍ਰਿਤਕ ਦੇਹ ਨੂੰ ਖ਼ੁਰਦ-ਬੁਰਦ ਕੀਤਾ ਗਿਆ ਸੀ।

ਸੰਸਦ ਮੈਂਬਰ ਸਰਬਜੀਤ ਸਿੰਘ ਖ਼ਾਲਸਾ ਨੇ ਇਹ ਐਲਾਨ ਇੱਕ ਫੇਸਬੁੱਕ ਪੋਸਟ ਰਾਹੀਂ ਕੀਤਾ। ਇਸ ਦੇ ਨਾਲ ਹੀ ਉਨ੍ਹਾਂ ਨੇ ਸਪਸ਼ਟ ਕੀਤਾ ਕਿ ਨਿਯਮਾਂ ਮੁਤਾਬਕ ਐੱਮ ਪੀ ਲੈਂਡ (MPLAD) ਫੰਡ ਦੇ ਪੈਸੇ ਦੀ ਵਰਤੋਂ ਕਿਸੇ ਨਿੱਜੀ ਮਲਕੀਅਤ ਵਾਲੀ (ਪ੍ਰਾਈਵੇਟ) ਜ਼ਮੀਨ 'ਤੇ ਨਹੀਂ ਕੀਤੀ ਜਾ ਸਕਦੀ। ਇਸ ਲਈ, ਉਨ੍ਹਾਂ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਇਸ ਯਾਦਗਾਰ ਦੇ ਨਿਰਮਾਣ ਨੂੰ ਨੇਪਰੇ ਚਾੜ੍ਹਨ ਲਈ ਹਰੀਕੇ ਪੱਤਣ ਵਿਖੇ ਸਰਕਾਰੀ ਜ਼ਮੀਨ ਤੁਰੰਤ ਅਲਾਟ ਕੀਤੀ ਜਾਵੇ।

ਇਸ ਬਾਬਤ ਫ਼ਰੀਦਕੋਟ ਦੇ ਸੰਸਦ ਮੈਂਬਰ ਸਰਬਜੀਤ ਸਿੰਘ ਖ਼ਾਲਸਾ ਫ਼ੋਨ 'ਤੇ ਕੋਈ ਟਿੱਪਣੀ




ਕਰਨ ਲਈ ਉਪਲਬਧ ਨਹੀਂ ਹੋ ਸਕੇ, ਪਰ ਉਨ੍ਹਾਂ ਦੇ ਨਜ਼ਦੀਕੀ ਸਹਿਯੋਗੀ ਅਤੇ ਪਾਰਟੀ ਦੇ ਫ਼ਰੀਦਕੋਟ ਜ਼ਿਲ੍ਹਾ ਪ੍ਰਧਾਨ ਦਲੇਰ ਸਿੰਘ ਦੋਦ ਨੇ ਦੱਸਿਆ, 'ਸੰਸਦ ਮੈਂਬਰ ਸਰਬਜੀਤ ਸਿੰਘ ਖ਼ਾਲਸਾ ਨੇ ਐਲਾਨ ਕੀਤਾ ਹੈ ਕਿ ਉਹ ਜਸਵੰਤ ਸਿੰਘ ਖ਼ਾਲੜਾ ਦੇ ਕਤਲ (ਸ਼ਹੀਦੀ) ਵਾਲੇ ਸਥਾਨ 'ਤੇ ਯਾਦਗਾਰ ਬਣਾਉਣ ਲਈ ਆਪਣੇ ਐੱਮ ਪੀ ਲੈਂਡ (MPLAD) ਫੰਡ ਵਿੱਚੋਂ 1 ਕਰੋੜ ਰੁਪਏ ਦੇਣਗੇ। ਪਰ ਇਹ ਫੰਡ ਉਦੋਂ ਹੀ ਜਾਰੀ ਹੋ ਸਕਦੇ ਹਨ ਜੇਕਰ ਸੂਬਾ ਸਰਕਾਰ ਇਸ ਕਾਰਜ ਲਈ ਜ਼ਮੀਨ ਮੁਹੱਈਆ ਕਰਵਾਏਗੀ। ਇਹ ਰਕਮ ਦੋ ਸਾਲਾਂ ਦੌਰਾਨ 50-50 ਲੱਖ ਰੁਪਏ ਦੀਆਂ ਦੋ ਕਿਸ਼ਤਾਂ ਵਿੱਚ ਦਿੱਤੀ ਜਾ ਸਕਦੀ ਹੈ। ਇਸ ਪਹਿਲਕਦਮੀ ਦਾ ਮੁੱਖ ਉਦੇਸ਼ ਖ਼ਾਲੜਾ ਦੀ ਮਹਾਨ ਵਿਰਾਸਤ ਨੂੰ ਸਨਮਾਨ ਦੇਣਾ ਹੈ।'

ਇਸੇ ਦੌਰਾਨ ਗੱਲਬਾਤ ਕਰਦਿਆਂ ਜੇਲ੍ਹ ਵਿੱਚ ਬੰਦ ਖਡੂਰ ਸਾਹਿਬ ਦੇ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਖ਼ਾਲਸਾ ਨੇ ਕਿਹਾ, 'ਐੱਮ ਪੀ ਸਰਬਜੀਤ ਸਿੰਘ ਖ਼ਾਲਸਾ ਨੇ ਜਸਵੰਤ ਸਿੰਘ ਖ਼ਾਲੜਾ ਦੀ ਸ਼ਹੀਦੀ ਵਾਲੇ ਸਥਾਨ 'ਤੇ ਯਾਦਗਾਰ ਬਣਾਉਣ ਲਈ 1 ਕਰੋੜ ਰੁਪਏ ਦੇਣ ਦੀ ਪੇਸ਼ਕਸ਼ ਕੀਤੀ ਹੈ। ਪਰ ਜੇਕਰ ਪੰਜਾਬ ਸਰਕਾਰ ਇਸ ਕਾਰਜ ਲਈ ਜ਼ਮੀਨ ਮੁਹੱਈਆ ਨਹੀਂ ਕਰਵਾਉਂਦੀ, ਤਾਂ ਸਾਡੀ ਪਾਰਟੀ ਉਸ ਸਥਾਨ ਦੇ ਨੇੜੇ ਉਪਲਬਧ ਕਿਸੇ ਹੋਰ ਜ਼ਮੀਨ 'ਤੇ ਹੀ ਇਹ ਯਾਦਗਾਰ ਬਣਾਉਣ ਦੀ ਪੂਰੀ ਕੋਸ਼ਿਸ਼ ਕਰੇਗੀ।' ਉਨ੍ਹਾਂ ਦੱਸਿਆ ਕਿ ਜਸਵੰਤ ਸਿੰਘ ਖ਼ਾਲੜਾ ਦਾ ਇੱਕ ਬੁੱਤ ਪਹਿਲਾਂ ਹੀ ਤਰਨਤਾਰਨ ਜ਼ਿਲ੍ਹੇ ਵਿੱਚ ਉਨ੍ਹਾਂ ਦੇ ਜੱਦੀ ਪਿੰਡ ਖ਼ਾਲੜਾ ਵਿਖੇ ਸਥਾਪਤ ਹੈ।

# ਫਿਲਮ 'ਸਤਲੁਜ' ਦਾ ਸਿਆਸੀਕਰਨ ਨਹੀਂ ਹੋਣਾ ਚਾਹੀਦਾ, ਸਾਨੂੰ ਹਿੰਦੂ-ਸਿੱਖ ਏਕਤਾ ਲਈ ਕੰਮ ਕਰਨਾ ਚਾਹੀਦਾ: ਲਾਲਪੁਰਾ

## ਪੰਜਾਬ ਦੇ ਜ਼ਖਮਾਂ 'ਤੇ ਮਲ੍ਹਮ ਲਗਾਉਣ ਦਾ ਸਮਾਂ ਹੈ, ਸਿਆਸਤ ਕਰਨ ਦਾ ਨਹੀਂ

ਨਵੀਂ ਦਿੱਲੀ : ਕੌਮੀ ਘੱਟਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਅਤੇ ਭਾਜਪਾ ਸੰਸਦੀ ਬੋਰਡ ਦੇ ਸੀਨੀਅਰ ਮੈਂਬਰ ਇਕਬਾਲ ਸਿੰਘ ਲਾਲਪੁਰਾ ਨੇ ਸੋਮਵਾਰ ਨੂੰ ਕਿਹਾ ਕਿ ਕਿਸੇ ਵੀ ਧਿਰ ਨੂੰ ਦਿਲਜੀਤ ਦੋਸਾਂਝ ਦੀ ਅਦਾਕਾਰੀ ਵਾਲੀ ਫ਼ਿਲਮ 'ਸਤਲੁਜ' ਦਾ ਸਿਆਸੀਕਰਨ ਨਹੀਂ ਕਰਨਾ ਚਾਹੀਦਾ ਅਤੇ ਪੰਜਾਬ ਦੇ ਹਰ ਸਿਆਸੀ ਆਗੂ ਨੂੰ ਹਿੰਦੂ-ਸਿੱਖ ਏਕਤਾ ਨੂੰ ਮਜ਼ਬੂਤ ਕਰਨ ਲਈ ਕੰਮ ਕਰਨਾ ਚਾਹੀਦਾ ਹੈ।

ਆਪਣੀ ਹੀ ਪਾਰਟੀ ਦੇ ਸਹਿਯੋਗੀ ਰਵਨੀਤ ਸਿੰਘ ਬਿੱਟੂ ਨੂੰ ਫ਼ਿਲਮ ਵਿੱਚ ਦਿਖਾਈਆਂ ਗਈਆਂ ਮੌਤਾਂ ਦੇ ਦਾਅਵਿਆਂ 'ਤੇ ਸਵਾਲ ਉਠਾਉਣੇ ਬੰਦ ਕਰਨ ਦੀ ਅਪੀਲ ਕਰਨ ਅਤੇ ਇਨ੍ਹਾਂ ਮਾਮਲਿਆਂ ਵਿੱਚ ਮੁਆਵਜ਼ੇ ਬਾਰੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੇ ਹੁਕਮਾਂ ਦਾ ਹਵਾਲਾ ਦੇਣ ਤੋਂ ਇੱਕ ਦਿਨ ਬਾਅਦ, ਲਾਲਪੁਰਾ ਨੇ ਕਿਹਾ ਕਿ ਪੰਜਾਬ ਵਿੱਚ ਅਤਿਵਾਦ ਦੇ ਕਾਲੇ ਦਿਨਾਂ ਦੌਰਾਨ ਜੋ ਕੁਝ ਵੀ ਵਾਪਰਿਆ, ਉਹ ਉਸ ਵੇਲੇ ਦੀ ਸਰਕਾਰ ਦੀਆਂ ਨਾਕਾਮੀਆਂ ਕਾਰਨ ਹੋਇਆ ਸੀ। ਉਨ੍ਹਾਂ ਦੀ ਇਹ ਆਲੋਚਨਾ ਕਾਂਗਰਸ ਵੱਲ ਕੇਂਦਰਿਤ ਸੀ।

ਲਾਲਪੁਰਾ ਨੇ ਕਿਹਾ ਕਿ ਇਹ ਜ਼ਖਮਾਂ 'ਤੇ ਮਲ੍ਹਮ ਲਾਉਣ ਦਾ ਸਮਾਂ ਹੈ ਅਤੇ ਉਨ੍ਹਾਂ ਨੇ ਹਿੰਦੂ-ਸਿੱਖ ਏਕਤਾ ਦੀ ਲੋੜ 'ਤੇ ਜ਼ੋਰ ਦੇਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਕਥਨ ਦਾ ਹਵਾਲਾ ਦਿੱਤਾ।

ਉਨ੍ਹਾਂ ਕਿਹਾ, 'ਪੰਜਾਬ ਵਿੱਚ ਸਾਰੀਆਂ ਗ਼ੈਰ-ਕਾਂਗਰਸੀ ਪਾਰਟੀਆਂ ਦੀ ਕੋਸ਼ਿਸ਼ ਹਮੇਸ਼ਾ ਸਿੱਖਾਂ ਤੇ ਹਿੰਦੂਆਂ ਦੀ ਏਕਤਾ ਅਤੇ ਪੰਜਾਬ ਦੀ ਫਿਰਕੂ ਸਦਭਾਵਨਾ ਨੂੰ ਬਣਾਈ ਰੱਖਣ ਦੀ ਰਹੀ ਹੈ।'

ਲਾਲਪੁਰਾ, ਜੋ 20 ਸਤੰਬਰ 1981 ਨੂੰ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਗ੍ਰਿਫ਼ਤਾਰ ਕਰਨ ਜਾਣ ਵਾਲੇ ਤਿੰਨ ਅੰਮ੍ਰਿਤਧਾਰੀ ਸਿੱਖ ਪੁਲੀਸ ਮੁਲਾਜ਼ਮਾਂ ਵਿੱਚੋਂ ਇੱਕ ਸਨ, ਨੇ ਉਸ ਮੰਦਭਾਗੇ ਸਾਲ ਦੀਆਂ ਘਟਨਾਵਾਂ ਨੂੰ ਯਾਦ ਕੀਤਾ।

ਉਨ੍ਹਾਂ ਕਿਹਾ ਕਿ 9 ਸਤੰਬਰ 1981 ਨੂੰ ਲਾਲਾ



ਜਗਤ ਨਾਰਾਇਣ ਦੇ ਕਤਲ ਤੋਂ ਬਾਅਦ ਭਿੰਡਰਾਂਵਾਲੇ 13 ਸਤੰਬਰ ਨੂੰ ਆਤਮ-ਸਮਰਪਣ ਕਰਨ ਲਈ ਤਿਆਰ ਸਨ, ਪਰ ਉਨ੍ਹਾਂ ਦੇ ਆਤਮ-ਸਮਰਪਣ ਨੂੰ 20 ਸਤੰਬਰ ਤੱਕ ਮੁਲਤਵੀ ਕਰ ਦਿੱਤਾ ਗਿਆ ਸੀ।

ਲਾਲਪੁਰਾ ਨੇ ਕਿਹਾ, 'ਪਹਿਲੀ ਗੱਲ ਤਾਂ ਇਹ ਕਿ ਆਤਮ-ਸਮਰਪਣ ਨੂੰ ਮੁਲਤਵੀ ਕਿਉਂ ਕੀਤਾ ਗਿਆ? ਬਾਅਦ ਵਿੱਚ ਅਸੀਂ ਭਿੰਡਰਾਂਵਾਲੇ ਨੂੰ ਮਹਿਤਾ ਚੌਕ ਵਿਖੇ ਦਮਦਮੀ ਟਕਸਾਲ ਦੇ ਮੁੱਖ ਦਫ਼ਤਰ ਤੋਂ ਗ੍ਰਿਫ਼ਤਾਰ ਕੀਤਾ, ਪਰ ਇਹ ਗ੍ਰਿਫ਼ਤਾਰੀ ਉਨ੍ਹਾਂ ਵੱਲੋਂ ਇੱਕ ਵੱਡੇ ਇਕੱਠ ਨੂੰ ਸੰਬੋਧਨ ਕਰਨ ਤੋਂ ਬਾਅਦ ਹੀ ਕੀਤੀ ਗਈ। ਇਸ ਗ੍ਰਿਫ਼ਤਾਰੀ ਤੋਂ ਬਾਅਦ ਹਿੰਸਾ ਹੋਈ ਅਤੇ ਉਨ੍ਹਾਂ ਨੂੰ ਫਿਰ 15 ਅਕਤੂਬਰ ਨੂੰ ਰਿਹਾਅ ਕਰ ਦਿੱਤਾ ਗਿਆ। ਜੇਕਰ ਉਨ੍ਹਾਂ ਨੇ ਕੁਝ ਗਲਤ ਨਹੀਂ ਸੀ ਕੀਤਾ ਤਾਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਿਉਂ ਕੀਤਾ ਗਿਆ ਅਤੇ ਜੇਕਰ ਉਨ੍ਹਾਂ ਨੇ ਕੁਝ ਗਲਤ ਕੀਤਾ ਸੀ ਤਾਂ ਉਨ੍ਹਾਂ ਨੂੰ ਰਿਹਾਅ ਕਿਉਂ ਕੀਤਾ ਗਿਆ? ਇਹ ਉਸ ਸਮੇਂ ਦੀ ਸਰਕਾਰ ਲਈ ਸਵਾਲ ਸਨ।'

ਉਨ੍ਹਾਂ ਕਿਹਾ ਕਿ ਹੁਣ ਪੰਜਾਬ ਦੇ ਜ਼ਖਮਾਂ 'ਤੇ ਮਲ੍ਹਮ ਲਗਾਉਣ ਦਾ ਸਮਾਂ ਹੈ, ਸਿਆਸਤ ਕਰਨ ਦਾ ਨਹੀਂ।

# ਐੱਸ ਐੱਸ ਪੀ ਅਜੀਤ ਸਿੰਘ ਸੰਧੂ ਦੀ ਸਾਲ 1997 ਦੌਰਾਨ 'ਖ਼ੁਦਕੁਸ਼ੀ' ਅਤੇ ਅਣਸੁਲਝੇ ਸਵਾਲ

## ਅਜੀਤ ਸੰਧੂ ਨੂੰ ਸਰਕਾਰੀ ਸੁਰੱਖਿਆ ਹੇਠ ਨਵੀਂ ਪਛਾਣ ਦੇ ਕੇ ਵਿਦੇਸ਼ ਭੇਜਣ ਦੇ ਹੋਏ ਸੀ ਚਰਚੇ

ਚੰਡੀਗੜ੍ਹ : ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ ਦੇ ਕਤਲ ਅਤੇ ਉਨ੍ਹਾਂ ਸਾਲਾਂ ਦੌਰਾਨ ਪੰਜਾਬ ਪੁਲੀਸ ਦੇ ਅਧਿਕਾਰੀਆਂ ਵੱਲੋਂ ਕੀਤੇ ਗਏ ਕਥਿਤ ਫਰਜ਼ੀ ਮੁਕਾਬਲਿਆਂ ਨੂੰ ਦਰਸਾਉਂਦੀ ਦਿਲਜੀਤ ਦੋਸਾਂਝ ਦੀ ਫ਼ਿਲਮ 'ਸਤਲੁਜ' ਦੇ ਰਿਲੀਜ਼ ਹੋਣ ਨਾਲ ਸਾਬਕਾ ਐੱਸ ਐੱਸ ਪੀ ਅਜੀਤ ਸਿੰਘ ਸੰਧੂ ਦਾ ਨਾਮ ਇੱਕ ਵਾਰ ਫਿਰ ਚਰਚਾ ਵਿੱਚ ਆ ਗਿਆ ਹੈ।

29 ਸਾਲ ਪਹਿਲਾਂ, 23 ਮਈ 1997 ਨੂੰ ਡੇਰਾਬੱਸੀ ਨੇੜੇ ਰੇਲਵੇ ਟਰੈਕ 'ਤੇ ਚਿੱਟੇ ਕੱਪੜਿਆਂ ਵਿੱਚ ਇੱਕ ਵਿਅਕਤੀ ਦਿੱਲੀ-ਕਾਲਕਾ ਹਿਮਾਲੀਅਨ ਕੁਈਨ ਐਕਸਪ੍ਰੈਸ ਦੇ ਸਾਹਮਣੇ ਆ ਗਿਆ ਸੀ, ਜਿਸ ਨੂੰ ਪੁਲੀਸ ਨੇ ਪੰਜਾਬ ਪੁਲੀਸ ਦੇ ਸਭ ਤੋਂ ਵਿਵਾਦਗ੍ਰਸਤ ਚਿਹਰਿਆਂ ਵਿੱਚੋਂ ਇੱਕ ਐੱਸਐੱਸਪੀ ਅਜੀਤ ਸਿੰਘ ਸੰਧੂ ਦੱਸਿਆ ਸੀ ਪਰ ਉਸੇ ਦਿਨ ਤੋਂ ਇਹ ਸਵਾਲ ਖੜ੍ਹਾ ਹੈ ਕਿ ਕੀ ਸੰਧੂ ਦੀ ਸੱਚਮੁੱਚ ਮੌਤ ਹੋਈ ਸੀ ਜਾਂ ਇਹ ਮੌਤ ਦਾ ਇੱਕ ਡਰਾਮਾ ਸੀ।

ਉਸ ਸਮੇਂ ਪਟਿਆਲਾ ਤੋਂ ਪੱਤਰਕਾਰ ਜੁਪਿੰਦਰਜੀਤ ਸਿੰਘ ਦੀਆਂ ਖ਼ਬਰਾਂ ਮੁਤਾਬਕ ਪੁਲੀਸ ਵੱਲੋਂ ਇਸ ਨੂੰ ਖ਼ੁਦਕੁਸ਼ੀ ਕਰਾਰ ਦੇਣ ਦੇ ਬਾਵਜੂਦ ਸ਼ੁਰੂਆਤੀ ਰਿਪੋਰਟਾਂ ਵਿੱਚ ਕਤਲ ਦੀ ਸੰਭਾਵਨਾ ਨੂੰ ਰੱਦ ਨਹੀਂ ਸੀ ਕੀਤਾ ਗਿਆ ਅਤੇ ਸੰਧੂ ਦੀ ਮਾਂ ਨੇ ਵੀ ਪੁਲੀਸ ਨੂੰ ਆਪਣੇ ਪੁੱਤਰ ਦੇ ਕਤਲ ਹੋਣ ਦੀ ਗੱਲ ਕਹੀ ਸੀ, ਜਿਸ ਦੀ ਬਾਅਦ ਵਿੱਚ ਕੋਈ ਜਾਂਚ ਨਹੀਂ ਹੋਈ।

**ਰੇਲ ਡਰਾਈਵਰ ਦਾ ਬਿਆਨ, ਖ਼ੁਦਕੁਸ਼ੀ ਨੋਟ ਅਤੇ ਜਾਂਚ ਦੀਆਂ ਖਾਮੀਆਂ :** ਘਟਨਾ ਦੇ ਪੰਜ ਦਿਨਾਂ ਬਾਅਦ ਰੇਲ ਡਰਾਈਵਰ ਦਾ ਬਿਆਨ ਸਾਹਮਣੇ ਆਇਆ ਜਿਸ ਅਨੁਸਾਰ ਇੱਕ ਵਿਅਕਤੀ ਨੇ ਲਾਲੜੂ ਨੇੜੇ ਅਚਾਨਕ



ਰੇਲ ਗੱਡੀ ਅੱਗੇ ਛਾਲ ਮਾਰ ਦਿੱਤੀ ਸੀ। ਮੌਕੇ 'ਤੇ ਪਹੁੰਚੇ ਪੱਤਰਕਾਰਾਂ ਵੱਲੋਂ ਲਾਸ਼ ਦੀ ਪਛਾਣ ਕੀਤੇ ਜਾਣ ਤੋਂ ਬਾਅਦ ਹੀ ਇਹ ਮੰਨ ਲਿਆ ਗਿਆ ਕਿ ਉਹ ਅਜੀਤ ਸਿੰਘ ਸੰਧੂ ਸੀ। ਸੰਧੂ ਦੇ ਬਟੂਏ ਵਿੱਚੋਂ ਦੋ ਟੁਕੜਿਆਂ ਵਿੱਚ ਇੱਕ ਖ਼ੁਦਕੁਸ਼ੀ ਨੋਟ ਮਿਲਿਆ ਜਿਸ ਵਿੱਚ ਪੰਜਾਬੀ ਵਿੱਚ ਲਿਖਿਆ ਸੀ— 'ਜ਼ਲਾਲਤ ਦੀ ਜ਼ਿੰਦਗੀ ਜੀਣ ਨਾਲੋਂ ਮਰ ਜਾਣਾ ਹੀ ਚੰਗਾ ਹੈ।' ਪੁਲੀਸ ਸੂਤਰਾਂ ਅਨੁਸਾਰ ਇਹ ਕਾਗਜ਼ ਨਵਾਂ ਲਿਖਿਆ ਹੋਇਆ ਨਹੀਂ ਲੱਗਦਾ ਸੀ ਜਿਸ ਤੋਂ ਅੰਦਾਜ਼ਾ ਲਗਾਇਆ ਗਿਆ ਕਿ ਉਹ ਕਈ ਦਿਨਾਂ ਤੋਂ ਪ੍ਰੇਸ਼ਾਨ ਸੀ। ਇੱਕ ਨਿੱਜੀ ਲਿਖਤ ਮਾਹਿਰ ਗੋਪਾਲ ਕ੍ਰਿਸ਼ਨ ਸ਼ਰਮਾ ਨੇ ਸੰਧੂ ਦੇ ਪੁਰਾਣੇ ਨਮੂਨਿਆਂ ਨਾਲ ਮਿਲਾਣ ਕਰਕੇ ਇਸ ਨੋਟ ਨੂੰ ਅਸਲੀ ਦੱਸਿਆ ਸੀ ਪਰ ਸਰਕਾਰੀ ਲਿਖਤ ਮਾਹਿਰ ਇਸ ਤੋਂ ਸੰਤੁਸ਼ਟ ਨਹੀਂ ਹੋਇਆ ਅਤੇ ਉਸ ਨੇ ਪੰਜਾਬੀ ਲਿਖਤ ਦੇ ਨਵੇਂ ਨਮੂਨੇ ਮੰਗੇ, ਜਿਸ ਨੇ ਜਾਂਚ ਦੀ ਵੱਡੀ ਖਾਮੀ ਨੂੰ ਉਜਾਗਰ ਕੀਤਾ।

ਇੱਕ ਸੀਨੀਅਰ ਅਧਿਕਾਰੀ ਵਜੋਂ ਸੰਧੂ ਜ਼ਿਆਦਾਤਰ ਅੰਗਰੇਜ਼ੀ ਵਿੱਚ ਦਸਤਾਵੇਜ਼ ਸਾਈਨ ਕਰਦੇ ਸਨ ਅਤੇ ਪੁਲੀਸ ਸਿਰਫ਼ 1977 ਅਤੇ 1978 ਦੇ ਪੁਰਾਣੇ ਪੰਜਾਬੀ ਨਮੂਨੇ ਹੀ ਪੇਸ਼ ਕਰ ਸਕੀ ਜਿਨ੍ਹਾਂ ਦਾ ਮੌਜੂਦਾ ਲਿਖਤ ਨਾਲ ਸਹੀ ਮਿਲਾਣ ਸੰਭਵ ਨਹੀਂ ਸੀ।

**ਪੋਸਟਮਾਰਟਮ ਦੀ ਰਿਪੋਰਟ ਅਤੇ ਅਣਸੁਲਝੇ ਸਵਾਲ :** ਪੋਸਟਮਾਰਟਮ ਦੀ ਰਿਪੋਰਟ ਵਿੱਚ ਸੱਟਾਂ ਮੌਤ ਤੋਂ ਪਹਿਲਾਂ ਦੀਆਂ ਦੱਸੀਆਂ ਗਈਆਂ ਸਨ ਜਿਸ ਦਾ ਮਤਲਬ ਸੀ ਕਿ ਜਦੋਂ ਰੇਲ ਗੱਡੀ ਵੱਜੀ ਤਾਂ ਉਹ ਜ਼ਿੰਦਾ ਸੀ। ਉਸ ਦਾ ਸਰੀਰ ਵਿਚਕਾਰੋਂ ਕੱਟਿਆ ਗਿਆ ਸੀ ਅਤੇ ਖੋਪੜੀ ਦੇ ਚੀਥੜੇ ਉੱਡ ਗਏ ਸਨ ਪਰ ਚਿਹਰਾ ਪਛਾਣਨਯੋਗ ਸੀ। ਅੱਜ ਜਦੋਂ ਖਾਲੜਾ ਦੇ ਕਤਲ ਅਤੇ ਫਰਜ਼ੀ ਮੁਕਾਬਲਿਆਂ ਦੇ ਦੌਰ ਨੂੰ ਮੁੜ ਯਾਦ ਕੀਤਾ ਜਾ ਰਿਹਾ ਹੈ ਤਾਂ ਸੰਧੂ ਦਾ ਨਾਂ ਸਾਬਕਾ ਡੀ ਜੀ ਪੀ ਕੇ ਪੀ ਐਸ ਗਿੱਲ ਨਾਲ ਜੋੜਿਆ ਜਾ ਰਿਹਾ ਹੈ। ਪਿਛਲੇ ਤਿੰਨ ਦਹਾਕਿਆਂ ਤੋਂ ਇਹ ਚਰਚਾ ਵੀ ਚੱਲ ਰਹੀ ਹੈ ਕਿ ਸੰਧੂ ਮਰਿਆ ਨਹੀਂ ਸੀ, ਸਗੋਂ ਉਸ ਨੂੰ ਸਰਕਾਰੀ ਸੁਰੱਖਿਆ ਹੇਠ ਨਵੀਂ ਪਛਾਣ ਦੇ ਕੇ ਵਿਦੇਸ਼ ਭੇਜ ਦਿੱਤਾ ਗਿਆ ਸੀ। ਸਾਲ 2026 ਵਿੱਚ ਵੀ 1997 ਦੇ ਕਈ ਸਵਾਲ ਅਣਸੁਲਝੇ ਹਨ—ਇੱਕ ਸਰਵਿਸ ਰਿਵਾਲਵਰ ਰੱਖਣ ਵਾਲੇ ਐੱਸ ਐੱਸ ਪੀ ਨੇ ਰੇਲ ਅੱਗੇ ਛਾਲ ਮਾਰਨ ਦਾ ਔਖਾ ਰਾਹ ਕਿਉਂ ਚੁਣਿਆ? ਪੁਲੀਸ ਦਹਾਕਿਆਂ ਦੀ ਸਰਵਿਸ ਦੇ ਬਾਵਜੂਦ ਸੰਧੂ ਦੀ ਪੰਜਾਬੀ ਲਿਖਤ ਦਾ ਕੋਈ ਨਵਾਂ ਨਮੂਨਾ ਕਿਉਂ ਨਹੀਂ ਲੱਭ ਸਕੀ? ਸਰਕਾਰੀ ਮਾਹਰ ਨਿੱਜੀ ਮਾਹਰ ਦੀ ਰਿਪੋਰਟ ਨਾਲ ਅਸਹਿਮਤ ਕਿਉਂ ਸੀ? ਅਤੇ ਸੰਧੂ ਦੀ ਮਾਂ ਵੱਲੋਂ ਲਗਾਏ ਗਏ ਕਤਲ ਦੇ ਦੋਸ਼ਾਂ ਦੀ ਗੰਭੀਰਤਾ ਨਾਲ ਜਾਂਚ ਕਿਉਂ ਨਹੀਂ ਕੀਤੀ ਗਈ? ਇਹ ਸਭ ਅਜਿਹੇ ਸਵਾਲ ਹਨ ਜਿਨ੍ਹਾਂ ਦੇ ਜਵਾਬ ਕਦੇ ਸਾਹਮਣੇ ਨਹੀਂ ਆਏ।

## ਹਰੀਕੇ ਪੱਤਣ ਵਿਖੇ ਭਾਈ ਖਾਲੜਾ ਸਮੇਤ ਸਮੂਹ ਸ਼ਹੀਦਾਂ ਦੀ ਯਾਦ 'ਚ ਅਰਦਾਸ ਸਮਾਗਮ

# ਸ੍ਰੀ ਅਕਾਲ ਤਖਤ ਸਾਹਿਬ ਵਲੋਂ ਹਰੀਕੇ ਪੱਤਣ ਨੂੰ 'ਸ਼ਹੀਦ ਪੱਤਣ' ਐਲਾਨਿਆ, ਸ਼੍ਰੋਮਣੀ ਕਮੇਟੀ ਨੂੰ ਯਾਦਗਾਰ ਬਣਾਉਣ ਦੇ ਆਦੇਸ਼












ਹਰੀਕੇ ਪੱਤਣ : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵਲੋਂ ਸ਼੍ਰੋਮਣੀ ਕਮੇਟੀ ਦੇ ਸਹਿਯੋਗ ਨਾਲ ਹਰੀਕੇ ਪੱਤਣ ਵਿਖੇ 1984 ਅਤੇ ਬਾਅਦ ਦੇ ਦਹਾਕੇ ਦੇ ਸਮੂਹ ਸ਼ਹੀਦਾਂ ਅਤੇ ਕੌਮੀ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਯਾਦ ਅਤੇ ਪੀੜਤ ਪਰਿਵਾਰਾਂ ਤੇ ਪੰਥ ਨੂੰ ਇਨਸਾਫ਼ ਲਈ ਅਰਦਾਸ ਸਮਾਗਮ ਕਰਵਾਇਆ ਗਿਆ। ਸਮਾਗਮ ਦੌਰਾਨ ਜਥੇਦਾਰ ਗੜਗੱਜ ਵਲੋਂ ਭਾਈ ਜਸਵੰਤ ਸਿੰਘ ਖਾਲੜਾ ਨੂੰ ਜਿਥੇ ਕੌਮੀ ਸ਼ਹੀਦ ਦਾ ਦਰਜਾ ਦਿੱਤਾ ਗਿਆ, ਉਥੇ ਨਾਲ ਹੀ ਸ਼੍ਰੋਮਣੀ ਕਮੇਟੀ ਨੂੰ ਇਨ੍ਹਾਂ ਸ਼ਹੀਦਾਂ ਦੀ ਯਾਦ ਵਿਚ ਹਰੀਕੇ ਪੱਤਣ ਵਿਖੇ ਸ਼ਹੀਦੀ ਯਾਦਗਾਰ ਬਣਾਉਣ ਸਮੇਤ ਸ਼ਹੀਦਾਂ ਦੇ ਸਮੁੱਚੇ ਅੰਕੜੇ ਇਕੱਤਰ ਕਰਨ ਅਤੇ ਉਨ੍ਹਾਂ ਦਾ ਦਸਤਾਵੇਜ਼ੀ ਤਿਆਰ ਕਰਨ ਦਾ ਆਦੇਸ਼ ਵੀ ਜਾਰੀ ਕੀਤਾ। ਇਸ ਸਮਾਗਮ ਦੌਰਾਨ ਜਥੇਦਾਰ ਗੜਗੱਜ ਅਤੇ ਸ਼੍ਰੋਮਣੀ ਕਮੇਟੀ ਵਲੋਂ ਸ਼ਹੀਦਾਂ ਦੇ ਪਹੁੰਚੇ ਪਰਿਵਾਰਾਂ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਵੱਖ-ਵੱਖ ਇਲਾਕਿਆਂ ਤੋਂ ਹਜ਼ਾਰਾਂ ਦੀ ਗਿਣਤੀ 'ਚ ਪਹੁੰਚੀ ਸੰਗਤ ਨੇ ਭਾਈ ਜਸਵੰਤ ਸਿੰਘ ਖਾਲੜਾ ਸਮੇਤ ਸਮੂਹ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ । ਜ਼ਿਕਰਯੋਗ ਹੈ ਕਿ ਤਿੰਨ ਦਹਾਕਿਆਂ ਤੋਂ ਬਾਅਦ ਪਹਿਲੀ ਵਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਹੇਠ ਭਾਈ ਜਸਵੰਤ ਸਿੰਘ ਖਾਲੜਾ ਤੋਂ ਇਲਾਵਾ 1982 ਤੋਂ ਲੈ ਕੇ 1995 ਤੱਕ ਹੋਏ ਸਮੂਹ ਸ਼ਹੀਦਾਂ ਨਮਿਤ ਅਰਦਾਸ ਸਮਾਗਮ ਕਰਵਾਇਆ ਗਿਆ। ਇਸ ਤੋਂ ਪਹਿਲਾਂ ਸਮਾਗਮ ਦੌਰਾਨ ਵਿਸ਼ੇਸ਼ ਪਾਲਕੀ ਸਾਹਿਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਸੁਸ਼ੋਭਿਤ ਕਰਕੇ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕੀਤਾ ਗਿਆ। ਉਪਰੰਤ ਸੱਚਖੰਡ ਸ੍ਰੀ ਦਰਬਾਰ ਸਾਹਿਬ ਤੋਂ ਭਾਈ ਸਿਮਰਪ੍ਰੀਤ ਸਿੰਘ ਹਜ਼ੂਰੀ ਰਾਗੀ ਜਥੇ ਨੇ ਕੀਰਤਨ ਸਰਵਣ ਕਰਵਾਇਆ। ਸਮਾਗਮ ਦੀ ਸਮਾਪਤੀ ਦੀ ਅਰਦਾਸ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕੀਤੀ। ਅਰਦਾਸ ਵਿਚ ਜਥੇਦਾਰ ਗੜਗੱਜ ਨੇ ਲਾਵਾਰਿਸ ਕਹਿ ਕੇ ਸਾੜੇ ਅਤੇ ਦਰਿਆਵਾਂ ਵਿਚ ਵਹਾਏ ਗਏ ਪੰਜਾਬ ਦੇ ਪੁੱਤਾਂ ਤੇ ਧੀਆਂ ਨੂੰ ਯਾਦ ਕਰਦਿਆਂ ਅਰਦਾਸ ਕੀਤੀ ਕਿ ਖ਼ਾਲਸਾ ਪੰਥ ਨੂੰ ਇਨਸਾਫ਼ ਲਈ ਬਲ ਬਖ਼ਸ਼ਣ। ਉਨ੍ਹਾਂ ਅਰਦਾਸ ਕੀਤੀ ਕਿ ਅੱਜ ਅਸੀਂ ਜਿੱਥੇ (ਹਰੀਕੇ ਪੱਤਣ) ਵਿਖੇ ਖੜ੍ਹੇ ਹਾਂ, ਇੱਥੇ ਕੌਮੀ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਸਮੇਤ ਹਜ਼ਾਰਾਂ ਨੌਜਵਾਨਾਂ, ਭੈਣਾਂ, ਬਜ਼ੁਰਗਾਂ ਤੇ ਬੱਚਿਆਂ ਨੂੰ ਕਤਲ ਕਰਕੇ ਵਹਾਇਆ ਗਿਆ ਹੈ। ਉਨ੍ਹਾਂ ਅਰਦਾਸ ਕੀਤੀ ਕਿ ਸੱਚੇ ਪਾਤਿਸ਼ਾਹ ਮੌਤ ਤੋਂ ਬਾਅਦ ਸਰੀਰ ਨਾਲ ਸਾਰੇ ਵੈਰ ਵਿਰੋਧ ਮੁੱਕ ਜਾਂਦੇ ਹਨ, ਪਰ ਇਥੇ ਸਮੇਂ ਦੀ ਜ਼ਾਲਮ ਹਕੂਮਤ ਨੇ ਮਨੁੱਖੀ ਹੱਕਾਂ ਦਾ ਘਾਣ ਕਰਦਿਆਂ ਲਾਸ਼ਾਂ ਨੂੰ ਲਾਵਾਰਿਸ ਕਹਿ ਕੇ ਸਿੱਖਾਂ, ਹਿੰਦੂਆਂ ਦੇ ਸਰੀਰ ਵੀ ਵਾਰਿਸਾਂ ਨੂੰ ਨਾ ਦਿੱਤੇ ਗਏ। ਉਨ੍ਹਾਂ ਅਕਾਲ ਪੁਰਖ ਅੱਗੇ ਅਰਦਾਸ ਕੀਤੀ ਕਿ ਮ੍ਰਿਤਕ ਸਰੀਰਾਂ ਨਾਲ ਵੈਰ ਕਮਾਉਣ ਵਾਲੇ ਹਾਕਮਾਂ ਦਾ ਲੇਖਾ ਸੱਚੇ ਪਾਤਿਸ਼ਾਹ ਆਪ ਕਰਨ। ਅਰਦਾਸ ਉਪਰੰਤ ਪਾਵਨ ਮੁੱਖਵਾਕ ਗੁਰਦੁਆਰਾ ਬੀੜ ਬਾਬਾ ਬੁੱਢਾ ਜੀ ਠੱਠਾ ਦੇ ਮੁੱਖ ਗ੍ਰੰਥੀ ਗਿਆਨੀ ਨਿਸ਼ਾਨ ਸਿੰਘ ਨੇ ਸਰਵਣ ਕਰਵਾਇਆ। ਇਸ ਤੋਂ ਬਾਅਦ ਸੰਗਤ ਨੂੰ ਸੰਬੋਧਨ ਕਰਦਿਆਂ ਜਥੇ. ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਦੋ ਅਹਿਮ ਐਲਾਨ ਕਰਦਿਆਂ ਸ਼੍ਰੋਮਣੀ ਕਮੇਟੀ ਨੂੰ ਆਦੇਸ਼ ਕੀਤਾ ਕਿ ਉਹ ਖ਼ਾਲਸਾ ਪੰਥ ਦੇ ਸਹਿਯੋਗ ਨਾਲ ਹਰੀਕੇ ਪੱਤਣ ਵਿਖੇ 'ਸ਼ਹੀਦੀ ਪੱਤਣ ਯਾਦਗਾਰ' ਬਣਾਏ। ਉਨ੍ਹਾਂ ਕਿਹਾ ਕਿ ਅੱਜ ਤੋਂ ਬਾਅਦ ਇਸ ਥਾਂ ਜਿੱਥੇ ਸਾਡੇ ਨੌਜਵਾਨਾਂ ਨੂੰ ਸ਼ਹੀਦ ਕਰਕੇ ਟੋਟੇ-ਟੋਟੇ ਕਰਕੇ ਵਹਾਇਆ ਗਿਆ, ਨੂੰ ਸਿੱਖ ਸ਼ਹੀਦੀ ਪੱਤਣ ਵਜੋਂ ਸੰਬੋਧਿਤ ਹੋਣਗੇ। ਸਮਾਗਮ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ, ਸ਼੍ਰੋਮਣੀ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਲਿਆਣ, ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਪ੍ਰੋ. ਵਿਰਸਾ ਸਿੰਘ ਵਲਟੋਹਾ, ਬਲਜੀਤ ਸਿੰਘ ਜਲਾਲਉਸਮਾ, ਮੰਗਵਿੰਦਰ ਸਿੰਘ ਖਾਪੜਖੇੜੀ, ਗੁਰਪੀਤ ਸਿੰਘ ਵਡਾਲੀ, ਰਜਿੰਦਰ ਸਿੰਘ ਰੂਬੀ ਮੈਨੇਜਰ ਸ੍ਰੀ ਦਰਬਾਰ ਸਾਹਿਬ, ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਭਾਈ ਗੁਰਚਰਨ ਸਿੰਘ ਗਰੇਵਾਲ, ਜਥੇ. ਅਲਵਿੰਦਰਪਾਲ ਸਿੰਘ ਪੱਖੋਕੇ, ਗੁਰਬਚਨ ਸਿੰਘ ਕਰਮੂੰਵਾਲਾ, ਸੁਰਜੀਤ ਸਿੰਘ ਭਿੱਟੇਵੱਡ, ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਬਲਜੀਤ ਸਿੰਘ ਜਲਾਲਉਸਮਾ, ਭਾਈ ਮਨਜੀਤ ਸਿੰਘ ਸ਼੍ਰੋਮਣੀ ਕਮੇਟੀ ਮੈਂਬਰ, ਗੁਰਮੀਤ ਸਿੰਘ ਬੂਹ, ਖੁਸ਼ਵਿੰਦਰ ਸਿੰਘ ਭਾਟੀਆ, ਜਰਨੈਲ ਸਿੰਘ ਡੋਗਰਾਂਵਾਲ, ਸੁਖਵਰਸ਼ ਸਿੰਘ ਪੰਨੂੰ, ਸ਼੍ਰੋਮਣੀ ਅਕਾਲੀ ਦਲ (ਅ) ਤੋਂ ਈਮਾਨ ਸਿੰਘ ਮਾਨ, ਦਲ ਖ਼ਾਲਸਾ ਤੋਂ ਕੰਵਰਪਾਲ ਸਿੰਘ, ਸ਼੍ਰੋਮਣੀ ਅਕਾਲੀ ਦਲ ਵਾਰਿਸ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਬਾਪੂ ਤਰਸੇਮ ਸਿੰਘ, ਸ਼੍ਰੋਮਣੀ ਕਮੇਟੀ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ, ਵਧੀਕ ਸਕੱਤਰ ਬਿਜੈ ਸਿੰਘ, ਮੀਤ ਸਕੱਤਰ ਗੁਰਨਾਮ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਜਨਰਲ ਮੈਨੇਜਰ ਮੇਜਰ ਸਿੰਘ, ਇੰਚਾਰਜ ਜਗਦੀਸ਼ ਸਿੰਘ ਬੁੱਟਰ, ਜਸਕਰਨ ਸਿੰਘ ਮੀਡੀਆ ਸਲਾਹਕਾਰ, ਬਲਵਿੰਦਰ ਸਿੰਘ ਝਬਾਲ ਚੇਅਰਮੈਨ, ਪੈਟਰਨ ਸੁਰਿੰਦਰ ਸਿੰਘ ਗੋਰਾਇਆ, ਰਾਜੀਵ ਸਿੰਘ ਰੰਧਾਵਾ ਜਨਰਲ ਸੈਕਟਰੀ, ਸਤਨਾਮ ਸਿੰਘ ਅਮੀਸ਼ਾਹ, ਬੀਬੀ ਕੰਵਲਜੀਤ ਕੌਰ ਪਤਨੀ ਕੁਲਦੀਪ ਸਿੰਘ ਬੱਚੜਾ, ਹਰਵੰਤ ਸਿੰਘ ਝਬਾਲ ਸਾਬਕਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ, ਐਡਵੋਕੇਟ ਸੁਰਿੰਦਰ ਸਿੰਘ ਘਰਿਆਲਾ, ਜਸਕਰਨ ਸਿੰਘ ਕਾਹਨ ਸਿੰਘ ਵਾਲਾ, ਪਰਮਜੀਤ ਸਿੰਘ ਜੌਹਲ, ਸੁਖਦੇਵ ਸਿੰਘ ਕਾਦੀਆਂ, ਪਰਮਜੀਤ ਸਿੰਘ ਜੌਹਲ, ਸਮਸ਼ੇਰ ਸਿੰਘ ਪੱਧਰੀ, ਬਾਬੂ ਸਿੰਘ ਬਰਾੜ, ਲੱਖਾ ਸਿੰਘ ਸਿਧਾਣਾ, ਨਰਾਇਣ ਸਿੰਘ ਚੌੜਾ, ਕਲਦਮਨੂਰ ਸਿੰਘ, ਬਾਪੂ ਹਰਜੀਤ ਸਿੰਘ ਸੇਰੋਂ, ਸਿਕੰਦਰ ਸਿੰਘ ਵਰਾਣਾ, ਗਿਆਨ ਸਿੰਘ ਸਹਾਬਪੁਰ, ਅਵਤਾਰ ਸਿੰਘ ਬਿੱਲਾ ਸੇਰੋਂ, ਗੁਰਦੇਵ ਸਿੰਘ ਸੰਧੂ, ਚਮਕੌਰ ਸਿੰਘ ਧੁੰਨ, ਖੁਸ਼ਵੰਤ ਸਿੰਘ ਪੰਨੂੰ ਮੈਂਬਰ ਸ਼੍ਰੋਮਣੀ ਕਮੇਟੀ, ਸੰਤ ਬਾਬਾ ਗੁਰਨਾਮ ਸਿੰਘ ਡਰੋਲੀ ਭਾਈਕੇ, ਹਰਪ੍ਰੀਤ ਸਿੰਘ ਬਾਹਮਣੀ ਵਾਲਾ, ਹਰਪਾਲ ਸਿੰਘ ਬਲੇਹਰ, ਰਜੀਵ ਸਿੰਘ ਰੰਧਾਵਾ ਜਨਰਲ ਸਕੱਤਰ, ਸਤਨਾਮ ਸਿੰਘ ਅਮੀਸ਼ਾਹ, ਉਪਜੀਤ ਕੌਰ ਆਦਿ ਹਾਜ਼ਰ ਸਨ।

# ਸ਼ਹੀਦੀ ਪੱਤਣ ਸਮਾਰਕ ਲਈ ਅੱਗੇ ਆਏ NRI; ਇੰਡਸ ਕੈਨੇਡਾ ਫਾਊਂਡੇਸ਼ਨ ਵੱਲੋਂ 1 ਕਰੋੜ ਰੁਪਏ ਦੇਣ ਦਾ ਐਲਾਨ

## ਸ੍ਰੀ ਅਕਾਲ ਤਖ਼ਤ ਸਾਹਿਬ ਦੇ ਇਤਿਹਾਸਕ ਫ਼ੈਸਲਿਆਂ ਦਾ ਕੀਤਾ ਸਵਾਗਤ



ਅੰਮ੍ਰਿਤਸਰ : ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਹਰੀਕੇ ਪੱਤਣ ਵਿਖੇ ਭਾਈ ਜਸਵੰਤ ਸਿੰਘ ਖ਼ਾਲੜਾ ਅਤੇ ਪੰਜਾਬ ਵਿੱਚ ਅਤਿਵਾਦ ਦੇ ਦੌਰ ਦੌਰਾਨ ਹੋਈ ਹਿੰਸਾ, ਲਾਪਤਾ ਹੋਏ ਵਿਅਕਤੀਆਂ ਤੇ ਪੀੜਤਾਂ ਦੀ ਯਾਦ ਵਿੱਚ ਕੀਤੇ ਗਏ ਇਤਿਹਾਸਕ ਫ਼ੈਸਲਿਆਂ ਦਾ ਸਵਾਗਤ ਕਰਦਿਆਂ, ਇੰਡਸ ਕੈਨੇਡਾ ਫਾਊਂਡੇਸ਼ਨ (ਆਈ ਸੀ ਐੱਫ) ਨੇ ਪ੍ਰਸਤਾਵਿਤ ਸ਼ਹੀਦੀ ਪੱਤਣ ਸਮਾਰਕ ਦੇ ਨਿਰਮਾਣ ਲਈ ਇੱਕ ਕਰੋੜ ਰੁਪਏ ਦੇ ਯੋਗਦਾਨ ਦਾ ਐਲਾਨ ਕੀਤਾ ਹੈ। ਆਈ ਸੀ ਐੱਫ ਦੇ ਪ੍ਰਧਾਨ ਵਿਕਰਮ ਬਾਜਵਾ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਐਲਾਨੇ ਗਏ ਸਾਰੇ ਫ਼ੈਸਲਿਆਂ ਦਾ ਪੂਰਾ ਸਮਰਥਨ ਕਰਦੀ ਹੈ। ਇਨ੍ਹਾਂ ਵਿੱਚ ਹਰੀਕੇ ਪੱਤਣ ਨੂੰ 'ਸ਼ਹੀਦੀ ਪੱਤਣ' ਦਾ ਦਰਜਾ ਦੇਣਾ, ਉੱਥੇ ਸਥਾਈ ਸਮਾਰਕ ਦੀ ਉਸਾਰੀ ਕਰਨਾ ਅਤੇ ਸਾਲ 1982 ਤੋਂ 1995 ਦੌਰਾਨ ਸ਼ਹੀਦ ਮੰਨੇ ਜਾਂਦੇ, ਲਾਪਤਾ ਹੋਏ ਅਤੇ ਕਥਿਤ ਤੌਰ 'ਤੇ 'ਲਾਵਾਰਿਸ' ਦੱਸ ਕੇ ਸਸਕਾਰ ਕੀਤੇ ਗਏ ਲੋਕਾਂ ਦਾ ਰਿਕਾਰਡ ਤਿਆਰ ਕਰਨਾ ਸ਼ਾਮਲ ਹੈ। ਬਾਜਵਾ ਨੇ ਐਲਾਨ ਕੀਤਾ ਕਿ ਇੰਡਸ ਕੈਨੇਡਾ ਫਾਊਂਡੇਸ਼ਨ ਇਸ ਸਮਾਰਕ ਲਈ ਵਿਸ਼ਵ ਪੱਧਰ 'ਤੇ ਫੰਡ ਇਕੱਠਾ ਕਰਨ ਦੀ ਮੁਹਿੰਮ ਸ਼ੁਰੂ ਕਰੇਗੀ। ਇਸ ਤਹਿਤ ਅਮਰੀਕਾ, ਕੈਨੇਡਾ, ਬ੍ਰਿਟੇਨ ਅਤੇ ਆਸਟਰੇਲੀਆ ਸਮੇਤ ਹੋਰਨਾਂ ਦੇਸ਼ਾਂ ਵਿੱਚ ਸਥਿਤ ਸਿੱਖ ਸੰਸਥਾਵਾਂ, ਗੁਰਦੁਆਰਿਆਂ ਅਤੇ ਭਾਈਚਾਰਕ ਜਥੇਬੰਦੀਆਂ ਨੂੰ ਇਸ ਮੁਹਿੰਮ ਨਾਲ ਜੋੜਿਆ ਜਾਵੇਗਾ।

ਉਨ੍ਹਾਂ ਦੱਸਿਆ ਕਿ ਜਲਦੀ ਹੀ ਇੱਕ ਸਮਰਪਿਤ ਵਿਸ਼ਵ ਪੱਧਰੀ ਫੰਡਰੇਜ਼ਿੰਗ ਵੈੱਬਸਾਈਟ ਵੀ ਸ਼ੁਰੂ ਕੀਤੀ ਜਾਵੇਗੀ, ਜਿਸ ਰਾਹੀਂ ਦੁਨੀਆ ਭਰ ਵਿੱਚ ਵਸਦੇ ਐੱਨ ਆਰ ਆਈ (NRIs) ਅਤੇ ਸਿੱਖ ਭਾਈਚਾਰੇ ਦੇ ਮੈਂਬਰ ਸਿੱਧੇ ਤੌਰ 'ਤੇ ਸ਼ਹੀਦੀ ਪੱਤਣ ਸਮਾਰਕ ਦੇ ਨਿਰਮਾਣ ਵਿੱਚ ਆਪਣਾ ਯੋਗਦਾਨ ਪਾ ਸਕਣਗੇ। ਉਨ੍ਹਾਂ ਭਰੋਸਾ ਜਤਾਇਆ ਕਿ ਇਹ ਉਪਰਾਲਾ ਨਾ ਸਿਰਫ਼ ਸਮਾਰਕ ਲਈ ਵੱਡੇ ਪੱਧਰ 'ਤੇ ਆਰਥਿਕ ਸਹਿਯੋਗ ਇਕੱਠਾ ਕਰੇਗਾ, ਸਗੋਂ ਵਿਸ਼ਵ ਭਰ ਦੇ ਸਿੱਖ ਭਾਈਚਾਰੇ ਨੂੰ ਆਪਣੇ ਸਾਂਝੇ ਇਤਿਹਾਸ ਅਤੇ ਵਿਰਸੇ ਨਾਲ ਵੀ ਹੋਰ ਮਜ਼ਬੂਤੀ ਨਾਲ ਜੋੜੇਗਾ।

# ਮਾਨ ਸਰਕਾਰ ਸਿੰਚਾਈ ਲਈ 100 ਫ਼ੀਸਦੀ ਨਹਿਰੀ ਪਾਣੀ ਟੇਲਾਂ ਤੱਕ ਪਹੁੰਚਾਏਗੀ: ਬਰਿੰਦਰ ਕੁਮਾਰ ਗੋਇਲ

## ਕਰੀਬ 123 ਕਰੋੜ ਰੁਪਏ ਦੀ ਲਾਗਤ ਨਾਲ ਕੰਢੀ ਕੈਨਾਲ ਦੀ ਕਾਇਆ-ਕਲਪ ਤੋਂ ਬਾਅਦ ਵੱਖ-ਵੱਖ ਪ੍ਰਜੈਕਟਾਂ ਲਈ ਵਰਤ ਰਹੇ ਹਾਂ: ਜਲ ਸਰੋਤ ਮੰਤਰੀ

ਦਾਤਾਰਪੁਰ/ਘੋਗਰਾ, (ਰਵਿੰਦਰ ਸਿੰਘ ਟਾਂਡਾ) : ਪੰਜਾਬ ਦੇ ਜਲ ਸਰੋਤ ਅਤੇ ਭੂਮੀ ਤੇ ਜਲ ਸੰਭਾਲ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਅੱਜ ਇੱਥੇ ਲਗਭਗ 123 ਕਰੋੜ ਰੁਪਏ ਦੀ ਲਾਗਤ ਨਾਲ ਕੰਢੀ ਕੈਨਾਲ ਦੀ ਕਾਇਆ-ਕਲਪ ਤੋਂ ਬਾਅਦ ਵੱਖ-ਵੱਖ ਪ੍ਰਾਜੈਕਟਾਂ ਦਾ ਉਦਘਾਟਨ ਕਰਦਿਆਂ ਐਲਾਨ ਕੀਤਾ ਕਿ ਪੰਜਾਬ ਸਰਕਾਰ ਟੇਲਾਂ ਤੱਕ ਸਿੰਚਾਈ ਲਈ 100 ਫ਼ੀਸਦੀ ਨਹਿਰੀ ਪਾਣੀ ਪਹੁੰਚਾਵੇਗੀ।





ਪੰਜਾਬ ਦੇ ਜਲ ਸਰੋਤ, ਭੂਮੀ ਤੇ ਜਲ ਸੰਭਾਲ ਅਤੇ ਖਣਨ ਤੇ ਭੂ-ਵਿਗਿਆਨ ਮੰਤਰੀ ਬਰਿੰਦਰ ਕੁਮਾਰ ਗੋਇਲ ਦਾਤਾਰਪੁਰ ਅਤੇ ਘੋਗਰਾ ਵਿਖੇ ਕੰਢੀ ਕੈਨਾਲ ਨਾਲ ਸੰਬੰਧਤ ਪ੍ਰਜੈਕਟਾਂ ਦਾ ਉਦਘਾਟਨ ਕਰਦੇ ਹੋਏ।

ਦਾਤਾਰਪੁਰ ਵਿਖੇ ਸ਼ਾਹ ਨਹਿਰ ਫੀਡਰ ਪ੍ਰਜੈਕਟ ਅਤੇ ਸ਼ਾਹ ਨਹਿਰ ਕੈਨਾਲ ਸਿਸਟਮ ਅਤੇ ਘੋਗਰਾ ਡਿਸਟ੍ਰੀਬਿਊਟਰੀ ਨਾਲ ਸੰਬੰਧਤ ਪ੍ਰਾਜੈਕਟਾਂ ਦੀ ਸ਼ੁਰੂਆਤ ਕਰਦਿਆਂ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਕਿਹਾ ਕਿ ਕੰਢੀ ਕੈਨਾਲ ਦੀ ਕਾਇਆ-ਕਲਪ ਨਾਲ ਹੁਸ਼ਿਆਰਪੁਰ ਅਤੇ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਵਿਚ ਕਿਸਾਨਾਂ ਨੂੰ ਸਿੰਚਾਈ ਦੀ ਵੱਡੀ ਸਹੂਲਤ ਮਿਲੇਗੀ। ਉਨ੍ਹਾਂ ਕਿਹਾ ਕਿ ਕੰਢੀ ਨਹਿਰ ਦੇ ਪ੍ਰਾਜੈਕਟਾਂ ਦੇ ਮੁਕੰਮਲ ਹੋਣ ਨਾਲ 450 ਪਿੰਡਾਂ ਦੇ 1,35,000 ਏਕੜ ਰਕਬੇ ਨੂੰ ਸਿੰਚਾਈ ਸਹੂਲਤਾਂ ਪ੍ਰਦਾਨ ਹੋਈਆਂ ਹਨ ਜਿਸ ਨਾਲ ਸੂਬੇ ਵਿੱਚ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਨਵਾਂ ਇਤਿਹਾਸ ਸਿਰਜਿਆ ਹੈ। ਉਨ੍ਹਾਂ ਕਿਹਾ ਕਿ ਇਹ ਪਹਿਲੀ ਵਾਰ ਹੋਇਆ ਹੈ ਕਿ ਸੂਬੇ ਵਿੱਚ 86 ਫ਼ੀਸਦੀ ਨਹਿਰੀ ਪਾਣੀ ਦੀ ਵਰਤੋਂ ਸਿੰਚਾਈ ਲਈ ਹੋ ਰਹੀ ਹੈ ਅਤੇ ਟੇਲਾਂ ਤੱਕ ਪਾਣੀ ਪੁੱਜਦਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਨਹਿਰਾਂ ਅਤੇ ਨਹਿਰੀ ਪਾਣੀ ਵੱਲ ਧਿਆਨ ਨਹੀਂ ਦਿੱਤਾ ਅਤੇ ਪਿਛਲੇ ਸਮਿਆਂ ਦੌਰਾਨ ਸਿਰਫ਼ 26 ਫ਼ੀਸਦੀ ਨਹਿਰੀ ਪਾਣੀ ਦੀ ਹੀ ਵਰਤੋਂ ਹੁੰਦੀ ਰਹੀ ਜਿਸ ਕਰਕੇ ਸੂਬੇ ਦੀ ਕਿਸਾਨੀ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ।

ਵਿਧਾਇਕ ਕਰਮਵੀਰ ਸਿੰਘ ਘੁੰਮਣ ਅਤੇ ਵਿਧਾਇਕ ਜਸਬੀਰ ਸਿੰਘ ਰਾਜਾ ਗਿੱਲ ਸਮੇਤ ਮੌਕੇ ’ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੈਬਨਿਟ ਮੰਤਰੀ ਨੇ ਦੱਸਿਆ ਕਿ ਸ਼ਾਹ ਨਹਿਰ ਅਧੀਨ ਆਉਂਦੀਆਂ ਕੁੱਲ 22 ਡਿਸਟ੍ਰੀਬਿਊਟ੍ਰੀਜ਼ ਵਿੱਚੋਂ ਕਈਆਂ ਦੀ ਹਾਲਤ ਬਹੁਤ ਹੀ ਖਸਤਾ ਸੀ, ਜਿਸ ਕਰਕੇ ਇਨ੍ਹਾਂ ਅਧੀਨ ਆਉਂਦੇ ਰਕਬੇ ਦੇ ਕਿਸਾਨ ਸਿੰਚਾਈ ਸਹੂਲਤਾਂ ਤੋਂ ਵਾਂਝੇ ਸਨ। ਉਨ੍ਹਾਂ ਕਿਹਾ ਕਿ ਇਸ ਸਮੱਸਿਆ ਦੇ ਹੱਲ ਲਈ ਇਨ੍ਹਾਂ ਡਿਸਟ੍ਰੀਬਿਊਟ੍ਰੀਜ਼/ਖਾਲਿਆਂ ਦੀ ਕੰਕਰੀਟ ਲਾਈਨਿੰਗ ਦਾ ਕੰਮ 78 ਕਰੋੜ ਰੁਪਏ ਤੋਂ ਵੱਧ ਦੀ ਲਾਗਤ ਨਾਲ ਕਰਵਾਇਆ ਗਿਆ, ਜਿਸ ਨਾਲ ਲਗਭਗ 150 ਪਿੰਡਾਂ ਦੇ 60,000 ਏਕੜ ਰਕਬੇ ਨੂੰ ਸਿੰਚਾਈ ਸਹੂਲਤਾਂ ਮਿਲ ਰਹੀਆਂ ਹਨ। ਉਨ੍ਹਾਂ ਕਿਹਾ ਕਿ ਕੰਢੀ ਨਹਿਰ ਅਧੀਨ ਮੁੱਖ ਨਹਿਰ ਦਾ ਨਿਰਮਾਣ, ਹੁਸ਼ਿਆਰਪੁਰ ਤੋਂ ਬਲਾਚੌਰ ਬੁਰਜੀ ਤੋਂ 59,500 ਕਿ:ਮੀ: ਤੋਂ 129,035 ਕਿ:ਮੀ: ਤੱਕ ਜੁਲਾਈ 2016 ਵਿੱਚ ਪੂਰਾ ਹੋਇਆ ਸੀ ਅਤੇ ਕਈ ਥਾਵਾਂ ‘ਤੇ ਹਾਲਤ ਮਾੜੀ ਹੋਣ ਕਾਰਜ ਅਕਸਰ ਲੀਕੇਜ ਅਤੇ ਸੀਪੇਜ ਦੀ ਸਮੱਸਿਆ ਬਣੀ ਰਹਿੰਦੀ ਸੀ। ਉਨ੍ਹਾਂ ਦੱਸਿਆ ਕਿ ਕੰਢੀ ਨਹਿਰ ਦੇ ਸਾਲ 2016 ਵਿੱਚ ਪੂਰਾ ਹੋ ਜਾਣ ਦੇ ਬਾਵਜੂਦ ਪਾਣੀ ਪੂਰੀ ਸਮਰੱਥਾ ਨਾਲ ਟੇਲ ਤੱਕ ਕਦੇ ਵੀ ਨਹੀਂ ਪਹੁੰਚਿਆ ਸੀ ਅਤੇ ਟੇਲਾਂ ਤੱਕ ਸਹੀ ਪਾਣੀ ਦੀ ਸਪਲਾਈ ਨੂੰ ਯਕੀਨੀ ਬਣਾਉਣ ਲਈ ਨਹਿਰ ਦੀ ਕੰਕਰੀਟ ਲਾਈਨਿੰਗ ਅਤੇ ਰੀਹੈਬਲੀਟੇਸ਼ਨ ਲਈ ਇੱਕ ਪ੍ਰਾਜੈਕਟ ਨੂੰ ਪ੍ਰਵਾਨਗੀ ਦਿੱਤੀ ਗਈ ਜਿਸ ਨਾਲ ਪ੍ਰਾਜੈਕਟ ਦਾ ਕੰਮ ਸਾਲ 2023-24 ਵਿੱਚ ਮੁਕੰਮਲ ਹੋ ਗਿਆ ਸੀ। ਉਨ੍ਹਾਂ ਦੱਸਿਆ ਕਿ ਮੌਜੂਦਾ ਸਮੇਂ ਬੁਰਜੀ 0.0 ਤੋਂ 129,035 ਕਿਲੋਮੀਟਰ ਤੱਕ ਟੇਲ ਤੱਕ ਪਾਣੀ ਸੁਚਾਰੂ ਢੰਗ ਨਾਲ ਚਲਾਇਆ ਜਾ ਰਿਹਾ ਹੈ ਅਤੇ 35 ਤੋਂ 40 ਸਾਲ ਪਹਿਲਾਂ ਬਣਾਏ ਗਏ 11 ਡਿਸਟ੍ਰੀਬਿਊਟਰੀ/ਮਾਈਨਰ, ਜੋ ਸਿਰਫ਼ 14,000 ਏਕੜ ਤੱਕ ਹੀ ਸਪਲਾਈ ਪਹੁੰਚਾ ਰਿਹਾ ਸੀ, ਦਾ ਕੰਮ ਸਾਲ 2025 ਵਿੱਚ ਮੁਕੰਮਲ ਕਰਵਾਇਆ ਗਿਆ। ਉਨ੍ਹਾਂ ਦੱਸਿਆ ਕਿ ਇਸ ਪ੍ਰਾਜੈਕਟ ਨਾਲ ਹੁਸ਼ਿਆਰਪੁਰ ਜਿਲ੍ਹੇ ਦੇ ਚਾਰ ਹਲਕਿਆਂ ਮੁਕੇਰੀਆਂ, ਦਸੂਹਾ, ਉੜਮੁੜ ਟਾਂਡਾ ਅਤੇ ਸ਼ਾਮ ਚੌਰਾਸੀ ਦੇ ਕਮਾਂਡ ਖੇਤਰ ਦੇ ਕਿਸਾਨਾਂ ਨੂੰ ਲਗਭਗ 28,300 ਏਕੜ ਬਰਾਨੀ ਜ਼ਮੀਨ ਲਈ ਸਿੰਚਾਈ ਸਹੂਲਤਾਂ ਮਿਲ ਰਹੀਆਂ ਹਨ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਜ਼ਿਲ੍ਹੇ ਵਿਚ ਡਿਸਟ੍ਰੀਬਿਊਟਰੀ/ਮਾਈਨਰਾਂ ਦੀ ਕੁੱਲ ਲੰਬਾਈ ਲਗਭਗ 61 ਕਿ:ਮੀ: ਹੈ ਅਤੇ ਸਰਕਾਰ ਵੱਲੋਂ ਸਾਲ 2024-25 ਵਿੱਚ ਕੰਢੀ ਕੈਨਾਲ ਅਧੀਨ ਆਉਂਦੇ ਕਿਸਾਨਾਂ ਨੂੰ ਹੋਰ ਬਿਹਤਰ ਸਿੰਚਾਈ ਸਹੂਲਤਾਂ ਪ੍ਰਦਾਨ ਕਰਨ ਲਈ ਕੰਢੀ ਕੈਨਾਲ ਦੇ ਡਿਸਟ੍ਰੀਬਿਊਟਰੀ/ਮਾਈਨਰਾਂ ਦੀ ਵੰਡ ਪ੍ਰਣਾਲੀ ਨੂੰ ਜ਼ਮੀਨਦੋਜ਼ ਪਾਈਪਾਂ ਰਾਹੀਂ ਕਰਨ ਲਈ ਪੰਜਾਬ ਸਰਕਾਰ ਵੱਲੋਂ ਲਗਭਗ 80 ਕਰੋੜ ਰੁਪਏ ਦੀ ਲਾਗਤ ਨਾਲ ਪ੍ਰਾਜੈਕਟ ਮੁਕੰਮਲ ਹੋ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਹੁਣ ਕੰਢੀ ਨਹਿਰ ਵਿੱਚ ਪਾਣੀ ਆਪਣੀ ਪੂਰੀ ਡਿਜ਼ਾਈਨ ਕੀਤੀ ਸਮਰੱਥਾ ਅਨੁਸਾਰ ਨਾਲ ਚਲ ਰਿਹਾ ਹੈ, ਜਿਸ ਨਾਲ ਹੁਸ਼ਿਆਰਪੁਰ ਜਿਲ੍ਹੇ ਦੇ 215 ਪਿੰਡਾਂ ਵਿੱਚ ਲਗਭਗ 60,000 ਏਕੜ ਬਰਾਨੀ ਖੇਤਰ ਨੂੰ ਸਿੰਚਾਈ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਮੌਜੂਦਾ ਸਮੇਂ ਕਿਸਾਨਾਂ ਵੱਲੋਂ ਹੋਰ ਪਾਣੀ ਦੀ ਮੰਗ ਨੂੰ ਮੁੱਖ ਰੱਖਦੇ ਹੋਏ ਪਾਈਪਲਾਈਨ ਵਿੱਚ ਵਾਧੇ ਦੇ ਪ੍ਰਾਜੈਕਟ ਤਿਆਰ ਕਰਕੇ ਸਰਕਾਰ ਨੂੰ ਭੇਜਿਆ ਗਿਆ ਅਤੇ ਸਰਕਾਰ ਵੱਲੋਂ ਲਗਭਗ 17 ਕਰੋੜ ਦੇ ਪ੍ਰਾਜੈਕਟ ਨੂੰ ਮਨਜ਼ੂਰੀ ਦਿੱਤੀ ਗਈ, ਜਿਸ ਦਾ ਕੰਮ ਪ੍ਰਗਤੀ ਅਧੀਨ ਹੈ ਜਿਸ ਨਾਲ ਲਗਭਗ 8760 ਏਕੜ ਸੀ.ਸੀ.ਏ. ਵਿੱਚ ਹੋਰ ਵਾਧਾ ਹੋਵੇਗਾ। ਉਨ੍ਹਾਂ ਦੱਸਿਆ ਕਿ ਇਨ੍ਹਾਂ ਸੁਧਾਰਾਂ ਨਾਲ ਹੁਣ ਹੁਸ਼ਿਆਰਪੁਰ ਜ਼ਿਲ੍ਹੇ ਅਤੇ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਦੇ 218 ਪਿੰਡਾਂ ਦੇ 72,931 ਏਕੜ ਬਰਾਨੀ ਖੇਤਰ ਨੂੰ ਸਿੰਚਾਈ ਸਹੂਲਤਾਂ ਉਪਲਬਧ ਹੋਣਗੀਆਂ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਲਗਭਗ 450 ਪਿੰਡਾਂ ਦੇ ਲਗਭਗ 1,35,000 ਏਕੜ ਰਕਬੇ ਨੂੰ ਸਿੰਚਾਈ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ।

ਕੈਬਨਿਟ ਮੰਤਰੀ ਨੇ ਕਿਹਾ ਕਿ ਕੰਢੀ ਨਹਿਰ ਦੇ ਆਲੇ-ਦੁਆਲੇ ਦੇ ਉੱਚੇ ਖੇਤਰਾਂ ਤੱਕ ਪਾਣੀ ਨੂੰ ਪਹੁੰਚਾਉਣ ਅਤੇ ਪਾਣੀ ਦੀ ਬੱਚਤ ਨੂੰ ਦੇਖਦੇ ਹੋਏ ਮਾਈਕ੍ਰੋ ਇਰੀਗੇਸ਼ਨ ਸਕੀਮ (ਸਪ੍ਰੀਕਲਰ ਅਤੇ ਡਰਿੱਪ ਇਰੀਗੇਸ਼ਨ) ਦਾ ਨਿਰਮਾਣ ਕੀਤਾ ਗਿਆ ਜਿਸ ਨੂੰ ਲਾਗੂ ਕਰਨ ਉਪਰੰਤ ਸਪ੍ਰੀਕਲਰ ਸਕੀਮ ਰਾਹੀਂ ਹੁਸ਼ਿਆਰਪੁਰ ਜ਼ਿਲ੍ਹੇ ਦੇ 12 ਪਿੰਡਾਂ ਦੇ ਕਿਸਾਨਾਂ ਦੇ ਲਗਭਗ 601 ਏਕੜ ਅਤੇ ਡਰਿੱਪ ਸਕੀਮ ਰਾਹੀਂ 3 ਪਿੰਡਾਂ ਠਰੋਲੀ, ਮਾਂਝੀ ਅਤੇ ਨਾਰਾ ਦੇ ਕਿਸਾਨਾ ਨੂੰ ਲਗਭਗ 144 ਏਕੜ ਰਕਬੇ ਨੂੰ ਸਿੰਚਾਈ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਸ ਸਕੀਮ ਨਾਲ ਕਿਸਾਨਾਂ ਵਿੱਚ ਬੇਹੱਦ ਖੁਸ਼ੀ ਮਹਿਸੂਸ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਸਿੰਚਾਈ ਲਈ ਪਾਣੀ ਉੱਚੇ ਲੈਵਲ ਵਾਲੇ ਖੇਤਰਾਂ ਤੱਕ ਪਹੁੰਚਣ ਨਾਲ ਫਸਲਾਂ ਦੀ ਪੈਦਾਵਾਰ ਵਿੱਚ ਵਾਧਾ ਹੋਇਆ ਹੈ। ਉਨ੍ਹਾਂ ਦੱਸਿਆ ਕਿ ਕੰਢੀ ਏਰੀਏ ਦੇ ਧਤਰੀ ਹੇਠਲੇ ਪਾਣੀ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਜਲ ਸਰੋਤ ਵਿਭਾਗ ਵੱਲੋਂ ਨਹਿਰ ਦੇ ਨਾਲ ਲਗਦੇ ਟਿਊਬਵੈੱਲ ਚੱਕ ਦੇ ਏਰੀਏ ਵਿੱਚ ਪੁਰਾਣੇ ਬੰਦ ਪਏ ਟਿਊਬਲਾਂ ਨੂੰ ਖੋਜਿਆ ਗਿਆ, ਜਿਨ੍ਹਾਂ ਨੂੰ ਨਹਿਰ ਤੋਂ ਪਾਈਪ ਰਾਹੀ ਪਾਣੀ ਪਾ ਕੇ ਰਿਚਾਰਜਿੰਗ ਸਿਸਟਮ ਵਜੋਂ ਵਰਤਣ ਲਈ 20 ਲੱਖ ਰੁਪਏ ਦਾ ਪ੍ਰਾਜੈਕਟ ਮੁਕੰਮਲ ਕਰਵਾਇਆ ਗਿਆ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਨਹਿਰ ਦੇ ਨਾਲ ਲਗਦੇ ਪਿੰਡ ਵਿੱਚ ਖਾਲੀ ਪਈ ਜਗ ?ਹਾ ਨੂੰ ਲੱਭ ਕੇ ਨਹਿਰੀ ਪਾਣੀ ਪਾ ਕੇ ਪੌਂਡ ਬਣਾਉਣ ਦਾ ਪ੍ਰਾਜੈਕਟ 5.16 ਕਰੋੜ ਰੁਪਏ ਦੀ ਲਾਗਤ ਨਾਲ ਮੁੰਕਮਲ ਕਰਵਾਇਆ ਗਿਆ। ਉਨ੍ਹਾਂ ਦੱਸਿਆ ਕਿ ਕੰਢੀ ਨਹਿਰ ਵਿੱਚ ਪੈਂਦੇ ਵੱਖ-ਵੱਖ ਚੋਆਂ ਉੱਪਰ 18 ਨਵੀਆਂ ਅਸਕੇਪ/ਪਾਈਪ ਅਸਕੇਪ 4.18 ਕਰੋੜ ਦੀ ਲਾਗਤ ਨਾਲ ਬਣਾਈਆਂ ਗਈਆਂ ਜਿਸ ਦੀ ਮਦਦ ਨਾਲ ਨਹਿਰ ਦਾ ਵਾਧੂ ਪਾਣੀ ਚੋਅ ਵਿੱਚ ਸੁੱਟ ਕੇ ਜ਼ਮੀਨ ਨੂੰ ਵਾਟਰ ਰਿਚਾਰਜ ਕੀਤਾ ਜਾ ਰਿਹਾ ਹੈ ਅਤੇ ਬਰਸਾਤੀ ਸੀਜ਼ਨ ਦੌਰਾਨ ਵਾਧੂ ਪਾਣੀ ਨਾਲ ਨਹਿਰ ਨੂੰ ਟੁੱਟਣ ਤੋਂ ਬਚਾਇਆ ਜਾ ਸਕੇਗਾ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਕੰਢੀ ਨਹਿਰ ‘ਤੇ ਸਥਿਤ ਵੱਖ-ਵੱਖ ਲਿਫਟ ਸਿੰਚਾਈ ਸਕੀਮਾਂ ਅਤੇ ਮਾਈਕ੍ਰੋ ਇਰੀਗੇਸ਼ਨ ਸਕੀਮਾਂ ਅਧੀਨ ਕੁੱਲ 2302.5 ਕਿਲੋਵਾਟ ਸਮਰੱਥਾ ਦੇ ਸੋਲਰ ਪੈਨਲ ਸਿਸਟਮ ਸਥਾਪਿਤ ਕੀਤੇ ਗਏ ਹਨ, ਜਿਨ੍ਹਾਂ ਰਾਹੀਂ ਨਹਿਰ ਦੇ ਪਾਣੀ ਨੂੰ ਊਰਜਾ-ਕੁਸ਼ਲ ਢੰਗ ਨਾਲ ਖੇਤਾਂ ਤੱਕ ਪਹੁੰਚਾਇਆ ਜਾਂਦਾ ਹੈ।

ਡੈਮਾਂ ਦੀ ਡੀਸਿਲਟਿੰਗ ਕਰਵਾਉਣ ਸਬੰਧੀ ਕੈਬਨਿਟ ਮੰਤਰੀ ਨੇ ਕਿਹਾ ਕਿ ਜ਼ਿਲਾ ਹੁਸ਼ਿਆਰਪੁਰ ਵਿਖੇ ਡੈਮਾਂ ਨੂੰ ਬਣੇ ਲੰਮਾਂ ਸਮਾਂ ਹੋ ਗਿਆ ਹੈ ਅਤੇ ਬਰਸਾਤਾਂ ਦੇ ਸੀਜ਼ਨ ਦੌਰਾਨ ਡੈਮਾਂ ਦੇ ਕੈਚਮੈਂਟ ਏਰੀਏ ਵਿੱਚੋਂ ਕਾਫੀ ਮਾਤਰਾ ਵਿੱਚ ਖੋਰਾ ਲੱਗ ਕੇ ਮਿੱਟੀ-ਰੇਤ ਆਦਿ ਖੱਡਾਂ ਵਿੱਚ ਵਹਿ ਕੇ ਆਉਂਦਾ ਹੈ ਜਿਸ ਨਾਲ ਸਟੋਰੇਜ ਸਮਰੱਥਾ ਵਿੱਚ ਰੁਕਾਵਟ ਆਉਂਦੀ ਹੈ। ਉਨ੍ਹਾਂ ਦੱਸਿਆ ਕਿ ਇਸ ਸਮੇਂ 6 ਡੈਮਾਂ ਵਿੱਚ ਡੀਸਿਲਟਿੰਗ ਦਾ ਕੰਮ ਚੱਲ ਰਿਹਾ ਹੈ। ਇਸ ਨਾਲ ਡੈਮਾਂ ਦੀ ਕਪੈਸਿਟੀ ਨੂੰ ਵਧਾ ਕੇ ਕਿਸਾਨਾਂ ਨੂੰ ਹੋਰ ਸਿੰਚਾਈ ਸਹੂਲਤਾਂ ਪ੍ਰਦਾਨ ਕੀਤੀਆਂ ਜਾਣਗੀਆਂ ਅਤੇ ਸਰਕਾਰ ਦੇ ਮਾਲੀਏ ਵਿੱਚ ਵੀ ਵਾਧਾ ਹੋਵੇਗਾ।

ਵੱਖ-ਵੱਖ ਪਿੰਡਾਂ ਤੋਂ ਆਏ ਲੋਕਾਂ ਅਤੇ ਪੰਚਾਇਤਾਂ ਨੇ ਪੰਜਾਬ ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਸੂਬਾ ਸਰਕਾਰ ਨੇ ਟੇਲਾਂ ਤੱਕ ਨਹਿਰੀ ਪਾਣੀ ਨੂੰ ਪੁੱਜਦਾ ਕਰਕੇ ਇਤਿਹਾਸਿਕ ਕੰਮ ਕੀਤਾ ਹੈ। ਉਨ੍ਹਾਂ ਕਿਹਾ ਕਿ ਨਹਿਰੀ ਪਾਣੀ ਦੀ ਸਿੰਚਾਈ ਲਈ ਵਰਤੋਂ ਦੀ ਉਨ੍ਹਾਂ ਵੱਲੋਂ ਪਿਛਲੇ ਲੰਮੇਂ ਸਮੇਂ ਤੋਂ ਮੰਗ ਰੱਖੀ ਜਾ ਰਹੀ ਸੀ, ਜੋ ਮੌਜੂਦਾ ਸਰਕਾਰ ਨੇ ਪੂਰੀ ਕਰਕੇ ਸਿੰਚਾਈ ਦੀ ਵੱਡੀ ਸਹੂਲਤ ਪ੍ਰਦਾਨ ਕੀਤੀ ਹੈ।

ਇਸ ਮੌਕੇ ਨਿਗਰਾਨ ਇੰਜੀਨੀਅਰ ਕੰਢੀ ਕਨਾਲ ਅਤੇ ਡੈਮ ਵਿਜੇ ਗਿੱਲ, ਚੇਅਰਮੈਨ ਬੌਬੀ ਕੌਸ਼ਲ, ਆਸ਼ੂ ਅਰੋੜਾ, ਕੁਲਦੀਪ ਕੁਮਾਰ, ਸੋਮਾ ਦੇਵੀ, ਵਿਕਰਾਂਤ ਜਯੋਤੀ, ਸ਼ਿਵਮ ਤਜੂਲਾ, ਕਿਸ਼ੋਰੀ ਲਾਲ, ਮਹੰਤ ਰਮੇਸ਼ਵਰ. ਸਪਿੰਕਾ ਰਾਣੀ ਆਦਿ ਮੌਜੂਦ ਸਨ।

### ਫੈਡਰੇਸ਼ਨ ਵੱਲੋਂ ਜਥੇਦਾਰ ਨੂੰ ਚਿੱਠੀ :

# ਸਿੱਖਾਂ ਦੇ ਕਾਤਲਾਂ ਦੇ ਕੇਸ ਲੜਨ ਵਾਲੇ ਸਤਨਾਮ ਸਿੰਘ ਕਲੇਰ ਨੂੰ ਪੰਥ ’ਚੋਂ ਛੇਕਿਆ ਜਾਏ ਤੇ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਦੇ ਚੇਅਰਮੈਨ ਅਹੁਦੇ ਤੋਂ ਹਟਾਇਆ ਜਾਏ : ਭਾਈ ਰਣਜੀਤ ਸਿੰਘ ਦਮਦਮੀ ਟਕਸਾਲ

ਅੰਮ੍ਰਿਤਸਰ : ਪੰਥਕ ਜਥੇਬੰਦੀ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਨੇ ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਵਿਖੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੇ ਨਾਂ ’ਤੇ ਦਫ਼ਤਰ ਇੰਚਾਰਜ ਸ. ਬਗੀਚਾ ਸਿੰਘ ਨੂੰ ਪੱਤਰ ਸੌਂਪਿਆ ਜਿਸ ਵਿੱਚ ਸਿੱਖਾਂ ਦੇ ਕਾਤਲਾਂ ਦੇ ਕੇਸ ਲੜਨ ਵਾਲੇ ਸਤਨਾਮ ਸਿੰਘ ਕਲੇਰ ਨੂੰ ਪੰਥ ’ਚੋਂ ਛੇਕਣ ਅਤੇ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਦੇ ਚੇਅਰਮੈਨ ਅਹੁਦੇ ਤੋਂ ਹਟਾਉਣ ਦੀ ਮੰਗ ਕੀਤੀ। ਫੈਡਰੇਸ਼ਨ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ, ਸੀਨੀਅਰ ਮੀਤ ਪ੍ਰਧਾਨ ਭੁਪਿੰਦਰ ਸਿੰਘ ਛੇ ਜੂਨ, ਸਾਬਕਾ ਪ੍ਰਧਾਨ ਭਾਈ ਬਲਵੰਤ ਸਿੰਘ ਗੋਪਾਲਾ, ਭਾਈ ਅੰਗਦ ਸਿੰਘ ਖ਼ਾਲਸਾ ਤੇ ਭਾਈ ਮਨਪ੍ਰੀਤ ਸਿੰਘ ਖ਼ਾਲਸਾ ਦੇ ਦਸਤਖ਼ਤਾਂ ਹੇਠ ਜਥੇਦਾਰ ਨੂੰ ਲਿਖੀ ਚਿੱਠੀ ਵਿੱਚ ਕਿਹਾ ਗਿਆ ਕਿ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਦੇ ਮੌਜੂਦਾ ਚੇਅਰਮੈਨ ਸਤਨਾਮ ਸਿੰਘ ਕਲੇਰ ਅਤੇ ਉਨ੍ਹਾਂ ਦੇ ਬੇਟੇ ਅਰਸ਼ਦੀਪ ਸਿੰਘ ਕਲੇਰ (ਜੋ ਕਿ ਅਕਾਲੀ ਦਲ ਬਾਦਲ ਦੇ ਮੁੱਖ ਬੁਲਾਰੇ ਹਨ) ਨੇ ਬੀਤੇ ਸਮੇਂ ਵਿੱਚ ਸੁਮੇਧ ਸੈਣੀ ਸਮੇਤ ਉਨ੍ਹਾਂ ਅਨੇਕਾਂ ਜ਼ਾਲਮ ਪੁਲਿਸ ਅਫ਼ਸਰਾਂ ਦੇ ਅਦਾਲਤੀ ਕੇਸ ਲੜੇ ਹਨ, ਜਿਨ੍ਹਾਂ ਨੇ ਸਿੱਖ ਨੌਜਵਾਨਾਂ ਦੇ ਝੂਠੇ ਪੁਲਿਸ ਮੁਕਾਬਲੇ ਬਣਾ ਕੇ ਸਿੱਖ ਕੌਮ ਦੀ ਨਸਲਕੁਸ਼ੀ ਕੀਤੀ ਸੀ। ਸਿੱਖਾਂ ਦੇ ਕਾਤਲਾਂ ਦੀ ਮਦਦ ਕਰਨ ਵਾਲੇ ਅਜਿਹੇ ਵਿਅਕਤੀਆਂ ਦਾ ਪੰਥਕ ਸੰਸਥਾਵਾਂ ਵਿੱਚ ਹੋਣਾ ਸ਼ਹੀਦਾਂ ਦੀਆਂ ਕੁਰਬਾਨੀਆਂ ਦਾ ਅਪਮਾਨ ਹੈ। ਇਸ ਸਮੇਂ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਦਾ ਦਫ਼ਤਰ ਸੁਖਬੀਰ ਸਿੰਘ ਬਾਦਲ ਦੇ ਇਸ਼ਾਰਿਆਂ ’ਤੇ ਚੱਲ ਰਿਹਾ ਹੈ ਅਤੇ ਇਹ ਅਕਾਲੀ ਦਲ ਦੇ ਇੱਕ ‘ਸਬ-ਆਫ਼ਿਸ’ ਵਾਂਗ ਕੰਮ ਕਰ ਰਿਹਾ ਹੈ। ਅਜਿਹੇ ਪੱਖਪਾਤੀ ਕਮਿਸ਼ਨ ਤੋਂ ਪੰਥਕ ਨਿਆਂ ਦੀ ਕੋਈ ਉਮੀਦ ਨਹੀਂ ਰੱਖੀ ਜਾ ਸਕਦੀ। ਕਮਿਸ਼ਨ ਦੇ ਮੈਂਬਰਾਂ ਦੇ ਪੈਨਲ ਭੇਜਣ ਸਮੇਂ ਨਿਯਮਾਂ (ਸਾਬਤ ਸੂਰਤ ਹੋਣ ਦੀ ਸ਼ਰਤ) ਨੂੰ ਛਿੱਕੇ ਟੰਗਿਆ ਗਿਆ। ਅਸੀਂ ਮੰਗ ਕਰਦੇ ਹਾਂ ਕਿ ਸ਼੍ਰੋਮਣੀ ਕਮੇਟੀ ਦੇ ਉਸ ਪ੍ਰਧਾਨ ਦੀ ਜਵਾਬ-ਤਲਬੀ ਕੀਤੀ ਜਾਵੇ ਜਿਸ ਨੇ ਸਿੱਖਾਂ ਦੇ ਕਾਤਲਾਂ ਦੇ ਵਕੀਲ ਸਤਨਾਮ ਸਿੰਘ ਕਲੇਰ ਦਾ ਨਾਮ ਇਸ ਪੈਨਲ ਵਿੱਚ ਸ਼ਾਮਲ ਕਰਕੇ ਪੰਜਾਬ ਸਰਕਾਰ ਨੂੰ ਭੇਜਿਆ ਸੀ।

ਸਾਡੀ ਆਪ ਜੀ ਅੱਗੇ ਅਪੀਲ ਹੈ ਕਿ ਸਤਨਾਮ ਸਿੰਘ ਕਲੇਰ ਨੂੰ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਦੇ ਅਹੁਦੇ ਤੋਂ ਹਟਾਉਣ ਦੇ ਆਦੇਸ਼ ਜਾਰੀ ਕੀਤੇ ਜਾਣ ਅਤੇ ਸਿੱਖਾਂ ਦੇ ਕਾਤਲਾਂ ਦੀ ਮਦਦ ਕਰਨ ਬਦਲੇ ਉਸ ਨੂੰ ਪੰਥ ’ਚੋਂ ਛੇਕਿਆ ਜਾਵੇ। ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਅਕਾਲੀ ਦਲ (ਬਾਦਲ) ਨੂੰ ਸਖ਼ਤ ਸਵਾਲ ਕੀਤਾ ਜਾਵੇ ਕਿ ਉਨ੍ਹਾਂ ਨੇ ਕਾਤਲ ਪੁਲਿਸ ਅਫ਼ਸਰਾਂ ਦੇ ਹਮਾਇਤੀਆਂ ਅਤੇ ਅਜਿਹੇ ਸਿੱਖ ਵਿਰੋਧੀ ਚਿਹਰਿਆਂ ਨੂੰ ਪਾਰਟੀ ਵਿੱਚ ਮੁੱਖ ਬੁਲਾਰਿਆਂ ਵਰਗੇ ਅਹੁਦੇ ਦੇ ਕੇ ਕਿਉਂ ਥਾਂ ਦਿੱਤੀ ਹੋਈ ਹੈ? ਪੰਥ ਆਪਣੇ ਕਾਤਲਾਂ ਅਤੇ ਉਨ੍ਹਾਂ ਦੇ



ਹਮਾਇਤੀਆਂ ਨਾਲ ਹੋਰ ਲੰਮਾ ਸਮਾਂ ਸਮਝੌਤਾ ਨਹੀਂ ਕਰ ਸਕਦਾ। ਉਮੀਦ ਹੈ ਕਿ ਆਪ ਜੀ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਅਤੇ ਹੋਰ ਸ਼ਹੀਦਾਂ ਦੇ ਖ਼ੂਨ ਨਾਲ ਵਫ਼ਾਦਾਰੀ ਕਮਾਉਂਦੇ ਹੋਏ ਇਸ ਮਾਮਲੇ ’ਤੇ ਤੁਰੰਤ ਅਤੇ ਇਤਿਹਾਸਕ ਫ਼ੈਸਲਾ ਲਵੋਗੇ।

# ਟਰੱਸਟ ਮੈਂਬਰਾਂ ਵਿਰੁੱਧ FIR ਦਰਜ ਕਰਵਾਉਣ ਲਈ ਅਦਾਲਤ ਜਾਣਗੇ ਵਕੀਲ, ਮੁਲਜ਼ਮਾਂ ਦਾ ਕੇਸ ਨਾ ਲੜਨ ਦਾ ਐਲਾਨ

## ਰਾਮ ਜਨਮਭੂਮੀ ਪੁਲਿਸ ਸਟੇਸ਼ਨ ਵਿੱਚ ਸ਼ਿਕਾਇਤ ਦੇਣ ਦੇ ਬਾਵਜੂਦ ਪੁਲਿਸ ਨੇ ਮੁਲਜ਼ਮਾਂ ਵਿਰੁੱਧ ਐਫ.ਆਈ.ਆਰ. ਨਹੀਂ ਹੋਈ ਦਰਜ



ਅਯੁੱਧਿਆ (ਯੂ.ਪੀ): ਪੁਲਿਸ ਵੱਲੋਂ ਸ੍ਰੀ ਰਾਮ ਜਨਮਭੂਮੀ ਤੀਰਥ ਖੇਤਰ ਟਰੱਸਟ ਦੇ ਸਾਬਕਾ ਜਨਰਲ ਸਕੱਤਰ ਚੰਪਤ ਰਾਏ, ਸਾਬਕਾ ਟਰੱਸਟ ਮੈਂਬਰ ਅਨਿਲ ਮਿਸ਼ਰਾ ਅਤੇ ਗੋਪਾਲ ਰਾਓ ਵਿਰੁੱਧ ਰਾਮ ਮੰਦਰ ਦਾਨ ਘੁਟਾਲੇ ਦੇ ਮਾਮਲੇ ਵਿੱਚ ਐਫ.ਆਈ.ਆਰ. ਦਰਜ ਕਰਨ ਤੋਂ ਇਨਕਾਰ ਕਰਨ ਤੋਂ ਬਾਅਦ ਫੈਜ਼ਾਬਾਦ ਬਾਰ ਐਸੋਸੀਏਸ਼ਨ ਦੇ ਵਕੀਲਾਂ ਨੇ ਕਿਹਾ ਕਿ ਉਹ ਅਦਾਲਤ ਦਾ ਦਰਵਾਜ਼ਾ ਖੜਕਾਉਣਗੇ।

ਵਕੀਲਾਂ ਨੇ ਦਾਅਵਾ ਕੀਤਾ ਕਿ 2 ਜੁਲਾਈ ਨੂੰ ਰਾਮ ਜਨਮਭੂਮੀ ਪੁਲਿਸ ਸਟੇਸ਼ਨ ਵਿੱਚ ਸ਼ਿਕਾਇਤ ਦੇਣ ਦੇ ਬਾਵਜੂਦ ਪੁਲੀਸ ਨੇ ਮੁਲਜ਼ਮਾਂ ਵਿਰੁੱਧ ਐਫ.ਆਈ.ਆਰ. ਦਰਜ ਨਹੀਂ ਕੀਤੀ। ਫੈਜ਼ਾਬਾਦ ਬਾਰ ਐਸੋਸੀਏਸ਼ਨ ਦੇ ਮੈਂਬਰ ਆਫਤਾਬ ਖਾਨ ਨੇ ਕਿਹਾ ਕਿ ਉਨ੍ਹਾਂ ਨੇ ਪੁਲੀਸ ਨੂੰ ਐਫ.ਆਈ.ਆਰ. ਦਰਜ ਕਰਨ ਲਈ ਦੋ ਹਫ਼ਤਿਆਂ ਦਾ ਸਮਾਂ ਦਿੱਤਾ ਸੀ, ਪਰ ਸੋਮਵਾਰ ਨੂੰ ਜਦੋਂ ਵਕੀਲਾਂ ਦਾ ਵਫ਼ਦ ਪੁਲੀਸ ਸਟੇਸ਼ਨ ਗਿਆ ਤਾਂ ਉਨ੍ਹਾਂ ਨੂੰ ਦੱਸਿਆ ਗਿਆ ਕਿ ਐਫ.ਆਈ.ਆਰ. ਦਰਜ ਨਹੀਂ ਹੋਈ ਅਤੇ ਸ਼ਿਕਾਇਤ ਨੂੰ ਉੱਚ ਅਧਿਕਾਰੀਆਂ ਕੋਲ ਭੇਜ ਦਿੱਤਾ ਗਿਆ ਹੈ।

ਖਾਨ, ਜੋ ਕਿ ਇਨ੍ਹਾਂ ਵਿਅਕਤੀਆਂ ਖ਼ਿਲਾਫ਼ ਕੇਸ ਲੜਨ ਲਈ ਬਣਾਈ ਗਈ 21 ਮੈਂਬਰੀ ਕਮੇਟੀ ਦੇ ਮੈਂਬਰ ਵੀ ਹਨ, ਨੇ ਦੱਸਿਆ ਕਿ ਉਨ੍ਹਾਂ ਦੇ ਵਫ਼ਦ ਨੇ ਐੱਸ.ਐੱਸ.ਪੀ. ਅਯੁੱਧਿਆ ਨਾਲ ਵੀ ਮੁਲਾਕਾਤ ਕੀਤੀ ਪਰ ਉਨ੍ਹਾਂ ਨੇ ਵੀ ਐਫ.ਆਈ.ਆਰ. ਦਰਜ ਨਾ ਹੋਣ ਦੀ ਗੱਲ ਕਹੀ, ਜਿਸ ਤੋਂ ਬਾਅਦ ਹੁਣ ਉਹ ਅਦਾਲਤ ਰਾਹੀਂ ਐਫ.ਆਈ.ਆਰ. ਦਰਜ ਕਰਵਾਉਣਗੇ।

ਫੈਜ਼ਾਬਾਦ ਬਾਰ ਐਸੋਸੀਏਸ਼ਨ ਨੇ ਇੱਕ ਮੀਟਿੰਗ ਵਿੱਚ ਫੈਸਲਾ ਕੀਤਾ ਹੈ ਕਿ ਉਹ ਰਾਮ ਮੰਦਰ ਦੇ ਮੁਲਜ਼ਮਾਂ ਦਾ ਕੇਸ ਨਹੀਂ ਲੜਨਗੇ ਅਤੇ ਜੇ ਕੋਈ ਮੈਂਬਰ ਅਜਿਹਾ ਕਰਦਾ ਹੈ ਤਾਂ ਉਸ ਨੂੰ 5 ਲੱਖ ਰੁਪਏ ਜੁਰਮਾਨਾ ਅਤੇ ਐਸੋਸੀਏਸ਼ਨ ਵਿੱਚੋਂ ਕੱਢ ਦਿੱਤਾ ਜਾਵੇਗਾ। 2 ਜੁਲਾਈ ਨੂੰ ਵਕੀਲਾਂ ਨੇ ਰੋਸ ਮਾਰਚ ਕੱਢ ਕੇ ਦਾਨ ਦੇ ਪੈਸਿਆਂ ਦੀ ਕਥਿਤ ਹੇਰਾਫੇਰੀ ਦੇ ਦੋਸ਼ ਵਿੱਚ ਇਨ੍ਹਾਂ ਵਿਅਕਤੀਆਂ ਵਿਰੁੱਧ ਐੱਫ.ਆਈ.ਆਰ. ਦੀ ਮੰਗ ਕੀਤੀ ਸੀ।

ਐਸੋਸੀਏਸ਼ਨ ਦੇ ਪ੍ਰਧਾਨ ਕਾਲਿਕਾ ਪ੍ਰਸਾਦ ਮਿਸ਼ਰਾ ਨੇ ਦੱਸਿਆ ਕਿ ਵਕੀਲਾਂ ਦੀ ਸ਼ਿਕਾਇਤ ਵਿੱਚ ਕ੍ਰਿਸ਼ਨਾ ਮੋਹਨ, ਜੋ ਕਿ ਇਸ ਕੇਸ ਦੀ ਪਹਿਲੀ ਐਫ.ਆਈ.ਆਰ. ਵਿੱਚ ਸ਼ਿਕਾਇਤਕਰਤਾ ਸਨ, ਨੂੰ ਵੀ ਮੁਲਜ਼ਮ ਵਜੋਂ ਨਾਮਜ਼ਦ ਕੀਤਾ ਗਿਆ ਹੈ। ਰਾਮ ਮੰਦਰ ਵਿੱਚ ਦਾਨ ਦੀ ਚੋਰੀ ਨਾਲ ਸਬੰਧਤ ਹੋਣ ਤੋਂ ਬਾਅਦ 27 ਜੂਨ ਨੂੰ ਚੰਪਤ ਰਾਏ, ਅਨਿਲ ਮਿਸ਼ਰਾ ਅਤੇ ਗੋਪਾਲ ਰਾਓ ਦੇ ਅਸਤੀਫੇ ਟਰੱਸਟ ਵੱਲੋਂ ਸਵੀਕਾਰ ਕਰ ਲਏ ਗਏ ਸਨ।

# ਯੂਬਾ ਸਿਟੀ ਤੋਂ ਟਰੱਕ ਡਰਾਈਵਰ ਜਸ਼ਨਪ੍ਰੀਤ ਸਿੰਘ ਨੂੰ ਅਦਾਲਤ ਨੇ ਸੁਣਾਈ 4 ਸਾਲ 8 ਮਹੀਨੇ ਦੀ ਕੈਦ!

## ਅਮਰੀਕਾ ਵਿੱਚ ਪਿਛਲੇ ਸਾਲ ਵਾਪਰੇ ਇੱਕ ਬੇਹੱਦ ਭਿਆਨਕ ਅਤੇ ਦਰਦਨਾਕ ਸੜਕ ਹਾਦਸੇ ਦੇ 'ਚ 3 ਲੋਕਾਂ ਦੀ ਜਾਨ ਚਲੀ ਗਈ ਸੀ

ਓਂਟਾਰੀਓ (ਕੈਲੀਫੋਰਨੀਆ): ਅਮਰੀਕਾ ਵਿੱਚ ਪਿਛਲੇ ਸਾਲ ਵਾਪਰੇ ਇੱਕ ਬੇਹੱਦ ਭਿਆਨਕ ਅਤੇ ਦਰਦਨਾਕ ਸੜਕ ਹਾਦਸੇ ਦੇ ਮਾਮਲੇ ਵਿੱਚ ਕੈਲੀਫੋਰਨੀਆ ਦੀ ਅਦਾਲਤ ਨੇ ਯੂਬਾ ਸਿਟੀ ਦੇ ਇੱਕ ਪੰਜਾਬੀ ਸੈਮੀ-ਟਰੱਕ ਡਰਾਈਵਰ ਨੂੰ ਸਖ਼ਤ ਸਜ਼ਾ ਸੁਣਾਈ ਹੈ। ਅਦਾਲਤ ਨੇ ਟਰੱਕ ਡਰਾਈਵਰ ਜਸ਼ਨਪ੍ਰੀਤ ਸਿੰਘ ਨੂੰ ਹਾਦਸੇ ਵਿੱਚ 3 ਲੋਕਾਂ ਦੀ ਜਾਨ ਲੈਣ ਅਤੇ ਲਾਪਰਵਾਹੀ ਵਰਤਣ ਦੇ ਦੋਸ਼ ਹੇਠ 4 ਸਾਲ ਅਤੇ 8 ਮਹੀਨੇ ਦੀ ਕੈਦ ਦੀ ਸਜ਼ਾ ਸੁਣਾਈ ਹੈ।



ਇਹ ਹਾਦਸਾ ਅਕਤੂਬਰ 2025 ਵਿੱਚ ਕੈਲੀਫੋਰਨੀਆ ਦੇ ਓਨਟਾਰੀਓ ਵਿਖੇ ਹਾਈਵੇਅ 'ਤੇ ਵਾਪਰਿਆ ਸੀ, ਜਿੱਥੇ ਜਸ਼ਨਪ੍ਰੀਤ ਸਿੰਘ ਦੇ ਬੇਕਾਬੂ ਟਰੱਕ ਨੇ ਇੱਕ ਤੋਂ ਬਾਅਦ ਇੱਕ 8 ਗੱਡੀਆਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਸੀ।

**ਭਿਆਨਕ ਹਾਦਸਾ ਅਤੇ ਅਦਾਲਤ ਵਿੱਚ ਕਬੂਲਿਆ ਗੁਨਾਹ**

ਇਸ ਮਾਮਲੇ ਦੀ ਸੁਣਵਾਈ ਦੌਰਾਨ ਅਦਾਲਤੀ ਦਸਤਾਵੇਜ਼ਾਂ ਅਤੇ ਜਾਂਚ ਵਿੱਚ ਕਈ ਅਹਿਮ ਖੁਲਾਸੇ ਹੋਏ ਹਨ।

**8 ਗੱਡੀਆਂ ਦੀ ਭਿਆਨਕ ਟੱਕਰ:** ਅਕਤੂਬਰ 2025 ਵਿੱਚ ਵਾਪਰੇ ਇਸ ਹਾਦਸੇ ਦੌਰਾਨ ਜਸ਼ਨਪ੍ਰੀਤ ਸਿੰਘ ਦਾ ਸੈਮੀ-ਟਰੱਕ ਤੇਜ਼ ਰਫ਼ਤਾਰ ਨਾਲ ਦੂਜੇ ਵਾਹਨਾਂ ਨਾਲ ਜਾ ਟਕਰਾਇਆ। ਇਸ ਟੱਕਰ ਦੀ ਭਿਆਨਕਤਾ ਕਾਰਨ ਹਾਈਵੇਅ 'ਤੇ 8 ਵਾਹਨ ਆਪਸ ਵਿੱਚ ਬੁਰੀ ਤਰ੍ਹਾਂ ਭਿੜ ਗਏ (Eight-Vehicle Pileup), ਜਿਸ ਵਿੱਚ ਤਿੰਨ ਲੋਕਾਂ ਦੀ ਮੌਕੇ 'ਤੇ ਹੀ ਦਰਦਨਾਕ ਮੌਤ ਹੋ ਗਈ ਸੀ।

**ਗੁਨਾਹ ਕਬੂਲਿਆ:** ਸੁਣਵਾਈ ਦੌਰਾਨ ਜਸ਼ਨਪ੍ਰੀਤ ਸਿੰਘ ਨੇ ਵੱਡੀ ਲਾਪਰਵਾਹੀ ਨਾਲ ਵਾਹਨ ਚਲਾਉਣ ਅਤੇ 3 ਲੋਕਾਂ ਦੀ ਗੈਰ-ਇਰਾਦਤਨ ਹੱਤਿਆ ਕਰਨ (Vehicular Manslaughter with Gross Negligence) ਦੇ ਤਿੰਨ ਸੰਗੀਨ ਫੈਲੋਨੀ (Felony) ਦੋਸ਼ਾਂ ਨੂੰ ਅਦਾਲਤ ਸਾਹਮਣੇ ਸਵੀਕਾਰ ਕਰ ਲਿਆ ਹੈ।

# ਵੈਸ਼ਨੋ ਦੇਵੀ ਦਰਬਾਰ 'ਚ 500 ਕਰੋੜ ਦਾ ਵੱਡਾ ਘੁਟਾਲਾ!

## ਸ਼ਰਧਾਲੂਆਂ ਵੱਲੋਂ ਚੜ੍ਹਾਈ 20 ਟਨ ਚਾਂਦੀ ਨਕਲੀ

ਜੰਮੂ : ਮਾਤਾ ਵੈਸ਼ਨੋ ਦੇਵੀ ਦੇ ਦਰਬਾਰ ਵਿੱਚ ਚੜ੍ਹਾਈ ਗਈ 550 ਕਰੋੜ ਰੁਪਏ ਦੀ ਨਕਲੀ ਚਾਂਦੀ ਦੇ ਮਾਮਲੇ ਵਿੱਚ ਜੰਮੂ ਦੀ ਇੱਕ ਅਦਾਲਤ ਨੇ ਪੁਲਿਸ ਨੂੰ ਸਾਰਾ ਰਿਕਾਰਡ ਕੋਰਟ ਵਿੱਚ ਪੇਸ਼ ਕਰਨ ਦਾ ਹੁਕਮ ਦਿੱਤਾ ਹੈ। ਅਦਾਲਤ ਨੇ 29 ਜੁਲਾਈ ਨੂੰ ਹੋਣ ਵਾਲੀ ਅਗਲੀ ਸੁਣਵਾਈ ਦੌਰਾਨ ਜਾਂਚ ਅਧਿਕਾਰੀ ਨੂੰ ਨਿੱਜੀ ਤੌਰ 'ਤੇ ਪੇਸ਼ ਹੋਣ ਦਾ ਹੁਕਮ ਸੁਣਾਇਆ ਹੈ।

ਜ਼ਿਕਰਯੋਗ ਹੈ ਕਿ ਮਾਂ ਵੈਸ਼ਨੋ ਦੇਵੀ ਦੇ ਦਰਬਾਰ ਵਿੱਚ ਭਗਤਾਂ ਵੱਲੋਂ 20 ਟਨ ਤੋਂ ਵੱਧ ਚਾਂਦੀ ਚੜ੍ਹਾਈ ਗਈ ਸੀ, ਜਿਸਦੀ ਬਾਜ਼ਾਰ ਵਿੱਚ ਕੀਮਤ ਕਰੀਬ 550 ਕਰੋੜ ਰੁਪਏ ਬਣਦੀ ਹੈ। ਜਦੋਂ ਸ਼ਾਈਨ ਬੋਰਡ ਨੇ ਇਸ ਚਾਂਦੀ ਨੂੰ ਗਲਾਉਣ ਲਈ ਭੇਜਿਆ ਤਾਂ ਉਸ ਵਿੱਚੋਂ ਸਿਰਫ਼ 5 ਤੋਂ 6 ਫ਼ੀਸਦੀ ਹੀ ਅਸਲ ਚਾਂਦੀ ਨਿਕਲੀ। ਦੱਸਿਆ ਗਿਆ ਕਿ ਬਾਕੀ ਬਚੇ ਹਿੱਸੇ ਵਿੱਚ ਕੈਡਮੀਅਮ ਅਤੇ ਲੋਹੇ ਵਰਗੇ ਤੱਤ ਮੌਜੂਦ ਸਨ, ਯਾਨੀ ਕਿ ਜ਼ਿਆਦਾਤਰ ਚਾਂਦੀ ਨਕਲੀ ਹੀ ਸੀ। ਇਹ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਜੰਮੂ ਦੇ ਐਡਵੋਕੇਟ ਦੀਪਕ ਸ਼ਰਮਾ ਨੇ 9 ਮਈ ਨੂੰ ਪੁਲਿਸ ਇੰਸਪੈਕਟਰ ਜਨਰਲ ਅਤੇ ਐਸ.ਐਸ.ਪੀ. ਆਰਥਿਕ ਅਪਰਾਧ ਸ਼ਾਖਾ ਜੰਮੂ ਨੂੰ ਇੱਕ ਵਿਸਥਾਰਿਤ ਸ਼ਿਕਾਇਤ ਦੇ ਕੇ ਐਫ.ਆਈ.ਆਰ. ਦਰਜ ਕਰਨ ਅਤੇ ਮਾਮਲੇ ਦੀ ਜਾਂਚ ਦੀ ਮੰਗ ਕੀਤੀ ਸੀ।



**ਦਰਬਾਰ ਵਿੱਚ ਚੜ੍ਹਾਈ ਗਈ ਮਿਲਾਵਟੀ ਚਾਂਦੀ**

ਉਨ੍ਹਾਂ ਨੇ ਖ਼ਦਸ਼ਾ ਪ੍ਰਗਟਾਇਆ ਸੀ ਕਿ ਸ਼ਰਧਾਲੂਆਂ ਵੱਲੋਂ ਮਾਂ ਦੇ ਦਰਬਾਰ ਵਿੱਚ ਚੜ੍ਹਾਈ ਗਈ ਚਾਂਦੀ ਵਿੱਚ ਜਾਂ ਤਾਂ ਵੱਡੀ ਮਿਲਾਵਟ ਕੀਤੀ ਗਈ ਹੈ ਜਾਂ ਫਿਰ ਉਸ ਨੂੰ ਅੰਦਰੋ-ਅੰਦਰੀ ਬਦਲ ਦਿੱਤਾ ਗਿਆ ਹੈ। ਇਸ ਹੇਰਾਫੇਰੀ ਦੇ ਖ਼ਦਸ਼ੇ ਨੂੰ ਦੇਖਦੇ ਹੋਏ ਉਨ੍ਹਾਂ ਨੇ ਡੂੰਘਾਈ ਨਾਲ ਜਾਂਚ ਦੀ ਮੰਗ ਕੀਤੀ ਸੀ। ਜਦੋਂ ਪੁਲਿਸ ਦੀ ਜਾਂਚ ਇਸ ਮਾਮਲੇ ਵਿੱਚ ਅੱਗੇ ਨਾ ਵਧੀ, ਤਾਂ ਉਨ੍ਹਾਂ ਨੇ ਅਦਾਲਤ ਦਾ ਬੂਹਾ ਖੜਕਾਇਆ ਅਤੇ ਐਫ.ਆਈ.ਆਰ. ਦਰਜ ਕਰਵਾ ਕੇ ਜਾਂਚ ਕਰਵਾਉਣ ਦੀ ਅਪੀਲ ਕੀਤੀ।

ਅਦਾਲਤ ਦੇ ਨਿਰਦੇਸ਼ਾਂ 'ਤੇ ਕ੍ਰਾਈਮ ਬ੍ਰਾਂਚ ਨੇ ਆਪਣੀ ਸਟੇਟਸ ਰਿਪੋਰਟ ਵਿੱਚ ਦੱਸਿਆ ਕਿ ਕ੍ਰਾਈਮ ਹੈੱਡਕੁਆਰਟਰ ਸ਼੍ਰੀਨਗਰ ਤੋਂ ਪ੍ਰਵਾਨਗੀ ਮਿਲਣ ਤੋਂ ਬਾਅਦ ਇਸ ਕੇਸ ਨੂੰ ਜ਼ੋਨਲ ਪੁਲਿਸ ਹੈੱਡਕੁਆਰਟਰ ਜੰਮੂ ਭੇਜ ਦਿੱਤਾ ਗਿਆ ਹੈ। ਇਸ 'ਤੇ ਪਟੀਸ਼ਨਕਰਤਾ ਨੇ ਇਤਰਾਜ਼ ਜਤਾਉਂਦਿਆਂ ਦਲੀਲ ਦਿੱਤੀ ਕਿ ਆਰਥਿਕ ਅਪਰਾਧ ਸ਼ਾਖਾ ਜੰਮੂ ਦਾ ਆਪਣਾ ਪੁਲਿਸ ਥਾਣਾ ਹੈ ਅਤੇ ਉਸ ਨੂੰ ਇਸ ਸ਼ਿਕਾਇਤ 'ਤੇ ਖ਼ੁਦ ਤੁਰੰਤ ਕਾਰਵਾਈ ਕਰਨੀ ਚਾਹੀਦੀ ਸੀ।

**29 ਜੁਲਾਈ ਨੂੰ ਹੋਣਾ ਪਵੇਗਾ ਹਾਜ਼ਰ**

ਉਨ੍ਹਾਂ ਕਿਹਾ ਕਿ ਪੁਲਿਸ ਦੀ ਰਿਪੋਰਟ ਵਿੱਚ ਮਹੱਤਵਪੂਰਨ ਸਬੂਤਾਂ ਨੂੰ ਸੁਰੱਖਿਅਤ ਰੱਖਣ ਲਈ ਚੁੱਕੇ ਗਏ ਕਿਸੇ ਵੀ ਕਦਮ ਦਾ ਕੋਈ ਜ਼ਿਕਰ ਨਹੀਂ ਹੈ। ਇਸ ਤੋਂ ਬਾਅਦ ਜੰਮੂ ਦੇ ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ ਨੇ ਜਾਂਚ ਅਧਿਕਾਰੀ ਨੂੰ ਪੂਰਾ ਰਿਕਾਰਡ ਲੈ ਕੇ 29 ਜੁਲਾਈ ਨੂੰ ਨਿੱਜੀ ਤੌਰ 'ਤੇ ਅਦਾਲਤ ਵਿੱਚ ਪੇਸ਼ ਹੋਣ ਦਾ ਸਖ਼ਤ ਆਦੇਸ਼ ਜਾਰੀ ਕੀਤਾ ਹੈ।

# ਜੇ ਫ਼ੈਸਲੇ ਦਿੱਲੀ ਵਿੱਚ ਨਹੀਂ ਕਰਨੇ, ਤਾਂ ਫਿਰ ਕਿੱਥੇ: ਉਮਰ ਅਬਦੁੱਲਾ

## ਰਾਜ ਦੇ ਦਰਜੇ ਦੀ ਬਹਾਲੀ ਲਈ ਪ੍ਰਦਰਸ਼ਨ ਕਰਨ ਦਾ ਐਲਾਨ; ਸੀ ਪੀ ਐੱਮ ਨੇ ਵੀ ਦਿੱਤਾ ਸਮਰਥਨ

ਜੰਮੂ : ਜੰਮੂ ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਕਿਹਾ ਕਿ ਭਾਜਪਾ ਆਗੂ ਨੈਸ਼ਨਲ ਕਾਨਫਰੰਸ ਦੇ ਜੰਤਰ ਮੰਤਰ ਪ੍ਰਦਰਸ਼ਨ ਖ਼ਿਲਾਫ਼ ਬਿਆਨਬਾਜ਼ੀ ਕਰ ਰਹੇ ਹਨ। ਉਨ੍ਹਾਂ ਕਿਹਾ, "ਜੇਕਰ ਸਾਡੇ ਦੇਸ਼ ਦੇ ਇੱਕ ਹਿੱਸੇ ਨਾਲ ਸਬੰਧਤ ਫੈਸਲੇ ਸਾਡੀ ਆਪਣੀ ਕੌਮੀ ਰਾਜਧਾਨੀ ਵਿੱਚ ਨਹੀਂ ਕੀਤੇ ਜਾ ਸਕਦੇ, ਤਾਂ ਫਿਰ ਉਹ ਕਿੱਥੇ ਕਰਨੇ ਚਾਹੀਦੇ ਹਨ?" ਉਨ੍ਹਾਂ ਜੰਮੂ ਕਸ਼ਮੀਰ ਲਈ ਪੂਰਨ ਰਾਜ ਦਾ ਦਰਜਾ ਬਹਾਲ ਕਰਨ ਵਿੱਚ ਹੋ ਰਹੀ ਬਿਨਾਂ ਕਾਰਨ ਦੇਰੀ ਖ਼ਿਲਾਫ਼ ਦਿੱਲੀ ਵਿੱਚ ਕੇਂਦਰ ਸਰਕਾਰ ਵਿਰੁੱਧ 20 ਜੁਲਾਈ ਤੋਂ ਪ੍ਰਦਰਸ਼ਨਾਂ ਦੇ ਨਵੇਂ ਪੜਾਅ ਦੀ ਸ਼ੁਰੂਆਤ ਕਰਨ ਦਾ ਐਲਾਨ ਕੀਤਾ ਹੈ। ਇਸੇ ਦੌਰਾਨ ਸੀ ਪੀ ਐੱਮ ਨੇ ਅੱਜ ਕਿਹਾ ਕਿ ਉਹ ਜੰਮੂ ਕਸ਼ਮੀਰ ਨੂੰ ਪੂਰਨ ਰਾਜ ਦਾ ਦਰਜਾ ਬਹਾਲ ਕਰਨ ਦੀ ਮੰਗ ਨੂੰ ਲੈ ਕੇ ਜੰਤਰ ਮੰਤਰ ਵਿਖੇ ਨੈਸ਼ਨਲ ਕਾਨਫਰੰਸ ਦੇ ਪ੍ਰਦਰਸ਼ਨ ਵਿੱਚ ਸ਼ਾਮਲ ਹੋਵੇਗੀ।




ਇੱਥੇ ਜਨਤਕ ਰੈਲੀ ਨੂੰ ਸੰਬੋਧਨ ਕਰਦਿਆਂ ਉਮਰ ਅਬਦੁੱਲਾ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਨੇ ਵਿਧਾਨ ਸਭਾ ਚੋਣਾਂ ਤੋਂ ਬਾਅਦ ਦੋ ਸਾਲ ਤੱਕ ਇਸ ਉਮੀਦ ਵਿੱਚ ਇੰਤਜ਼ਾਰ ਕੀਤਾ ਹੈ ਕਿ ਕੇਂਦਰ ਸਰਕਾਰ ਸੂਬੇ ਦਾ ਦਰਜਾ ਬਹਾਲ ਕਰ ਦੇਵੇਗੀ। ਉਨ੍ਹਾਂ ਕਿਹਾ, "ਅਸੀਂ ਕੇਂਦਰ ਸਰਕਾਰ ਨੂੰ ਕਾਫੀ ਸਮਾਂ ਦਿੱਤਾ ਹੈ। ਲਗਪਗ ਦੋ ਸਾਲਾਂ ਤੱਕ, ਅਸੀਂ ਰਾਜ ਦਾ ਦਰਜਾ ਬਹਾਲ ਕਰਨ ਲਈ ਗੱਲਬਾਤ ਦਾ ਰਸਤਾ ਅਪਣਾਇਆ। ਹੁਣ ਅਸੀਂ ਨਵੀਂ ਰਣਨੀਤੀ ਅਪਣਾਵਾਂਗੇ।" ਉਨ੍ਹਾਂ ਭਾਜਪਾ 'ਤੇ ਨਿਸ਼ਾਨਾ ਸੇਧਦਿਆਂ ਉਸ 'ਤੇ ਦੇਸ਼ ਭਰ ਵਿੱਚ ਸਿਆਸੀ ਦਲ-ਬਦਲੀ ਕਰਵਾਉਣ, ਪਿਛਲੇ ਦਰਵਾਜ਼ੇ ਦੀ ਰਾਜਨੀਤੀ ਕਰਨ ਅਤੇ ਜੰਮੂ ਕਸ਼ਮੀਰ ਨੂੰ ਸੂਬੇ ਦਾ ਦਰਜਾ ਬਹਾਲ ਕਰਨ ਦੇ ਆਪਣੇ ਵਾਅਦੇ ਨੂੰ ਪੂਰਾ ਕਰਨ ਵਿੱਚ ਨਾਕਾਮ ਰਹਿਣ ਦਾ ਦੋਸ਼ ਲਾਇਆ।

ਉੱਧਰ, ਨੈਸ਼ਨਲ ਕਾਨਫਰੰਸ ਦੇ ਪ੍ਰਧਾਨ ਫਾਰੂਕ ਅਬਦੁੱਲਾ ਵੱਲੋਂ ਮਿਲੇ ਸੱਦੇ ਦਾ ਸਵਾਗਤ ਕਰਦਿਆਂ ਸੀ ਪੀ ਐੱਮ ਨੇ ਵੀ ਪ੍ਰਦਰਸ਼ਨ 'ਚ ਸ਼ਾਮਲ ਹੋਣ ਦੀ ਹਾਮੀ ਭਰੀ। ਸੀ ਪੀ ਐੱਮ ਦੇ ਸੂਬਾ ਸਕੱਤਰ ਮੁਹੰਮਦ ਅੱਬਾਸ ਰਾਥਰ ਨੇ ਹਰ ਸਿਆਸੀ ਪਾਰਟੀ, ਜਥੇਬੰਦੀ ਅਤੇ ਆਮ ਜਨਤਾ ਨੂੰ ਅਪੀਲ ਕੀਤੀ ਕਿ ਉਹ ਆਪਣੀ ਵਿਚਾਰਧਾਰਾ ਜਾਂ ਮਾਨਤਾ ਤੋਂ ਉੱਪਰ ਉੱਠ ਕੇ, ਰਾਜ ਦਾ ਦਰਜਾ ਬਹਾਲ ਕਰਵਾਉਣ ਲਈ ਇਕੱਠੇ ਹੋਣ।

# ਨਿਊਜਰਸੀ 'ਚ ਵਾਪਰਿਆ ਭਿਆਨਕ ਕਾਰ ਸੜਕ ਹਾਦਸਾ! ਆਂਧਰਾ ਪ੍ਰਦੇਸ਼ ਦੀ ਵਿਦਿਆਰਥਣ ਦੀ ਮੌਤ

ਨਿਊਜਰਸੀ, (ਰਾਜ ਗੋਗਨਾ/ਸਾਡੇ ਲੋਕ :) : ਅਮਰੀਕਾ ਵਿੱਚ ਇੱਕ ਦਰਦਨਾਕ ਕਾਰ ਸੜਕ ਹਾਦਸੇ ਵਿੱਚ ਆਂਧਰਾ ਪ੍ਰਦੇਸ਼ ਦੇ ਇੱਕ 27 ਸਾਲਾ ਭਾਰਤੀ ਵਿਦਿਆਰਥਣ ਦੀ ਮੌਤ ਹੋ ਗਈ ਹੈ। ਜਾਣਕਾਰੀ ਅਨੁਸਾਰ ਮ੍ਰਿਤਕਾ ਭਾਰਤ ਤੋਂ ਪਲਨਾਡੂ ਜ਼ਿਲ੍ਹੇ ਦੇ ਵਿਨੂਕੋਂਡਾ ਮੰਡਲ ਦੇ ਉਮਾਦੀਵਰਮ ਪਿੰਡ ਦੀ ਰਹਿਣ ਵਾਲੀ ਸੀ। ਮ੍ਰਿਤਕ ਪ੍ਰਸੰਨਾ 2022 ਵਿੱਚ ਉੱਚ ਪੜ੍ਹਾਈ ਕਰਨ ਲਈ ਅਮਰੀਕਾ ਗਈ ਸੀ। ਆਪਣੀ ਮਾਸਟਰ ਡਿਗਰੀ ਪੂਰੀ ਕਰਨ ਤੋਂ ਬਾਅਦ ਉਹ ਨੌਕਰੀ ਪ੍ਰਾਪਤ ਕਰਨ ਤੇ ਆਪਣਾ ਕਰੀਅਰ ਬਣਾਉਣ ਦੀ ਕੋਸ਼ਿਸ਼ ਕਰ ਰਹੀ ਸੀ।

ਰਿਪੋਰਟਾਂ ਅਨੁਸਾਰ ਪ੍ਰਸੰਨਾ ਬੀਤੇ ਦਿਨ ਮੰਗਲਵਾਰ ਨੂੰ ਇੱਕ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਤੋਂ ਬਾਅਦ ਤਿੰਨ ਦੋਸਤਾਂ ਨਾਲ ਯਾਤਰਾ ਕਰ ਰਹੀ ਸੀ, ਜਦੋਂ ਉਨ੍ਹਾਂ ਦੀ ਕਾਰ ਆਪਣਾ ਕੰਟਰੋਲ ਗੁਆ ਬੈਠੀ ਅਤੇ ਇੱਕ ਦਰੱਖਤ ਨਾਲ ਟਕਰਾ ਗਈ। ਪ੍ਰਸੰਨਾ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂ ਕਿ ਉਸ ਦੇ ਨਾਲ ਉਸ ਦੇ ਤਿੰਨ ਦੋਸਤ ਜ਼ਖਮੀ ਹੋ ਗਏ। ਦੁਖੀ ਪਰਿਵਾਰ ਨੇ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਪ੍ਰਸੰਨਾ ਦੀ ਦੇਹ ਨੂੰ ਵਾਪਸ ਭੇਜਣ ਦੀ ਪ੍ਰਕਿਰਿਆ ਤੇਜ਼ ਕੀਤੀ ਜਾਵੇ ਤਾਂ ਜੋ ਉਹ ਉਸਦੇ ਅੰਤਿਮ ਸੰਸਕਾਰ ਆਪਣੇ ਜੱਦੀ ਪਿੰਡ ਵਿੱਚ ਕਰ ਸਕਣ।



# "PROUD TO BE AMERICAN"

## ਵਰਦੀ ਦੇ ਪਿੱਛੇ ਛਿਪੀ ਕੁਰਬਾਨੀ ਅਤੇ ਬਹਾਦਰੀ ਦੀ ਅਦਭੁਤ ਦਾਸਤਾਨ; ਸੋਸ਼ਲ ਮੀਡੀਆ 'ਤੇ ਵਾਇਰਲ ਹੋਇਆ ਦਿਲ ਨੂੰ ਛੂਹ ਲੈਣ ਵਾਲਾ ਸੁਨੇਹਾ!




ਇਹ ਸਿਰਫ਼ ਇੱਕ ਆਮ ਗਰੁੱਪ ਫੋਟੋ ਨਹੀਂ ਹੈ, ਬਲਕਿ ਇਹ ਤਸਵੀਰ ਦੇਸ਼ ਲਈ ਕੀਤੇ ਗਏ ਵੱਡੇ ਵਾਅਦਿਆਂ ਅਤੇ ਕੁਰਬਾਨੀਆਂ ਦੀ ਇੱਕ ਜਿਉਂਦੀ-ਜਾਗਦੀ ਮਿਸਾਲ ਹੈ। ਇੱਕ ਅਜਿਹਾ ਵਾਅਦਾ ਜੋ ਦੇਸ਼ ਦੇ ਨਾਮ ਕੀਤਾ ਗਿਆ ਹੈ, ਇੱਕ ਅਜਿਹਾ ਵਾਅਦਾ ਜੋ ਘਰ ਵਿੱਚ ਉਡੀਕ ਕਰ ਰਹੇ ਪਰਿਵਾਰਾਂ ਨਾਲ ਕੀਤਾ ਗਿਆ ਹੈ, ਅਤੇ ਇੱਕ ਅਜਿਹਾ ਅਟੁੱਟ ਵਾਅਦਾ ਕਿ ਮੈਦਾਨ-ਏ-ਜੰਗ ਵਿੱਚ ਆਪਣੇ ਕਿਸੇ ਵੀ ਸਾਥੀ ਨੂੰ ਕਦੇ ਪਿੱਛੇ ਨਹੀਂ ਛੱਡਿਆ ਜਾਵੇਗਾ।

ਤਸਵੀਰ ਵਿੱਚ ਦਿਖਾਈ ਦੇਣ ਵਾਲੀ ਹਰ ਇੱਕ ਮੁਸਕਰਾਹਟ ਦੇ ਪਿੱਛੇ ਕਈ ਮੁਸ਼ਕਲ ਦਿਨ, ਨੀਂਦ ਵਿਹੂਣੀਆਂ ਰਾਤਾਂ, ਅਤੇ ਪਰਿਵਾਰਕ ਮੇਜ਼ 'ਤੇ ਮਿਸ ਕੀਤੇ ਗਏ ਜਨਮਦਿਨ, ਗ੍ਰੈਜੂਏਸ਼ਨ ਅਤੇ ਤਿਉਹਾਰ ਛਿਪੇ ਹੋਏ ਹਨ।

ਵੱਖੋ-ਵੱਖਰੇ ਰਾਜ, ਵੱਖਰੇ ਸੁਪਨੇ—ਪਰ ਪਰਿਵਾਰ ਇੱਕ (One Uniform, One Family)

ਦੇਸ਼ ਦੀ ਰੱਖਿਆ ਵਿੱਚ ਡਟੇ ਇਨ੍ਹਾਂ ਵੀਰਾਂ ਦਾ ਜਜ਼ਬਾ ਸਾਨੂੰ ਬਹੁਤ ਕੁਝ ਸਿਖਾਉਂਦਾ ਹੈ:

**ਇੱਕਜੁੱਟਤਾ ਦੀ ਮਿਸਾਲ:** ਇਹ ਜਵਾਨ ਅਮਰੀਕਾ ਦੇ ਵੱਖ-ਵੱਖ ਰਾਜਾਂ, ਵੱਖੋ-ਵੱਖਰੇ ਪਿਛੋਕੜਾਂ ਅਤੇ ਵੱਖਰੇ ਸੁਪਨਿਆਂ ਨਾਲ ਆਉਂਦੇ ਹਨ। ਪਰ ਜਿਵੇਂ ਹੀ ਉਹ ਦੇਸ਼ ਦੀ ਪਵਿੱਤਰ ਵਰਦੀ (Uniform) ਪਹਿਨਦੇ ਹਨ, ਉਹ ਸਭ ਇੱਕ ਪਰਿਵਾਰ ਬਣ ਜਾਂਦੇ ਹਨ।

**ਮੋਢੇ ਨਾਲ ਮੋਢਾ:** ਉਹ ਹਰ ਮੁਸ਼ਕਲ ਵਿੱਚ ਇੱਕ-ਦੂਜੇ ਦਾ ਬੋਝ ਚੁੱਕਦੇ ਹਨ, ਮੋਢੇ ਨਾਲ ਮੋਢਾ ਜੋੜ ਕੇ ਖੜ੍ਹਦੇ ਹਨ, ਹਰ ਜਿੱਤ ਦਾ ਜਸ਼ਨ ਇਕੱਠੇ ਮਨਾਉਂਦੇ ਹਨ ਅਤੇ ਹਰ ਚੁਣੌਤੀ ਦਾ ਸਾਹਮਣਾ ਇੱਕ ਤਾਕਤ ਬਣ ਕੇ ਕਰਦੇ ਹਨ।

**ਸੱਚੀ ਦੇਸ਼-ਭਗਤੀ:** ਅਮਰੀਕੀ ਹੋਣ 'ਤੇ ਮਾਣ ਕਰਨਾ ਸਿਰਫ਼ ਸ਼ਬਦਾਂ ਤੱਕ ਸੀਮਤ ਨਹੀਂ ਹੈ, ਬਲਕਿ ਇਹ ਉਨ੍ਹਾਂ ਵੀਰਾਂ ਦਾ ਸਨਮਾਨ ਕਰਨ ਬਾਰੇ ਹੈ ਜੋ ਹਰ ਰੋਜ਼ ਇਸ ਮਾਣ ਨੂੰ ਆਪਣੀ ਜ਼ਿੰਦਗੀ ਨਾਲ ਜਿਉਂਦੇ ਹਨ।

**ਵਰਦੀ ਦੇ ਪਿੱਛੇ ਦੀ ਅਸਲ ਦਾਸਤਾਨ (Behind The Uniform)**

ਜਦੋਂ ਵੀ ਤੁਸੀਂ ਕਿਸੇ ਦੇਸ਼ ਦੇ ਰੱਖਿਅਕ ਨੂੰ ਵਰਦੀ ਵਿੱਚ ਦੇਖੋ, ਤਾਂ ਹਮੇਸ਼ਾ ਯਾਦ ਰੱਖੋ ਕਿ ਉਸ ਮੁਸਕਰਾਹਟ ਦੇ ਪਿੱਛੇ ਹੌਸਲੇ ਦੀ ਇੱਕ ਮਹਾਨ ਕਹਾਣੀ ਹੈ। ਉਸ ਹੌਸਲੇ ਦੇ ਪਿੱਛੇ ਇੱਕ ਪਰਿਵਾਰ ਹੈ ਜੋ ਉਨ੍ਹਾਂ ਦੀ ਸਲਾਮਤੀ ਅਤੇ ਸੁਰੱਖਿਅਤ ਵਾਪਸੀ ਲਈ ਦਿਨ-ਰਾਤ ਪ੍ਰਾਰਥਨਾਵਾਂ ਕਰ ਰਿਹਾ ਹੈ। ਹਰ ਰਾਸ਼ਟਰੀ ਝੰਡੇ ਦੇ ਪਿੱਛੇ ਇੱਕ ਅਜਿਹਾ ਨਾਇਕ (Hero) ਖੜ੍ਹਾ ਹੈ ਜਿਸ ਨੇ ਆਪਣੇ ਨਿੱਜੀ ਹਿੱਤਾਂ ਤੋਂ ਉੱਪਰ ਉੱਠ ਕੇ ਦੇਸ਼ ਸੇਵਾ ਨੂੰ ਚੁਣਿਆ ਹੈ।

# ਅਫ਼ਗਾਨਿਸਤਾਨ ਸੰਕਟ ਸਮੇਂ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤਰ ਸਰੂਪਾਂ' ਨੂੰ ਸਤਿਕਾਰ ਸਹਿਤ ਭਾਰਤ ਲਿਆਂਦਾ ਗਿਆ : ਨਰਿੰਦਰ ਮੋਦੀ

- ਦੁਨੀਆ ਭਰ 'ਚ ਬਣੇ ਗੁਰਦੁਆਰਾ ਸਾਹਿਬਾਨ ਸੇਵਾ ਦੇ ਕੇਂਦਰ ਵਜੋਂ ਕੰਮ ਕਰ ਰਹੇ ਹਨ
- ਗੁਰਦੁਆਰ ਸਾਹਿਬ 'ਚ ਆਉਣ ਵਾਲੇ ਹਰ ਸ਼ਰਧਾਲੂ ਨੂੰ ਲੰਗਰ ਛਕਾਇਆ ਜਾਂਦਾ ਹੈ

ਆਕਲੈਂਡ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਕਲੈਂਡ 'ਚ ਪਰਵਾਸੀ ਭਾਰਤੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜਦੋਂ ਅਫ਼ਗਾਨਿਸਤਾਨ 'ਚ ਸੰਕਟ ਆਇਆ ਸੀ ਤਾਂ ਸਾਡੀ ਸਰਕਾਰ ਨੇ ਅਫ਼ਗਾਨਿਸਤਾਨ ਤੋਂ ਸ੍ਰੀ ਗੁਰੂ ਸਾਹਿਬ ਜੀ ਦੇ ਪਵਿੱਤਰ ਸਰੂਪਾਂ ਨੂੰ ਪੂਰੇ ਮਾਨ-ਸਨਮਾਨ ਦੇ ਨਾਲ ਭਾਰਤ ਲੈ ਕੇ ਆਈ। ਸਾਡੇ ਮਹਾਨ ਸਿੱਖ ਗੁਰੂਆਂ ਨੇ ਪੂਰੀ ਮਨੁੱਖਤਾ ਨੂੰ ਸੇਵਾ, ਸਾਹਸ, ਸਮਾਨਤ ਅਤੇ ਭਲਾਈ ਦਾ ਸੰਦੇਸ਼ ਦਿੱਤਾ। ਦੁਨੀਆ ਦੇ ਹਰ ਹਿੱਸੇ 'ਚ ਸਥਿਤ ਗੁਰਦੁਆਰਾ ਸਾਹਿਬ ਸੇਵਾ ਦਾ ਕੇਂਦਰ ਹਨ। ਗੁਰਦੁਆਰਾ ਸਾਹਿਬ 'ਚ ਆਉਣ ਵਾਲੇ ਹਰ ਸ਼ਰਧਾਲੂ ਨੂੰ ਬੜੇ ਹੀ ਪਿਆਰ ਅਤੇ ਸਤਿਕਾਰ ਨਾਲ ਲੰਗਰ ਛਕਾਇਆ ਜਾਂਦਾ ਹੈ, ਜੇਕਰ ਕੋਈ ਮੁਸੀਬਤ ਵਿੱਚ ਘਿਰਿਆ ਸ਼ਰਧਾਲੂ ਗੁਰਦੁਆਰਾ ਸਾਹਿਬ ਵਿਖੇ ਆਉਂਦਾ ਤਾਂ ਉਸ ਦੀ ਹਰ ਪੱਖੋਂ ਸਹਾਇਤਾ ਕੀਤੀ ਜਾਂਦੀ ਹੈ। ਇਸ ਸੰਦਰਭ ਵਿੱਚ ਸਿੱਖ ਭਾਈਚਾਰੇ ਦੇ ਕੁਝ ਸਿੱਖ ਭੈਣਾਂ-ਭਰਾਵਾਂ ਨੇ ਸਾਨੂੰ ਦੱਸਿਆ ਕਿ ਉਨ੍ਹਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੇਵਾ ਨਾਲ ਸਬੰਧਤ ਕੁਝ FCRA-ਸਬੰਧੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਸੀਂ ਤੁਰੰਤ ਉਸ ਸਮੱਸਿਆ ਦਾ ਹੱਲ ਕਰ ਦਿੱਤਾ।

ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਇਸ ਪਵਿੱਤਰ ਅਸਥਾਨ ਦੀ ਸਿੱਖ ਸ਼ਰਧਾਲੂ ਬਹੁਤ ਹੀ ਸ਼ਰਧਾ ਅਤੇ ਸਤਿਕਾਰ ਨਾਲ ਯਾਤਰਾ ਕਰਦੇ ਹਨ। ਪਰ ਇਹ ਯਾਤਰਾ ਬਹੁਤ ਹੀ ਮੁਸ਼ਕਿਲਾਂ ਭਰੀ ਹੁੰਦੀ ਹੈ ਕਿਉਂਕਿ ਇਹ ਪਵਿੱਤਰ ਅਸਥਾਨ ਪੂਰਾ ਸਾਲ ਬਰਫ਼ ਨਾਲ ਘਿਰਿਆ ਰਹਿੰਦਾ ਹੈ। ਜਿਸ ਕਰਕੇ ਸਾਡੇ ਬਜ਼ੁਰਗ ਸਿੱਖ-ਭੈਣ-ਭਰਾਵਾਂ ਨੂੰ ਯਾਤਰਾ ਕਰਨ ਸਮੇਂ ਬਹੁਤ ਕਠਿਨਾਈ ਆਉਂਦੀ ਹੈ। ਇਸ ਯਾਤਰਾ ਨੂੰ ਅਸਾਨ ਬਣਾਉਣ ਲਈ ਸਾਡੀ ਸਰਕਾਰ ਸ੍ਰੀ ਹੇਮਕੁੰਟ ਸਾਹਿਬ ਤੱਕ ਰੋਪਵੇਅ ਬਣਵਾ ਰਹੀ ਹੈ। ਜਿਸ ਨਾਲ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਕਰਨ ਵਾਲੇ ਸ਼ਰਧਾਲੂਆਂ ਦੀ ਯਾਤਰਾ ਆਸਾਨ ਹੋ ਜਾਵੇਗੀ। ਹੇਮਕੁੰਟ ਸਾਹਿਬ ਦੀ ਯਾਤਰਾ ਕਰਨਾ ਹਰ ਸਿੱਖ ਸ਼ਰਧਾਲੂ ਦੇ ਮਨ ਦੀ ਇੱਛਾ ਹੁੰਦੀ ਹੈ।



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਗੇ ਦੱਸਿਆ ਕਿ ਉਨ੍ਹਾਂ ਦੀ ਸਰਕਾਰ ਨੇ ਸਾਹਿਬਜ਼ਾਦਿਆਂ ਦੀ ਬਹਾਦਰੀ ਅਤੇ ਕੁਰਬਾਨੀ ਦੀ ਯਾਦ ਵਿੱਚ ਹਰ ਸਾਲ 26 ਦਸੰਬਰ ਨੂੰ 'ਵੀਰ ਬਾਲ ਦਿਵਸ' ਮਨਾਉਣਾ ਸ਼ੁਰੂ ਕੀਤਾ। ਅੱਜ 'ਵੀਰ ਬਾਲ ਦਿਵਸ' ਪੂਰੇ ਦੇਸ਼ ਲਈ ਪ੍ਰੇਰਨਾ ਦਾ ਤਿਉਹਾਰ ਬਣ ਗਿਆ ਹੈ। ਅੱਜ ਕੇਰਲਮ ਤੋਂ ਲੈ ਕੇ ਅਸਾਮ ਤੱਕ ਹਰ ਬੱਚਾ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀਆਂ ਕੁਰਬਾਨੀਆਂ ਬਾਰੇ ਜਾਨਣ ਲੱਗਿਆ ਹੈ। ਵੀਰ ਬਾਲ ਦਿਵਸ ਨੇ ਭਾਰਤ ਭਰ ਦੇ ਅਣਗਿਣਤ ਬੱਚਿਆਂ ਅਤੇ ਨੌਜਵਾਨਾਂ ਦੇ ਦਿਲਾਂ ਵਿੱਚ ਅਟੁੱਟ ਹਿੰਮਤ ਭਰੀ ਹੈ।

# ਪੰਜਾਬ ਦੀ ਸਿਆਸਤ 'ਚ ਕੇਂਦਰ ਬਿੰਦੂ ਵਜੋਂ ਉੱਭਰਨ ਲੱਗੀ 'ਸਤਲੁਜ'

## ਫ਼ਿਲਮ ਨੇ ਕਈ ਮੁੱਦਿਆਂ ਨੂੰ ਲਾਂਭੇ ਕੀਤਾ; ਪਿੰਡਾਂ 'ਚ ਦਿਖਾਈ ਗਈ ਫ਼ਿਲਮ

ਚੰਡੀਗੜ੍ਹ : ਆਗਾਮੀ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਫ਼ਿਲਮ ਸਤਲੁਜ ਪੰਜਾਬ ਦੀ ਸਿਆਸਤ 'ਚ ਕੇਂਦਰ ਬਿੰਦੂ ਵਜੋਂ ਉੱਭਰਨ ਲੱਗੀ ਹੈ। ਸੂਬੇ ਦੇ ਸੈਂਕੜੇ ਪਿੰਡਾਂ ਤੇ ਕਸਬਿਆਂ 'ਚ ਦਿਲਜੀਤ ਦੋਸਾਂਝ ਦੀ ਫ਼ਿਲਮ 'ਸਤਲੁਜ' ਦਿਖਾਈ ਜਾ ਚੁੱਕੀ ਹੈ। ਓ ਟੀ ਟੀ ਪਲੇਟਫ਼ਾਰਮ ਤੋਂ ਹਟਾਏ ਜਾਣ ਮਗਰੋਂ ਪੰਜ ਦਿਨਾਂ 'ਚ ਹੀ ਇਹ ਫ਼ਿਲਮ ਪੰਜਾਬ ਦੇ ਸਮਾਜਿਕ ਤੇ ਸਿਆਸੀ ਮਨਾਂ ਦਾ ਹਿੱਸਾ ਬਣ ਗਈ ਹੈ। ਕਈ ਸਿਆਸੀ ਧਿਰਾਂ ਇਸ ਫ਼ ?ਲਮ ਦੇ ਜ਼ਰੀਏ ਆਪਣੇ ਸਿਆਸੀ ਬਿਰਤਾਂਤ ਲਈ ਵੀ ਜੁਟ ਗਈਆਂ ਹਨ। 'ਆਪ' ਸਰਕਾਰ ਵੱਲੋਂ ਪ੍ਰਚਾਰੇ ਜਾ ਰਹੇ ਅਹਿਮ ਮੁੱਦੇ ਜਿਵੇਂ ਕਿ 'ਮਾਵਾਂ-ਧੀਆਂ ਸਤਿਕਾਰ ਯੋਜਨਾ' ਆਦਿ ਫ਼ਿਲਮ ਸਤਲੁਜ ਕਾਰਨ ਮੱਠੇ ਪੈ ਗਏ ਹਨ।

ਇਸੇ ਤਰ੍ਹਾਂ ਭਗਵੰਤ ਮਾਨ ਖ਼ਿਲਾਫ਼ 'ਪੰਥ ਦੋਖੀ' ਹੋਣ ਦੇ ਪੋਸਟਰਾਂ ਦੀ ਮੁਹਿੰਮ ਵੀ ਇਸ ਫ਼ਿਲਮ ਨੇ ਲਾਂਭੇ ਕਰ ਦਿੱਤੀ ਹੈ। ਵੇਰਵਿਆਂ ਅਨੁਸਾਰ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਯੂਥ ਕਲੱਬਾਂ, ਨਸ਼ਾ ਵਿਰੋਧੀ ਸਮੂਹਾਂ, ਪਿੰਡ ਪੱਧਰੀ ਕਮੇਟੀਆਂ, ਸ਼੍ਰੋਮਣੀ ਅਕਾਲੀ ਦਲ, ਮਿਸਲ ਸਤਲੁਜ ਤੋਂ ਇਲਾਵਾ ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ ਫ਼ਿਲਮ ਸਤਲੁਜ ਪਿੰਡ-ਪਿੰਡ ਦਿਖਾਉਣ ਲਈ ਪ੍ਰੋਗਰਾਮ ਉਲੀਕੇ ਜਾ ਰਹੇ ਹਨ। ਸਿਆਸੀ ਧਿਰਾਂ ਨੇ ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ ਦੀ ਜ਼ਿੰਦਗੀ 'ਤੇ ਅਧਾਰਿਤ ਫ਼ਿਲਮ ਦੀ ਜਨਤਕ ਸਕਰੀਨਿੰਗ ਦਾ ਪ੍ਰਬੰਧ ਕਰਨ ਲਈ ਪ੍ਰੋਜੈਕਟਰ ਅਤੇ ਟੈਂਪੂ/ਮਿੰਨੀ ਟਰੱਕ ਕਿਰਾਏ 'ਤੇ ਲਏ ਹਨ। ਅੰਦਾਜ਼ੇ ਅਨੁਸਾਰ ਹੁਣ ਤੱਕ ਇਹ ਫ਼ਿਲਮ ਚਾਰ ਸੌ ਤੋਂ ਜ਼ਿਆਦਾ ਪਿੰਡਾਂ ਤੇ ਕਸਬਿਆਂ 'ਚ ਦਿਖਾਈ ਜਾ ਚੁੱਕੀ ਹੈ। ਪਿੰਡਾਂ 'ਚ ਫ਼ਿਲਮ ਦੀ ਮੰਗ ਐਨੀ ਜ਼ਿਆਦਾ ਹੈ ਕਿ ਹਾਕਮ ਧਿਰ ਆਮ ਆਦਮੀ ਪਾਰਟੀ ਦੇ ਆਗੂਆਂ ਨੇ ਵੀ ਜਨਤਕ ਸਕਰੀਨਿੰਗ ਦਾ ਪ੍ਰਬੰਧ ਕਰਨਾ ਸ਼ੁਰੂ ਕਰ ਦਿੱਤਾ ਹੈ। ਸਰਦੂਲਗੜ੍ਹ ਦੇ ਵਿਧਾਇਕ ਗੁਰਪ੍ਰੀਤ ਸਿੰਘ ਬਣਾਵਾਲੀ ਨੇ ਦੱਸਿਆ ਕਿ ਉਨ੍ਹਾਂ ਦੇ ਹਲਕੇ ਦੇ ਪਿੰਡਾਂ 'ਚੋਂ ਫ਼ਿਲਮ ਦਿਖਾਉਣ ਦੀ ਮੰਗ ਆਉਣ ਲੱਗੀ ਹੈ ਤੇ ਉਹ ਪਿੰਡਾਂ 'ਚ ਫ਼ਿਲਮ ਦਿਖਾਉਣ ਲਈ ਸਹਿਯੋਗ ਕਰ ਰਹੇ ਹਨ। ਇਸ ਹਲਕੇ 'ਚ ਇੱਕ ਛੋਟੇ ਵਾਹਨ 'ਤੇ ਪ੍ਰੋਜੈਕਟਰ ਲਗਾ ਕੇ ਫ਼ਿਲਮ ਪਿੰਡ-ਪਿੰਡ ਦਿਖਾਈ ਜਾ ਰਹੀ ਹੈ।



ਬਠਿੰਡਾ ਦਾ ਗੁਰਵਿੰਦਰ ਸ਼ਰਮਾ ਦੋ ਦਿਨਾਂ 'ਚ ਬੁਲਾਡੇ ਵਾਲਾ ਅਤੇ ਫੂਸ ਮੰਡੀ 'ਚ ਇਹ ਫ਼ਿਲਮ ਦਿਖਾ ਚੁੱਕਿਆ ਹੈ। ਆਨੰਦਪੁਰ ਸਾਹਿਬ ਦੇ ਸੰਸਦ ਮੈਂਬਰ ਮਲਵਿੰਦਰ ਸਿੰਘ ਕੰਗ ਦਾ ਕਹਿਣਾ ਸੀ ਕਿ ਫ਼ ?ਲਮ ਸਤਲੁਜ ਦੀ ਸਕਰੀਨਿੰਗ ਦੇ ਪ੍ਰਬੰਧ ਲਈ ਉਨ੍ਹਾਂ ਦੇ ਹਲਕੇ ਵਿੱਚ ਬਹੁਤ ਵੱਡੀ ਜਨਤਕ ਮੰਗ ਸੀ। ਉਨ੍ਹਾਂ ਕਿਹਾ ਕਿ ਉਹ ਫ਼ਿਲਮ ਲਈ ਸਹਿਯੋਗ ਕਰਨਗੇ। ਇਸੇ ਤਰ੍ਹਾਂ ਵਾਰਿਸ ਪੰਜਾਬ ਦੇ ਸੀਨੀਅਰ ਆਗੂ ਮਨਪ੍ਰੀਤ ਸਿੰਘ ਇਆਲੀ ਨੇ ਦੱਸਿਆ ਕਿ ਉਨ੍ਹਾਂ ਦੇ ਹਲਕੇ ਦਾਖਾ ਵਿੱਚ ਹੀ ਨਹੀਂ, ਸਗੋਂ ਪੂਰੇ ਸੂਬੇ ਵਿੱਚ ਉਨ੍ਹਾਂ ਦੀ ਪਾਰਟੀ ਨੂੰ ਫ਼ਿਲਮ ਪ੍ਰਦਰਸ਼ਿਤ ਕਰਨ ਦੀ ਮੰਗ ਪ੍ਰਾਪਤ ਹੋ ਰਹੀ ਹੈ। ਉਨ੍ਹਾਂ ਦੱਸਿਆ ਕਿ ਦਾਖਾ ਹਲਕੇ 'ਚ 25 ਸ਼ੋਅ ਹੋ ਗਏ ਹਨ ਅਤੇ ਰੋਜ਼ਾਨਾ ਤਿੰਨ ਤੋਂ ਚਾਰ ਪਿੰਡਾਂ 'ਚ ਫ਼ਿਲਮ ਦਿਖਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਇੱਕ ਵੈਨ ਦਾ ਵੀ ਇਸ ਵਾਸਤੇ ਪ੍ਰਬੰਧ ਕੀਤਾ ਗਿਆ ਹੈ।

ਸਮਾਜਿਕ-ਰਾਜਨੀਤਿਕ ਸੰਸਥਾ, ਮਿਸਲ ਸਤਲੁਜ ਦੇ ਪ੍ਰਧਾਨ ਅਜੈਪਾਲ ਸਿੰਘ ਬਰਾੜ ਨੇ ਦੱਸਿਆ ਕਿ ਸ਼ੁੱਕਰਵਾਰ ਸ਼ਾਮ ਤੱਕ ਉਨ੍ਹਾਂ ਦੀ ਸੰਸਥਾ ਫ਼ਿਲਮ ਦੀਆਂ 50 ਸਕਰੀਨਿੰਗਾਂ ਕਰ ਚੁੱਕੀ ਸੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ 14 ਪ੍ਰੋਜੈਕਟਰਾਂ ਅਤੇ ਸਕਰੀਨਾਂ ਦੀ ਵਰਤੋਂ ਕਰਕੇ ਮੁਹਾਲੀ, ਖਰੜ, ਰੋਪੜ, ਫ਼ਿਰੋਜ਼ਪੁਰ, ਫ਼ਰੀਦਕੋਟ ਅਤੇ ਫ਼ਾਜ਼ਿਲਕਾ ਦੇ ਪਿੰਡਾਂ ਵਿੱਚ ਫ਼ਿਲਮ ਪ੍ਰਦਰਸ਼ਿਤ ਕੀਤੀ ਹੈ। ਸੰਗਰੂਰ ਇਲਾਕੇ 'ਚ ਨਸ਼ਾ ਰੋਕੂ ਕਮੇਟੀ ਸ਼ੇਰਪੁਰ ਅਤੇ ਖੇੜੀ ਕਲਾਂ ਵੱਲੋਂ 7 ਜੁਲਾਈ ਤੋਂ ਪਿੰਡ-ਪਿੰਡ ਇਹ ਫ਼ਿਲਮ ਦਿਖਾਉਣੀ ਸ਼ੁਰੂ ਕੀਤੀ ਹੈ ਅਤੇ ਉਨ੍ਹਾਂ ਕੋਲ 30 ਜੁਲਾਈ ਤੱਕ ਦੀ ਬੁਕਿੰਗ ਹੋ ਚੁੱਕੀ ਹੈ। ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਹ ਵੀ ਐਲਾਨ ਕੀਤਾ ਹੈ ਕਿ ਉਹ ਰਾਜ ਭਰ ਵਿੱਚ ਸਤਲੁਜ ਦੇ ਜਨਤਕ ਸ਼ੋਅ ਕਰਨਗੇ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦਾ ਕਹਿਣਾ ਸੀ ਕਿ ਅਗਰ ਫ਼ਿਲਮ 'ਤੇ ਪਾਬੰਦੀ ਨਾ ਹਟਾਈ ਤਾਂ ਉਹ ਇੱਕ-ਦੋ ਦਿਨਾਂ 'ਚ ਫ਼ੈਸਲਾ ਕਰਕੇ ਫ਼ਿਲਮ ਦਿਖਾਉਣ ਦੀ ਮੁਹਿੰਮ ਵਿੱਢਣਗੇ। ਉਨ੍ਹਾਂ ਦੱਸਿਆ ਕਿ ਕਈ ਥਾਵਾਂ 'ਤੇ ਕਮੇਟੀ ਦੇ ਮੈਨੇਜਰਾਂ ਨੇ ਫ਼ਿਲਮ ਦਿਖਾਉਣ ਦਾ ਇੰਤਜ਼ਾਮ ਕਰਨਾ ਵੀ ਸ਼ੁਰੂ ਕਰ ਦਿੱਤਾ ਹੈ। ਜਾਣਕਾਰੀ ਮੁਤਾਬਕ ਸਿਮਰ ਪ੍ਰਤਾਪ ਸਿੰਘ ਬਰਨਾਲਾ ਦੁਆਰਾ ਇਸ ਹਫ਼ਤੇ ਦੇ ਸ਼ੁਰੂ ਵਿੱਚ ਬਰਨਾਲਾ ਵਿੱਚ ਆਪਣੇ ਘਰ ਵੀ ਇਕ ਸ਼ੋਅ ਦਾ ਪ੍ਰਬੰਧ ਕੀਤਾ ਗਿਆ। ਉਹ ਸਾਬਕਾ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਦੇ ਪੋਤੇ ਹਨ, ਜੋ 1985-87 ਦੇ ਅਤਿਵਾਦ ਦੇ ਦਿਨਾਂ ਦੌਰਾਨ ਇਸ ਅਹੁਦੇ 'ਤੇ ਰਹੇ।

# ਬੀਣੇਵਾਲ ਵਿਚ ਨੌਜਵਾਨ ਦਾ ਗੋਲੀਆਂ ਮਾਰ ਕੇ ਕੀਤਾ ਕਤਲ

ਬੀਣੇਵਾਲ (ਹੁਸ਼ਿਆਰਪੁਰ) : ਥਾਣਾ ਗੜ੍ਹਸ਼ੰਕਰ ਵਿਚ ਪੈਂਦੇ ਬੀਣੇਵਾਲ ਇਲਾਕੇ ਵਿਚ ਪੁਰਾਣੀ ਰੰਜਿਸ਼ ਦੇ ਚਲਦਿਆਂ ਇਕ ਨੌਜਵਾਨ ਮਨਜੀਤ ਸਿੰਘ ਉਰਫ ਗਨੀ ਪੁੱਤਰ ਦਿਲਬਾਗ ਸਿੰਘ ਨਿਵਾਸੀ ਭਵਾਨੀਪੁਰ ਮਜਾਰੀ ਦਾ ਕਤਲ ਹੋਣ ਦੀ ਖ਼ਬਰ ਹੈ। ਜਾਣਕਾਰੀ ਮੁਤਾਬਿਕ ਮਨਜੀਤ ਸਿੰਘ ਗਨੀ ਗਦੀਵਾਲ ਪੈਟਰੋਲ ਪੰਪ ਨੇੜੇ ਆਪਣੇ ਦੋਸਤ ਸੂਰਜ ਨਾਲ ਖੜ੍ਹਾ ਸੀ।



ਇਸ ਦੌਰਾਨ ਇਕ ਇਨੋਵਾ ਕਾਰ ਵਿਚ ਆਏ ਨੌਜਵਾਨਾ ਨੇ ਉਸ ਨੂੰ ਅਗਵਾ ਕਰ ਲਿਆ ਤੇ ਕੁੱਝ ਸਮੇ ਬਾਅਦ ਜਖ਼ਮੀ ਹਾਲਤ ਵਿਚ ਸ਼ੀਲਾ ਦੇਵੀ ਸਕੂਲ ਲਾਗੇ ਸੜਕ ਤੇ ਸੁੱਟ ਕੇ ਫ਼ਰਾਰ ਹੋ ਗਏ। ਬਾਅਦ ਵਿਚ ਰਾਹਗੀਰਾਂ ਨੇ ਉਸਨੂੰ ਹਸਪਤਾਲ ਦਾਖ਼ਲ ਕਰਵਾਇਆ। ਜਿੱਥੇ ਉਸਦੀ ਮੌਤ ਹੋ ਗਈ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ। ਮ੍ਰਿਤਕ ਦੀਆਂ ਲੱਤਾਂ ਤੇ ਗੋਲੀਆਂ ਦੇ ਅਤੇ ਸਿਰ ਵਿਚ ਤੇਜ਼ਧਾਰ ਹਥਿਆਰਾਂ ਦੇ ਨਿਸ਼ਾਨ ਦੱਸੇ ਜਾ ਰਹੇ ਹਨ।

## ਸਿੱਖ ਆਸਥਾ ਉੱਪਰ ਕਾਨੂੰਨ ਦਾ ਪਹਿਰਾ

ਗੁਰੂ ਨਾਨਕ ਸਾਹਿਬ ਤੋਂ ਲੈ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਤੱਕ, ਗੁਰੂ ਸਾਹਿਬਾਨ ਨੇ ਭਾਰਤ ਦੇ ਵੱਖ-ਵੱਖ ਖੇਤਰਾਂ ਅਤੇ ਬੋਲੀਆਂ ਵਿੱਚ ਅਕਾਲ ਪੁਰਖ ਦੀ ਭਗਤੀ ਵਿੱਚ ਲੀਨ ਮਹਾਨ ਭਗਤਾਂ ਅਤੇ ਰੱਬ ਦੀ ਰਜ਼ਾ ਵਿੱਚ ਰਹਿਣ ਵਾਲੇ 36 ਮਹਾਂਪੁਰਖਾਂ ਦੀ ਸਰਬ-ਸਾਂਝੀ ਬਾਣੀ ਨੂੰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਅੰਕਿਤ ਕੀਤਾ। ਗੁਰੂ ਸਾਹਿਬ ਨੇ ਜਗਤ ਨੂੰ 'ਏਕੁ ਪਿਤਾ ਏਕਸ ਕੇ ਹਮ ਬਾਰਿਕ' ਅਤੇ 'ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ' ਵਰਗੇ ਇਲਾਹੀ ਉਪਦੇਸ਼ਾਂ ਨਾਲ ਨਿਵਾਜ ਕੇ ਧਰਤੀ ਉੱਪਰ ਮਨੁੱਖਤਾ ਦੇ ਭਲੇ ਲਈ ਇੱਕ ਮਹਾਨ ਅਧਿਆਤਮਕ ਨੀਂਹ ਰੱਖੀ। ਪਰ ਬੜੇ ਦੁੱਖ ਦੀ ਗੱਲ ਹੈ ਕਿ ਜਿਸ ਪੰਜਾਬ ਦੀ ਧਰਤੀ ਉੱਪਰ ਸਿੱਖਾਂ ਨੇ ਸੈਂਕੜੇ ਸਾਲ ਸਿਰ ਵਾਰ ਕੇ ਇਸ ਇਲਾਹੀ ਉਪਦੇਸ਼ ਅਤੇ ਮਨੁੱਖੀ ਕਦਰਾਂ-ਕੀਮਤਾਂ ਦੀ ਰੱਖਿਆ ਕੀਤੀ, ਉਸੇ ਧਰਤੀ ਉੱਪਰ ਸਾਲ 2014 ਤੋਂ ਇੱਕ ਡੂੰਘੀ ਸਾਜ਼ਿਸ਼ ਤਹਿਤ ਸੈਂਕੜੇ ਵਾਰ ਗੁਰਬਾਣੀ ਦੀ ਬੇਅਦਬੀ ਹੋ ਚੁੱਕੀ ਹੈ। ਆਪਣੇ ਆਪ ਨੂੰ ਸੁਪਰਪਾਵਰ ਕਹਿਣ ਵਾਲੀ ਕੇਂਦਰੀ ਸਰਕਾਰ ਅਤੇ ਪੰਜਾਬ ਵਿੱਚ ਉਸ ਸਮੇਂ ਦੀ ਭਾਈਵਾਲ ਪੰਥਕ ਸਰਕਾਰ ਕਿਸੇ ਵੀ ਇੱਕ ਦੋਸ਼ੀ ਨੂੰ ਨਾ ਫੜ ਸਕੀ ਅਤੇ ਨਾ ਹੀ ਸਜ਼ਾ ਦਿਵਾ ਸਕੀ। ਕਿਸੇ ਵੱਡੀ ਸਾਜ਼ਿਸ਼ ਦੇ ਤਹਿਤ ਇਹ ਸਿਲਸਿਲਾ ਅੱਜ ਵੀ ਜਾਰੀ ਹੈ। ਇਸ ਦੌਰਾਨ ਕਈ ਸਰਕਾਰਾਂ ਆਈਆਂ ਅਤੇ ਗਈਆਂ, ਪਰ ਅਸਲ ਦੋਸ਼ੀਆਂ ਨੂੰ ਨੱਥ ਪਾਉਣ ਦੀ ਹਿੰਮਤ ਕਿਸੇ ਵਿੱਚ ਨਹੀਂ ਦਿਖੀ। ਸਿੱਖਾਂ ਦੀਆਂ ਸਿਰਮੌਰ ਸੰਸਥਾਵਾਂ ਅਤੇ ਕਈ ਡੇਰੇ ਵੀ ਇਸ ਨਾਜ਼ੁਕ ਮੁੱਦੇ ਉੱਪਰ ਤਕਰੀਬਨ ਚੁੱਪ ਧਾਰੀ ਬੈਠੇ ਰਹੇ, ਜਿਸ ਦੇ ਰੋਸ ਵਜੋਂ ਭਾਵੁਕ ਅਤੇ ਮਾਸੂਮ ਸਿੱਖਾਂ ਨੂੰ ਆਪਣੀਆਂ ਜਾਨਾਂ ਤੱਕ ਗੁਆਉਣੀਆਂ ਪਈਆਂ। ਇਸ ਸਥਿਤੀ ਨੂੰ ਦੇਖਦਿਆਂ ਵੱਖ-ਵੱਖ ਸਿੱਖ ਸੰਸਥਾਵਾਂ ਨੇ ਮੋਰਚੇ ਲਗਾ ਕੇ ਸਖ਼ਤ ਕਾਨੂੰਨ ਬਣਾਉਣ ਦੀ ਮੰਗ ਕੀਤੀ। ਆਖਰਕਾਰ ਜਦੋਂ ਮੌਜੂਦਾ ਭਗਵੰਤ ਮਾਨ ਸਰਕਾਰ ਵੱਲੋਂ ਇਸ ਸਬੰਧੀ ਕਾਨੂੰਨ ਲਿਆਂਦਾ ਗਿਆ, ਤਾਂ ਸ਼੍ਰੋਮਣੀ ਅਕਾਲੀ ਦਲ (ਬਾਦਲ), (SGPC) ਅਤੇ ਕੁਝ ਹੋਰ ਸੰਸਥਾਵਾਂ ਇਸ ਦੇ ਵਿਰੋਧ ਵਿੱਚ ਆ ਗਈਆਂ। ਇਸ ਸਿਆਸਤ ਕਾਰਨ ਅੱਜ ਪੰਜਾਬ ਦਾ ਮਾਹੌਲ ਤਣਾਅਪੂਰਨ ਹੈ ਅਤੇ ਕੌਮ ਦੀ ਸਥਿਤੀ ਨੂੰ ਹਾਸੋਹੀਣੀ ਬਣਾਇਆ ਜਾ ਰਿਹਾ ਹੈ, ਜਦਕਿ ਅਸਲ ਸਾਜ਼ਿਸ਼ਕਰਤਾ ਅਕਿਰਤਘਣ ਲੋਕ ਅਜੇ ਵੀ ਪਰਦੇ ਪਿੱਛੇ ਲੁਕੇ ਹੋਏ ਹਨ। ਪਿਛਲੇ ਦਿਨੀਂ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਹੁਕਮਨਾਮਾ ਜਾਰੀ ਕਰਕੇ ਸਾਰੀ ਪੰਜਾਬ ਸਰਕਾਰ ਅਤੇ ਸਿੱਖ ਮੰਤਰੀਆਂ ਨੂੰ ਤਲਬ ਕੀਤੇ ਜਾਣ ਕਾਰਨ ਇਹ ਮੁੱਦਾ ਅੰਤਰਰਾਸ਼ਟਰੀ ਪੱਧਰ 'ਤੇ ਚਰਚਾ ਦਾ ਵਿਸ਼ਾ ਬਣ ਗਿਆ ਹੈ। ਸਿੰਘ ਸਾਹਿਬ (ਜਥੇਦਾਰ) ਵੱਲੋਂ ਸਿੱਖ ਰਵਾਇਤਾਂ ਅਨੁਸਾਰ ਸੁਣਾਏ ਗਏ ਫੈਸਲੇ ਨੂੰ ਪੂਰੀ ਦੁਨੀਆ ਨੇ ਬਹੁਤ ਨੇੜਿਓਂ ਦੇਖਿਆ ਹੈ। ਅਸੀਂ 'ਸਾਡੇ ਲੋਕ' ਦੇ ਪਾਠਕਾਂ ਅਤੇ ਸੰਗਤਾਂ ਦੀ ਜਾਣਕਾਰੀ ਹਿੱਤ 'ਜਾਗਤਜੋਤ ਐਕਟ, 2026' ਦਾ ਪੰਜਾਬੀ ਉਲਥਾ (ਤਰਜਮਾ) ਛਾਪ ਰਹੇ ਹਾਂ ਅਤੇ ਨਾਲ ਹੀ ਇਸ ਦੀ ਅਸਲ ਅੰਗਰੇਜ਼ੀ ਕਾਪੀ ਵੀ ਨੱਥੀ ਕਰ ਰਹੇ ਹਾਂ ਤਾਂ ਜੋ ਸੰਗਤ ਖੁਦ ਸਹੀ ਨਿਰਣਾ ਕਰ ਸਕੇ। ਪੰਜਾਬੀ ਅਨੁਵਾਦ ਕਰਦੇ ਸਮੇਂ ਜੇਕਰ ਸਾਡੇ ਕੋਲੋਂ ਕੋਈ ਤਕਨੀਕੀ ਜਾਂ ਭਾਸ਼ਾਈ ਗ਼ਲਤੀ ਰਹਿ ਗਈ ਹੋਵੇ, ਤਾਂ ਪਾਠਕ ਅੰਗਰੇਜ਼ੀ ਦੇ ਮੂਲ ਪਾਠ ਨੂੰ ਹੀ ਸਹੀ ਮੰਨਣ। ਆਸ ਹੈ ਕਿ ਇਹ ਵਿਵਾਦ ਜਲਦੀ ਖ਼ਤਮ ਹੋਵੇਗਾ ਅਤੇ ਪੰਜਾਬ ਦੇ ਲੋਕ ਸੁੱਖ ਦਾ ਸਾਹ ਲੈਣਗੇ।

ਜਾਗਤਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਬਿੱਲ, 2026: ਇੱਕ ਵਿਸ਼ਲੇਸ਼ਣ : ਪੰਜਾਬ ਦੀ ਧਰਤੀ ਸਿਰਫ਼ ਇੱਕ ਭੂਗੋਲਿਕ ਖਿੱਤਾ ਨਹੀਂ, ਸਗੋਂ ਇਹ ਰੂਹਾਨੀਅਤ, ਅਕੀਦੇ ਅਤੇ ਸਤਿਕਾਰ ਦਾ ਇੱਕ ਅਜਿਹਾ ਪਵਿੱਤਰ ਵਿਹੜਾ ਹੈ ਜਿਸ ਦਾ ਕੇਂਦਰ ਬਿੰਦੂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਗੁਰੂ ਸਾਹਿਬ ਸਿੱਖ ਜਗਤ ਲਈ ਸਿਰਫ਼ ਇੱਕ ਪਵਿੱਤਰ ਗ੍ਰੰਥ ਨਹੀਂ, ਸਗੋਂ 'ਜਾਗਤੀ ਜੋਤ' ਅਤੇ ਪ੍ਰਗਟ ਗੁਰੂ ਕੀ ਦੇਹ ਹਨ। ਪਿਛਲੇ ਕੁਝ ਸਮੇਂ ਦੌਰਾਨ ਸੂਬੇ ਦੀ ਅਮਨ-ਸ਼ਾਂਤੀ ਅਤੇ ਆਪਸੀ ਭਾਈਚਾਰਕ ਸਾਂਝ ਨੂੰ ਲੀਹੋਂ ਲਾਹੁਣ ਲਈ ਸ਼ਰਾਰਤੀ ਅਨਸਰਾਂ ਵੱਲੋਂ ਕੀਤੀਆਂ ਗਈਆਂ ਬੇਅਦਬੀ ਦੀਆਂ ਮੰਦਭਾਗੀਆਂ ਘਟਨਾਵਾਂ ਨੇ ਹਰ ਸੰਵੇਦਨਸ਼ੀਲ ਹਿਰਦੇ ਨੂੰ ਵਲੂੰਧਰਿਆ ਹੈ। ਅਜਿਹੇ ਨਾਜ਼ੁਕ ਮਾਹੌਲ ਵਿੱਚ, ਪੰਜਾਬ ਸਰਕਾਰ ਵੱਲੋਂ ਵਿਧਾਨ ਸਭਾ ਵਿੱਚ ਪੇਸ਼ ਕੀਤਾ ਗਿਆ 'ਜਾਗਤਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਬਿੱਲ, 2026' ਇੱਕ ਬੇਹੱਦ ਇਤਿਹਾਸਕ, ਦੂਰਅੰਦੇਸ਼ੀ ਅਤੇ ਜ਼ਰੂਰੀ ਕਦਮ ਹੈ। ਪਰ ਜੇਕਰ ਸ੍ਰੀ ਅਕਾਲ ਤੱਖਤ ਸਾਹਿਬ, (SGPC) ਇਸ ਵਿੱਚ ਕੁਝ ਤਬਦੀਆ ਚਹੁੰਦੀ ਹੈ ਤਾ ਕਰ ਦੇਣੀਆਂ ਚਾਹੀਦੀਆਂ ਹਨ ਜੇਕਰ ਕੋਈ ਸਿਆਸਤ ਕਰਕੇ ਫਾਇਦਾ ਲੈਣ ਦੀ ਕੋਸਿਸ਼ ਕਰੇਗਾ ਤਾਂ ਸਿਆਣੇ ਕਹਿੰਦੇ ਹਨ ਕੀ ਯੇ ਪਬਲਿਕ ਹੈ ਸਭ ਜਾਨਤੀ ਹੈ। ਇਹ ਬਿੱਲ ਮਹਿਜ਼ ਇੱਕ ਕਾਨੂੰਨੀ ਦਸਤਾਵੇਜ਼ ਨਹੀਂ, ਸਗੋਂ ਕਰੋੜਾਂ ਸ਼ਰਧਾਲੂਆਂ ਦੀਆਂ ਭਾਵਨਾਵਾਂ ਨੂੰ ਲੱਗੇ ਜ਼ਖ਼ਮਾਂ 'ਤੇ ਮਲ੍ਹਮ ਲਾਉਣ ਅਤੇ ਦੋਸ਼ੀਆਂ ਦੇ ਮਨਾਂ ਵਿੱਚ ਕਾਨੂੰਨ ਦਾ ਭੈਅ ਪੈਦਾ ਕਰਨ ਦੀ ਇੱਕ ਦ੍ਰਿੜ੍ਹ ਕੋਸ਼ਿਸ਼ ਹੈ। ਕਾਨੂੰਨ ਵਿੱਚ 'ਬੀੜ' ਸ਼ਬਦ ਦੀ ਥਾਂ ਸਤਿਕਾਰਤ ਸ਼ਬਦ 'ਸਰੂਪ' ਨੂੰ ਸ਼ਾਮਲ ਕਰਨਾ, ਐਸ.ਜੀ.ਪੀ.ਸੀ. (SGPC) ਰਾਹੀਂ ਹਰ ਪਵਿੱਤਰ ਸਰੂਪ ਦੀ ਡਿਜੀਟਲ ਟਰੈਕਿੰਗ (ਕੇਂਦਰੀ ਰਜਿਸਟਰ) ਲਾਜ਼ਮੀ ਕਰਨਾ ਅਤੇ ਹਿਰਾਸਤਕਾਰਾਂ (Custodians) ਦੀ ਜਵਾਬਦੇਹੀ ਤੈਅ ਕਰਨਾ ਹੈ। ਸਭ ਤੋਂ ਅਹਿਮ ਗੱਲ ਇਹ ਹੈ ਕਿ ਬੇਅਦਬੀ ਵਰਗੇ ਘਿਨਾਉਣੇ ਅਪਰਾਧ ਨੂੰ ਗੈਰ-ਜ਼ਮਾਨਤੀ (non-bailable) ਬਣਾ ਕੇ, ਜਾਂਚ ਦਾ ਜ਼ਿੰਮਾ ਡੀ.ਐਸ.ਪੀ./ਏ.ਸੀ.ਪੀ. (DSP/ACP) ਪੱਧਰ ਦੇ ਉੱਚ ਅਧਿਕਾਰੀਆਂ ਨੂੰ ਸੌਂਪਣਾ ਅਤੇ ਦੋਸ਼ੀਆਂ ਲਈ ਉਮਰ ਕੈਦ ਤੱਕ ਦੀ ਸਖ਼ਤ ਸਜ਼ਾ ਦਾ ਪ੍ਰਬੰਧ ਕਰਨਾ ਇਹ ਸਾਫ਼ ਕਰਦਾ ਹੈ ਕਿ ਹੁਣ ਸ਼ਬਦ ਗੁਰੂ ਅਤੇ ਸਿੱਖ ਆਸਥਾ ਨਾਲ ਖਿਲਵਾੜ ਕਰਨ ਵਾਲਿਆਂ ਦੀ ਖ਼ੈਰ ਨਹੀਂ। ਇੱਕ ਸਮਾਜ ਵਜੋਂ ਸਾਨੂੰ ਇਹ ਸਮਝਣਾ ਹੋਵੇਗਾ ਕਿ ਜਿੱਥੇ ਕਾਨੂੰਨ ਆਪਣਾ ਕੰਮ ਕਰੇਗਾ, ਉੱਥੇ ਹੀ ਹਰ ਨਾਗਰਿਕ ਅਤੇ ਪ੍ਰਬੰਧਕ ਨੂੰ ਵੀ ਗੁਰੂ ਸਾਹਿਬ ਦੇ ਸਰੂਪਾਂ ਦੀ ਸੁਰੱਖਿਆ ਲਈ ਵਧੇਰੇ ਸੁਚੇਤ ਹੋਣਾ ਪਵੇਗਾ। ਆਓ, ਇਸ ਕਾਨੂੰਨੀ ਪਹਿਲਕਦਮੀ ਦਾ ਵਿਸਥਾਰ ਨਾਲ ਵਿਸ਼ਲੇਸ਼ਣ ਕਰੀਏ ਕਿ ਇਹ ਨਵਾਂ ਸੋਧ ਬਿੱਲ ਪੰਜਾਬ ਦੀ ਸਮਾਜਿਕ ਅਤੇ ਧਾਰਮਿਕ ਫਿਜ਼ਾ ਨੂੰ ਸੁਰੱਖਿਅਤ ਰੱਖਣ ਵਿੱਚ ਕਿੰਨਾ ਕਾਰਗਰ ਸਿੱਧ ਹੋਵੇਗਾ। - ਸਤਨਾਮ ਸਿੰਘ ਖਾਲਸਾ

### ਪੰਜਾਬ ਵਿਧਾਨ ਸਭਾ - ਬਿੱਲ ਨੰਬਰ 5-PLA-2026

# ਜਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਬਿੱਲ, 2026

**ਇੱਕ ਬਿੱਲ ਜਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ, 2008 ਵਿੱਚ ਹੋਰ ਸੋਧ ਕਰਨ ਲਈ।**

(ਪਿਛਲੇ ਹਫ਼ਤੇ ਦੀ ਬਾਕੀ)

(2) ਰਜਿਸਟਰ ਜਾਂ ਰਿਕਾਰਡ ਭੌਤਿਕ (physical) ਅਤੇ ਇਲੈਕਟ੍ਰਾਨਿਕ ਰੂਪ ਵਿੱਚ ਰੱਖਿਆ ਜਾਵੇਗਾ ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵੈੱਬਸਾਈਟ 'ਤੇ ਉਪਲਬਧ ਹੋਵੇਗਾ।

(3) ਉਪ-ਧਾਰਾ (2) ਵਿੱਚ ਦੱਸੇ ਗਏ ਇਲੈਕਟ੍ਰਾਨਿਕ ਰੂਪ ਵਿੱਚ ਰਿਕਾਰਡ ਨੂੰ ਜਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026 ਦੇ ਲਾਗੂ ਹੋਣ ਦੀ ਮਿਤੀ ਤੋਂ ਪੰਤਾਲੀ (45) ਦਿਨਾਂ ਦੇ ਅੰਦਰ-ਅੰਦਰ ਤਿਆਰ ਅਤੇ ਅਪਲੋਡ ਕੀਤਾ ਜਾਵੇਗਾ। ਉਪ-ਧਾਰਾ (1) ਅਤੇ (2) ਵਿੱਚ ਹਵਾਲਾ ਦਿੱਤੇ ਗਏ ਰਜਿਸਟਰ ਜਾਂ ਰਿਕਾਰਡਾਂ ਨੂੰ ਇਸ ਤੋਂ ਬਾਅਦ ਮਹੀਨਾਵਾਰ ਅਧਾਰ 'ਤੇ ਅਪਡੇਟ ਕੀਤਾ ਜਾਵੇਗਾ:

ਬਸ਼ਰਤੇ ਕਿ ਅਜਿਹੇ ਹਰੇਕ ਮਹੀਨਾਵਾਰ ਅਪਡੇਟ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਅਧਿਕਾਰਤ ਅਧਿਕਾਰੀ ਦੁਆਰਾ ਉਚਿਤ ਤੌਰ 'ਤੇ ਪ੍ਰਮਾਣਿਤ (certified) ਕੀਤਾ ਜਾਵੇਗਾ ਅਤੇ ਅਜਿਹੇ ਪ੍ਰਮਾਣੀਕਰਨ ਦਾ ਰਿਕਾਰਡ ਵੀ ਰੱਖਿਆ ਜਾਵੇਗਾ।

32. ਪ੍ਰਬੰਧਕ/ਹਿਰਾਸਤਕਾਰ (custodian) ਦੇ ਕਰਤੱਵ ਅਤੇ ਜ਼ਿੰਮੇਵਾਰੀਆਂ:

(1) ਜਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਪ੍ਰਾਪਤ ਕਰਨ ਵਾਲਾ ਹਰ ਪ੍ਰਬੰਧਕ ਇਹ ਯਕੀਨੀ ਬਣਾਏਗਾ,-

(a) ਸੁਰੱਖਿਅਤ ਹਿਰਾਸਤ, ਕਿਸੇ ਵੀ ਤਰੀਕੇ ਨਾਲ ਨੁਕਸਾਨ, ਦੁਰਵਰਤੋਂ, ਜਾਂ ਗੁਆਚਣ ਤੋਂ ਬਚਾਅ ਅਤੇ ਸਿੱਖ ਰਹਿਤ ਮਰਿਆਦਾ ਦੀ ਪਾਲਣਾ; ਅਤੇ

(b) ਨੁਕਸਾਨ, ਗਾਇਬ ਹੋਣ, ਜਾਂ ਸ਼ੱਕੀ ਬੇਅਦਬੀ ਨਾਲ ਸਬੰਧਤ ਕਿਸੇ ਵੀ ਘਟਨਾ ਦੀ ਤੁਰੰਤ ਰਿਪੋਰਟ ਸਬੰਧਤ ਪੁਲਿਸ ਅਧਿਕਾਰੀਆਂ ਅਤੇ ਸਬੰਧਤ ਪ੍ਰਬੰਧਕੀ ਅਥਾਰਟੀ ਨੂੰ ਦੇਣਾ।'

6. ਪੰਜਾਬ ਐਕਟ 21 (2008) ਵਿੱਚ ਧਾਰਾ 41 ਅਤੇ 42 ਜੋੜਨਾ: ਮੂਲ ਐਕਟ ਦੀ ਧਾਰਾ 4 ਤੋਂ ਬਾਅਦ ਹੇਠ ਲਿਖੀਆਂ ਧਾਰਾਵਾਂ ਜੋੜੀਆਂ ਜਾਣਗੀਆਂ, ਭਾਵ:-

41. ਅਪਰਾਧਾਂ ਦੀ ਜਾਂਚ:

(1) ਇਸ ਐਕਟ ਦੇ ਅਧੀਨ ਅਪਰਾਧ (ਅਪਰਾਧਾਂ) ਦੇ ਸਬੰਧ ਵਿੱਚ ਜਾਂਚ ਜਿੰਨੀ ਜਲਦੀ ਸੰਭਵ ਹੋ ਸਕੇ ਪੂਰੀ ਕੀਤੀ ਜਾਵੇਗੀ।

(2) ਇਸਦੀ ਜਾਂਚ ਇੱਕ ਪੁਲਿਸ ਅਧਿਕਾਰੀ ਦੁਆਰਾ ਕੀਤੀ ਜਾਵੇਗੀ, ਜੋ, ਸਥਿਤੀ ਅਨੁਸਾਰ, ਡਿਪਟੀ ਸੁਪਰਡੈਂਟ ਆਫ਼ ਪੁਲਿਸ (DSP) ਜਾਂ ਅਸਿਸਟੈਂਟ ਕਮਿਸ਼ਨਰ ਆਫ਼ ਪੁਲਿਸ (ACP) ਦੇ ਰੈਂਕ ਤੋਂ ਘੱਟ ਨਹੀਂ ਹੋਵੇਗਾ।

42. ਅਪਰਾਧਾਂ ਦਾ ਵਰਗੀਕਰਨ:

(1) ਇਸ ਐਕਟ ਦੇ ਅਧੀਨ ਦੰਡਯੋਗ ਅਪਰਾਧ ਸੰਗੀਨ (cognizable), ਗੈਰ-ਜ਼ਮਾਨਤੀ (non-bailable) ਅਤੇ ਗੈਰ-ਸਮਝੌਤਾਯੋਗ (non-compoundable) ਹੋਣਗੇ।

(2) ਇਸ ਐਕਟ ਦੇ ਅਧੀਨ ਦੰਡਯੋਗ ਅਪਰਾਧ ਸੈਸ਼ਨ ਅਦਾਲਤ (Court of Sessions) ਦੁਆਰਾ ਸੁਣਵਾਈ ਯੋਗ ਹੋਣਗੇ।'

(ਬਾਕੀ ਅਗਲੇ ਹਫ਼ਤਾ)

### PUNJAB VIDHAN SABHA - BILL NO. 5-PLA-2026

# THE JAAGAT JOT SRI GURU GRANTH SAHIB SATKAR (AMENDMENT) BILL, 2026

**A BILL further to amend the Jaagat Jot Sri Guru Granth Sahib Satkar Act, 2008.**

(ਪਿਛਲੇ ਹਫ਼ਤੇ ਦੀ ਬਾਕੀ)

(2) The register or record shall be maintained in physical and electronic form which shall be available on the website of the Shiromani Gurdwara Parbandhak Committee.

(3) The record shall be maintained and uploaded in the electronic form referred to in sub–section (2) within a period of forty-five days from the date of commencement of the Jaagat Jot Sri Guru Granth Sahib Satkar (Amendment) Act, 2026. The register or records referred to in sub-sections (1) and (2) shall be updated on a monthly basis thereafter:

Provided that every such monthly update shall be duly certified by an officer authorised by the Shiromani Gurdwara Parbandhak Committee, and a record of such certification shall also be maintained.

3B. (1) Every custodian receiving a Saroop of Jaagat Jot Sri Guru Granth Sahib shall ensure,-

Duties and responsibilities of custodian.

(a) safe custody, protection from damage, misuse, or loss in any manner and observance of Sikh Rehat Maryada; and

(b) immediate reporting of any incident involving damage, disappearance, or suspected sacrilege to the concerned police authorities and also to the concerned management authority."

Insertion of sections 4A and 4B in Punjab Act 21 of 2008.

6. In the principal Act, after section 4, the following sections shall be inserted, namely:-

"4A. (1) The investigation in relation to offence(s) under this Act shall be completed as expeditiously as possible.

Investigation of Offences.

(2) It shall be investigated by a police officer, not below the rank of Deputy Superintendent of Police or Assistant Commissioner of Police, as the case may be.

4B. (1) The offence(s) punishable under this Act shall be cognizable, non-bailable and non-compoundable.

Classification of offences.

(2) The offence(s) punishable under this Act shall be triable by the Court of Sessions."

Substitution of section 5 of Punjab Act 21 of 2008.

(ਬਾਕੀ ਅਗਲੇ ਹਫ਼ਤਾ)

### ਭਾਰਤ ਦੇ ਆਖਰੀ ਪਿੰਡ 'ਮਾਣਾ' 'ਚ ਕੁਦਰਤ ਦਾ ਅਲੌਕਿਕ ਰੂਪ

# ਬੱਦਲਾਂ ਦੀ ਚਾਦਰ 'ਚ ਲਿਪਟੀਆਂ ਪਹਾੜੀਆਂ, ਪੂਰੇ ਉਫ਼ਾਨ 'ਤੇ ਵਹਿ ਰਹੀ ਸਰਸਵਤੀ ਨਦੀ !








ਚਮੋਲੀ (ਉੱਤਰਾਖੰਡ) : ਦੇਸ਼ ਭਰ ਵਿੱਚ ਮਾਨਸੂਨ ਦੀ ਆਮਦ ਦੇ ਨਾਲ ਹੀ ਪਹਾੜੀ ਰਾਜ ਉੱਤਰਾਖੰਡ ਦੇ ਸੈਰ-ਸਪਾਟਾ ਸਥਾਨਾਂ 'ਤੇ ਕੁਦਰਤ ਦੇ ਬੇਹੱਦ ਮਨਮੋਹਕ ਨਜ਼ਾਰੇ ਦੇਖਣ ਨੂੰ ਮਿਲ ਰਹੇ ਹਨ। ਚਮੋਲੀ (Chamoli) ਜ਼ਿਲ੍ਹੇ ਵਿੱਚ, ਸਮੁੰਦਰ ਤਲ ਤੋਂ ਹਜ਼ਾਰਾਂ ਫੁੱਟ ਦੀ ਉਚਾਈ 'ਤੇ ਸਥਿਤ ਅਤੇ ਚੀਨ ਦੀ ਸਰਹੱਦ ਦੇ ਨੇੜੇ ਭਾਰਤ ਦੇ ਆਖਰੀ ਪਿੰਡ ਵਜੋਂ ਮਸ਼ਹੂਰ 'ਮਾਣਾ ਪਿੰਡ' (Mana Village) ਵਿਖੇ ਇਸ ਵੇਲੇ ਦੇਸ਼ ਦੇ ਕੋਨੇ-ਕੋਨੇ ਤੋਂ ਵੱਡੀ ਗਿਣਤੀ ਵਿੱਚ ਸੈਲਾਨੀ ਪਹੁੰਚ ਰਹੇ ਹਨ। ਇੱਥੇ ਪਹੁੰਚਣ ਵਾਲੇ ਸੈਲਾਨੀ ਪਹਾੜਾਂ ਵਿੱਚ ਛਾਈ ਸੰਘਣੀ ਧੁੰਦ ਅਤੇ ਬੱਦਲਾਂ ਵਾਲੇ ਖ਼ੁਸ਼ਗਵਾਰ ਮੌਸਮ (Foggy & Cloudy Weather) ਦਾ ਭਰਪੂਰ ਅਨੰਦ ਲੈ ਰਹੇ ਹਨ, ਜੋ ਕਿ ਕਿਸੇ ਜੰਨਤ ਤੋਂ ਘੱਟ ਨਹੀਂ ਲੱਗ ਰਿਹਾ।

ਗਰਜਦੀ ਹੋਈ ਵਹਿ ਰਹੀ ਹੈ ਸਰਸਵਤੀ ਨਦੀ (Visuals from Saraswati River)

ਬਦਰੀਨਾਥ ਧਾਮ ਤੋਂ ਮਹਿਜ਼ 3 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਇਸ ਇਤਿਹਾਸਕ ਪਿੰਡ ਵਿੱਚੋਂ ਸਭ ਤੋਂ ਹੈਰਾਨੀਜਨਕ ਅਤੇ ਸ਼ਾਨਦਾਰ ਦ੍ਰਿਸ਼ ਸਰਸਵਤੀ ਨਦੀ (Saraswati River) ਦਾ ਸਾਹਮਣੇ ਆਇਆ ਹੈ:

**ਤੇਜ਼ ਵਹਾਅ ਦਾ ਰੋਮਾਂਚ:** ਪਹਾੜਾਂ ਵਿੱਚ ਹੋ ਰਹੀ ਲਗਾਤਾਰ ਬਾਰਸ਼ ਕਾਰਨ ਪਵਿੱਤਰ ਸਰਸਵਤੀ ਨਦੀ ਇਸ ਵੇਲੇ ਪੂਰੇ ਉਫ਼ਾਨ 'ਤੇ (Flowing Heavily) ਹੈ। ਭੀਮ ਪੁਲ (Bheem Pul) ਦੇ ਹੇਠਾਂ ਵੱਡੇ-ਵੱਡੇ ਪੱਥਰਾਂ ਦੇ ਵਿਚਕਾਰੋਂ ਗਰਜਦੀ ਹੋਈ ਲੰਘ ਰਹੀ ਨਦੀ ਦੇ ਤੇਜ਼ ਵਹਾਅ ਨੂੰ ਦੇਖ ਕੇ ਸੈਲਾਨੀ ਦੰਦਾਂ ਹੇਠ ਉਂਗਲਾਂ ਦਬਾ ਰਹੇ ਹਨ।

ਕੈਮਰਿਆਂ 'ਚ ਕੈਦ ਹੋਏ ਪਲ: ਸੈਲਾਨੀ ਇਸ ਖ਼ੂਬਸੂਰਤ ਅਤੇ ਸਾਹਸੀ ਨਜ਼ਾਰੇ ਦੀਆਂ ਵੀਡੀਓਜ਼ ਅਤੇ ਸੈਲਫੀਆਂ ਆਪਣੇ ਕੈਮਰਿਆਂ ਵਿੱਚ ਕੈਦ ਕਰਦੇ ਨਜ਼ਰ ਆ ਰਹੇ ਹਨ।

ਸੈਲਾਨੀਆਂ ਦੇ ਪ੍ਰਤੀਕਰਮ: 'ਇੱਥੇ ਆ ਕੇ ਰੂਹ ਖ਼ੁਸ਼ ਹੋ ਗਈ' (Tourists Reaction/ Reax)

ਮੀਡੀਆ ਚੈਨਲਾਂ ਨਾਲ ਗੱਲਬਾਤ ਕਰਦਿਆਂ ਦੇਸ਼ ਦੇ ਵੱਖ-ਵੱਖ ਰਾਜਾਂ (ਜਿਵੇਂ ਪੰਜਾਬ, ਦਿੱਲੀ, ਮਹਾਰਾਸ਼ਟਰ) ਤੋਂ ਆਏ ਸੈਲਾਨੀਆਂ ਨੇ ਆਪਣਾ ਉਤਸ਼ਾਹ ਸਾਂਝਾ ਕੀਤਾ:

'ਅਸੀਂ ਮੈਦਾਨੀ ਇਲਾਕਿਆਂ ਦੀ ਹੁੰਮਸ ਭਰੀ ਗਰਮੀ ਤੋਂ ਤੰਗ ਆ ਕੇ ਇੱਥੇ ਆਏ ਹਾਂ। ਮਾਣਾ ਪਿੰਡ ਵਿੱਚ ਬੱਦਲਾਂ ਦੇ ਵਿਚਕਾਰ ਘੁੰਮਣਾ ਅਤੇ ਸਰਸਵਤੀ ਨਦੀ ਦੀ ਗਰਜ ਨੂੰ ਇੰਨੇ ਨੇੜਿਓਂ ਸੁਣਨਾ ਇੱਕ ਅਭੁੱਲ ਅਹਿਸਾਸ ਹੈ। ਇੱਥੇ ਆ ਕੇ ਲੱਗਦਾ ਹੈ ਜਿਵੇਂ ਅਸੀਂ ਕਿਸੇ ਦੂਜੀ ਹੀ ਦੁਨੀਆ ਵਿੱਚ ਆ ਗਏ ਹਾਂ।'

ਪ੍ਰਸ਼ਾਸਨ ਵੱਲੋਂ ਮਾਨਸੂਨ ਦੇ ਮੌਸਮ ਨੂੰ ਮੁੱਖ ਰੱਖਦਿਆਂ ਸੈਲਾਨੀਆਂ ਦੀ ਸੁਰੱਖਿਆ ਦੇ ਵੀ ਪੁਖ਼ਤਾ ਪ੍ਰਬੰਧ ਕੀਤੇ ਗਏ ਹਨ। ਨਦੀ ਦੇ ਬਿਲਕੁਲ ਨੇੜੇ ਜਾਣ 'ਤੇ ਪਾਬੰਦੀ ਲਗਾਈ ਗਈ ਹੈ ਅਤੇ ਯਾਤਰੀਆਂ ਨੂੰ ਮੌਸਮ ਦੀ ਜਾਣਕਾਰੀ ਲੈ ਕੇ ਹੀ ਅੱਗੇ ਵਧਣ ਦੀ ਸਲਾਹ ਦਿੱਤੀ ਜਾ ਰਹੀ ਹੈ। ਸੋਸ਼ਲ ਮੀਡੀਆ 'ਤੇ ਮਾਣਾ ਪਿੰਡ ਦੀਆਂ ਇਹ ਤਾਜ਼ਾ ਵੀਡੀਓਜ਼ ਕੁਦਰਤ ਪ੍ਰੇਮੀਆਂ ਦੇ ਦਿਲਾਂ ਨੂੰ ਮੋਹ ਰਹੀਆਂ ਹਨ।

### ਸ਼ਹੀਦੀ ਦਿਹਾੜੇ 'ਤੇ ਵਿਸ਼ੇਸ਼

# ਸਿੱਖੀ ਕੇਸਾਂ ਸੰਗ ਨਿਭਾਉਣ ਵਾਲੇ ਭਾਈ ਤਾਰੂ ਸਿੰਘ ਜੀ



ਪ੍ਰਿੰ. ਕੁਲਵੰਤ ਸਿੰਘ ਅਣਖੀ

ਸਿੱਖ ਕੌਮ ਦੇ ਅਨੇਕ ਸ਼ਹੀਦਾਂ ਵਿਚ ਨਿਵੇਕਲਾ ਸਥਾਨ ਹਾਸਲ ਸ਼ਹੀਦ ਭਾਈ ਤਾਰੂ ਸਿੰਘ ਜੀ ਦਾ ਜਨਮ ਜ਼ਿਲ੍ਹਾ ਲਾਹੌਰ ਦੀ ਤਹਿਸੀਲ ਕਸੂਰ (ਵਰਤਮਾਨ ਜ਼ਿਲ੍ਹਾ ਤਰਨ ਤਾਰਨ ਤਹਿਸੀਲ ਭਿੱਖੀਵਿੰਡ) ਦੇ ਪਿੰਡ ਪੂਹਲਾ ਵਿਖੇ ਗੁਰਸਿੱਖ ਅੰਮ੍ਰਿਤਧਾਰੀ ਪਿਤਾ ਭਾਈ ਧਰਮ ਸਿੰਘ ਜੀ ਦੇ ਗ੍ਰਹਿ ਵਿਖੇ ਮਾਤਾ ਧਰਮ ਕੌਰ ਦੀ ਕੁੱਖੋਂ ਮਿਤੀ 6 ਅਕਤੂਬਰ ਸੰਨ 1720 ਨੂੰ ਹੋਇਆ। ਨਿਤਨੇਮੀ ਕਿਰਤੀ ਪਰਿਵਾਰ ਦਾ ਸੌਖਾ ਗੁਜ਼ਾਰਾ ਵਾਹੀ ਖੇਤੀ 'ਤੇ ਨਿਰਭਰ ਸੀ। ਆਪ ਜੀ ਦਾ ਪਿੰਡ ਪੂਹਲਾ, ਸਿਰ ਤਲ਼ੀ 'ਤੇ ਰੱਖ ਕੇ ਗੁਰੂ ਦੀ ਗਲ਼ੀ ਵਿੱਚ ਆਉਣ ਵਾਲੇ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਪਿੰਡ ਪਹੂਵਿੰਡ ਦੇ ਗੁਆਂਢ ਵਿਚ ਹੀ ਹੈ। ਬ੍ਰਹਮ ਗਿਆਨੀ ਬਾਬਾ ਬੁੱਢਾ ਸਾਹਿਬ ਜੀ ਦੀ ਬੀੜ ਵੀ ਇਸ ਇਲਾਕੇ ਵਿਚ ਹੀ ਹੈ ।

ਭਾਈ ਤਾਰੂ ਸਿੰਘ ਅਜੇ ਬਾਲ ਵਰੇਸ ਹੀ ਸੀ ਕਿ ਪਿਤਾ ਦਾ ਸਾਇਆ ਸਿਰ ਤੋਂ ਉੱਠ ਗਿਆ। ਆਪ ਜੀ ਦੀ ਇੱਕ ਭੈਣ ਸੀ। ਦੋਵਾਂ ਬਾਲਕ ਭੈਣ ਭਰਾਵਾਂ ਦਾ ਪਾਲਣ-ਪੋਸ਼ਣ ਮਾਤਾ ਧਰਮ ਕੌਰ ਨੇ ਕੀਤਾ। ਪਰਿਵਾਰ ਦੇ ਸਾਰੇ ਜੀਅ ਅੰਮ੍ਰਿਤਧਾਰੀ ਤੇ ਨਿਤਨੇਮੀ ਸਨ। ਤਾਰੂ ਸਿੰਘ ਦਾ ਸੁਡੌਲ ਜੁੱਸਾ ਛੇਤੀ ਬਲਵਾਨ ਹੁੰਦਾ ਗਿਆ।

**ਜ਼ਕਰੀਆ ਖਾਨ ਦੇ ਜ਼ੁਲਮ**

ਓਨ੍ਹੀ ਦਿਨੀਂ ਖ਼ਾਨ ਬਹਾਦਰ ਸੂਬਾ ਲਾਹੌਰ ਜ਼ਕਰੀਆ ਖਾਨ ਨੇ ਸਿੱਖਾਂ ਵਿਰੁੱਧ ਜ਼ੁਲਮੀ ਹਨੇਰੀ ਝੁਲਾਈ ਹੋਈ ਸੀ। ਸਿੱਖਾਂ ਦੇ ਸਿਰਾਂ ਦੇ ਮੁੱਲ ਪਾਏ ਜਾ ਰਹੇ ਸਨ। ਬੀੜ ਬਾਬਾ ਬੁੱਢਾ ਸਾਹਿਬ ਦਾ ਲਾਗਲਾ ਇਲਾਕਾ ਵੀ ਸੰਘਣਾ ਜੰਗਲ ਸੀ,ਜਿਸ ਵਿਚ ਸਿੰਘ ਵੈਰੀ ਫ਼ੌਜ ਦੀਆਂ ਟੁਕੜੀਆਂ ਦਾ ਟਾਕਰਾ ਕਰਦੇ ਹੋਏ ਦਿਨ ਕਟੀ ਕਰ ਰਹੇ ਸਨ। ਕੁਝ ਸਿੰਘਾਂ ਦਾ ਮੇਲ਼ ਭਾਈ ਤਾਰੂ ਸਿੰਘ ਨਾਲ ਵੀ ਹੋ ਗਿਆ। ਘਰ ਪਹੁੰਚ ਕੇ ਸਿੰਘਾਂ ਦੀ ਇਸ ਹਾਲਤ ਬਾਰੇ ਜਦੋਂ ਮਾਤਾ ਅਤੇ ਭੈਣ ਨਾਲ ਗੱਲ ਕੀਤੀ ਤਾਂ ਉਨ੍ਹਾਂ ਨੇ ਸਿੰਘਾਂ ਦੇ ਲੰਗਰ ਪ੍ਰਸ਼ਾਦੇ ਦੀ ਜ਼ਿੰਮੇਵਾਰੀ ਸਾਂਭ ਲਈ। ਮੌਕਾ ਅਤੇ ਸਮਾਂ ਤਾੜ ਕੇ ਦਾਲ਼ ਤੇ ਪ੍ਰਸ਼ਾਦਿਆਂ ਨੂੰ ਟੋਕਰੀ ਵਿਚ ਬੰਨ੍ਹ ਕੇ ਨਾਲ਼ ਦੁੱਧ ਦੀ ਬਾਲਟੀ ਭਾਈ ਤਾਰੂ ਸਿੰਘ ਜੰਗਲ਼ ਵਿਚ ਲੁਕੇ ਸਿੰਘਾਂ ਤੱਕ ਪੁੱਜਦੀ ਕਰ ਦੇਂਦੇ। ਸਾਖੀ ਵਿਚ ਦਰਜ ਹੈ ਕਿ ਇਲਾਕਾ ਨਿਵਾਸੀ ਮਾਛੀ ਰਹੀਮ ਬਖ਼ਸ਼ ਦੀ ਜਵਾਨ ਪੁੱਤਰੀ ਸਲਮਾ ਨੂੰ ਪੱਟੀ ਦਾ ਫ਼ੌਜਦਾਰ ਜਾਫ਼ਰ ਬੇਗ਼ (ਜੋ ਜ਼ਕਰੀਆ ਖਾਂ ਦਾ ਰਿਸ਼ਤੇਦਾਰ ਸੀ) ਜ਼ਬਰਦਸਤੀ ਚੁੱਕ ਕੇ ਲੈ ਗਿਆ। ਰੋਂਦੇ ਬਾਪ ਨੇ ਭਾਈ ਤਾਰੂ ਸਿੰਘ ਜੀ ਕੋਲ ਫਰਿਆਦ ਕੀਤੀ । ਭਾਈ ਸਾਹਿਬ ਨੇ ਸਿੰਘਾਂ ਕੋਲ ਫਰਿਆਦੀ ਮਾਛੀ ਰਹੀਮ ਬਖ਼ਸ਼ ਦੀ ਪੁਕਾਰ ਪੁਚਾ ਦਿੱਤੀ। ਸਿੰਘਾਂ ਨੇ ਸਿਪਾਹੀਆਂ ਨੂੰ ਸੋਧਾ ਲਾ ਕੇ ਜਾਫ਼ਰ ਬੇਗ਼ ਨੂੰ ਜਹੰਨਮ ਪੁਚਾ ਕੇ ਸਲਮਾ ਨੂੰ ਉਸਦੇ ਬਾਪ ਕੋਲ ਪੁਚਾ ਦਿੱਤਾ।

ਭਾਈ ਸਾਹਿਬ ਦੀ ਗ੍ਰਿਫ਼ਤਾਰੀ ਮੁਗ਼ਲ ਹਕੂਮਤ ਦੇ ਟੁਕੜਬੋਚ ਸੂਹੀਏ ਜੰਡਿਆਲੇ ਦੇ ਹਰਿਭਗਤ ਨਿਰੰਜਣੀਏ ਨੇ ਵੀ ਭਾਈ ਤਾਰੂ ਸਿੰਘ ਦੀ ਸੂਰਮਗਤੀ ਦੀ ਚਰਚਾ ਸੁਣੀ। ਉਸ ਨੂੰ ਭਾਈ ਤਾਰੂ ਸਿੰਘ ਦੇ ਇਸ ਕਰਮ ਦੀ ਸੂਹ ਵੀ ਮਿਲ ਗਈ ਕਿ ਭਾਈ ਸਾਹਿਬ ਜੰਗਲ ਵਿਚ ਲੁਕੇ ਛੁਪੇ ਸਿੰਘਾਂ ਨੂੰ ਲੰਗਰ ਪ੍ਰਸ਼ਾਦੇ ਅਤੇ ਦੁੱਧ ਆਦਿਕ ਪਦਾਰਥ ਪੁਚਾ ਕੇ ਸੇਵਾ ਕਰਦੇ ਹਨ। ਉਸ ਨੀਚ ਕਰਮੀ ਲਾਲਚੀ ਸੂਹੀਏ ਨੇ ਇਹ ਸਾਰੀ ਜਾਣਕਾਰੀ ਵਧਾ ਚੜ੍ਹਾ ਕੇ ਜ਼ਕਰੀਆ ਖਾਨ ਨੂੰ ਦੱਸ ਦਿੱਤੀ। ਜ਼ਕਰੀਆ ਖਾਨ ਨੇ ਸਿੰਘਾਂ ਦਾ ਖੁਰਾ ਖੋਜ ਮਿਟਾਉਣ ਦਾ ਤਹੱਈਆ ਕੀਤਾ ਹੋਇਆ ਸੀ, ਹਰਿਭਗਤ ਨਿਰੰਜਣੀਏ ਦੀ ਜ਼ੁਬਾਨੀ ਭਾਈ ਤਾਰੂ ਸਿੰਘ ਦਾ ਲੁਕੇ ਛੁਪੇ ਸਿੰਘਾਂ ਨੂੰ ਲੰਗਰ ਪੁਚਾਉਣ ਬਾਰੇ ਸੁਣ ਕੇ, ਗੁੱਸੇ ਨਾਲ ਆਪੇ ਤੋਂ ਬਾਹਰ ਹੋ ਗਿਆ ਤੇ ਤੁਰੰਤ ਸਿਪਾਹੀਆਂ ਨੂੰ ਹੁਕਮ ਕੀਤਾ ਕਿ ਤਾਰੂ ਸਿੰਘ ਨੂੰ ਜਲਦੀ ਤੋਂ ਜਲਦੀ ਉਸਦੇ ਸਾਹਮਣੇ ਪੇਸ਼ ਕੀਤਾ ਜਾਵੇ। ਹਕੂਮਤੀ ਸਿਪਾਹੀਆਂ ਦੀ ਇੱਕ ਟੁਕੜੀ ਨੇ ਮਾਝੇ ਦੇ ਪਿੰਡ ਪੂਹਲੇ ਪਹੁੰਚ ਕੇ ਦੋਵਾਂ ਭੈਣ ਭਰਾ ਨੂੰ ਗ੍ਰਿਫ਼ਤਾਰ ਕਰ ਲਿਆ ਪਰ ਪਿੰਡ ਵਾਸੀ ਸਿਪਾਹੀਆਂ ਦੇ ਸਿਰ ਹੋ ਗਏ ਤੇ ਭੈਣ ਨੂੰ ਉਨ੍ਹਾਂ ਕੋਲੋਂ ਛੁਡਾ ਲਿਆ। ਸਿਪਾਹੀਆਂ ਭਾਈ ਸਾਹਿਬ ਨੂੰ ਜ਼ਕਰੀਆ ਖਾਨ ਦੀ ਕਚਹਿਰੀ ਵਿਚ ਪੇਸ਼ ਕਰ ਦਿੱਤਾ। ਜ਼ਕਰੀਆ ਖਾਨ ਨੇ ਭਾਈ ਸਾਹਿਬ ਨੂੰ ਪੁੱਛਿਆ ਕਿ ਕੀ ਉਸ ਨੂੰ ਪਤਾ ਹੈ ਕਿ ਉਹ ਹਕੂਮਤ ਦੇ ਬਾਗ਼ੀਆਂ ਦੀ ਮਦਦ ਕਰਕੇ ਮੌਤ ਨੂੰ ਬੁਲਾਵਾ ਦੇ ਰਿਹਾ ਹੈ। ਭਾਈ ਸਾਹਿਬ ਨੇ ਜਵਾਬ ਦਿੱਤਾ ਕਿ ਉਨ੍ਹਾਂ ਕੋਈ ਹਕੂਮਤ ਦੀ ਖ਼ਿਲਾਫ਼ ਵਰਜ਼ੀ ਨਹੀਂ ਕੀਤੀ। ਜ਼ਕਰੀਆ ਖਾਨ ਨੇ ਆਪਣੀ ਔਕਾਤ ਇਹ ਹੁਕਮ ਸੁਣਾ ਕੇ ਦਿਖਾ ਦਿੱਤੀ ਕਿ ਉਹ ਜੇ ਜਾਨ ਦੀ ਸਲਾਮਤੀ ਚਾਹੁੰਦਾ ਹੈ ਤਾਂ ਇਸਲਾਮ ਕਬੂਲ ਕਰ ਲਏ ਪਰ ਅਡੋਲ ਚਿੱਤ ਭਾਈ ਸਾਹਿਬ ਨੇ ਜੇ ਮੌਤ ਨੇ ਆਉਣਾ ਹੀ ਹੈ ਤਾਂ ਕਿਉਂ ਨਾ ਕੇਸਾਂ ਸਵਾਸਾਂ ਸੰਗ ਗੁਰੂ ਜੀ ਦੇ ਚਰਨਾਂ ਵਿਚ ਹਾਜ਼ਰ ਹੋਇਆ ਜਾਵੇ।

**ਕੇਸਾਂ ਦੀ ਬੇਹੁਰਮਤੀ ਦੇ ਦਿੱਤੇ ਗਏ ਹੁਕਮ**

ਇਹ ਸੁਣ ਕੇ ਜ਼ਾਲਮ ਹਾਕਮ ਨੇ ਜਲਾਦ ਬੁਲਾ ਕੇ ਹੁਕਮ ਦਿੱਤਾ ਕਿ ਤਾਰੂ ਸਿੰਘ ਦੇ ਕੇਸ ਖੋਪਰੀ ਸਮੇਤ ਲਾਹ ਦਿੱਤੇ ਜਾਣ। ਲਾਹੌਰ ਦੇ ਨਖਾਸ ਚੌਂਕ ਵਿਚ ਹੁਕਮ 'ਚ ਬੱਝੇ ਜਲਾਦ ਨੇ ਮੱਥੇ ਵਾਲੇ ਪਾਸਿਓਂ ਸ਼ੁਰੂ ਕਰਕੇ ਰੰਬੀ ਨਾਲ ਭਾਈ ਤਾਰੂ ਸਿੰਘ ਜੀ ਦੀ ਖੋਪਰੀ ਲਾਹੁਣੀ ਸ਼ੁਰੂ ਕਰ ਦਿੱਤੀ। ਅਧਿਆਤਮਕ ਰੰਗ ਵਿਚ ਰੰਗੇ ਭਾਈ ਸਾਹਿਬ ਜੀ ਸਰੀਰਕ ਕਸ਼ਟ ਨੂੰ ਸਹਿਜ ਅਵਸਥਾ ਵਿਚ ਝੱਲਦੇ ਜਪੁਜੀ ਸਾਹਿਬ ਦਾ ਪਾਠ ਕਰਦੇ ਰਹੇ। ਸਰੀਰ ਲ਼ਹੂ ਲੁਹਾਣ ਹੋ ਗਿਆ। ਕੇਸਾਂ ਸਮੇਤ ਉਨ੍ਹਾਂ ਦੀ ਖੋਪਰੀ ਨੂੰ ਸਿਰ ਨਾਲੋਂ ਲਾਹ ਦਿੱਤਾ ਗਿਆ। ਲਾਹੌਰ ਦੇ ਕੁਝ ਸਿੱਦਕੀ ਗੁਰਸਿੱਖਾਂ ਨੇ ਹਕੂਮਤੀ ਸ਼ਰਤਾਂ ਪੂਰੀਆਂ ਕਰਕੇ ਉਨ੍ਹਾਂ ਨੂੰ ਚੁੱਕ ਲਿਆਂਦਾ। ਜੜ੍ਹੀਆਂ ਬੂਟੀਆਂ ਤੋਂ ਤਿਆਰ ਦਵਾਈਆਂ ਦੇਣ ਦੇ ਨਾਲ ਨਾਲ ਕੋਸੇ ਕੜਾਹ ਦਾ ਲੇਪ ਉਨ੍ਹਾਂ ਦੇ ਖੋਪਰੀ ਤੋਂ ਬਗ਼ੈਰ ਸਿਰ 'ਤੇ ਕੀਤਾ ਜਾਂਦਾ। ਭਾਈ ਸਾਹਿਬ ਜੀ ਜਪੁਜੀ ਸਾਹਿਬ ਦੇ ਪਾਠ ਵਿਚ ਅੰਤਰ-ਧਿਆਨ ਰਹਿੰਦੇ।

**ਜ਼ਕਰੀਆ ਖਾਂ ਨੂੰ ਜੁੱਤੀਆਂ ਦੀ ਸਜ਼ਾ**

ਅਕਾਲ ਪੁਰਖ ਦੀ ਕੁਦਰਤ ਦਾ ਕ੍ਰਿਸ਼ਮਾ ਕਿ ਜ਼ਕਰੀਆ ਖਾਂ ਨੂੰ ਪਿਸ਼ਾਬ ਦਾ ਸਖ਼ਤ ਬੰਨ੍ਹ ਪੈ ਗਿਆ। ਕੋਈ ਦਵਾ-ਦਾਰੂ ਕਾਰਗਰ ਸਾਬਤ ਨਾ ਹੋਇਆ। ਫਿਰ ਸਿੱਖਾਂ ਦੇ ਇਤਬਾਰੀ ਭਾਈ ਸੁਬੇਗ ਸਿੰਘ ਜੰਬਰ ਨੂੰ ਭਾਈ ਤਾਰੂ ਸਿੰਘ ਕੋਲ ਮੁਆਫ਼ੀਨਾਮੇ ਸਹਿਤ ਭੇਜਿਆ ਪਰ ਭਾਈ ਤਾਰੂ ਸਿੰਘ ਨੇ ਫ਼ੁਰਮਾਇਆ ਕਿ ਮੈਂ ਕੌਣ ਹੁੰਦਾ ਮੁਆਫ਼ ਕਰਨ ਵਾਲਾ, ਕੇਵਲ ਖ਼ਾਲਸਾ ਪੰਥ ਹੀ ਸਹਾਈ ਹੋ ਸਕਦੇ ਹਨ। ਭਾਈ ਸੁਬੇਗ ਸਿੰਘ ਜੰਬਰ ਨੇ ਸਿੰਘਾਂ ਦੀ ਭਾਲ ਕਰਕੇ ਮੁਆਫ਼ੀਨਾਮਾ ਪੇਸ਼ ਕੀਤਾ। ਸਿੱਖ ਆਗੂ ਭਾਈ ਕਪੂਰ ਸਿੰਘ ਨੇ ਕਿਹਾ ਕਿ ਪਹਿਲਾਂ ਸਿੰਘਾਂ 'ਤੇ ਕੀਤੇ ਜਾ ਰਹੇ ਜ਼ੁਲਮ ਬੰਦ ਕੀਤੇ ਜਾਣ। ਇਹ ਸ਼ਰਤਾਂ ਤੁਰੰਤ ਲਾਗੂ ਕਰ ਦਿੱਤੀਆਂ। ਭਾਈ ਸਾਹਿਬ ਦੀ ਜੁੱਤੀ ਜ਼ਕਰੀਆ ਖਾਂ ਦੇ ਸਿਰ ਉੱਤੇ ਮਾਰੀ ਗਈ। ਜਿਉਂ-ਜਿਉਂ ਜੁੱਤੀ ਮਾਰੀ ਜਾਂਦੀ ਰਹੀ, ਪਿਸ਼ਾਬ ਦੀ ਹਾਜਤ ਹੁੰਦੀ ਗਈ। ਜ਼ਕਰੀਆ ਖਾਂ ਦੇ ਸਿਰ ਦੇ ਵਾਲ ਉੱਡ ਗਏ। ਚਾਰ ਦਿਨ ਇਹ ਸਿਲਸਿਲਾ ਚੱਲਦਾ ਰਿਹਾ ਅਤੇ ਅਖ਼ੀਰ ਜ਼ਿੰਦਗੀ ਦਾ ਭੌਰ ਜ਼ਕਰੀਆ ਖਾਂ ਦੇ ਵਜੂਦ 'ਚੋਂ ਉੱਡਾਰੀ ਮਾਰ ਗਿਆ।

**ਭਾਈ ਤਾਰੂ ਸਿੰਘ ਜੀ ਦਾ ਅੰਤਿਮ ਸਮਾਂ**

ਭਾਈ ਸਾਹਿਬ ਦਾ ਇਲਾਜ ਕਰਨ ਦੇ ਬਾਵਜੂਦ ਉਨ੍ਹਾਂ ਦੀ ਸਿਹਤ ਦਿਨੋ-ਦਿਨ ਥੱਲੇ ਹੋਰ ਥੱਲੇ ਹੁੰਦੀ ਗਈ। ਆਖ਼ਰੀ ਵਕ ?ਤ ਆਉਂਦਾ ਜਾਣ ਕੇ ਭਾਈ ਸਾਹਿਬ ਨੇ ਸ੍ਰੀ ਗੁਰੂ ਰਾਮਦਾਸ ਜੀ ਦੇ ਅੰਮ੍ਰਿਤ ਸਰੋਵਰ ਦੇ ਜਲ ਨਾਲ ਇਸ਼ਨਾਨ ਕਰਨ ਦੀ ਇੱਛਾ ਪ੍ਰਗਟਾਈ। ਪਹਿਲੀ ਸਾਵਣ ਸੰਮਤ 1802 ਬਿਕ੍ਰਮੀ (ਪਹਿਲੀ ਜੁਲਾਈ ਸੰਨ 1745 ਈਸਵੀ) ਸੋਮਵਾਰ ਨੂੰ ਸ੍ਰੀ ਹਰਿਮੰਦਰ ਸਾਹਿਬ , ਅੰਮ੍ਰਿਤਸਰ ਦੇ ਪਵਿੱਤਰ ਸਰੋਵਰ ਤੋਂ ਲਿਆਂਦੇ ਜਲ ਨਾਲ ਭਾਈ ਸਾਹਿਬ ਨੇ ਇਸ਼ਨਾਨ ਕੀਤਾ। ਰਸਨਾ ਜਪੁਜੀ ਸਾਹਿਬ ਦੀ ਇਲਾਹੀ ਬਾਣੀ ਉਚਾਰ ਰਹੀ ਸੀ। "ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥ ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥ ਦੇ ਉਚਾਰਨ ਤੋਂ ਬਾਅਦ ਭਾਈ ਸਾਹਿਬ ਦੀਆਂ ਅੱਖਾਂ ਸਦਾ ਲਈ ਬੰਦ ਹੋ ਗਈਆਂ, ਆਵਾਜ਼ ਰੁੱਕ ਗਈ। ਉਨ੍ਹਾਂ ਦੀ ਰੂਹ ਆਤਮਾ ਗੁਰੂ ਚਰਨਾਂ ਵਿਚ ਬਿਰਾਜਮਾਨ ਹੋ ਗਈ ਸੀ।

# ਬੰਦੀ ਸਿੰਘਾਂ ਤੇ ਦੋਸ਼ੀ ਪੁਲਿਸ ਅਧਿਕਾਰੀਆਂ ਪ੍ਰਤੀ ਸਰਕਾਰ ਦੀ ਦੋਹਰੀ ਨੀਤੀ ਦੁਖਦਾਈ: ਐਡਵੋਕੇਟ ਧਾਮੀ

ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤਰਿੰਗ ਕਮੇਟੀ ਦੀ ਮੀਟਿੰਗ ਅੱਜ ਸਿੱਖ ਸੰਸਥਾ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਇੱਥੇ ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਵਿਖੇ ਹੋਈ।

ਮੀਟਿੰਗ ਮਗਰੋਂ ਮੀਡੀਆ ਨਾਲ ਗੱਲ ਕਰਦਿਆਂ ਬੁਲਾਰੇ ਗੁਰਪ੍ਰੀਤ ਸਿੰਘ ਝੱਬਰ ਨੇ ਆਖਿਆ ਕਿ ਬੀਤੇ ਕੱਲ੍ਹ ਹਰੀਕੇ ਪੱਤਣ ਵਿਖੇ ਹੋਏ ਅਰਦਾਸ ਸਮਾਗਮ ਸਮੇਂ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਜੋ ਐਲਾਨ ਕੀਤੇ ਗਏ ਸਨ, ਉਨ੍ਹਾਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਅਗਲੀ ਰੂਪ-ਰੇਖਾ ਉਲੀਕੀ ਜਾਵੇਗੀ। ਜਥੇਦਾਰ ਗੜਗੱਜ ਵੱਲੋਂ ਜਸਵੰਤ ਸਿੰਘ ਖਾਲੜਾ ਅਤੇ ਹੋਰਨਾਂ ਦੀ ਯਾਦ ਵਿੱਚ ਹਰੀਕੇ ਪੱਤਣ ਵਿਖੇ ਸ਼ਹੀਦੀ ਸਮਾਰਕ ਬਣਾਉਣ ਦਾ ਐਲਾਨ ਕੀਤਾ ਗਿਆ ਸੀ। ਇਸ ਤੋਂ ਇਲਾਵਾ ਉਸ ਦੌਰਾਨ ਹੋਈਆਂ ਮੌਤਾਂ ਦਾ ਪਤਾ ਲਗਾ ਕੇ ਇੱਕ ਦਸਤਾਵੇਜ਼ ਤਿਆਰ ਕਰਨ ਦਾ ਫ਼ੈਸਲਾ ਕੀਤਾ ਗਿਆ ਸੀ ਅਤੇ ਹਰੀਕੇ ਪੱਤਣ ਨੂੰ 'ਸ਼ਹੀਦੀ ਪੱਤਣ' ਵਜੋਂ ਸੰਬੋਧਨ ਕਰਨ ਲਈ ਕਿਹਾ ਗਿਆ ਸੀ।

ਇਕੱਤਰਤਾ ਵਿੱਚ ਲਏ ਗਏ ਫ਼ੈਸਲਿਆਂ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਅੱਜ ਦੀ ਅੰਤਰਿੰਗ ਕਮੇਟੀ ਵਿੱਚ ਮਤਾ ਪਾਸ ਕਰਦਿਆਂ ਸੰਨ 1980-90 ਦੇ ਦਹਾਕਿਆਂ ਦੌਰਾਨ ਸਿੱਖਾਂ 'ਤੇ ਹੋਏ ਪੁਲੀਸ ਅੱਤਿਆਚਾਰ ਨੂੰ ਰੂਪਮਾਨ ਕਰਦੀ ਫ਼ ?ਲਮ 'ਸਤਲੁਜ' ਦੀ ਸਮੁੱਚੀ ਟੀਮ ਦਾ ਇਸ ਕਾਰਜ ਲਈ ਧੰਨਵਾਦ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਕਾਲਾ ਸੱਚ ਹੈ ਕਿ ਇਸ ਦੌਰ ਦੌਰਾਨ ਸਿੱਖ ਨੌਜਵਾਨੀ ਦਾ ਸਰਕਾਰੀ ਤੌਰ 'ਤੇ ਮਿੱਥ ਕੇ ਘਾਣ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਇੱਕ ਦਹਾਕਾ ਹਜ਼ਾਰਾਂ ਬੇਦੋਸ਼ੇ ਸਿੱਖਾਂ ਨੂੰ ਮਾਰਿਆ ਗਿਆ ਅਤੇ ਇਨ੍ਹਾਂ ਸ਼ਹੀਦ ਸਿੱਖਾਂ ਦੀਆਂ ਲਾਸ਼ਾਂ ਵੀ ਪਰਿਵਾਰਾਂ ਨੂੰ ਨਹੀਂ ਦਿੱਤੀਆਂ ਗਈਆਂ, ਜਿਸ ਕਰਕੇ ਅੱਜ ਤੱਕ ਉਨ੍ਹਾਂ ਦੇ ਪਰਿਵਾਰ ਉਡੀਕ ਕਰ ਰਹੇ ਹਨ।

ਐਡਵੋਕੇਟ ਧਾਮੀ ਨੇ ਕਿਹਾ ਕਿ ਇਨ੍ਹਾਂ ਮਾਰੇ ਗਏ, ਲਾਵਾਰਿਸ ਕਹਿ ਕੇ ਸਾੜੇ ਗਏ ਅਤੇ ਨਹਿਰਾਂ-ਦਰਿਆਵਾਂ ਵਿੱਚ ਵਹਾਅ ਦਿੱਤੇ ਗਏ ਨਿਰਦੋਸ਼ ਸਿੱਖਾਂ ਦਾ ਸੱਚ ਸਾਹਮਣੇ ਲਿਆਉਣ



ਦੀ ਹਿੰਮਤ ਕਰਨ ਵਾਲੇ ਅਤੇ ਮਨੁੱਖੀ ਅਧਿਕਾਰਾਂ ਲਈ ਲੜਾਈ ਲੜਨ ਵਾਲੇ ਭਾਈ ਜਸਵੰਤ ਸਿੰਘ ਖਾਲੜਾ ਨੂੰ ਵੀ ਪੁਲੀਸ ਵੱਲੋਂ ਤਸ਼ੱਦਦ ਕਰਕੇ ਸ਼ਹੀਦ ਕਰ ਦਿੱਤਾ ਗਿਆ। ਉਨ੍ਹਾਂ ਦਾ ਪਾਵਨ ਸਰੀਰ ਹਰੀਕੇ ਪੱਤਣ 'ਤੇ ਨਹਿਰ ਵਿੱਚ ਰੋੜ੍ਹ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਇਹ ਸਿਲਸਿਲਾ ਸਰਕਾਰੀ ਅੱਤਿਆਚਾਰ ਦੀ ਸਿਖਰ ਸੀ, ਜਿਸ ਨੂੰ ਚੇਤੇ ਕਰਕੇ ਅੱਜ ਵੀ ਪੰਜਾਬ ਦੇ ਲੋਕ ਸੁੰਨ ਹੋ ਜਾਂਦੇ ਹਨ। ਪਾਸ ਕੀਤੇ ਮਤੇ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਸਿੱਖ ਕਤਲੇਆਮ ਦੇ ਪੀੜਤ ਸ਼ਹੀਦਾਂ ਲਈ ਹਰੀਕੇ ਪੱਤਣ ਵਿਖੇ ਸਮੂਹਿਕ ਅਰਦਾਸ ਕਰਨ ਦੇ ਉਪਰਾਲੇ ਦਾ ਸਤਿਕਾਰ ਕੀਤਾ ਗਿਆ ਅਤੇ ਇਸ ਮੌਕੇ ਕੀਤੇ ਗਏ ਆਦੇਸ਼ ਪ੍ਰਤੀ ਵਚਨਬੱਧਤਾ ਪ੍ਰਗਟਾਈ ਗਈ।

ਐਡਵੋਕੇਟ ਧਾਮੀ ਨੇ ਦੱਸਿਆ ਕਿ ਇਸੇ ਤਰ੍ਹਾਂ ਇੱਕ ਹੋਰ ਮਤਾ ਪਾਸ ਕਰਦਿਆਂ ਤਿੰਨ-ਤਿੰਨ ਦਹਾਕਿਆਂ ਤੋਂ ਜੇਲ੍ਹ ਵਿੱਚ ਨਜ਼ਰਬੰਦ ਸਿੱਖ ਨੌਜਵਾਨਾਂ ਲਈ ਇਨਸਾਫ਼ ਦੀ ਮੰਗ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ 1980 ਤੋਂ ਬਾਅਦ ਪੰਜਾਬ ਵਿੱਚ ਵਾਪਰੀਆਂ ਸਿੱਖ ਵਿਰੋਧੀ ਘਟਨਾਵਾਂ ਦੌਰਾਨ ਸਰਕਾਰਾਂ ਵੱਲੋਂ ਸਿੱਖਾਂ ਦੇ ਪਾਵਨ ਅਸਥਾਨਾਂ ਅਤੇ ਸਿੱਖ ਨੌਜਵਾਨਾਂ ਨੂੰ ਮਿੱਥ ਕੇ ਨਿਸ਼ਾਨਾ ਬਣਾਇਆ ਗਿਆ। ਉਨ੍ਹਾਂ ਕਿਹਾ ਕਿ ਇਸੇ ਦੇ ਵਿਰੋਧ ਵਿੱਚ ਕਈ ਨੌਜਵਾਨ ਸੰਘਰਸ਼ ਦੇ ਰਾਹ ਪੈਣ ਲਈ ਮਜ਼ਬੂਰ ਹੋਏ। ਇਨ੍ਹਾਂ ਵਿੱਚੋਂ ਕਈ ਅੱਜ ਤਿੰਨ-ਤਿੰਨ ਦਹਾਕੇ ਦੀਆਂ ਸਜ਼ਾਵਾਂ ਭੁਗਤਣ ਦੇ ਬਾਅਦ ਵੀ ਜੇਲ੍ਹ ਵਿੱਚ ਬੰਦ ਹਨ। ਧਾਮੀ ਨੇ ਕਿਹਾ ਕਿ ਇਨ੍ਹਾਂ ਨੌਜਵਾਨਾਂ ਨੇ ਭਾਰਤੀ ਕਾਨੂੰਨ ਅਨੁਸਾਰ ਮਿਲੀਆਂ ਸਜ਼ਾਵਾਂ ਤੋਂ ਕਿਤੇ ਵਧੇਰੇ ਸਮਾਂ ਜੇਲ੍ਹਾਂ ਵਿੱਚ ਗੁਜ਼ਾਰਿਆ ਹੈ ਪਰ ਲੰਮੇ ਸਮੇਂ ਤੋਂ ਕੈਦ ਰਹਿਣ ਦੇ ਬਾਵਜੂਦ ਉਨ੍ਹਾਂ ਦੀ ਰਿਹਾਈ ਸਬੰਧੀ ਸਿੱਖ ਕੌਮ ਵੱਲੋਂ ਕੀਤੀ ਜਾ ਰਹੀ ਮੰਗ ਨੂੰ ਅਣਗੌਲਿਆਂ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਦੂਜੇ ਪਾਸੇ, ਸਿੱਖ ਨੌਜਵਾਨਾਂ 'ਤੇ ਤਸ਼ੱਦਦ ਕਰਨ ਅਤੇ ਬੇਦੋਸ਼ਿਆਂ ਨੂੰ ਸ਼ਹੀਦ ਕਰਨ ਵਾਲੇ ਪੁਲੀਸ ਅਧਿਕਾਰੀ— ਜਿਨ੍ਹਾਂ ਨੂੰ ਅਦਾਲਤਾਂ ਨੇ ਦੋਸ਼ੀ ਮੰਨਿਆ ਹੈ— ਉਨ੍ਹਾਂ ਨੂੰ ਮੌਜੂਦਾ ਸਰਕਾਰ ਵੱਲੋਂ ਵਿਸ਼ੇਸ਼ ਰਿਆਇਤਾਂ ਦਿੱਤੀਆਂ ਜਾ ਰਹੀਆਂ ਹਨ ਅਤੇ ਸਮੇਂ ਤੋਂ ਪਹਿਲਾਂ ਰਿਹਾਈ ਲਈ ਹਰ ਤਰੀਕਾ ਵਰਤਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਦੋਹਰੀ ਨੀਤੀ ਸਰਕਾਰਾਂ ਦੇ ਸਿੱਖ ਵਿਰੋਧੀ ਚਿਹਰੇ ਨੂੰ ਨੰਗਾ ਕਰਦੀ ਹੈ।

ਇਸ ਦੌਰਾਨ ਹੋਈ ਧਰਮ ਪ੍ਰਚਾਰ ਕਮੇਟੀ ਦੀ ਇਕੱਤਰਤਾ ਵਿੱਚ ਸਿੱਖੀ ਪ੍ਰਚਾਰ ਲਹਿਰ ਨੂੰ ਹੋਰ ਤੇਜ਼ ਕਰਨ ਲਈ ਵਿਚਾਰਾਂ ਹੋਈਆਂ।

# ਅੱਜ ਦੇ ਵੇਲਿਆਂ 'ਚ ਏਨਾ ਸੱਚ ਕੌਣ ਬੋਲਦੈ ?



ਪਿਛਲਾ ਹਫ਼ਤਾ ਮੀਡੀਆ ਤੇ ਸੋਸ਼ਲ ਮੀਡੀਆ ਵਿੱਚ 'ਸਤਲੁਜ' ਫਿਲਮ, ਜਿਸ ਦਾ ਪਹਿਲਾਂ ਨਾਂ 'ਪੰਜਾਬ-95' ਅਤੇ ਇਸ ਤੋਂ ਵੀ ਪਹਿਲਾਂ 'ਘੱਲੂਘਾਰਾ' ਰੱਖਿਆ ਗਿਆ ਸੀ, ਨੂੰ ਜ਼ੀ-5 ਤੋਂ ਦੋ ਦਿਨਾਂ ਦੇ ਅੰਦਰ ਅੰਦਰ ਹਟਾਏ ਜਾਣ ਅਤੇ ਇਸ ਦੀ ਸਰਟੀਫਿਕੇਸ਼ਨ ਬਾਰੇ ਪੈਦਾ ਹੋਏ ਬਹੁਤ ਸਾਰੇ ਸਵਾਲਾਂ ਵਿੱਚ ਲੰਘਿਆ। ਇਸ ਮੁੱਦੇ ਨੂੰ ਲੈ ?ਕੇ ਪੈਦਾ ਹੋਏ ਸਵਾਲਾਂ ਦਾ ਕਿਸੇ ਵੱਲੋਂ ਕੋਈ ਠੋਸ ਤੇ ਪ੍ਰਮਾਣਿਕ ਜਵਾਬ ਨਹੀਂ ਦਿੱਤਾ ਗਿਆ। ਇਨ੍ਹਾਂ ਸਵਾਲਾਂ ਦੇ ਨਾ ਮਿਲਣ ਵਾਲੇ ਜਵਾਬਾਂ ਤੋਂ ਵੀ ਅੱਗੇ ਜਾਂਦਿਆਂ ਵੱਖ-ਵੱਖ ਸਿਆਸੀ ਪਾਰਟੀਆਂ ਵੱਲੋਂ ਆਪੋ-ਆਪਣਾ ਨਫ਼ਾ ਨੁਕਸਾਨ ਦੇਖਦਿਆਂ ਸਿਆਸੀ ਪੈਂਤੜੇ ਅਪਣਾ ਕੇ ਪੰਜਾਬ ਦੀਆਂ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਮਾਹੌਲ ਭਖਾਉਣ ਦਾ ਅਮਲ ਸ਼ੁਰੂ ਕਰ ਦਿੱਤਾ ਗਿਆ ਹੈ।

ਵਿਵਾਦ ਦਾ ਮੁੱਦਾ ਬਣੀ ਫਿਲਮ 'ਸਤਲੁਜ' ਦੀ ਗੱਲ ਕਰਨ ਤੋਂ ਪਹਿਲਾਂ ਫਿਲਮਸਾਜ਼ੀ ਬਾਰੇ ਗੱਲ ਕਰੀਏ ਤਾਂ ਕੋਈ ਵੀ ਫਿਲਮਸਾਜ਼ ਸਭ ਤੋਂ ਪਹਿਲਾਂ ਫਿਲਮ ਦੀ ਕਹਾਣੀ, ਉਸ ਦੇ ਸੰਦਰਭ, ਕਥਾਨਕ, ਪਾਤਰਾਂ ਤੇ ਘਟਨਾਵਾਂ ਨੂੰ ਆਪਣੀ ਕਲਪਨਾ 'ਚ ਸਾਕਾਰ ਕਰਦਾ ਹੈ ਅਤੇ ਫਿਰ ਉਸ ਨੂੰ ਆਪਣੀ ਸਿਰਜਣਸ਼ੀਲਤਾ ਤੇ ਸੁਹਜਾਤਮਕਤਾ ਨਾਲ ਇਉਂ ਪੇਸ਼ ਕਰਦਾ ਹੈ ਕਿ ਉਹ ਦਰਸ਼ਕਾਂ ਦਾ ਦਿਲ ਟੁੰਬ ਲਏ। ਇਸ ਫਿਲਮ ਦਾ ਆਧਾਰ ਪੰਜਾਬ ਦੀਆਂ 1990ਵਿਆਂ ਦੇ ਮੱਧ ਦੀਆਂ ਘਟਨਾਵਾਂ ਹਨ, ਜਿਨ੍ਹਾਂ 'ਤੇ ਪੰਜਾਬ ਵਿੱਚ ਅੱਸੀਵਿਆਂ ਤੋਂ ਸ਼ੁਰੂ ਹੋਏ ਕਾਲੇ ਦੌਰ ਦਾ ਵੀ ਗੂੜ੍ਹਾ ਪਰਛਾਵਾਂ ਸੀ। ਇਸ ਫਿਲਮ ਨੂੰ ਬਣਾਉਣ ਮਗਰੋਂ ਇਸ ਨੂੰ ਪ੍ਰਦਰਸ਼ਿਤ ਕਰਨ ਦੀ ਗੱਲ ਕਰੀਏ ਤਾਂ ਇਸ ਫਿਲਮ ਦਾ ਸਮੁੱਚਾ ਸਫ਼ਰ ਹੀ ਬਹੁਤ ਦੁਸ਼ਵਾਰੀਆਂ ਭਰਿਆ ਰਿਹਾ ਹੈ। ਇਸ ਫਿਲਮ ਦੀ ਸ਼ੂਟਿੰਗ ਜਨਵਰੀ 2022 'ਚ ਸ਼ੁਰੂ ਹੋਈ ਅਤੇ ਦਸੰਬਰ 2022 ਤੱਕ ਮੁਕੰਮਲ ਹੋ ਗਈ ਸੀ।

ਫਿਲਮ 'ਸਤਲੁਜ' ਦੇ ਡਾਇਰੈਕਟਰ ਹਨੀ ਤ੍ਰੇਹਨ ਨੇ ਏਸ਼ਿਆਈ ਮਨੋਰੰਜਨ ਜਗਤ ਬਾਰੇ ਫਰੀਲਾਂਸ ਰਿਪੋਰਟਿੰਗ ਕਰਨ ਵਾਲੀ ਹੰਨਾ ਅਬਰਾਹਮ, ਜਿਸ ਦੀਆਂ ਰਿਪੋਰਟਾਂ ਤੇ ਲੇਖ 'ਦਿ ਗਾਰਡੀਅਨ', 'ਵੈਰਾਇਟੀ' ਅਤੇ ਔਨਲਾਈਨ ਐਂਟਰਟੇਨਮੈਂਟ ਨਿਊਜ਼ ਮੈਗਜ਼ੀਨ 'ਡੈੱਡਲਾਈਨ ਹੌਲੀਵੁੱਡ' ਵਿੱਚ ਪ੍ਰਕਾਸ਼ਿਤ ਹੁੰਦੀਆਂ ਹਨ, ਨੂੰ ਹਾਲ ਹੀ ਵਿੱਚ ਦਿੱਤੀ ਇੱਕ ਇੰਟਰਵਿਊ 'ਚ ਦੱਸਿਆ ਸੀ ਕਿ ਇਸ 5 ਜੁਲਾਈ ਨੂੰ ਸ਼ਾਮ ਅੱਠ ਵਜੇ ਦੇ ਕਰੀਬ ਉਸ ਨੂੰ ਇੱਕ ਫੋਨ ਆਇਆ। ਪਹਿਲਾਂ ਹੀ ਉਸ ਨੂੰ ਅਹਿਸਾਸ ਹੋ ਗਿਆ ਸੀ ਕਿ ਕੁਝ ਨਾ ਕੁਝ ਗੜਬੜ ਹੈ। ਉਸ ਦੇ ਦਿਲ ਦੇ ਕਰੀਬ ਇਸ ਫਿਲਮ ਨੂੰ ਅਜੇ 48 ਘੰਟੇ ਪਹਿਲਾਂ 3 ਜੁਲਾਈ ਨੂੰ ਹੀ ਜ਼ੀ-5 ਓ ਟੀ ਟੀ ਪਲੇਟਫਾਰਮ 'ਤੇ ਪ੍ਰਦਰਸ਼ਿਤ ਕੀਤਾ ਗਿਆ ਸੀ ਅਤੇ ਫਿਰ 5 ਜੁਲਾਈ ਨੂੰ ਹੀ ਰਾਤ 9 ਵਜੇ ਉਸ ਨੂੰ ਦੱਸਿਆ ਗਿਆ ਕਿ ਉਹ (ਜ਼ੀ-5 ਦੇ ਪ੍ਰਬੰਧਕ) ਸਰਕਾਰ ਦੇ ਦਬਾਅ ਕਾਰਨ ਪਲੇਟਫਾਰਮ ਤੋਂ ਫਿਲਮ ਨੂੰ ਹਟਾ ਰਹੇ ਹਨ। ਕੇਂਦਰ ਵੱਲੋਂ ਇਸ ਬਾਰੇ ਕਾਇਮ ਕੀਤੀ ਗਈ ਕਮੇਟੀ ਨੇ ਵੀ ਸ਼ਨਿੱਚਰਵਾਰ ਨੂੰ ਆਪਣੀ ਰਿਪੋਰਟ ਵਿੱਚ ਫਿਲਮ 'ਤੇ ਪਾਬੰਦੀ ਨੂੰ ਸਹੀ ਠਹਿਰਾਉਂਦਿਆਂ ਔਨਲਾਈਨ ਸਟਰੀਮਿੰਗ ਪਲੇਟਫਾਰਮ ਰਾਹੀਂ ਇਸ ਦੀ ਜਨਤਕ ਪਹੁੰਚ 'ਤੇ ਪਾਬੰਦੀ ਜਾਰੀ ਰੱਖਣ ਦੀ ਸਿਫ਼ਾਰਿਸ਼ ਕੀਤੀ ਹੈ। ਕਮੇਟੀ ਦਾ ਕਹਿਣਾ ਹੈ ਕਿ ਇਹ ਫਿਲਮ ਦੇਸ਼ ਦੀ ਖ਼ੁਦਮੁਖਤਿਆਰੀ ਤੇ ਅਖੰਡਤਾ ਦੇ ਖ਼ ?ਲਾਫ਼ ਹੈ ਅਤੇ ਇਹ ਪਾਬੰਦੀ ਸੂਚਨਾ ਤਕਨਾਲੋਜੀ ਕਾਨੂੰਨ ਦੀ ਧਾਰਾ 69ਏ ਤਹਿਤ ਵਾਜਬ ਹੈ, ਜਿਸ ਅਧੀਨ ਸਰਕਾਰ ਨੂੰ ਦੇਸ਼ ਦੀ ਖ਼ੁਦਮੁਖਤਿਆਰੀ, ਅਖੰਡਤਾ ਅਤੇ ਸੁਰੱਖਿਆ ਨੂੰ ਖ਼ਤਰੇ ਦੇ ਆਧਾਰ 'ਤੇ ਕਿਸੇ ਵੀ ਔਨਲਾਈਨ ਕੰਟੈਂਟ ਨੂੰ ਬਲੌਕ ਕਰਨ ਦਾ ਅਧਿਕਾਰ ਹੈ।

ਉਂਜ, ਓ ਟੀ ਟੀ ਪਲੇਟਫਾਰਮਾਂ 'ਤੇ ਪਾਈ ਜਾਂਦੀ ਸਮੱਗਰੀ 'ਤੇ ਸਾਡੇ ਦੇਸ਼ ਵਿੱਚ ਬਹੁਤੀ ਸਖ਼ਤ ਨਿਗਰਾਨੀ ਨਹੀਂ ਹੈ। ਸਾਲ 2019 'ਚ ਕਰਨਾਟਕ ਹਾਈਕੋਰਟ ਨੇ ਡਿਜੀਟਲ ਸਮੱਗਰੀ ਨੂੰ ਨਿਯਮਿਤ ਕਰਨ ਲਈ ਦਾਇਰ ਕੀਤੀ ਗਈ ਰਿੱਟ ਪਟੀਸ਼ਨ ਨੂੰ ਖਾਰਜ ਕਰਦਿਆਂ ਆਖਿਆ ਸੀ ਕਿ ਸਿਨੇਮੈਟੋਗਰਾਫ ਐਕਟ ਅਧੀਨ ਫਿਲਮ ਦੀ ਜਨਤਕ ਸਕਰੀਨਿੰਗ ਅਤੇ ਓ ਟੀ ਟੀ ਪਲੇਟਫਾਰਮਾਂ 'ਤੇ ਨਿੱਜੀ ਤੌਰ 'ਤੇ ਸਮੱਗਰੀ ਦੇਖਣ ਵਿੱਚ ਬਹੁਤ ਫ਼ਰਕ ਹੈ। ਉਦੋਂ ਸਰਕਾਰ

**ਅਰਵਿੰਦਰ ਜੌਹਲ**

ਨੇ ਵੀ ਪਟੀਸ਼ਨਰ ਦੀ ਦਲੀਲ ਦਾ ਵਿਰੋਧ ਕਰਦਿਆਂ ਕਿਹਾ ਸੀ ਕਿ ਪਟੀਸ਼ਨਰ ਵੱਲੋਂ ਪ੍ਰਗਟਾਏ ਗਏ ਤੌਖ਼ਲਿਆਂ ਨੂੰ ਆਈ ਟੀ ਐਕਟ ਦੂਰ ਕਰਦਾ ਹੈ।

ਖ਼ੈਰ, ਹਨੀ ਤ੍ਰੇਹਨ ਨੇ ਪਹਿਲੀ ਵਾਰ ਕਿਸੇ ਇੰਟਰਵਿਊ 'ਚ ਫਿਲਮ ਨੂੰ ਇਸ ਪਲੇਟਫਾਰਮ ਤੋਂ ਹਟਾਏ ਜਾਣ ਦਾ ਸਪੱਸ਼ਟ ਕਾਰਨ ਦੱਸਿਆ ਸੀ। ਦੂਜੇ ਪਾਸੇ ਜ਼ੀ-5 ਵੱਲੋਂ ਜਨਤਕ ਤੌਰ 'ਤੇ ਫਿਲਮ ਨੂੰ ਹਟਾਏ ਜਾਣ ਦਾ ਕਾਰਨ 'ਮੌਜੂਦਾ ਘਟਨਾਕ੍ਰਮ' ਦੱਸਿਆ ਗਿਆ ਸੀ। ਓਧਰ, ਤ੍ਰੇਹਨ ਦਾ ਕਹਿਣਾ ਹੈ, "ਮੈਨੂੰ ਲੱਗਦਾ ਹੈ ਕਿ ਪਿਛਲੇ ਤਿੰਨ ਸਾਲਾਂ ਦੌਰਾਨ ਇਹ ਫਿਲਮ ਖ਼ੁਦ ਤੋਂ ਕਿਤੇ ਵੱਡੀ ਬਣ ਗਈ ਹੈ। ਹੁਣ ਇਹ ਇੱਕ ਫਿਲਮ ਨਹੀਂ ਰਹੀ ਸਗੋਂ ਇੱਕ ਭਾਵਨਾ ਬਣ ਗਈ ਹੈ।"

ਇਹ ਫਿਲਮ ਪੰਜਾਬ ਦੇ ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ ਦੇ ਜੀਵਨ 'ਤੇ ਆਧਾਰਿਤ ਹੈ, ਜਿਸ ਨੇ ਸੂਬੇ ਵਿੱਚ ਖਾੜਕੂਵਾਦ ਦੇ ਦੌਰ 'ਚ ਨੌਜਵਾਨਾਂ ਨੂੰ ਪੁਲੀਸ ਵੱਲੋਂ ਝੂਠੇ ਮੁਕਾਬਲਿਆਂ 'ਚ ਮਾਰ ਕੇ ਤੇ ਲਾਸ਼ਾਂ ਨੂੰ ਲਾਵਾਰਿਸ ਦੱਸ ਕੇ ਉਨ੍ਹਾਂ ਦਾ ਸਸਕਾਰ ਕੀਤੇ ਜਾਣ ਦਾ ਕਰੂਰ ਅਮਲ ਲੋਕਾਂ ਸਾਹਮਣੇ ਲਿਆਂਦਾ ਸੀ। ਉਸ ਨੇ ਸ਼ਮਸ਼ਾਨਘਾਟਾਂ ਤੋਂ ਉਹ ਅੰਕੜੇ ਹਾਸਲ ਕੀਤੇ, ਜਿੱਥੇ ਹਜ਼ਾਰਾਂ ਨੌਜਵਾਨਾਂ ਦੀਆਂ ਲਾਸ਼ਾਂ ਨੂੰ ਲਾਵਾਰਿਸ ਦੱਸ ਕੇ ਉਨ੍ਹਾਂ ਦਾ ਸਸਕਾਰ ਕੀਤਾ ਗਿਆ ਸੀ। ਖਾਲੜਾ ਅਨੁਸਾਰ, ਉਸ ਕਾਲੇ ਦੌਰ ਦੌਰਾਨ ਪੰਜਾਬ ਦੇ ਕੋਈ 25,000 ਨੌਜਵਾਨਾਂ ਦਾ ਇਹੋ ਹਸ਼ਰ ਹੋਇਆ ਸੀ।

ਹਨੀ ਤ੍ਰੇਹਨ ਲਈ 'ਸਤਲੁਜ' ਫਿਲਮ ਨੂੰ ਲੈ ਕੇ ਪ੍ਰੇਸ਼ਾਨੀਆਂ ਦਾ ਦੌਰ ਤਾਂ ਉਦੋਂ ਹੀ ਸ਼ੁਰੂ ਹੋ ਗਿਆ ਸੀ ਜਦੋਂ ਦਸੰਬਰ 2022 ਵਿੱਚ ਉਸ ਨੇ ਇਹ ਫਿਲਮ ਸਰਟੀਫਿਕੇਟ ਲੈਣ ਲਈ ਸੀ ਬੀ ਐੱਫ ਸੀ (ਸੈਂਟਰਲ ਬੋਰਡ ਔਫ ਫਿਲਮ ਸਰਟੀਫਿਕੇਸ਼ਨ) ਕੋਲ ਜਮ੍ਹਾਂ ਕਰਵਾ ਦਿੱਤੀ ਸੀ। ਸਭ ਤੋਂ ਪਹਿਲਾਂ ਬੋਰਡ ਨੇ ਅੱਧੇ ਘੰਟੇ ਦੀ ਫਿਲਮ ਦੇਖਣ ਮਗਰੋਂ ਸਵਾਲ ਉਠਾਇਆ ਕਿ ਇਹ ਤਾਂ ਪੰਜਾਬੀ ਫਿਲਮ ਹੈ, ਫਿਰ ਇਸ ਲਈ ਹਿੰਦੀ ਸਰਟੀਫਿਕੇਟ ਕਿਉਂ ਚਾਹੀਦਾ ਹੈ? ਇਸ ਤੋਂ ਬਾਅਦ ਫਿਲਮ ਦੇਖਣ ਮਗਰੋਂ ਬੋਰਡ ਦਾ ਕਹਿਣਾ ਸੀ ਕਿ ਉਸ ਨੂੰ ਕੁਝ ਇਤਰਾਜ਼ ਹਨ। ਇਸ ਲਈ 13 ਮੈਂਬਰੀ ਰੀਵਾਇਜ਼ਿੰਗ ਕਮੇਟੀ ਇਹ ਫਿਲਮ ਦੇਖੇਗੀ। ਇਸ ਕਮੇਟੀ ਨੇ ਫਿਲਮ 'ਚ 21 ਕੱਟ ਲਾਉਣ ਅਤੇ ਕੁਝ ਚੀਜ਼ਾਂ ਬਦਲਣ ਲਈ ਕਿਹਾ। ਫਿਲਮ 'ਚ ਜਸਵੰਤ ਸਿੰਘ ਖਾਲੜਾ, ਜਿਸ ਦੀ ਜ਼ਿੰਦਗੀ 'ਤੇ ਇਹ ਫਿਲਮ ਆਧਾਰਿਤ ਹੈ, ਦਾ ਨਾਂ ਬਦਲਣ ਲਈ ਕਿਹਾ ਗਿਆ। ਇਸ ਤੋਂ ਇਲਾਵਾ ਇਹ ਜ਼ਿਕਰ ਕਰਨ ਲਈ ਵੀ ਕਿਹਾ ਗਿਆ ਕਿ ਇਹ ਫਿਲਮ ਕਿਸੇ ਸੱਚੀ ਘਟਨਾ 'ਤੇ ਆਧਾਰਿਤ ਨਹੀਂ ਅਤੇ ਨਾ ਹੀ ਇਸ ਫਿਲਮ ਦੀ ਕਹਾਣੀ ਸੱਚੀ ਹੈ। ਤ੍ਰੇਹਨ ਅਨੁਸਾਰ ਉਹ ਇਸ ਲਈ ਤਿਆਰ ਨਹੀਂ ਸੀ ਅਤੇ ਜੂਨ 2023 ਵਿੱਚ ਉਹ ਇਸ ਮਾਮਲੇ ਸਬੰਧੀ ਬੰਬੇ ਹਾਈਕੋਰਟ ਚਲੇ ਗਏ।

ਇਸ ਫਿਲਮ ਦੇ ਕੇਸ ਨੂੰ ਅਦਾਲਤ ਵਿੱਚ ਲੜੇ ਜਾਣ ਦੀ ਕਹਾਣੀ ਵੀ ਕਿਸੇ ਫਿਲਮੀ ਕਹਾਣੀ ਵਾਂਗ ਹੀ ਜਾਪਦੀ ਹੈ। ਜੂਨ 'ਚ ਕੇਸ ਦਾਇਰ ਕਰਨ ਤੋਂ ਲੈ ਕੇ 30 ਜੁਲਾਈ ਤੱਕ ਬੋਰਡ ਨੇ ਆਪਣਾ ਪੱਖ ਪੇਸ਼ ਕਰਨ ਲਈ ਚਾਰ ਵਕੀਲ ਬਦਲੇ। ਤ੍ਰੇਹਨ ਵੱਲੋਂ ਮੀਡੀਆ ਨੂੰ ਦਿੱਤੀਆਂ ਇੰਟਰਵਿਊਜ਼ 'ਚ ਦੱਸਿਆ ਗਿਆ ਕਿ ਕਾਨੂੰਨੀ ਪੱਖੋਂ ਬੋਰਡ ਲਈ ਇਹ ਕੇਸ ਲੜਨਾ ਔਖਾ ਸੀ ਕਿਉਂਕਿ ਸਮੁੱਚੀ ਫਿਲਮ ਹੀ ਕਾਨੂੰਨੀ ਗਵਾਹੀਆਂ ਅਤੇ ਕਾਨੂੰਨੀ ਪ੍ਰਕਿਰਿਆਵਾਂ 'ਤੇ ਆਧਾਰਿਤ ਸੀ। ਉਸ ਅਨੁਸਾਰ ਬੋਰਡ ਦਾ ਇੱਕ ਵਕੀਲ ਜਦੋਂ ਤਰੀਕ 'ਤੇ ਪੇਸ਼ ਨਾ ਹੋਇਆ ਤਾਂ ਸਾਥੀ ਵਕੀਲ ਨੇ ਦੱਸਿਆ ਕਿ ਉਹ ਤਾਂ ਅੱਜ ਰਿਟਾਇਰ ਹੋ ਗਿਆ। ਜੱਜ ਦਾ ਪ੍ਰਤੀਕਰਮ ਸੀ ਕਿ ਕੀ ਉਸ ਨੂੰ ਇੱਕ ਮਹੀਨਾ ਪਹਿਲਾਂ ਨਹੀਂ ਸੀ ਪਤਾ ਕਿ ਉਹ ਰਿਟਾਇਰ ਹੋਣ ਵਾਲਾ ਹੈ। ਜਦੋਂ ਬੋਰਡ ਦਾ ਚੌਥਾ ਵਕੀਲ ਅਦਾਲਤ ਵਿੱਚ ਫਿਲਮ ਬਾਰੇ ਸਵਾਲ ਉਠਾਉਣ ਲੱਗਿਆ ਤਾਂ ਮਾਣਯੋਗ ਜੱਜ ਨੇ ਉਸ ਨੂੰ ਪੁੱਛਿਆ ਕਿ ਕੀ ਉਸ ਨੇ ਫਿਲਮ ਦੇਖੀ ਹੈ? ਵਕੀਲ ਦਾ ਜਵਾਬ 'ਨਾਂਹ' ਵਿੱਚ ਸੀ। ਵਕੀਲ ਨੇ ਕਿਹਾ ਕਿ ਉਸ ਨੇ ਪਿਛਲੇ ਵਕੀਲਾਂ ਦੀਆਂ ਟਿੱਪਣੀਆਂ ਗਹੁ ਨਾਲ ਪੜ੍ਹੀਆਂ ਹਨ, ਪਰ ਜੱਜ ਨੇ ਕਿਹਾ, "ਤੁਸੀਂ ਪਹਿਲਾਂ ਫਿਲਮ ਦੇਖੋ। ਅਸੀਂ ਫਿਰ ਇਸ ਫਿਲਮ 'ਤੇ ਗੱਲ ਕਰਾਂਗੇ।" ਫਿਰ ਜੱਜ ਅਤੇ ਬੋਰਡ ਦੇ ਵਕੀਲ ਦੋਵਾਂ ਨੇ ਫਿਲਮ ਦੇਖੀ ਅਤੇ ਅਗਲੇ ਦਿਨ ਅਦਾਲਤ 'ਚ ਵਕੀਲ ਨੇ ਜੱਜ ਨੂੰ ਕਿਹਾ, "ਸਰ, ਮੈਂ ਰਾਤ ਨੂੰ ਫਿਲਮ ਦੇਖੀ। ਇਹ ਫਿਲਮ ਮਨ ਨੂੰ ਬਹੁਤ ਪ੍ਰੇਸ਼ਾਨ ਕਰਨ ਵਾਲੀ ਸੀ। ਫਿਲਮ ਦੇਖਣ ਮਗਰੋਂ ਸਾਰੀ ਰਾਤ ਮੈਨੂੰ ਚੰਗੀ ਤਰ੍ਹਾਂ ਨੀਂਦ ਨਹੀਂ ਆਈ।" ਤ੍ਰੇਹਨ ਅਨੁਸਾਰ ਜੱਜ ਦਾ ਅੱਗੋਂ ਕਹਿਣਾ ਸੀ, "ਰਾਤ ਮੈਂ ਵੀ ਫਿਲਮ ਦੇਖੀ। ਮੈਨੂੰ ਵੀ ਇਉਂ ਹੀ ਮਹਿਸੂਸ ਹੋਇਆ। ਮੈਨੂੰ ਵੀ ਸਾਰੀ ਰਾਤ ਚੰਗੀ ਤਰ੍ਹਾਂ ਨੀਂਦ ਨਹੀਂ ਆਈ।"

ਵਕੀਲ ਦਾ ਕਹਿਣਾ ਸੀ ਕਿ ਇਸ ਨਾਲ ਵੱਖਵਾਦੀ ਤੇ ਖਾਲਿਸਤਾਨੀ ਲਹਿਰ ਨੂੰ ਹੁਲਾਰਾ ਮਿਲੇਗਾ, ਪਰ ਜੱਜ ਦੀ ਰਾਇ ਵੱਖਰੀ ਸੀ। ਜੱਜ ਦਾ ਵਕੀਲ ਨੂੰ ਕਹਿਣਾ ਸੀ ਕਿ ਤੁਹਾਡੇ ਵਿਚਾਰ ਕਲਪਨਾ 'ਤੇ ਆਧਾਰਿਤ ਹਨ, ਪਰ ਅਦਾਲਤ ਕਲਪਨਾ ਦੇ ਆਧਾਰ 'ਤੇ ਫ਼ੈਸਲੇ ਨਹੀਂ ਕਰਦੀ। ਵਕੀਲ ਨੇ ਅਮਨ ਤੇ ਕਾਨੂੰਨ ਦਾ ਮਸਲਾ ਪੈਦਾ ਹੋਣ ਦੀ ਦਲੀਲ ਵੀ ਦਿੱਤੀ। ਜੱਜ ਦਾ ਕਹਿਣਾ ਸੀ ਕਿ ਇਹ ਸੀ ਬੀ ਐੱਫ ਸੀ ਦਾ ਮਸਲਾ ਕਿਵੇਂ ਹੈ? ਇਹ ਰਾਜ ਸਰਕਾਰ ਦਾ ਮਸਲਾ ਹੈ। ਬੋਰਡ ਦਾ ਕੰਮ ਸਰਟੀਫਿਕੇਟ ਦੇਣਾ ਹੈ। ਵਕੀਲ ਨੇ ਫਿਰ ਇਹ ਦਲੀਲ ਵਰਤੀ ਕਿ ਸੂਚਨਾ ਤੇ ਪ੍ਰਸਾਰਣ ਮੰਤਰਾਲੇ ਨੂੰ ਵੀ ਇਸ ਫਿਲਮ 'ਤੇ ਇਤਰਾਜ਼ ਹੈ। ਇੱਥੇ ਜੱਜ ਨੇ ਵਕੀਲ ਨੂੰ ਪੁੱਛਿਆ ਕਿ ਸੂਚਨਾ ਤੇ ਪ੍ਰਸਾਰਣ ਮੰਤਰਾਲੇ ਨੂੰ ਇਹ ਫਿਲਮ ਕਿਸ ਨੇ ਦਿਖਾਈ? ਜਦੋਂ ਫਿਲਮ ਨੂੰ ਸੈਂਸਰ ਹੀ ਨਹੀਂ ਕੀਤਾ ਗਿਆ ਤਾਂ ਉਸ ਨੂੰ ਕਿਸੇ ਨੂੰ ਦਿਖਾ ਕਿਵੇਂ ਦਿੱਤਾ ਗਿਆ? ਸੀ ਬੀ ਐੱਫ ਸੀ ਸੁਤੰਤਰ ਤੇ ਖ਼ੁਦਮੁਖ਼ਤਿਆਰ ਬੌਡੀ ਹੈ, ਜਿਸ ਦਾ ਮਕਸਦ ਸਿਰਜਣਾਤਮਕਤਾ, ਪ੍ਰਗਟਾਵੇ ਦੀ ਆਜ਼ਾਦੀ ਅਤੇ ਕਲਾਕਾਰ ਦੇ ਪ੍ਰਗਟਾਵੇ ਦੀ ਸੁਤੰਤਰਤਾ ਨੂੰ ਕਾਇਮ ਰੱਖਣਾ ਹੈ। ਸੀ ਬੀ ਐੱਫ ਸੀ ਦੀ ਰਾਇ ਕਿਸੇ ਵੀ ਸਰਕਾਰ ਦੇ ਨਜ਼ਰੀਏ ਤੋਂ ਪ੍ਰਭਾਵਿਤ ਨਹੀਂ ਹੋਣੀ ਚਾਹੀਦੀ।

ਤ੍ਰੇਹਨ ਅਨੁਸਾਰ, "ਇਸ ਮਾਮਲੇ ਦੀ ਆਖ਼ਰੀ ਤੋਂ ਪਹਿਲੀ ਸੁਣਵਾਈ ਵੇਲੇ ਸ਼ਾਮ 4.30 ਵਜੇ ਦੇ ਕਰੀਬ ਹੀ ਜੱਜ ਨੇ ਸਪੱਸ਼ਟ ਕਰ ਦਿੱਤਾ ਸੀ ਕਿ ਇਹ ਫਿਲਮ ਬਿਨਾਂ ਕਿਸੇ ਕੱਟ ਦੇ ਰਿਲੀਜ਼ ਹੋਣੀ ਚਾਹੀਦੀ ਹੈ। ਉਸੇ ਸ਼ਾਮ ਫਿਲਮ ਦੇ ਨਿਰਮਾਤਾ ਰੌਨੀ ਸਕਰਿਊਵਾਲਾ ਨੂੰ ਦਿੱਲੀ ਤੋਂ ਫੋਨ ਆਇਆ ਤੇ ਉਹ ਦਿੱਲੀ ਚਲਾ ਗਿਆ। ਉੱਥੋਂ ਉਸ ਨੇ ਫੋਨ ਕਰ ਕੇ ਕਿਹਾ ਕਿ ਸਾਨੂੰ ਹਾਈਕੋਰਟ ਵਿੱਚੋਂ ਆਪਣਾ ਕੇਸ ਵਾਪਸ ਲੈਣਾ ਪੈਣੈ ਅਤੇ ਕਿਸੇ ਵੀ ਸੂਰਤ ਅਸੀਂ ਟੋਰਾਂਟੋ ਇੰਟਰਨੈਸ਼ਨਲ ਫਿਲਮ ਫੈਸਟੀਵਲ ਵਿੱਚ ਇਸ ਦਾ ਪ੍ਰੀਮੀਅਰ ਨਹੀਂ ਕਰ ਰਹੇ। ਸਾਨੂੰ ਅਦਾਲਤ ਦੇ ਬਾਹਰ ਹੀ ਸਮਝੌਤਾ ਕਰਨਾ ਪੈਣਾ ਹੈ, ਸਾਨੂੰ 21 ਕੱਟ ਲਗਾਉਣੇ ਪੈਣਗੇ। ਫਿਰ ਗੱਲ ਤੁਰਦੀ ਤੁਰਦੀ 21 ਤੋਂ 85 ਕੱਟਾਂ ਤੱਕ ਪਹੁੰਚ ਗਈ। ਅਸੀਂ ਇਸ ਲਈ ਵੀ ਤਿਆਰ ਹੋ ਗਏ ਕਿਉਂਕਿ ਸਾਨੂੰ ਬੋਰਡ ਨੇ ਸਰਟੀਫਿਕੇਟ ਦੇਣ ਦੀ ਗੱਲ ਆਖੀ ਸੀ। ਪਰ ਫਿਰ ਬੋਰਡ ਦੇ ਚੇਅਰਮੈਨ ਕੋਲ ਫਿਲਮ ਦੇਖਣ ਦਾ ਸਮਾਂ ਨਹੀਂ ਸੀ। ਬੋਰਡ ਦਾ ਕਹਿਣਾ ਸੀ ਕਿ ?ਚੇਅਰਮੈਨ ਜਿਉਂ ਹੀ ਇਹ ਫਿਲਮ ਦੇਖ ਲੈਣਗੇ, ਉਹ ਸਰਟੀਫਿਕੇਟ ਦੇ ਦੇਣਗੇ। ਬੋਰਡ ਵਾਲੇ ਇਹ ਵੀ ਮੰਨਣ ਲਈ ਤਿਆਰ ਨਹੀਂ ਸਨ ਕਿ ਇਹ ਸੱਚੀ ਕਹਾਣੀ ਹੈ।" ਤ੍ਰੇਹਨ ਅਨੁਸਾਰ, "ਮੈਂ ਉਨ੍ਹਾਂ ਨੂੰ 1800 ਪੰਨਿਆਂ ਦੇ ਦਸਤਾਵੇਜ਼ ਸੌਂਪੇ ਅਤੇ ਦੱਸਿਆ ਕਿ ਫਿਲਮ ਦਾ ਹਰ ਦ੍ਰਿਸ਼ ਕਾਨੂੰਨੀ ਗਵਾਹੀ ਅਤੇ ਦਸਤਾਵੇਜ਼ 'ਤੇ ਆਧਾਰਿਤ ਹੈ। ਇਨ੍ਹਾਂ ਦਸਤਾਵੇਜ਼ਾਂ 'ਚੋਂ ਗੁਜ਼ਰਨ ਅਤੇ ਫਿਲਮ ਦੇਖਣ ਮਗਰੋਂ ਇਹ ਸਪੱਸ਼ਟ ਹੋ ਗਿਆ ਕਿ ਇਹ ਫਿਲਮ ਸੱਚ 'ਤੇ ਆਧਾਰਿਤ ਹੈ।" ਇਸ ਮਗਰੋਂ ਜਦੋਂ ਤ੍ਰੇਹਨ ਨੇ ਆਪਣੀ ਫਿਲਮ ਬਾਰੇ ਪ੍ਰਤੀਕਰਮ ਜਾਣਨਾ ਚਾਹਿਆ ਤਾਂ ਜਵਾਬ ਮਿਲਿਆ, "ਤ੍ਰੇਹਨ, ਅੱਜ ਦੇ ਵੇਲਿਆਂ 'ਚ ਏਨਾ ਸੱਚ ਕੌਣ ਬੋਲਦੈ?" ਤੇ ਨਿਰਦੇਸ਼ਕ ਦੇ ਹੱਥ ਸਰਟੀਫਿਕੇਟ ਖੁਣੋਂ ਖਾਲੀ ਰਹੇ। ਇਸ ਮਗਰੋਂ ਉਸ ਨੂੰ ਫਿਲਮ 'ਚ 16 ਤਬਦੀਲੀਆਂ ਕਰਨ ਲਈ ਕਿਹਾ ਗਿਆ, ਜਿਸ ਦਾ ਮਤਲਬ 37 ਹੋਰ ਕੱਟ ਸਨ ਅਤੇ ਇਸ ਨਾਲ ਫਿਲਮ ਨੂੰ ਲਾਏ ਜਾਣ ਵਾਲੇ ਕੱਟਾਂ ਦੀ ਗਿਣਤੀ 127 ਤੋਂ ਵੀ ਵੱਧ ਹੋ ਗਈ। ਇੱਥੇ ਆ ਕੇ ਤ੍ਰੇਹਨ ਦੀ ਬੱਸ ਹੋ ਗਈ। ਉਸ ਨੇ ਕਿਹਾ ਕਿ ਹੁਣ ਉਹ ਫਿਲਮ 'ਤੇ ਕੋਈ ਕੱਟ ਨਹੀਂ ਲਗਾਵੇਗਾ, ਜੇ ਕਦੇ ਸੰਭਵ ਹੋਇਆ ਤਾਂ ਮੂਲ ਰੂਪ 'ਚ ਬਣੀ ਮੁਕੰਮਲ ਫਿਲਮ ਹੀ ਰਿਲੀਜ਼ ਕਰੇਗਾ; ਨਹੀਂ ਤਾਂ ਫਿਲਮ ਡੱਬੇ 'ਚ ਹੀ ਬੰਦ ਰਹੇਗੀ। ਨਿਰਦੇਸ਼ਕ ਅਤੇ ਨਿਰਮਾਤਾ ਦੀ ਫਿਲਮ ਅੰਤ ਓਟੀਟੀ ਪਲੇਟਫਾਰਮ ਤੋਂ ਵੀ ਹਟ ਗਈ। ਫਿਲਮ 'ਤੇ ਪਾਬੰਦੀ ਨੇ ਲੋਕਾਂ 'ਚ ਇਸ ਬਾਰੇ ਬਹੁਤ ਉਤਸੁਕਤਾ ਪੈਦਾ ਕਰ ਦਿੱਤੀ। ਫਿਲਮ ਦੇ ਮੁੱਖ ਅਦਾਕਾਰ ਦਿਲਜੀਤ ਦੋਸਾਂਝ ਨੂੰ ਇਸ ਫਿਲਮ ਦੀ ਹੋਣੀ ਬਾਰੇ ਪਹਿਲਾਂ ਹੀ ਖ਼ਦਸ਼ਾ ਸੀ। ਇਸੇ ਲਈ ਉਸ ਨੇ ਲੋਕਾਂ ਨੂੰ ਇਹ ਫਿਲਮ ਡਾਊਨਲੋਡ ਕਰ ਲੈਣ ਦਾ ਇਸ਼ਾਰਾ ਕੀਤਾ ਸੀ ਤੇ ਲੋਕਾਂ ਨੇ ਫਿਲਮ ਡਾਊਨਲੋਡ ਕਰ ਵੀ ਲਈ, ਜਿਸ ਦੀਆਂ ਹੁਣ ਜਨਤਕ ਸਕਰੀਨਿੰਗਾਂ ਕੀਤੀਆਂ ਜਾ ਰਹੀਆਂ ਹਨ ਅਤੇ ਫਿਲਮ ਵੱਡੀ ਗਿਣਤੀ ਲੋਕਾਂ ਤੱਕ ਪਹੁੰਚ ਵੀ ਰਹੀ ਹੈ।

ਦਰਅਸਲ, 'ਸਤਲੁਜ' ਜਿਹੀਆਂ ਫਿਲਮਾਂ ਸਾਡੇ ਅਤੀਤ ਦੀਆਂ ਗ਼ਲਤੀਆਂ ਨੂੰ ਨੰਗੇ-ਚਿੱਟੇ ਰੂਪ 'ਚ ਸਾਡੇ ਸਾਹਮਣੇ ਲਿਆ ਖੜ੍ਹਾ ਕਰਦੀਆਂ ਹਨ। ਇਹ ਸਮਾਜ ਤੇ ਉਸ ਦੇ ਲੋਕਾਂ 'ਤੇ ਨਿਰਭਰ ਕਰਦਾ ਹੈ ਕਿ ਹੁਣ ਉਹ ਅਜਿਹੀਆਂ ਗ਼ਲਤੀਆਂ ਬਾਰੇ ਤੁਹਮਤਬਾਜ਼ੀ ਦੀ ਸਿਆਸਤ ਦਾ ਸ਼ਿਕਾਰ ਹੋ ਕੇ ਮੁੜ ਧਰਮਾਂ ਦੀਆਂ ਵੰਡੀਆਂ ਅਤੇ ਫ਼ਿਰਕਾਪ੍ਰਸਤੀ ਦਾ ਬਿਰਤਾਂਤ ਸਿਰਜਦੇ ਨੇ ਜਾਂ ਅਜਿਹੀ ਸਿਆਸਤ ਪਛਾਣ ਕੇ ਬੀਤੇ ਤੋਂ ਸਬਕ ਸਿੱਖਦਿਆਂ ਭਵਿੱਖ ਨੂੰ ਸੰਵਾਰਨ ਦੇ ਰਾਹ ਤੁਰਦੇ ਨੇ।



# ਸਿੱਖ ਡਰਾਈਵਰਾਂ ਦੀ ਸੁਰੱਖਿਆ ਅਤੇ ਹੱਕਾਂ ਲਈ ਵਾਸ਼ਿੰਗਟਨ ’ਚ ਵੱਡੀ ਹਲਚਲ

## ਵਰਲਡ ਸਿੱਖ ਪਾਰਲੀਮੈਂਟ ਦੀ ਅਮਰੀਕੀ ਟਰਾਂਸਪੋਰਟੇਸ਼ਨ ਵਿਭਾਗ (DOT) ਨਾਲ ਉੱਚ-ਪੱਧਰੀ ਬੈਠਕ





ਵਾਸ਼ਿੰਗਟਨ, ਡੀ.ਸੀ., (ਸਾਡੇ ਲੋਕ) : ਅਮਰੀਕਾ ਦੇ ਟਰਾਂਸਪੋਰਟ ਉਦਯੋਗ ਵਿੱਚ ਸਿੱਖ ਅਤੇ ਪਰਵਾਸੀ ਭਾਈਚਾਰੇ ਦੇ ਯੋਗਦਾਨ ਨੂੰ ਸਨਮਾਨ ਦਿਵਾਉਣ ਅਤੇ ਵਪਾਰਕ (ਕਮਰਸ਼ੀਅਲ) ਡਰਾਈਵਰਾਂ ਦੇ ਹੱਕਾਂ ਦੀ ਰਾਖੀ ਲਈ ਵਰਲਡ ਸਿੱਖ ਪਾਰਲੀਮੈਂਟ (WSP) ਦੀ ਅਗਵਾਈ ਹੇਠ ਨੌਰਥ ਅਮਰੀਕਨ ਸਿੱਖ ਭਾਈਚਾਰੇ ਦੇ ਇੱਕ ਉੱਚ-ਪੱਧਰੀ ਵਫ਼ਦ ਨੇ ਅਮਰੀਕਨ ਟਰਾਂਸਪੋਰਟੇਸ਼ਨ ਵਿਭਾਗ (DOT) ਦੇ ਸੀਨੀਅਰ ਅਧਿਕਾਰੀਆਂ ਨਾਲ ਵਾਸ਼ਿੰਗਟਨ ਵਿਖੇ ਇੱਕ ਅਹਿਮ ਮੀਟਿੰਗ ਕੀਤੀ।

ਇਸ ਇਤਿਹਾਸਕ ਮੀਟਿੰਗ ਵਿੱਚ ਨਾਰਵਿਚ ਦੇ ਮਾਨਯੋਗ ਮੇਅਰ ਸਵਰਨਜੀਤ ਸਿੰਘ ਖਾਲਸਾ, ਸਿੱਖ ਕੋਆਰਡੀਨੇਸ਼ਨ ਕਮੇਟੀ (ਈਸਟ ਕੋਸਟ), ਸਿੱਖ ਕੋਆਲਿਸ਼ਨ, ਯੂਨਾਈਟਿਡ ਸਿੱਖਸ, ਸਿੱਖ ਆਰਟ ਗੈਲਰੀ ਅਤੇ ਅਮਰੀਕਨ ਸਿੱਖ ਕਾਂਗਰੈਸ਼ਨਲ ਕਾਕਸ ਦੇ ਪ੍ਰਮੁੱਖ ਨੁਮਾਇੰਦਿਆਂ ਨੇ ਸ਼ਮੂਲੀਅਤ ਕੀਤੀ।

ਸੁਰੱਖਿਆ ਦੇ ਨਾਲ ਨਿਆਂ ਵੀ ਜ਼ਰੂਰੀ: ਡੈਲੀਗੇਸ਼ਨ ਦਾ ਤਰਕ

ਮੀਟਿੰਗ ਦੌਰਾਨ ਸਿੱਖ ਵਫ਼ਦ ਨੇ ਅਮਰੀਕੀ ਅਧਿਕਾਰੀਆਂ ਸਾਹਮਣੇ ਜ਼ੋਰਦਾਰ ਢੰਗ ਨਾਲ ਪੱਖ ਰੱਖਦਿਆਂ ਕਿਹਾ ਕਿ ਜਨਤਕ ਸੁਰੱਖਿਆ ਸਭ ਤੋਂ ਸਰਵਉੱਚ ਹੈ, ਪਰ ਨਵੇਂ ਸਰਕਾਰੀ ਨਿਯਮਾਂ ਅਤੇ ਨੀਤੀਆਂ ਨੂੰ ਲਾਗੂ ਕਰਦੇ ਸਮੇਂ ਨਿਆਂਸੰਗਤਤਾ, ਪਾਰਦਰਸ਼ਤਾ ਅਤੇ ਵਿਵਹਾਰਕਤਾ ਦਾ ਖ਼ਾਸ ਖ਼ਿਆਲ ਰੱਖਿਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਲੰਬੇ ਸਮੇਂ ਤੋਂ ਅਮਰੀਕੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਬਣੇ ਵਪਾਰਕ ਡਰਾਈਵਰਾਂ ਨਾਲ ਕਿਸੇ ਵੀ ਤਰ੍ਹਾਂ ਦਾ ਬੇਇਨਸਾਫ਼ੀਪੂਰਨ ਵਤੀਰਾ ਨਹੀਂ ਹੋਣਾ ਚਾਹੀਦਾ।

**ਡੈਲੀਗੇਸ਼ਨ ਵੱਲੋਂ ਚੁੱਕੇ ਗਏ ਪ੍ਰਮੁੱਖ ਨੁਕਤੇ:**

**ਪਰਵਾਸੀਆਂ ਦੇ ਯੋਗਦਾਨ ਦੀ ਮਾਨਤਾ:** ਅਮਰੀਕੀ ਟਰਾਂਸਪੋਰਟੇਸ਼ਨ ਢਾਂਚੇ ਵਿੱਚ ਪਰਵਾਸੀਆਂ, ਖਾਸ ਕਰਕੇ ਸਿੱਖਾਂ ਦੇ ਯੋਗਦਾਨ ਨੂੰ ਬਣਦਾ ਸਨਮਾਨ ਮਿਲੇ।

**ਨਿਯਮਾਂ ਦਾ ਵਾਜਬ ਸਰੂਪ:** ਨਵੇਂ ਸੁਰੱਖਿਆ ਨਿਯਮਾਂ ਨੂੰ ਲਾਗੂ ਕਰਨ ਵੇਲੇ ਡਰਾਈਵਰਾਂ ਨੂੰ ਲੋੜੀਂਦਾ ਸਮਾਂ ਅਤੇ ਪੂਰੀ ਜਾਣਕਾਰੀ ਦਿੱਤੀ ਜਾਵੇ।

ਸਿਖਲਾਈ ਪ੍ਰੋਗਰਾਮਾਂ ਨੂੰ ਉਤਸ਼ਾਹ: ਨਵੇਂ ਨਿਯਮਾਂ ਦੀ ਪਾਲਣਾ ਲਈ ਡਰਾਈਵਰਾਂ ਵਾਸਤੇ ਵਿਸ਼ੇਸ਼ ਸੁਰੱਖਿਆ ਸਿਖਲਾਈ ਪ੍ਰੋਗਰਾਮ ਚਲਾਏ ਜਾਣ।

**ਅਮਰੀਕੀ ਟਰਾਂਸਪੋਰਟੇਸ਼ਨ ਵਿਭਾਗ (DOT) ਦਾ ਸਪੱਸ਼ਟੀਕਰਨ**

ਸਿੱਖ ਆਗੂਆਂ ਦੇ ਖ਼ਦਸ਼ਿਆਂ ਨੂੰ ਸੁਣਨ ਤੋਂ ਬਾਅਦ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨੇ ਕਈ ਅਹਿਮ ਮੁੱਦਿਆਂ ’ਤੇ ਸਥਿਤੀ ਸਪੱਸ਼ਟ ਕੀਤੀ:

**ਕਿਸੇ ਭਾਈਚਾਰੇ ਨੂੰ ਨਿਸ਼ਾਨਾ ਨਹੀਂ ਬਣਾਇਆ ਜਾ ਰਿਹਾ:** ਅਧਿਕਾਰੀਆਂ ਨੇ ਭਰੋਸਾ ਦਿਵਾਇਆ ਕਿ ‘ਫਾਈਨਲ ਰੂਲ’ (Final Rule) ਤਹਿਤ ਕਿਸੇ ਖ਼ਾਸ ਨਸਲ ਜਾਂ ਭਾਈਚਾਰੇ ਨਾਲ ਪੱਖਪਾਤ ਨਹੀਂ ਕੀਤਾ ਜਾ ਰਿਹਾ।

**ਅੰਗਰੇਜ਼ੀ ਭਾਸ਼ਾ ਦੀ ਸ਼ਰਤ ਦਾ ਅਸਲ ਮਤਲਬ:** ਵਿਭਾਗ ਨੇ ਸਪੱਸ਼ਟ ਕੀਤਾ ਕਿ ਅੰਗਰੇਜ਼ੀ ਭਾਸ਼ਾ ਦੀ ਯੋਗਤਾ ਦਾ ਮਤਲਬ ਕੋਈ ਫ਼ਰਾਟੇਦਾਰ ਅੰਗਰੇਜ਼ੀ ਬੋਲਣਾ ਨਹੀਂ ਹੈ, ਬਲਕਿ ਸਿਰਫ਼ ਇੰਨੀ ਸਮਝ ਹੋਣਾ ਹੈ ਕਿ ਡਰਾਈਵਰ ਸੜਕੀ ਨਿਸ਼ਾਨਾਂ, ਹਦਾਇਤਾਂ ਅਤੇ ਸੜਕ ਕਿਨਾਰੇ ਹੋਣ ਵਾਲੀ ਜਾਂਚ (Roadside Inspection) ਦੌਰਾਨ ਅਧਿਕਾਰੀਆਂ ਨਾਲ ਸੰਵਾਦ ਕਰ ਸਕਣ।

**ਲਾਇਸੈਂਸ ਮਾਪਦੰਡ:** ਅਧਿਕਾਰੀਆਂ ਮੁਤਾਬਕ, ਵੀਜ਼ਾ ਸ਼੍ਰੇਣੀਆਂ ਅਧੀਨ ਨਾਨ-ਡੋਮਿਸਾਇਲਡ ਕਮਰਸ਼ੀਅਲ ਡਰਾਈਵਰ ਲਾਇਸੈਂਸ (CDL) ਰੱਖਣ ਵਾਲੇ ਡਰਾਈਵਰਾਂ ’ਤੇ ਵੀ ਉਹੀ ਸੁਰੱਖਿਆ ਮਾਪਦੰਡ ਲਾਗੂ ਹੁੰਦੇ ਹਨ ਜੋ ਸਥਾਨਕ ਨਾਗਰਿਕਾਂ ’ਤੇ ਲਾਗੂ ਹਨ।

ਨੈਸ਼ਨਲ ਪ੍ਰੈਸ ਬਿਲਡਿੰਗ ਵਿੱਚ ਗੂੰਜਿਆ ਮੁੱਦਾ

ਮੀਟਿੰਗ ਦੇ ਤੁਰੰਤ ਬਾਅਦ ਵਰਲਡ ਸਿੱਖ ਪਾਰਲੀਮੈਂਟ ਵੱਲੋਂ ਵਾਸ਼ਿੰਗਟਨ ਡੀ.ਸੀ. ਦੀ ਪ੍ਰਸਿੱਧ ਨੈਸ਼ਨਲ ਪ੍ਰੈਸ ਬਿਲਡਿੰਗ ਵਿਖੇ ਇੱਕ ਭਰਵੀਂ ਪ੍ਰੈਸ ਕਾਨਫਰੰਸ ਕੀਤੀ ਗਈ, ਜਿੱਥੇ ਆਗੂਆਂ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਇਸ ਮੁੱਦੇ ਦੇ ਸਮਾਜਿਕ ਅਤੇ ਮਨੁੱਖੀ ਪਹਿਲੂਆਂ ਨੂੰ ਉਜਾਗਰ ਕੀਤਾ।

ਮੇਅਰ ਸਵਰਨਜੀਤ ਸਿੰਘ ਖਾਲਸਾ (ਨਾਰਵਿਚ) ਨੇ ਕਿਹਾ:

‘ਅਸੀਂ ਅਮਰੀਕੀ ਪ੍ਰਸ਼ਾਸਨ ਦੇ ਇਸ ਸਿੱਧੇ ਸੰਵਾਦ ਦੇ ਕਦਮ ਦੀ ਸ਼ਲਾਘਾ ਕਰਦੇ ਹਾਂ। ਅਮਰੀਕਾ ਦੇ ਵਿਕਾਸ, ਖੇਤੀਬਾੜੀ ਅਤੇ ਆਵਾਜਾਈ ਵਿੱਚ ਸਿੱਖਾਂ ਨੇ ਹਮੇਸ਼ਾ ਮੋਹਰੀ ਭੂਮਿਕਾ ਨਿਭਾਈ ਹੈ। ਪਰ ਇਸ ਦੇ ਨਾਲ ਹੀ ਸਾਨੂੰ ਵਿਦੇਸ਼ਾਂ ਵਿੱਚ ਸਿੱਖ ਭਾਈਚਾਰੇ ਵਿਰੁੱਧ ਹੋ ਰਹੇ ਸਰਹੱਦ-ਪਾਰ ਦਮਨ (Transnational Repression) ਵਰਗੀਆਂ ਚੁਣੌਤੀਆਂ ਅਤੇ 1984 ਦੇ ਕਤਲੇਆਮ ਵਰਗੇ ਇਤਿਹਾਸਕ ਦਰਦ ਨੂੰ ਵੀ ਚੇਤੇ ਰੱਖਣਾ ਹੋਵੇਗਾ।’

ਪ੍ਰਭ ਸਿੰਘ (ਮੁੱਖ ਕਾਨੂੰਨੀ ਸਲਾਹਕਾਰ, WSP) ਨੇ ਕਿਹਾ:

‘ਜਨਤਕ ਸੁਰੱਖਿਆ ਅਤੇ ਨਿਆਂ ਇੱਕ-ਦੂਜੇ ਦੇ ਵਿਰੋਧੀ ਨਹੀਂ, ਸਗੋਂ ਪੂਰਕ ਹਨ। ਸਿੱਖ ਭਾਈਚਾਰਾ ਅਜਿਹੀਆਂ ਸਾਰੀਆਂ ਨੀਤੀਆਂ ਦਾ ਸਮਰਥਨ ਕਰਦਾ ਹੈ ਜੋ ਸੜਕ ਸੁਰੱਖਿਆ ਦੇ ਨਾਲ-ਨਾਲ ਸਾਡੇ ਮਿਹਨਤੀ ਡਰਾਈਵਰਾਂ ਦੀ ਰੋਜ਼ੀ-ਰੋਟੀ ਅਤੇ ਸਨਮਾਨ ਦੀ ਰਾਖੀ ਕਰਦੀਆਂ ਹੋਣ।’




ਗੁਰਪ੍ਰਤਾਪ ਸਿੰਘ (ਨੌਜਵਾਨ ਮਨੁੱਖੀ ਅਧਿਕਾਰ ਕਾਰਕੁਨ) ਨੇ ਚਿੰਤਾ ਪ੍ਰਗਟਾਈ:

‘ਨੀਤੀਆਂ ਵਿੱਚ ਅਚਾਨਕ ਤਬਦੀਲੀਆਂ ਕਾਰਨ ਕਈ ਡਰਾਈਵਰ ਬੇਰੁਜ਼ਗਾਰ ਹੋਏ ਹਨ, ਜਿਸ ਨਾਲ ਉਨ੍ਹਾਂ ਦੇ ਪਰਿਵਾਰਾਂ ’ਤੇ ਭਾਰੀ ਆਰਥਿਕ ਸੰਕਟ ਆਇਆ ਹੈ। ਨੀਤੀਆਂ ਬਣਾਉਣ ਵਾਲਿਆਂ ਨੂੰ ਇਨ੍ਹਾਂ ਫ਼ੈਸਲਿਆਂ ਦੇ ਸਮਾਜਿਕ ਅਤੇ ਮਾਨਵੀ ਅਸਰਾਂ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ।’

**ਭਵਿੱਖ ਦੀ ਰਣਨੀਤੀ**

ਵਰਲਡ ਸਿੱਖ ਪਾਰਲੀਮੈਂਟ ਨੇ ਪ੍ਰੈਸ ਕਾਨਫਰੰਸ ਦੇ ਅਖੀਰ ਵਿੱਚ ਇਹ ਦ੍ਰਿੜ੍ਹ ਇਰਾਦਾ ਦੁਹਰਾਇਆ ਕਿ ਉਹ ਆਉਣ ਵਾਲੇ ਸਮੇਂ ਵਿੱਚ ਵੀ ਅਮਰੀਕੀ ਟਰਾਂਸਪੋਰਟੇਸ਼ਨ ਵਿਭਾਗ, ਸੰਸਦ ਮੈਂਬਰਾਂ ਅਤੇ ਕਾਨੂੰਨ ਘਾੜਿਆਂ ਨਾਲ ਰਾਬਤਾ ਬਣਾਈ ਰੱਖੇਗੀ ਤਾਂ ਜੋ ਤੱਥਾਂ ’ਤੇ ਅਧਾਰਿਤ ਅਜਿਹੇ ਕਾਨੂੰਨ ਬਣਾਏ ਜਾ ਸਕਣ ਜੋ ਸੜਕਾਂ ਨੂੰ ਸੁਰੱਖਿਅਤ ਬਣਾਉਣ ਦੇ ਨਾਲ-ਨਾਲ ਡਰਾਈਵਰਾਂ ਦੇ ਮਾਨਵੀ ਹੱਕਾਂ ਦੀ ਰਾਖੀ ਵੀ ਕਰਨ।

**ਮੀਡੀਆ ਨਾਲ ਸੰਪਰਕ ਲਈ ਵੇਰਵੇ:**
**ਹਿੰਮਤ ਸਿੰਘ (ਚੀਫ਼ ਗਲੋਬਲ ਕੋਆਰਡੀਨੇਟਰ, ਵਰਲਡ ਸਿੱਖ ਪਾਰਲੀਮੈਂਟ)**
**worldsikhparliament@gmail.com**
**ਫ਼ੋਨ: (646) 358-7745**
**ਪ੍ਰਭ ਸਿੰਘ (ਅੰਤਰਰਾਸ਼ਟਰੀ ਸਿਵਲ ਅਤੇ ਮਨੁੱਖੀ ਅਧਿਕਾਰ ਵਕੀਲ; ਮੁੱਖ ਕਾਨੂੰਨੀ ਸਲਾਹਕਾਰ, WSP)**

# ਰਾਸ਼ਟਰੀ ਸੁਰੱਖਿਆ ਲਈ ਸਰਹੱਦੀ ਬੁਨਿਆਦੀ ਢਾਂਚਾ ਬੇਹੱਦ ਅਹਿਮ: ਰੱਖਿਆ ਮੰਤਰੀ ਰਾਜਨਾਥ ਸਿੰਘ ਵੱਲੋਂ BRO ਪ੍ਰੋਜੈਕਟਾਂ ਨੂੰ ਸ਼ਾਨਦਾਰ ਕਾਰਗੁਜ਼ਾਰੀ ਲਈ ਸਨਮਾਨਿਤ

## ਨਵੀਂ ਦਿੱਲੀ ਵਿੱਚ ‘ਸਟ੍ਰੈਟੇਜਿਕ ਇਨਫਰਾਸਟਰਕਚਰ ਕਾਨਕਲੇਵ’ ਦੌਰਾਨ ਸਰਹੱਦੀ ਸੜਕਾਂ ਦੇ ਵਿਕਾਸ ਕਾਰਜਾਂ ਦੀ ਹੋਈ ਸ਼ਲਾਘਾ








ਨਵੀਂ ਦਿੱਲੀ : ਦੇਸ਼ ਦੀਆਂ ਸਰਹੱਦਾਂ ਨੂੰ ਸੁਰੱਖਿਅਤ ਅਤੇ ਮਜ਼ਬੂਤ ਬਣਾਉਣ ਦੇ ਉਦੇਸ਼ ਨਾਲ ਨਵੀਂ ਦਿੱਲੀ ਵਿਖੇ ਬਾਰਡਰ ਰੋਡਜ਼ ਆਰਗੇਨਾਈਜ਼ੇਸ਼ਨ (BRO) ਵੱਲੋਂ ‘ਸਟ੍ਰੈਟੇਜਿਕ ਇਨਫਰਾਸਟਰਕਚਰ ਕਾਨਕਲੇਵ’ (Strategic Infrastructure Conclave) ਦਾ ਆਯੋਜਨ ਕੀਤਾ ਗਿਆ। ਇਸ ਉੱਚ-ਪੱਧਰੀ ਸਮਾਗਮ ਵਿੱਚ ਕੇਂਦਰੀ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।

ਸਮਾਗਮ ਦੌਰਾਨ ਰੱਖਿਆ ਮੰਤਰੀ ਰਾਜਨਾਥ ਸਿੰਘ ਅਤੇ ਬਾਰਡਰ ਰੋਡਜ਼ ਦੇ ਡਾਇਰੈਕਟਰ ਜਨਰਲ (DGBR) ਲੈਫਟੀਨੈਂਟ ਜਨਰਲ ਹਰਪਾਲ ਸਿੰਘ ਨੇ ਦੇਸ਼ ਦੇ ਦੁਰਗਮ ਅਤੇ ਸਰਹੱਦੀ ਖੇਤਰਾਂ ਵਿੱਚ ਬੁਨਿਆਦੀ ਢਾਂਚੇ ਦੇ ਵਿਕਾਸ (Infrastructure Development) ਵਿੱਚ ਬੇਮਿਸਾਲ ਯੋਗਦਾਨ ਪਾਉਣ ਵਾਲੇ ਵੱਖ-ਵੱਖ ਬੀ.ਆਰ.ਓ. (BRO) ਪ੍ਰੋਜੈਕਟਾਂ ਦੇ ਅਧਿਕਾਰੀਆਂ ਨੂੰ ਵੱਕਾਰੀ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ।

ਔਖੇ ਹਾਲਾਤਾਂ ਵਿੱਚ BRO ਦੀ ਭੂਮਿਕਾ ਸ਼ਲਾਘਾਯੋਗ: ਰਾਜਨਾਥ ਸਿੰਘ

ਰੱਖਿਆ ਮੰਤਰੀ ਨੇ ਆਪਣੇ ਸੰਬੋਧਨ ਵਿੱਚ BRO ਦੇ ਜਵਾਨਾਂ ਅਤੇ ਇੰਜੀਨੀਅਰਾਂ ਦੇ ਹੌਸਲੇ ਦੀ ਭਰਪੂਰ ਪ੍ਰਸ਼ੰਸਾ ਕੀਤੀ। ਉਨ੍ਹਾਂ ਕਿਹਾ ਕਿ ਬਾਰਡਰ ਰੋਡਜ਼ ਆਰਗੇਨਾਈਜ਼ੇਸ਼ਨ ਸਿਰਫ਼ ਸੜਕਾਂ ਦਾ ਨਿਰਮਾਣ ਹੀ ਨਹੀਂ ਕਰ ਰਹੀ, ਬਲਕਿ ਦੇਸ਼ ਦੇ ਦੂਰ-ਦੁਰਾਡੇ ਦੇ ਸਰਹੱਦੀ ਪਿੰਡਾਂ ਨੂੰ ਮੁੱਖ ਧਾਰਾ ਨਾਲ ਜੋੜ ਕੇ ਰਾਸ਼ਟਰੀ ਏਕਤਾ ਅਤੇ ਸੁਰੱਖਿਆ ਨੂੰ ਮਜ਼ਬੂਤ ਕਰ ਰਹੀ ਹੈ।

**ਰਣਨੀਤਕ ਮਹੱਤਤਾ:** ਸਰਹੱਦੀ ਖੇਤਰਾਂ ਵਿੱਚ ਬਣ ਰਹੀਆਂ ਸੜਕਾਂ, ਪੁਲ ਅਤੇ ਸੁਰੰਗਾਂ ਭਾਰਤੀ ਫ਼ੌਜ ਦੀ ਤੁਰੰਤ ਤਾਇਨਾਤੀ ਅਤੇ ਹਰ ਮੌਸਮ ਵਿੱਚ ਸੰਪਰਕ ਬਣਾਈ ਰੱਖਣ ਲਈ ਬੇਹੱਦ ਅਹਿਮ ਹਨ।

**ਸਥਾਨਕ ਵਿਕਾਸ:** ਇਹ ਪ੍ਰੋਜੈਕਟ ਸਰਹੱਦੀ ਖੇਤਰਾਂ ਵਿੱਚ ਰਹਿਣ ਵਾਲੇ ਨਾਗਰਿਕਾਂ ਲਈ ਸਿਹਤ, ਸਿੱਖਿਆ ਅਤੇ ਰੋਜ਼ਗਾਰ ਦੇ ਨਵੇਂ ਰਾਹ ਖੋਲ੍ਹ ਰਹੇ ਹਨ।

**ਸਨਮਾਨਿਤ ਕੀਤੇ ਗਏ ਪ੍ਰਮੁੱਖ ਪ੍ਰੋਜੈਕਟ**

ਕਾਨਕਲੇਵ ਦੌਰਾਨ ਲੱਦਾਖ, ਅਰੁਣਾਚਲ ਪ੍ਰਦੇਸ਼, ਉੱਤਰਾਖੰਡ ਅਤੇ ਜੰਮੂ-ਕਸ਼ਮੀਰ ਵਰਗੇ ਅਤਿ-ਸੰਵੇਦਨਸ਼ੀਲ ਤੇ ਮੁਸ਼ਕਿਲ ਭੂਗੋਲਿਕ ਸਥਿਤੀਆਂ ਵਾਲੇ ਇਲਾਕਿਆਂ ਵਿੱਚ ਰਿਕਾਰਡ ਸਮੇਂ ਅੰਦਰ ਪ੍ਰੋਜੈਕਟਾਂ ਨੂੰ ਨੇਪਰੇ ਚਾੜ੍ਹਨ ਵਾਲੀਆਂ ਟੀਮਾਂ ਨੂੰ ਵਿਸ਼ੇਸ਼ ਤੌਰ ’ਤੇ ਸਨਮਾਨਿਤ ਕੀਤਾ ਗਿਆ।

ਲੈਫਟੀਨੈਂਟ ਜਨਰਲ ਹਰਪਾਲ ਸਿੰਘ ਨੇ ਰੱਖਿਆ ਮੰਤਰਾਲੇ ਦਾ ਧੰਨਵਾਦ ਕਰਦਿਆਂ ਭਰੋਸਾ ਦਿਵਾਇਆ ਕਿ BRO ਆਧੁਨਿਕ ਤਕਨੀਕਾਂ ਦੀ ਵਰਤੋਂ ਕਰਕੇ ਦੇਸ਼ ਦੀ ਸੁਰੱਖਿਆ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਨਿਰੰਤਰ ਬਿਹਤਰ ਬੁਨਿਆਦੀ ਢਾਂਚਾ ਤਿਆਰ ਕਰਦਾ ਰਹੇਗਾ।

# ਅਮਰੀਕਾ 'ਚ ਗੂੰਜਿਆ ਸਿੱਖ ਸੁਰੱਖਿਆ ਦਾ ਮੁੱਦਾ

## FBI ਦੀ 'ਆਪਰੇਸ਼ਨ ਹਾਰਡ ਬਾਲ' ਕਾਰਵਾਈ ਦਾ ਸਿੱਖ ਜਥੇਬੰਦੀਆਂ ਵੱਲੋਂ ਵੱਡਾ ਸਵਾਗਤ, ਗੁਰਦੁਆਰਿਆਂ 'ਚ ਲੱਗਣਗੇ ਭਗੌੜੇ ਗੈਂਗਸਟਰਾਂ ਦੇ ਪੋਸਟਰ




### ਅਮਰੀਕਾ, ਕੈਨੇਡਾ, ਸਪੇਨ ਅਤੇ ਫ਼ਰਾਂਸ ਸਮੇਤ ਕਈ ਮੁਲਕਾਂ ਵਿੱਚ ਗ੍ਰਿਫ਼ਤਾਰੀਆਂ; ਲਾਰੈਂਸ ਬਿਸ਼ਨੋਈ, ਗੋਲਡੀ ਬਰਾੜ ਸਮੇਤ ਕਥਿਤ ਭਾਰਤੀ ਸਰਪ੍ਰਸਤਾਂ ਨੂੰ ਅਮਰੀਕਾ ਹਵਾਲੇ ਕਰਨ ਦੀ ਉੱਠੀ ਮੰਗ

ਨਿਊਯਾਰਕ : ਉੱਤਰੀ ਅਮਰੀਕਾ ਵਿੱਚ ਵੱਸਦੇ ਸਿੱਖ ਭਾਈਚਾਰੇ ਦੀ ਸੁਰੱਖਿਆ ਅਤੇ ਹੱਕਾਂ ਲਈ ਕੰਮ ਕਰਦੀਆਂ ਪ੍ਰਮੁੱਖ ਸਿੱਖ ਸੰਸਥਾਵਾਂ, ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਪੰਥਕ ਜਥੇਬੰਦੀਆਂ ਨੇ ਇੱਕ ਇਤਿਹਾਸਕ ਅਤੇ ਅਹਿਮ ਫ਼ੈਸਲਾ ਲਿਆ ਹੈ। 12 ਜੁਲਾਈ 2026 ਨੂੰ ਹੋਈ ਇੱਕ ਹੰਗਾਮੀ ਕਾਨਫਰੰਸ ਕਾਲ ਦੌਰਾਨ, ਅਮਰੀਕਾ ਦੀ ਫੈਡਰਲ ਅਦਾਲਤ (ਸੈਂਟਰਲ ਡਿਸਟ੍ਰਿਕਟ ਆਫ਼ ਕੈਲੀਫ਼ੋਰਨੀਆ) ਵੱਲੋਂ ਭਾਰਤ ਸਰਕਾਰ ਨਾਲ ਕਥਿਤ ਸਬੰਧ ਰੱਖਣ ਵਾਲੇ ਅੰਤਰਰਾਸ਼ਟਰੀ ਅਪਰਾਧਿਕ ਗਿਰੋਹਾਂ ਦੇ ਮੈਂਬਰਾਂ ਵਿਰੁੱਧ ਦਾਇਰ ਕੀਤੇ ਗਏ ਸੰਗੀਨ ਦੋਸ਼-ਪੱਤਰਾਂ (Indictments) 'ਤੇ ਗੰਭੀਰ ਚਰਚਾ ਕੀਤੀ ਗਈ ਅਤੇ ਅਮਰੀਕੀ ਜਾਂਚ ਏਜੰਸੀ FBI ਦੀ ਇਸ ਕਾਰਵਾਈ ਦਾ ਜ਼ੋਰਦਾਰ ਸਵਾਗਤ ਕੀਤਾ ਗਿਆ।

**'ਆਪਰੇਸ਼ਨ ਹਾਰਡ ਬਾਲ': 3 ਸਾਲਾਂ ਦੀ ਗੁਪਤ ਜਾਂਚ ਅਤੇ ਅੰਤਰਰਾਸ਼ਟਰੀ ਗ੍ਰਿਫ਼ਤਾਰੀਆਂ**

ਐਫ਼.ਬੀ.ਆਈ. ਦੇ ਲਾਸ ਏਂਜਲਸ ਫ਼ੀਲਡ ਦਫ਼ਤਰ ਦੇ ਇੰਚਾਰਜ ਸਹਾਇਕ ਡਾਇਰੈਕਟਰ ਪੈਟਰਿਕ ਗ੍ਰੈਂਡੀ ਵੱਲੋਂ ਜਾਰੀ ਵੇਰਵਿਆਂ ਅਨੁਸਾਰ, ਇਸ ਗੁਪਤ ਆਪਰੇਸ਼ਨ ਤਹਿਤ ਦੁਨੀਆ ਭਰ ਵਿੱਚ ਤਾਰਾਂ ਜੋੜ ਕੇ ਵੱਡੀ ਪੱਧਰ 'ਤੇ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ ਹਨ। ਜਾਂਚ ਵਿੱਚ ਸਪੱਸ਼ਟ ਹੋਇਆ ਹੈ ਕਿ ਇਸ ਅਪਰਾਧਿਕ ਨੈੱਟਵਰਕ ਦੇ ਮੈਂਬਰ ਅਮਰੀਕਾ ਅਤੇ ਕੈਨੇਡਾ ਤੋਂ ਇਲਾਵਾ ਯੂਰਪੀਅਨ ਮੁਲਕਾਂ ਵਿੱਚ ਵੀ ਲੁਕੇ ਹੋਏ ਸਨ, ਜਿੱਥੇ ਸਥਾਨਕ ਸੁਰੱਖਿਆ ਏਜੰਸੀਆਂ ਦੇ ਸਹਿਯੋਗ ਨਾਲ ਕਾਰਵਾਈ ਕੀਤੀ ਗਈ ਹੈ:

ਐਫ਼.ਬੀ.ਆਈ. ਦੀ ਜਾਂਚ ਵਿੱਚ ਇਹ ਸਾਫ਼ ਸਾਹਮਣੇ ਆਇਆ ਹੈ ਕਿ ਇਹ ਅੰਤਰਰਾਸ਼ਟਰੀ ਅਪਰਾਧਿਕ ਨੈੱਟਵਰਕ ਉੱਤਰੀ ਅਮਰੀਕਾ ਅਤੇ ਯੂਰਪ ਵਿੱਚ ਦਹਿਸ਼ਤ ਫੈਲਾਉਣ, ਸਿੱਖ ਭਾਈਚਾਰੇ ਨੂੰ ਨਿਸ਼ਾਨਾ ਬਣਾਉਣ ਅਤੇ ਹਿੰਸਕ ਵਾਰਦਾਤਾਂ ਨੂੰ ਅੰਜਾਮ ਦੇਣ ਵਿੱਚ ਸਰਗਰਮ ਸੀ। ਫ਼ਰਾਂਸ ਅਤੇ ਸਪੇਨ ਵਰਗੇ ਯੂਰਪੀ ਦੇਸ਼ਾਂ ਵਿੱਚ ਹੋਈਆਂ ਗ੍ਰਿਫ਼ਤਾਰੀਆਂ ਇਸ ਗੱਲ ਦਾ ਪ੍ਰਤੱਖ ਸਬੂਤ ਹਨ ਕਿ ਇਹ ਨੈੱਟਵਰਕ ਕਿੰਨਾ ਵਿਸ਼ਾਲ ਰੂਪ ਧਾਰਨ ਕਰ ਚੁੱਕਾ ਸੀ।

**ਦੋਸ਼-ਪੱਤਰ ਦਾ ਸਭ ਤੋਂ ਵੱਡਾ ਖ਼ੁਲਾਸਾ:**

ਭਾਰਤ ਦੀ ਜੇਲ੍ਹ ਵਿੱਚ ਬੰਦ ਗੈਂਗਸਟਰ ਲਾਰੈਂਸ ਬਿਸ਼ਨੋਈ ਨੇ ਉੱਤਰੀ ਅਮਰੀਕਾ ਵਿੱਚ ਸਰਗਰਮ ਆਪਣੇ ਗਿਰੋਹ ਰਾਹੀਂ 2023 ਵਿੱਚ ਕੈਨੇਡਾ ਦੇ ਸਿੱਖ ਆਗੂ ਭਾਈ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦੀ ਸਾਜ਼ਿਸ਼ ਰਚੀ ਸੀ। ਦੋਸ਼-ਪੱਤਰ ਵਿੱਚ ਇਹ ਵੀ ਦੋਸ਼ ਲਗਾਇਆ ਗਿਆ ਹੈ ਕਿ ਲਾਰੈਂਸ ਬਿਸ਼ਨੋਈ ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਕਥਿਤ ਨੁਮਾਇੰਦੇ (Proxy) ਵਜੋਂ ਕੰਮ ਕਰ ਰਿਹਾ ਸੀ।

**ਗੋਲਡੀ ਬਰਾੜ 'ਤੇ $50,000 ਦਾ ਇਨਾਮ**

ਸਾਜ਼ਿਸ਼ ਵਿੱਚ ਸ਼ਾਮਲ ਮੁੱਖ ਮੁਲਜ਼ਮ ਸਤਿੰਦਰਜੀਤ ਸਿੰਘ ਉਰਫ਼ 'ਗੋਲਡੀ ਬਰਾੜ' ਅਜੇ ਵੀ ਫ਼ਰਾਰ ਹੈ। ਐਫ਼.ਬੀ.ਆਈ. ਨੇ ਉਸ ਦੀ ਗ੍ਰਿਫ਼ਤਾਰੀ ਵਿੱਚ ਮਦਦ ਕਰਨ ਵਾਲੀ ਸੂਚਨਾ ਦੇਣ ਵਾਲੇ ਲਈ $50,000 ਅਮਰੀਕੀ ਡਾਲਰ ਦੇ ਇਨਾਮ ਦਾ ਐਲਾਨ ਕੀਤਾ ਹੈ।

ਸਿੱਖ ਸੰਸਥਾਵਾਂ ਵੱਲੋਂ ਸਰਬਸੰਮਤੀ ਨਾਲ ਪਾਸ ਕੀਤੇ ਗਏ 5 ਵੱਡੇ ਮਤੇ:

| ਖੇਤਰ/ਦੇਸ਼ | ਗ੍ਰਿਫ਼ਤਾਰੀਆਂ ਦੀ ਗਿਣਤੀ |
|---|---|
| ਕੈਲੀਫ਼ੋਰਨੀਆ (ਅਮਰੀਕਾ) | 11 |
| ਬ੍ਰਿਟਿਸ਼ ਕੋਲੰਬੀਆ (ਵੈਨਕੂਵਰ, ਕੈਨੇਡਾ) | 3 |
| ਇੰਡੀਆਨਾ (ਅਮਰੀਕਾ) | 1 |
| ਜਾਰਜੀਆ (ਅਮਰੀਕਾ) | 1 |
| ਸਪੇਨ | 1 |
| ਫ਼ਰਾਂਸ (France) | ਲੋੜੀਂਦੀ ਕਾਰਵਾਈ ਤਹਿਤ ਗ੍ਰਿਫ਼ਤਾਰੀ |

1. **ਮੁਲਜ਼ਮਾਂ ਦੀ ਅਮਰੀਕਾ ਹਵਾਲਗੀ ਦੀ ਮੰਗ:** ਸਿੱਖ ਜਥੇਬੰਦੀਆਂ ਨੇ ਮੰਗ ਕੀਤੀ ਹੈ ਕਿ ਭਾਰਤ ਦੀ ਹਿਰਾਸਤ ਵਿੱਚ ਮੌਜੂਦ ਲਾਰੈਂਸ ਬਿਸ਼ਨੋਈ ਅਤੇ ਇਸ ਸਾਜ਼ਿਸ਼ ਦੇ ਕਥਿਤ ਸਰਪ੍ਰਸਤਾਂ ਅਮਿਤ ਸ਼ਾਹ ਤੇ ਅਜੀਤ ਡੋਵਾਲ ਨੂੰ ਜਾਂਚ ਲਈ ਤੁਰੰਤ ਅਮਰੀਕਾ ਦੇ ਹਵਾਲੇ ਕੀਤਾ ਜਾਵੇ।
2. **ਗੁਰਦੁਆਰਿਆਂ ਵਿੱਚ ਪੋਸਟਰ ਮੁਹਿੰਮ:** ਅਮਰੀਕਾ ਅਤੇ ਕੈਨੇਡਾ ਦੀਆਂ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਸੰਗਤਾਂ ਨੂੰ ਇਸ ਮਾਮਲੇ ਪ੍ਰਤੀ ਜਾਗਰੂਕ ਕਰਨ ਅਤੇ ਭਗੌੜੇ ਅਪਰਾਧੀਆਂ ਦੇ ਪੋਸਟਰ ਗੁਰਦੁਆਰਾ ਸਾਹਿਬਾਨਾਂ ਦੇ ਬੋਰਡਾਂ 'ਤੇ ਲਗਾਉਣ।
3. **ਜਾਂਚ ਵਿੱਚ ਸਹਿਯੋਗ:** ਜੇਕਰ ਕਿਸੇ ਵੀ ਨਾਗਰਿਕ ਕੋਲ ਲੋੜੀਂਦੇ ਮੁਲਜ਼ਮਾਂ ਬਾਰੇ ਕੋਈ ਜਾਣਕਾਰੀ ਹੈ (ਚਾਹੇ ਉਹ ਅਮਰੀਕਾ, ਕੈਨੇਡਾ, ਸਪੇਨ ਜਾਂ ਫ਼ਰਾਂਸ ਵਿੱਚ ਹੋਵੇ), ਤਾਂ ਉਹ ਤੁਰੰਤ ਐਫ਼.ਬੀ.ਆਈ. ਅਤੇ ਸਥਾਨਕ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨਾਲ ਸਾਂਝੀ ਕਰੇ।
4. **ਭਾਈ ਜਸਵੰਤ ਸਿੰਘ ਖਾਲੜਾ ਨੂੰ ਸਮਰਪਿਤ ਸਮਾਗਮ:** ਮਨੁੱਖੀ ਅਧਿਕਾਰਾਂ ਦੇ ਮਹਾਨ ਯੋਧੇ ਭਾਈ ਜਸਵੰਤ ਸਿੰਘ ਖਾਲੜਾ ਦੀ ਯਾਦ ਵਿੱਚ ਵਿਸ਼ੇਸ਼ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ ਉਲੀਕੇ ਜਾਣਗੇ।
5. **ਫ਼ਿਲਮ 'ਸਤਲੁਜ' ਦਾ ਪ੍ਰਦਰਸ਼ਨ:** ਭਾਈ ਜਸਵੰਤ ਸਿੰਘ ਖਾਲੜਾ ਦੇ ਜੀਵਨ ਅਤੇ ਸੰਘਰਸ਼ 'ਤੇ ਅਧਾਰਿਤ ਫ਼ਿਲਮ 'ਸਤਲੁਜ' ਦੇ ਜਨਤਕ ਥਾਵਾਂ 'ਤੇ ਸ਼ੋਅ ਕਰਵਾ ਕੇ ਨਵੀਂ ਪੀੜ੍ਹੀ ਨੂੰ ਅਧਿਕਾਰਾਂ ਪ੍ਰਤੀ ਜਾਗਰੂਕ ਕੀਤਾ ਜਾਵੇਗਾ।

**ਇਸ ਸਾਂਝੇ ਐਲਾਨਨਾਮੇ ਨੂੰ ਸਮਰਥਨ ਦੇਣ ਵਾਲੇ ਮੁੱਖ ਸਿੱਖ ਆਗੂ:**

ਸ. ਹਿੰਮਤ ਸਿੰਘ (ਕੋਆਰਡੀਨੇਟਰ-ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ- SCCEC), ਡਾ. ਪ੍ਰਿਤਪਾਲ ਸਿੰਘ ਅਤੇ ਜਸਵੰਤ ਸਿੰਘ ਹੋਠੀ (ਕੋਆਰਡੀਨੇਟਰ ਤੇ ਪ੍ਰਧਾਨ - ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ- AGPC) ਸ. ਦੇਵਿੰਦਰ ਬੋਪਾਰਾਏ (ਪ੍ਰਧਾਨ - ਸਿੱਖ ਕਲਚਰਲ ਸੋਸਾਇਟੀ, ਨਿਊਯਾਰਕ), ਸ. ਹਰਜਿੰਦਰ ਸਿੰਘ (ਕਾਰਜਕਾਰੀ ਡਾਇਰੈਕਟਰ - ਅਮਰੀਕਨ ਸਿੱਖ ਕਾਕਸ ਕਮੇਟੀ - ASCC), ਸ. ਜੋਗਾ ਸਿੰਘ ਅਤੇ ਸੁਰਜੀਤ ਸਿੰਘ ਕੁਲਾਰ (ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਅਮਰੀਕਾ/ਨਿਊ ਜਰਸੀ ਚੈਪਟਰ), ਸ. ਬਲਵਿੰਦਰ ਸਿੰਘ ਚੱਠਾ ਅਤੇ ਸ. ਭਗਤ ਸਿੰਘ (ਵਰਲਡ ਸਿੱਖ ਪਾਰਲੀਮੈਂਟ - WSP), ਸ. ਜਸਵਿੰਦਰ ਸਿੰਘ ਜੰਡੀ (ਗੁਰਦੁਆਰਾ ਫਰੀਮਾਂਟ, ਕੈਲੀਫੋਰਨੀਆ), ਸ. ਕੁਲਜੀਤ ਸਿੰਘ ਨਿੱਝਰ (ਸਟਾਕਟਨ ਗੁਰਦੁਆਰਾ, ਕੈਲੀਫੋਰਨੀਆ), ਸ. ਦੇਵਿੰਦਰ ਸਿੰਘ ਦਿਓ (ਸਿੰਘ ਸਭਾ ਗੁਰਦੁਆਰਾ, ਵਰਜੀਨੀਆ), ਸ. ਸੰਤੋਖ ਸਿੰਘ (ਵਰਲਡ ਸਿੱਖ ਪਾਰਲੀਮੈਂਟ, ਇੰਡੀਆਨਾ), ਸ. ਸੁਰਿੰਦਰ ਗਿੱਲ (ਸਿੰਘ ਸਭਾ ਗੁਰਦੁਆਰਾ, ਡੈਲਸ, ਟੈਕਸਾਸ), ਡਾ. ਹਰਦਮ ਸਿੰਘ ਆਜ਼ਾਦ (ਨੈਸ਼ਨਲ ਸਿੱਖ ਸੈਂਟਰ, ਹਿਊਸਟਨ, ਟੈਕਸਾਸ), ਸ. ਬਲਕਾ ਸਿੰਘ (ਸਿੱਖ ਯੂਥ ਆਫ਼ ਅਮਰੀਕਾ), ਸ. ਹਰਪਾਲ ਸਿੰਘ (ਗੁਰਦੁਆਰਾ ਸੀਐਟਲ, ਵਾਸ਼ਿੰਗਟਨ)

# ਮੋਹਾਲੀ 'ਚ ਸਿਆਸੀ ਸਰਗਰਮੀ: ਮਨੀਸ਼ ਸਿਸੋਦੀਆ ਤੇ ਮੰਤਰੀ ਬਰਿੰਦਰ ਗੋਇਲ ਦੇ ਵੱਡੇ ਬਿਆਨ

## ਰਾਮ ਮੰਦਰ ਫੰਡ ਵਿਵਾਦ, 'ਸਤਲੁਜ' ਫ਼ਿਲਮ, ਭਾਰਤ-ਅਮਰੀਕਾ ਵਪਾਰ ਸਮਝੌਤੇ ਅਤੇ ਪੰਜਾਬੀਆਂ 'ਤੇ ਪ੍ਰਭਾਵ ਸਮੇਤ ਕਈ ਭਖਦੇ ਮੁੱਦਿਆਂ 'ਤੇ ਘੇਰੀ ਕੇਂਦਰ ਸਰਕਾਰ!








ਮੋਹਾਲੀ (ਪੰਜਾਬ) : ਪੰਜਾਬ ਦੇ ਉਦਯੋਗਿਕ ਅਤੇ ਸਿਆਸੀ ਕੇਂਦਰ ਮੋਹਾਲੀ ਵਿਖੇ ਆਮ ਆਦਮੀ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਦੀ ਇੱਕ ਅਹਿਮ ਪ੍ਰੈੱਸ ਕਾਨਫਰੰਸ ਅਤੇ ਮੀਟਿੰਗ ਹੋਈ। ਇਸ ਦੌਰਾਨ ਆਪ (AAP) ਦੇ ਸੀਨੀਅਰ ਆਗੂ ਮਨੀਸ਼ ਸਿਸੋਦੀਆ ਅਤੇ ਪੰਜਾਬ ਦੇ ਕੈਬਨਿਟ ਮੰਤਰੀ ਬਰਿੰਦਰ ਗੋਇਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੇਸ਼ ਅਤੇ ਪੰਜਾਬ ਨਾਲ ਜੁੜੇ ਕਈ ਗੰਭੀਰ ਮੁੱਦਿਆਂ 'ਤੇ ਆਪਣਾ ਪੱਖ ਰੱਖਿਆ ਅਤੇ ਕੇਂਦਰ ਦੀਆਂ ਨੀਤੀਆਂ 'ਤੇ ਤਿੱਖੇ ਨਿਸ਼ਾਨੇ ਸਾਧੇ। ਸਾਹਮਣੇ ਆਈਆਂ ਤਸਵੀਰਾਂ ਅਤੇ ਵੀਡੀਓਜ਼ (Visuals) ਵਿੱਚ ਦੋਵਾਂ ਆਗੂਆਂ ਨੂੰ ਬੇਹੱਦ ਹਮਲਾਵਰ ਅਤੇ ਤੱਥ-ਆਧਾਰਿਤ ਅੰਦਾਜ਼ ਵਿੱਚ ਵੱਖ-ਵੱਖ ਰਣਨੀਤਕ ਮੁੱਦਿਆਂ 'ਤੇ ਬੋਲਦਿਆਂ ਦੇਖਿਆ ਜਾ ਸਕਦਾ ਹੈ। ਮੀਟਿੰਗ ਅਤੇ ਪ੍ਰੈੱਸ ਕਾਨਫਰੰਸ ਦੌਰਾਨ ਆਗੂਆਂ ਨੇ ਹੇਠ ਲਿਖੇ ਮਹੱਤਵਪੂਰਨ ਮੁੱਦਿਆਂ 'ਤੇ ਖੁੱਲ੍ਹ ਕੇ ਚਰਚਾ ਕੀਤੀ:

1. ਰਾਮ ਮੰਦਰ ਦਾਨ ਵਿਵਾਦ ਅਤੇ ਹਨੂਮਾਨ ਚਾਲੀਸਾ ਪ੍ਰੋਗਰਾਮ (Ram Mandir & Hanuman Chalisa)

ਦਾਨ ਵਿਵਾਦ 'ਤੇ ਘੇਰਿਆ: ਮਨੀਸ਼ ਸਿਸੋਦੀਆ ਨੇ ਰਾਮ ਮੰਦਰ ਦੇ ਨਿਰਮਾਣ ਲਈ ਇਕੱਠੇ ਕੀਤੇ ਗਏ ਫੰਡਾਂ ਅਤੇ ਦਾਨ ਵਿੱਚ ਹੋਈ ਕਥਿਤ ਬੇਨਿਯਮੀਆਂ ਦੇ ਵਿਵਾਦ 'ਤੇ ਬੋਲਦਿਆਂ ਕਿਹਾ ਕਿ ਸ਼ਰਧਾਲੂਆਂ ਦੀ ਆਸਥਾ ਨਾਲ ਖਿਲਵਾੜ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਮੰਗ ਕੀਤੀ ਕਿ ਇਸ ਪੂਰੇ ਫੰਡ ਦੀ ਪਾਰਦਰਸ਼ੀ ਜਾਂਚ ਹੋਣੀ ਚਾਹੀਦੀ ਹੈ।

ਹਨੂਮਾਨ ਚਾਲੀਸਾ ਪ੍ਰੋਗਰਾਮ: ਇਸ ਦੇ ਨਾਲ ਹੀ ਪਾਰਟੀ ਵੱਲੋਂ ਅਧਿਆਤਮਿਕ ਅਤੇ ਸਮਾਜਿਕ ਸਾਂਝ ਵਧਾਉਣ ਲਈ ਉਲੀਕੇ ਗਏ ਵਿਸ਼ੇਸ਼ 'ਹਨੂਮਾਨ ਚਾਲੀਸਾ ਪ੍ਰੋਗਰਾਮ' ਬਾਰੇ ਵੀ ਜਾਣਕਾਰੀ ਸਾਂਝੀ ਕੀਤੀ ਗਈ, ਜਿਸ ਨੂੰ ਲੋਕਾਂ ਵਿੱਚ ਭਰਵਾਂ ਹੁੰਗਾਰਾ ਮਿਲ ਰਿਹਾ ਹੈ।

2. ਪ੍ਰਧਾਨ ਮੰਤਰੀ ਨੂੰ ਪੱਤਰ ਅਤੇ ਅਰਵਿੰਦ ਕੇਜਰੀਵਾਲ ਦਾ 520 ਪੱਤਰ

ਪੰਜਾਬ ਦੇ ਹੱਕਾਂ ਲਈ ਚਿੱਠੀ: ਕੈਬਨਿਟ ਮੰਤਰੀ ਬਰਿੰਦਰ ਗੋਇਲ ਨੇ ਦੱਸਿਆ ਕਿ ਪੰਜਾਬ ਦੇ ਲਟਕਦੇ ਮਸਲਿਆਂ, ਖਾਸ ਕਰਕੇ ਦਿਹਾਤੀ ਵਿਕਾਸ ਫੰਡ (RDF) ਅਤੇ ਜੀ.ਐਸ.ਟੀ. ਦੇ ਬਕਾਏ ਸਬੰਧੀ ਪ੍ਰਧਾਨ ਮੰਤਰੀ ਨੂੰ ਮੁੜ ਪੱਤਰ ਲਿਖ ਕੇ ਤੁਰੰਤ ਦਖ਼ਲ ਦੇਣ ਦੀ ਮੰਗ ਕੀਤੀ ਗਈ ਹੈ।

520 ਪੱਤਰ ਅਤੇ ਵਾਤਾਵਰਣ: ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਵੱਲੋਂ ਲਿਖੇ ਗਏ ਵਿਸ਼ੇਸ਼ '520 ਪੱਤਰ' ਦਾ ਜ਼ਿਕਰ ਕਰਦਿਆਂ ਸਿਸੋਦੀਆ ਨੇ ਕਿਹਾ ਕਿ ਦੇਸ਼ ਵਿੱਚ ਪ੍ਰਦੂਸ਼ਣ ਨੂੰ ਘਟਾਉਣ ਅਤੇ ਈਂਧਨ ਦੇ ਬਦਲ ਵਜੋਂ 520 (ਐਥੇਨੌਲ ਬਲੈਂਡਿੰਗ) ਨੀਤੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਪੰਜਾਬ ਦੇ ਕਿਸਾਨ ਇੱਕ ਅਹਿਮ ਭੂਮਿਕਾ ਨਿਭਾ ਸਕਦੇ ਹਨ, ਪਰ ਕੇਂਦਰ ਨੂੰ ਇਸ ਲਈ ਢੁਕਵੀਂ ਸਹਾਇਤਾ ਦੇਣੀ ਪਵੇਗੀ।

3. 'ਸਤਲੁਜ' ਫ਼ਿਲਮ ਅਤੇ ਪੰਜਾਬੀ ਸੱਭਿਆਚਾਰ

ਪਾਣੀਆਂ ਦੇ ਮੁੱਦੇ 'ਤੇ ਚਰਚਾ: ਪੰਜਾਬ ਦੇ ਪਾਣੀਆਂ ਅਤੇ ਇਤਿਹਾਸਕ ਸੰਦਰਭ 'ਤੇ ਬਣੀ ਫ਼ਿਲਮ 'ਸਤਲੁਜ' ਦੇ ਮੁੱਦੇ 'ਤੇ ਬੋਲਦਿਆਂ ਬਰਿੰਦਰ ਗੋਇਲ ਨੇ ਕਿਹਾ ਕਿ ਪੰਜਾਬ ਦੇ ਦਰਿਆਈ ਪਾਣੀਆਂ 'ਤੇ ਸਿਰਫ਼ ਤੇ ਸਿਰਫ਼ ਪੰਜਾਬ ਦਾ ਹੱਕ ਹੈ। ਅਜਿਹੀਆਂ ਕਲਾਤਮਕ ਪੇਸ਼ਕਾਰੀਆਂ ਪੰਜਾਬ ਦੇ ਅਸਲ ਦਰਦ ਅਤੇ ਇਤਿਹਾਸ ਨੂੰ ਦੁਨੀਆ ਸਾਹਮਣੇ ਲਿਆਉਂਦੀਆਂ ਹਨ ਅਤੇ ਸਰਕਾਰ ਪੰਜਾਬ ਦੀ ਵਿਰਾਸਤ ਨਾਲ ਖਿਲਵਾੜ ਨਹੀਂ ਹੋਣ ਦੇਵੇਗੀ।

4. ਭਾਰਤ-ਅਮਰੀਕਾ ਵਪਾਰ ਸਮਝੌਤਾ ਅਤੇ ਪੰਜਾਬੀਆਂ 'ਤੇ ਪ੍ਰਭਾਵ

ਪੰਜਾਬੀ ਡਾਇਸਪੋਰਾ ਅਤੇ ਖੇਤੀਬਾੜੀ 'ਤੇ ਅਸਰ: ਆਗੂਆਂ ਨੇ ਭਾਰਤ ਅਤੇ ਅਮਰੀਕਾ ਵਿਚਾਲੇ ਹੋਣ ਵਾਲੇ ਸੰਭਾਵਿਤ ਵਪਾਰਕ ਸਮਝੌਤੇ 'ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਇਸ ਡੀਲ ਦਾ ਸਿੱਧਾ ਅਸਰ ਪੰਜਾਬ ਦੀ ਕਿਸਾਨੀ ਅਤੇ ਵਿਦੇਸ਼ਾਂ (ਖਾਸ ਕਰਕੇ ਅਮਰੀਕਾ) ਵਿੱਚ ਰਹਿੰਦੇ ਲੱਖਾਂ ਪੰਜਾਬੀ ਪ੍ਰਵਾਸੀਆਂ 'ਤੇ ਪਵੇਗਾ।

ਸਥਾਨਕ ਹਿੱਤਾਂ ਦੀ ਰਾਖੀ: ਉਨ੍ਹਾਂ ਮੰਗ ਕੀਤੀ ਕਿ ਕੇਂਦਰ ਸਰਕਾਰ ਕੋਈ ਵੀ ਅਜਿਹਾ ਵਪਾਰਕ ਸਮਝੌਤਾ ਨਾ ਕਰੇ ਜਿਸ ਨਾਲ ਪੰਜਾਬ ਦੇ ਛੋਟੇ ਵਪਾਰੀਆਂ, ਖੇਤੀਬਾੜੀ ਸੈਕਟਰ ਅਤੇ ਆਈ.ਟੀ. ਪੇਸ਼ੇਵਰਾਂ ਦੇ ਹਿੱਤਾਂ ਨੂੰ ਨੁਕਸਾਨ ਪਹੁੰਚੇ।

# ਮਿਆਂਮਾਰ ਤੱਟ ਨੇੜੇ ਭਿਆਨਕ ਸਮੁੰਦਰੀ ਤ੍ਰਾਸਦੀ

## ਸ਼ਰਨਾਰਥੀਆਂ ਦੀਆਂ ਦੋ ਕਿਸ਼ਤੀਆਂ ਡੁੱਬਣ ਕਾਰਨ 500 ਤੋਂ ਵੱਧ ਲੋਕਾਂ ਦੇ ਮਾਰੇ ਜਾਣ ਦਾ ਖ਼ਦਸ਼ਾ, UN ਵੱਲੋਂ ਹਾਈ-ਅਲਰਟ ਚੇਤਾਵਨੀ

### ਬਿਹਤਰ ਜ਼ਿੰਦਗੀ ਦੀ ਭਾਲ 'ਚ ਮੌਤ ਦੇ ਮੂੰਹ ਪਏ ਸੈਂਕੜੇ ਰੋਹਿੰਗਿਆ ਸ਼ਰਨਾਰਥੀ; ਅੰਡੇਮਾਨ ਅਤੇ ਬੰਗਾਲ ਦੀ ਖਾੜੀ ਬਣੀ ਦੁਨੀਆ ਦਾ ਸਭ ਤੋਂ ਖ਼ਤਰਨਾਕ ਸਮੁੰਦਰੀ ਰਸਤਾ

ਯਾਂਗੋਨ/ਜਿਨੀਵਾ : ਮਿਆਂਮਾਰ ਦੇ ਸਮੁੰਦਰੀ ਤੱਟ ਨੇੜੇ ਇੱਕ ਦਿਲ ਕੰਬਾਊ ਅਤੇ ਅਤਿ-ਦਰਦਨਾਕ ਹਾਦਸਾ ਸਾਹਮਣੇ ਆਇਆ ਹੈ, ਜਿੱਥੇ ਸ਼ਰਨਾਰਥੀਆਂ ਨਾਲ ਨੱਕੋ-ਨੱਕ ਭਰੀਆਂ ਦੋ ਕਿਸ਼ਤੀਆਂ ਦੇ ਸਮੁੰਦਰ ਵਿੱਚ ਡੁੱਬਣ ਕਾਰਨ 500 ਤੋਂ ਵੱਧ ਬੇਗੁਨਾਹ ਲੋਕਾਂ ਦੇ ਮਾਰੇ ਜਾਣ ਦਾ ਖ਼ਦਸ਼ਾ ਪ੍ਰਗਟਾਇਆ ਜਾ ਰਿਹਾ ਹੈ। ਸੰਯੁਕਤ ਰਾਸ਼ਟਰ (UN) ਦੀਆਂ ਦੋ ਪ੍ਰਮੁੱਖ ਏਜੰਸੀਆਂ—ਸ਼ਰਨਾਰਥੀ ਮਾਮਲਿਆਂ ਦੀ ਸੰਸਥਾ (UNHCR) ਅਤੇ ਅੰਤਰਰਾਸ਼ਟਰੀ ਪ੍ਰਵਾਸ ਸੰਗਠਨ (IOM)—ਨੇ ਵੀਰਵਾਰ ਨੂੰ ਇੱਕ ਸਾਂਝਾ ਐਮਰਜੈਂਸੀ ਬਿਆਨ ਜਾਰੀ ਕਰਦਿਆਂ ਇਸ ਮਾਨਵੀ ਤ੍ਰਾਸਦੀ 'ਤੇ ਡੂੰਘੇ ਦੁੱਖ ਅਤੇ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ।

ਇਹ ਸ਼ਰਨਾਰਥੀ, ਜਿਨ੍ਹਾਂ ਵਿੱਚ ਜ਼ਿਆਦਾਤਰ ਮਿਆਂਮਾਰ ਦੇ ਅੱਤਿਆਚਾਰ-ਪੀੜਤ ਰੋਹਿੰਗਿਆ ਮੁਸਲਿਮ ਅਤੇ ਕੁਝ ਬੰਗਲਾਦੇਸ਼ੀ ਨਾਗਰਿਕ ਸ਼ਾਮਲ ਸਨ, ਆਪਣੀ ਜਾਨ ਬਚਾਉਣ ਅਤੇ ਮਾਨਵੀ ਸਨਮਾਨ ਵਾਲੀ ਜ਼ਿੰਦਗੀ ਦੀ ਭਾਲ ਵਿੱਚ ਸਮੁੰਦਰ ਦੇ ਰਸਤੇ ਮਲੇਸ਼ੀਆ, ਇੰਡੋਨੇਸ਼ੀਆ ਜਾਂ ਥਾਈਲੈਂਡ ਵਰਗੇ ਸੁਰੱਖਿਅਤ ਮੁਲਕਾਂ ਵੱਲ ਹਿਜਰਤ ਕਰ ਰਹੇ ਸਨ।

ਕਿਵੇਂ ਅਤੇ ਕਦੋਂ ਵਾਪਰਿਆ ਇਹ ਭਿਆਨਕ ਹਾਦਸਾ?

ਪ੍ਰਾਪਤ ਹੋਈਆਂ ਮੁੱਢਲੀਆਂ ਰਿਪੋਰਟਾਂ ਅਤੇ ਖੁਫੀਆ ਜਾਣਕਾਰੀਆਂ ਅਨੁਸਾਰ, ਇਹ ਦੋਵੇਂ ਕਿਸ਼ਤੀਆਂ ਜੂਨ ਦੇ ਆਖ਼ਰੀ ਹਫ਼ਤੇ ਮਿਆਂਮਾਰ ਦੇ ਅਸ਼ਾਂਤ ਰੱਖ਼ਾਈਨ (Rakhine) ਸੂਬੇ ਤੋਂ ਰਵਾਨਾ ਹੋਈਆਂ ਸਨ। ਇਨ੍ਹਾਂ ਵਿੱਚ ਬੰਗਲਾਦੇਸ਼ ਦੇ ਬੇਹੱਦ ਭੀੜ-ਭੜੱਕੇ ਅਤੇ ਤਰਸਯੋਗ ਹਾਲਤਾਂ ਵਾਲੇ ਸ਼ਰਨਾਰਥੀ ਕੈਂਪਾਂ ਤੋਂ ਆਪਣੀ ਕਿਸਮਤ ਅਜ਼ਮਾਉਣ ਲਈ ਭੱਜੇ ਲੋਕ ਵੀ ਸਵਾਰ ਸਨ।



ਫੋਟੋ ਕ੍ਰੈਡਿਟ: Resource Database (Unsplash+)

ਪਹਿਲੀ ਕਿਸ਼ਤੀ (ਲਾਪਤਾ): ਇਸ ਵਿੱਚ ਕਰੀਬ 250 ਸ਼ਰਨਾਰਥੀ ਸਵਾਰ ਸਨ। ਰਵਾਨਾ ਹੋਣ ਤੋਂ ਕੁਝ ਹੀ ਸਮੇਂ ਬਾਅਦ ਇਸ ਕਿਸ਼ਤੀ ਦਾ ਸੰਪਰਕ ਪੂਰੀ ਤਰ੍ਹਾਂ ਟੁੱਟ ਗਿਆ ਅਤੇ ਹੁਣ ਇਸ ਦੇ ਸਮੁੰਦਰ ਵਿੱਚ ਗਰਕ ਹੋਣ ਦਾ ਪੂਰਾ ਖ਼ਦਸ਼ਾ ਹੈ।

ਦੂਜੀ ਕਿਸ਼ਤੀ (ਡੁੱਬੀ): ਇਸ ਵਿੱਚ ਲਗਭਗ 280 ਲੋਕ ਸਵਾਰ ਸਨ। ਖ਼ਬਰ ਹੈ ਕਿ 8 ਜੁਲਾਈ ਨੂੰ ਮਿਆਂਮਾਰ ਦੇ ਇਰਾਵਦੀ (Irrawaddy) ਤੱਟ ਨੇੜੇ ਖ਼ਰਾਬ ਮੌਸਮ ਅਤੇ ਭਾਰੀ ਲਹਿਰਾਂ ਦੀ ਲਪੇਟ ਵਿੱਚ ਆਉਣ ਕਾਰਨ ਇਹ ਕਿਸ਼ਤੀ ਸਮੁੰਦਰ ਵਿੱਚ ਡੁੱਬ ਗਈ।

ਸੰਯੁਕਤ ਰਾਸ਼ਟਰ (UN) ਦਾ ਅਧਿਕਾਰਤ ਬਿਆਨ: 'ਹਾਲਾਂਕਿ ਇਨ੍ਹਾਂ ਹਾਦਸਿਆਂ ਅਤੇ ਜਾਨੀ ਨੁਕਸਾਨ ਦੇ ਅੰਕੜਿਆਂ ਦੀ ਅਧਿਕਾਰਤ ਪੁਸ਼ਟੀ ਹੋਣੀ ਅਜੇ ਬਾਕੀ ਹੈ, ਪਰ UNHCR ਅਤੇ IOM ਇੰਨੀ ਵੱਡੀ ਗਿਣਤੀ ਵਿੱਚ ਹੋਏ ਕਥਿਤ ਜਾਨੀ ਨੁਕਸਾਨ ਤੋਂ ਬੇਹੱਦ ਚਿੰਤਤ ਹਨ। ਇਹ ਮੰਦਭਾਗਾ ਸਫ਼ਰ ਬੇਹੱਦ ਖ਼ਤਰਨਾਕ ਮੌਨਸੂਨ ਦੌਰਾਨ ਕੀਤਾ ਗਿਆ, ਜਦੋਂ ਸਮੁੰਦਰੀ ਹਾਲਾਤ ਪੂਰੀ ਤਰ੍ਹਾਂ ਜਾਨਲੇਵਾ ਹੁੰਦੇ ਹਨ।'

ਰੋਹਿੰਗਿਆ ਮੁਸਲਿਮ ਜਾਨ ਦੀ ਬਾਜ਼ੀ ਲਗਾਉਣ ਲਈ ਕਿਉਂ ਹਨ ਮਜਬੂਰ?

ਮਿਆਂਮਾਰ ਵਿੱਚ ਲੰਬੇ ਸਮੇਂ ਤੋਂ ਨਸਲੀ ਹਿੰਸਾ ਅਤੇ ਰਾਜਸੀ ਅੱਤਿਆਚਾਰਾਂ ਦਾ ਸ਼ਿਕਾਰ ਹੋ ਰਹੇ ਰੋਹਿੰਗਿਆ ਭਾਈਚਾਰੇ ਦੀ ਹਾਲਤ ਬੇਹੱਦ ਤਰਸਯੋਗ ਬਣੀ ਹੋਈ ਹੈ। ਉਹ ਹੇਠ ਲਿਖੇ ਮੁੱਖ ਕਾਰਨਾਂ ਕਰਕੇ ਮੌਤ ਦੇ ਸਫ਼ਰ 'ਤੇ ਨਿਕਲਣ ਲਈ ਮਜਬੂਰ ਹਨ:

1. ਨਾਗਰਿਕਤਾ ਤੋਂ ਵਾਂਝੇ: ਮਿਆਂਮਾਰ ਦੀ ਫ਼ੌਜੀ ਹਕੂਮਤ ਰੋਹਿੰਗਿਆ ਭਾਈਚਾਰੇ ਨੂੰ ਆਪਣੇ ਦੇਸ਼ ਦੇ ਨਾਗਰਿਕ ਮੰਨਣ ਤੋਂ ਸਾਫ਼ ਇਨਕਾਰ ਕਰਦੀ ਹੈ ਅਤੇ ਉਨ੍ਹਾਂ ਨੂੰ ਗ਼ੈਰ-ਕਾਨੂੰਨੀ ਬੰਗਾਲੀ ਪ੍ਰਵਾਸੀ ਗਰਦਾਨਦੀ ਹੈ।
2. 2017 ਦਾ ਫ਼ੌਜੀ ਕਤਲੇਆਮ: ਸਾਲ 2017 ਵਿੱਚ ਮਿਆਂਮਾਰ ਦੀ ਫ਼ੌਜ ਵੱਲੋਂ ਰੱਖ਼ਾਈਨ ਸੂਬੇ ਵਿੱਚ ਚਲਾਈ ਗਈ ਬੇਰਹਿਮ ਹਿੰਸਕ ਮੁਹਿੰਮ (Ethnic Cleansing) ਤੋਂ ਬਾਅਦ ਲਗਭਗ 7,30,000 ਰੋਹਿੰਗਿਆ ਆਪਣੀ ਜਾਨ ਬਚਾ ਕੇ ਗੁਆਂਢੀ ਦੇਸ਼ ਬੰਗਲਾਦੇਸ਼ ਦੇ ਕੈਂਪਾਂ ਵਿੱਚ ਪਨਾਹ ਲੈਣ ਲਈ ਮਜਬੂਰ ਹੋਏ ਸਨ।
3. ਮਿਆਂਮਾਰ ਦਾ ਭਿਆਨਕ ਗ੍ਰਹਿ ਯੁੱਧ: ਸਾਲ 2021 ਵਿੱਚ ਹੋਏ ਫ਼ੌਜੀ ਤਖ਼ਤਾਪਲਟ ਤੋਂ ਬਾਅਦ ਮਿਆਂਮਾਰ ਵਿੱਚ ਹਾਲਾਤ ਬਦਤਰ ਹੋ ਚੁੱਕੇ ਹਨ। ਰੱਖ਼ਾਈਨ ਸੂਬੇ ਵਿੱਚ ਮਿਆਂਮਾਰ ਦੀ ਸਰਕਾਰੀ ਫ਼ੌਜ ਅਤੇ ਸ਼ਕਤੀਸ਼ਾਲੀ ਬਾਗੀ ਜਥੇਬੰਦੀ 'ਅਰਾਕਾਨ ਆਰਮੀ' (Arakan Army) ਵਿਚਕਾਰ ਚੱਲ ਰਹੀ ਖ਼ੂਨੀ ਜੰਗ ਵਿੱਚ ਇਹ ਸ਼ਰਨਾਰਥੀ ਦੋਹਰੀ ਮਾਰ ਝੱਲ ਰਹੇ ਹਨ, ਜਿਸ ਕਾਰਨ ਉਹ ਕਿਸੇ ਵੀ ਕੀਮਤ 'ਤੇ ਉੱਥੋਂ ਨਿਕਲਣਾ ਚਾਹੁੰਦੇ ਹਨ।

ਅੰਕੜਿਆਂ ਦੀ ਜ਼ੁਬਾਨੀ: ਮੌਤ ਦਾ ਸਮੁੰਦਰੀ ਰਸਤਾ

ਅੰਡੇਮਾਨ ਸਾਗਰ ਅਤੇ ਬੰਗਾਲ ਦੀ ਖਾੜੀ ਅੱਜ ਦੇ ਸਮੇਂ ਵਿੱਚ ਵਿਸ਼ਵ ਦੇ ਸਭ ਤੋਂ ਘਾਤਕ ਅਤੇ ਖ਼ੂਨੀ ਸ਼ਰਨਾਰਥੀ ਰੂਟਾਂ ਵਿੱਚੋਂ ਇੱਕ ਬਣ ਚੁੱਕੇ ਹਨ। ਹੇਠਾਂ ਦਿੱਤੇ ਅੰਕੜੇ ਇਸ ਗੰਭੀਰ ਸਥਿਤੀ ਦੀ ਗਵਾਹੀ ਭਰਦੇ ਹਨ:

ਪਿਛਲੇ ਸਾਲ (2025) ਲਗਭਗ 900 ਰੋਹਿੰਗਿਆ ਸ਼ਰਨਾਰਥੀ

ਚਾਲੂ ਸਾਲ (2026) ਹੁਣ ਤੱਕ ਲਗਭਗ 300 ਲੋਕ (ਇਸ ਤਾਜ਼ਾ ਹਾਦਸੇ ਦੇ ਅੰਕੜਿਆਂ ਤੋਂ ਬਿਨਾਂ)

ਨੋਟ: ਇਸ ਤੋਂ ਪਹਿਲਾਂ ਨਵੰਬਰ ਵਿੱਚ ਵੀ ਥਾਈਲੈਂਡ-ਮਲੇਸ਼ੀਆ ਸਰਹੱਦ ਨੇੜੇ ਲੰਕਾਵੀ ਕੋਲ ਰੋਹਿੰਗਿਆ ਲੋਕਾਂ ਨਾਲ ਭਰੀ ਇੱਕ ਕਿਸ਼ਤੀ ਡੁੱਬ ਗਈ ਸੀ, ਜਿਸ ਵਿੱਚੋਂ ਸਿਰਫ਼ ਇੱਕ ਦਰਜਨ ਦੇ ਕਰੀਬ ਲੋਕ ਹੀ ਜ਼ਿੰਦਾ ਬਚ ਸਕੇ ਸਨ।

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਸਮੁੰਦਰੀ ਕੰਟੇਨਰਾਂ ਰਾਹੀਂ ਕੈਨੇਡਾ ਭੇਜਣ 'ਤੇ ਭੜਕਿਆ ਸਿੱਖ ਪੰਥ

## ਅੰਮ੍ਰਿਤਸਰ 'ਚ SGPC ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦਾ ਫੂਕਿਆ ਪੁਤਲਾ !



ਅੰਮ੍ਰਿਤਸਰ: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਨੂੰ ਵਪਾਰਕ ਸਮੁੰਦਰੀ ਕੰਟੇਨਰਾਂ ਰਾਹੀਂ ਕੈਨੇਡਾ ਭੇਜਣ ਦੇ ਮਾਮਲੇ ਨੇ ਸਿੱਖ ਜਗਤ ਵਿੱਚ ਇੱਕ ਵੱਡਾ ਤੂਫ਼ਾਨ ਖੜ੍ਹਾ ਕਰ ਦਿੱਤਾ ਹੈ। ਇਸ ਘੋਰ ਬੇਅਦਬੀ ਅਤੇ ਮਰਿਆਦਾ ਦੇ ਉਲੰਘਣ ਵਿਰੁੱਧ ਰੋਸ ਪ੍ਰਗਟ ਕਰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਦੇ ਮੈਂਬਰਾਂ ਵੱਲੋਂ ਅੰਮ੍ਰਿਤਸਰ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦਾ ਪੁਤਲਾ ਫੂਕ ਕੇ ਤਿੱਖਾ ਰੋਸ ਪ੍ਰਦਰਸ਼ਨ ਕੀਤਾ ਗਿਆ।

# ਸੋਸ਼ਲ ਮੀਡੀਆ 'ਤੇ ਆਮਿਰ ਖ਼ਾਨ ਦੇ ਨਾਂ 'ਤੇ ਵਾਇਰਲ ਬਿਆਨ ਨਿਕਲਿਆ ਫ਼ਰਜ਼ੀ

## 'ਤੀਜੀ ਪਤਨੀ ਗੌਰੀ' ਅਤੇ ਧਰਮ ਪਰਿਵਰਤਨ ਦੇ ਦਾਅਵੇ ਦਾ ਪੂਰਾ ਸੱਚ

ਮੁੰਬਈ/ਨਵੀਂ ਦਿੱਲੀ: ਸੋਸ਼ਲ ਮੀਡੀਆ 'ਤੇ ਅੱਜ-ਕੱਲ੍ਹ ਬਾਲੀਵੁੱਡ ਦੇ 'ਮਿਸਟਰ ਪਰਫੈਕਸ਼ਨਿਸਟ' ਆਮਿਰ ਖ਼ਾਨ ਦੇ ਨਾਂ 'ਤੇ ਇੱਕ ਬਿਆਨ ਬਹੁਤ ਤੇਜ਼ੀ ਨਾਲ ਵਾਇਰਲ ਹੋ ਰਿਹਾ ਹੈ। ਇਸ ਕਥਿਤ ਬਿਆਨ ਵਿੱਚ ਦਾਅਵਾ ਕੀਤਾ ਜਾ ਰਿਹਾ ਹੈ ਕਿ ਆਮਿਰ ਖ਼ਾਨ ਨੇ 'ਲਵ ਜੇਹਾਦ' ਦੇ ਟ੍ਰੋਲਸ ਨੂੰ ਜਵਾਬ ਦਿੰਦਿਆਂ ਆਪਣੇ ਪਰਿਵਾਰ ਦੇ ਹਿੰਦੂ-ਮੁਸਲਿਮ ਸਬੰਧਾਂ ਅਤੇ ਆਪਣੀ ਤੀਜੀ ਪਤਨੀ ÷ਗੌਰੀ÷ ਦਾ ਜ਼ਿਕਰ ਕੀਤਾ ਹੈ।



ਪਰ ਜਦੋਂ ਇਸ ਬਿਆਨ ਦੀ ਡੂੰਘਾਈ ਨਾਲ ਪੜਤਾਲ (Fact Check) ਕੀਤੀ ਗਈ, ਤਾਂ ਸਾਹਮਣੇ ਆਇਆ ਕਿ ਇਹ ਬਿਆਨ ਪੂਰੀ ਤਰ੍ਹਾਂ ਫ਼ਰਜ਼ੀ (Fake) ਹੈ ਅਤੇ ਇੰਟਰਨੈੱਟ 'ਤੇ ਲੋਕਾਂ ਨੂੰ ਗੁੰਮਰਾਹ ਕਰਨ ਲਈ ਬਣਾਇਆ ਗਿਆ ਹੈ। ਆਮਿਰ ਖ਼ਾਨ ਨੇ ਅਜਿਹਾ ਕੋਈ ਵੀ ਬਿਆਨ ਨਹੀਂ ਦਿੱਤਾ ਹੈ।

ਕਿੱਥੇ ਰਹਿ ਗਈ ਕਮੀ ? ਜਾਣੋ ਵਾਇਰਲ ਦਾਅਵੇ ਦੇ 3 ਵੱਡੇ ਫ਼ਰਜ਼ੀ ਪਹਿਲੂ

ਸੋਸ਼ਲ ਮੀਡੀਆ 'ਤੇ ਫੈਲ ਰਹੀ ਇਸ ਪੋਸਟ ਵਿੱਚ ਕਈ ਅਜਿਹੀਆਂ ਗੱਲਾਂ ਕਹੀਆਂ ਗਈਆਂ ਹਨ, ਜੋ ਬਾਲੀਵੁੱਡ ਦੇ ਅਸਲ ਤੱਥਾਂ ਨਾਲ ਬਿਲਕੁਲ ਮੇਲ ਨਹੀਂ ਖਾਂਦੀਆਂ:

1. ਆਮਿਰ ਖ਼ਾਨ ਦਾ ਤੀਜਾ ਵਿਆਹ ਅਤੇ 'ਗੌਰੀ' ਦਾ ਸੱਚ

ਦਾਅਵਾ: 'ਮੇਰੇ ਤਿੰਨ ਵਿਆਹਾਂ 'ਚ... ਮੇਰੀ ਤੀਜੀ ਪਤਨੀ ਗੌਰੀ ਈਸਾਈ ਹੈ।'

ਹਕੀਕਤ: ਆਮਿਰ ਖ਼ਾਨ ਨੇ ਜ਼ਿੰਦਗੀ ਵਿੱਚ ਸਿਰਫ਼ ਦੋ ਵਿਆਹ ਕੀਤੇ ਹਨ। ਉਨ੍ਹਾਂ ਦੀ ਪਹਿਲੀ ਪਤਨੀ ਰੀਨਾ ਦੱਤਾ ਸੀ ਅਤੇ ਦੂਜੀ ਪਤਨੀ ਕਿਰਨ ਰਾਓ ਸੀ (ਦੋਵਾਂ ਨਾਲ ਹੁਣ ਉਨ੍ਹਾਂ ਦਾ ਤਲਾਕ ਹੋ ਚੁੱਕਾ ਹੈ)। ਆਮਿਰ ਖ਼ਾਨ ਨੇ ਕੋਈ ਤੀਜਾ ਵਿਆਹ ਨਹੀਂ ਕੀਤਾ।

ਅਸਲ ਮਿਲਾਵਟ: ਗੌਰੀ ਖ਼ਾਨ ਅਸਲ ਵਿੱਚ ਸੁਪਰਸਟਾਰ ਸ਼ਾਹਰੁਖ ਖ਼ਾਨ ਦੀ ਪਤਨੀ ਹੈ, ਅਤੇ ਉਹ ਈਸਾਈ ਨਹੀਂ ਬਲਕਿ ਹਿੰਦੂ ਪਰਿਵਾਰ ਨਾਲ ਸਬੰਧ ਰੱਖਦੇ ਹਨ। ਵਾਇਰਲ ਪੋਸਟ ਲਿਖਣ ਵਾਲੇ ਨੇ ਸ਼ਾਹਰੁਖ ਖ਼ਾਨ ਦੀ ਪਤਨੀ ਦਾ ਨਾਂ ਆਮਿਰ ਖ਼ਾਨ ਨਾਲ ਜੋੜ ਕੇ ਵੱਡੀ ਗ਼ਲਤੀ ਕਰ ਦਿੱਤੀ।

2. ਧੀ ਇਰਾ ਖ਼ਾਨ ਦਾ ਵਿਆਹ (ਇਹ ਤੱਥ ਸਹੀ ਹੈ)

ਦਾਅਵਾ: 'ਮੇਰੀ ਧੀ ਇਰਾ ਦਾ ਵਿਆਹ ਇੱਕ ਹਿੰਦੂ ਨਾਲ ਹੋਇਆ।'

ਹਕੀਕਤ: ਇਹ ਗੱਲ ਬਿਲਕੁਲ ਸੱਚ ਹੈ। ਆਮਿਰ ਖ਼ਾਨ ਦੀ ਬੇਟੀ ਇਰਾ ਖ਼ਾਨ ਨੇ ਜਨਵਰੀ 2024 ਵਿੱਚ ਆਪਣੇ ਲੰਬੇ ਸਮੇਂ ਦੇ ਬੁਆਇਫ ?ੈਂਡ ਨੂਪੁਰ ਸਿਖਰੇ (ਜੋ ਕਿ ਹਿੰਦੂ ਪਰਿਵਾਰ ਤੋਂ ਹਨ) ਨਾਲ ਕੋਰਟ ਮੈਰਿਜ ਅਤੇ ਫਿਰ ਉਦੈਪੁਰ ਵਿੱਚ ਰੀਤੀ-ਰਿਵਾਜਾਂ ਨਾਲ ਵਿਆਹ ਕੀਤਾ ਸੀ।

3. ਭੈਣਾਂ ਦੇ ਵਿਆਹ (ਇਹ ਤੱਥ ਵੀ ਸਹੀ ਹੈ ਪਰ ਬਿਆਨ ਫ਼ਰਜ਼ੀ ਹੈ)

ਦਾਅਵਾ: 'ਮੇਰੀਆਂ ਦੋਵੇਂ ਭੈਣਾਂ ਨਿਖਤ ਤੇ ਫਰਹਤ ਦੇ ਪਤੀ ਵੀ ਹਿੰਦੂ ਹਨ।'

ਹਕੀਕਤ: ਆਮਿਰ ਖ਼ਾਨ ਦੀ ਭੈਣ ਨਿਖਤ ਖ਼ਾਨ ਦਾ ਵਿਆਹ ਸੰਤੋਸ਼ ਹੇਗੜੇ ਨਾਲ ਹੋਇਆ ਹੈ ਅਤੇ ਦੂਜੀ ਭੈਣ ਫਰਹਤ ਖ਼ਾਨ ਦਾ ਵਿਆਹ ਰਾਜੀਵ ਦੱਤਾ (ਰੀਨਾ ਦੱਤਾ ਦੇ ਭਰਾ) ਨਾਲ ਹੋਇਆ ਹੈ।

ਨਿਚੋੜ: ਅੱਧੀ ਸੱਚਾਈ ਤੇ ਅੱਧਾ ਝੂਠ

ਵਾਇਰਲ ਹੋ ਰਹੀ ਪੋਸਟ ਵਿੱਚ ਆਮਿਰ ਖ਼ਾਨ ਦੇ ਪਰਿਵਾਰ (ਧੀ ਅਤੇ ਭੈਣਾਂ) ਬਾਰੇ ਕੁਝ ਨਿੱਜੀ ਜਾਣਕਾਰੀਆਂ ਤਾਂ ਸਹੀ ਹਨ, ਪਰ ਆਮਿਰ ਖ਼ਾਨ ਦੇ ਤਿੰਨ ਵਿਆਹਾਂ ਅਤੇ 'ਗੌਰੀ' ਨਾਮ ਦੀ ਤੀਜੀ ਪਤਨੀ ਵਾਲਾ ਦਾਅਵਾ ਪੂਰੀ ਤਰ੍ਹਾਂ ਮਨਘੜਤ ਹੈ। ਆਮਿਰ ਖ਼ਾਨ ਨੇ ਸੋਸ਼ਲ ਮੀਡੀਆ ਟ ?ੋਲਸ ਨੂੰ ਲੈ ਕੇ ਅਜਿਹਾ ਕੋਈ ਵੀ ਅਧਿਕਾਰਤ ਬਿਆਨ ਸਾਂਝਾ ਨਹੀਂ ਕੀਤਾ ਹੈ। ਇਹ ਸਿਰਫ਼ ਇੰਟਰਨੈੱਟ 'ਤੇ ਵਾਇਰਲ ਕਰ ਕੇ ਸਸਤੀ ਸ਼ੋਹਰਤ ਖੱਟਣ ਦੀ ਕੋਸ਼ਿਸ਼ ਹੈ।

# ਕੈਨੇਡਾ ਦੀ ਪ੍ਰਭੂਸੱਤਾ 'ਤੇ ਹੁਣ ਤੱਕ ਦਾ ਸਭ ਤੋਂ ਵੱਡਾ ਹਮਲਾ

## 'ਭਾਰਤੀ ਸਰਕਾਰ ਆਪਣੀਆਂ ਐਂਬੈਸੀਆਂ ਨੂੰ ਅਪਰਾਧਿਕ ਕਮਾਂਡ ਸੈਂਟਰ ਵਜੋਂ ਵਰਤ ਰਹੀ-ਸਾਬਕਾ CSIS ਅਧਿਕਾਰੀ ਡੈਨ ਸਟੈਨਟਨ ਦਾ ਭਿਆਨਕ ਖੁਲਾਸਾ

ਓਟਾਵਾ (ਕੈਨੇਡਾ): ਕੈਨੇਡਾ ਅਤੇ ਭਾਰਤ ਵਿਚਾਲੇ ਚੱਲ ਰਹੇ ਕੂਟਨੀਤਕ ਤਣਾਅ ਦਰਮਿਆਨ ਇੱਕ ਬੇਹੱਦ ਸਨਸਨੀਖੇਜ਼ ਅਤੇ ਹੈਰਾਨੀਜਨਕ ਖੁਲਾਸਾ ਸਾਹਮਣੇ ਆਇਆ ਹੈ। ਕੈਨੇਡੀਅਨ ਖੁਫੀਆ ਏਜੰਸੀ (CSIS) ਦੇ ਸਾਬਕਾ ਸੀਨੀਅਰ ਅਧਿਕਾਰੀ ਡੈਨ ਸਟੈਨਟਨ (Dan Stanton) ਨੇ ਇੱਕ ਟੈਲੀਵਿਜ਼ਨ ਇੰਟਰਵਿਊ ਦੌਰਾਨ ਭਾਰਤ ਸਰਕਾਰ 'ਤੇ ਸਿੱਧੇ ਅਤੇ ਬੇਹੱਦ ਗੰਭੀਰ ਦੋਸ਼ ਲਗਾਉਂਦਿਆਂ ਇਸ ਨੂੰ ਕੈਨੇਡਾ ਦੀ ਪ੍ਰਭੂਸੱਤਾ 'ਤੇ ਹੁਣ ਤੱਕ ਦਾ ਸਭ ਤੋਂ ਘਿਨਾਉਣਾ ਹਮਲਾ ਕਰਾਰ ਦਿੱਤਾ ਹੈ।

ਖੁਫੀਆ ਸੂਤਰਾਂ ਦੇ ਹਵਾਲੇ ਨਾਲ ਮੀਡੀਆ ਵਿੱਚ ਚੱਲ ਰਹੀ ਇਸ ਚਰਚਾ ਨੇ ਅੰਤਰਰਾਸ਼ਟਰੀ ਪੱਧਰ 'ਤੇ ਹਲਚਲ ਮਚਾ ਦਿੱਤੀ ਹੈ, ਜਿਸ ਵਿੱਚ ਦੋਸ਼ ਲਗਾਇਆ ਗਿਆ ਹੈ ਕਿ ਇਨ੍ਹਾਂ ਸਾਜ਼ਿਸ਼ਾਂ ਦੀਆਂ ਤਾਰਾਂ ਭਾਰਤੀ ਸੱਤਾ ਦੇ ਉੱਚੇ ਗਲਿਆਰਿਆਂ ਨਾਲ ਜੁੜੀਆਂ ਹੋਈਆਂ ਹਨ।

'ਐਂਬੈਸੀਆਂ ਬਣੀਆਂ ਅਪਰਾਧਾਂ ਦੇ ਕੰਟਰੋਲ ਰੂਮ' (The Command and Control Centers)




ਇੰਟਰਵਿਊ ਦੌਰਾਨ ਸਾਬਕਾ ਖੁਫੀਆ ਅਧਿਕਾਰੀ ਡੈਨ ਸਟੈਨਟਨ ਨੇ ਅਜਿਹੇ ਤੱਥ ਰੱਖੇ ਜੋ ਕੈਨੇਡੀਅਨ ਸੁਰੱਖਿਆ ਢਾਂਚੇ ਨੂੰ ਹਿਲਾ ਕੇ ਰੱਖ ਦੇਣ ਵਾਲੇ ਹਨ:

**ਯੋਜਨਾਬੱਧ ਹਿੰਸਕ ਨੈੱਟਵਰਕ:** ਸਟੈਨਟਨ ਮੁਤਾਬਕ, ਭਾਰਤ ਸਰਕਾਰ ਕੈਨੇਡਾ ਵਿੱਚ ਸਥਿਤ ਆਪਣੀਆਂ ਐਂਬੈਸੀਆਂ (ਰਾਜਦੂਤਘਰਾਂ) ਅਤੇ ਕੌਂਸਲੇਟਾਂ ਦੀ ਵਰਤੋਂ ਇੱਕ 'ਕਮਾਂਡ ਅਤੇ ਕੰਟਰੋਲ ਸੈਂਟਰ' ਵਜੋਂ ਕਰ ਰਹੀ ਹੈ। ਇਨ੍ਹਾਂ ਸੁਰੱਖਿਅਤ ਸਰਕਾਰੀ ਥਾਵਾਂ ਤੋਂ ਕੈਨੇਡੀਅਨ ਧਰਤੀ 'ਤੇ ਕਤਲ, ਜਾਨਲੇਵਾ ਹਮਲੇ, ਜਬਰਨ ਵਸੂਲੀ (ਉਗਰਾਹੀ) ਅਤੇ ਹੋਰ ਗੰਭੀਰ ਅਪਰਾਧਾਂ ਦੀ ਨਾ ਸਿਰਫ਼ ਰੂਪ ਰੇਖਾ ਤਿਆਰ ਕੀਤੀ ਜਾਂਦੀ ਹੈ, ਬਲਕਿ ਉਨ੍ਹਾਂ ਨੂੰ ਆਪਰੇਟ ਵੀ ਕੀਤਾ ਜਾਂਦਾ ਹੈ।

**ਏਜੰਡੇ ਦੇ ਤਹਿਤ ਕੰਮ:** ਉਨ੍ਹਾਂ ਦੋਸ਼ ਲਾਇਆ ਕਿ ਇਸ ਪੂਰੀ ਸਾਜ਼ਿਸ਼ ਦਾ ਮੁੱਖ ਮਕਸਦ ਦੁਨੀਆ ਸਾਹਮਣੇ ਇੱਕ ਅਜਿਹਾ ਭੁਲੇਖਾ ਸਿਰਜਣਾ ਹੈ ਕਿ ਕੈਨੇਡਾ 'ਤੇ ਦੱਖਣੀ ਏਸ਼ੀਆਈ ਪਿਛੋਕੜ ਵਾਲੇ ਗੈਂਗਸਟਰਾਂ ਅਤੇ ਅੱਤਵਾਦੀਆਂ ਨੇ ਕਬਜ਼ਾ ਕਰ ਲਿਆ ਹੈ, ਜਦਕਿ ਇਸ ਦੇ ਪਿੱਛੇ ਅਸਲ ਹੱਥ ਕਿਸੇ ਹੋਰ ਦਾ ਹੈ।

**ਸਖ਼ਤ ਜਵਾਬੀ ਕਾਰਵਾਈ ਦੀ ਮੰਗ:** ਸਾਬਕਾ ਅਧਿਕਾਰੀ ਨੇ ਚਿਤਾਵਨੀ ਭਰੇ ਲਹਿਜੇ ਵਿੱਚ ਕਿਹਾ, 'ਇਹ ਬੇਹੱਦ ਭਿਆਨਕ ਸਥਿਤੀ ਹੈ। ਕੈਨੇਡੀਅਨ ਜਨਤਕ ਸੁਰੱਖਿਆ ਨੂੰ ਬਚਾਉਣ ਲਈ ਜਸਟਿਨ ਟਰੂਡੋ ਸਰਕਾਰ ਨੂੰ ਇਸ ਵਾਰ ਬਿਨਾਂ ਕਿਸੇ ਢਿੱਲ-ਮੱਠ ਦੇ ਸਭ ਤੋਂ ਸਖ਼ਤ ਜਵਾਬੀ ਕਾਰਵਾਈ ਕਰਨੀ ਪਵੇਗੀ।'

ਜਸਟਿਨ ਟਰੂਡੋ ਦੀ ਅਗਵਾਈ 'ਤੇ ਖੜ੍ਹੇ ਹੋਏ ਸਵਾਲ (Political Impact)

ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਸਿਆਸੀ ਮਾਹਰਾਂ ਅਤੇ ਐਂਕਰਾਂ ਵੱਲੋਂ ਵੀ ਇਸ 'ਤੇ ਤਿੱਖੀ ਪ੍ਰਤੀਕਿਰਿਆ ਦਿੱਤੀ ਜਾ ਰਹੀ ਹੈ। ਜਿੱਥੇ ਇੱਕ ਪਾਸੇ ਰਾਸ਼ਟਰੀ ਸੁਰੱਖਿਆ ਨੂੰ ਲੈ ਕੇ ਕੈਨੇਡੀਅਨ ਪ੍ਰਸ਼ਾਸਨ ਚਿੰਤਤ ਹੈ, ਉੱਥੇ ਹੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਅਗਵਾਈ (Justin Trudeau's Leadership) 'ਤੇ ਵੀ ਵੱਡੇ ਸਵਾਲ ਖੜ੍ਹੇ ਹੋ ਰਹੇ ਹਨ ਕਿ ਉਨ੍ਹਾਂ ਦੀ ਨੱਕ ਹੇਠਾਂ ਵਿਦੇਸ਼ੀ ਏਜੰਸੀਆਂ ਇੰਨਾ ਵੱਡਾ ਅਪਰਾਧਿਕ ਨੈੱਟਵਰਕ ਕਿਵੇਂ ਚਲਾ ਰਹੀਆਂ ਸਨ।

ਆਉਣ ਵਾਲੇ ਦਿਨਾਂ ਵਿੱਚ ਇਸ ਮੁੱਦੇ 'ਤੇ ਹੋਰ ਕਈ ਹੈਰਾਨੀਜਨਕ ਖੁਲਾਸੇ ਹੋਣ ਦੀ ਉਮੀਦ ਹੈ, ਜਿਸ ਨਾਲ ਦੋਵਾਂ ਦੇਸ਼ਾਂ ਦੇ ਸਬੰਧਾਂ ਵਿੱਚ ਹੋਰ ਜ਼ਿਆਦਾ ਕੁੜੱਤਣ ਆਉਣੀ ਤੈਅ ਮੰਨੀ ਜਾ ਰਹੀ ਹੈ।

# ਪ੍ਰਯਾਗਰਾਜ 'ਚ ਵਕੀਲਾਂ ਦਾ ਹੱਲਾਬੋਲ : ਸਾਥੀ ਵਕੀਲਾਂ ਖ਼ਿਲਾਫ਼ ਕਥਿਤ FIR ਦਰਜ ਹੋਣ 'ਤੇ ਭੜਕੇ ਐਡਵੋਕੇਟ

## ਸੜਕਾਂ 'ਤੇ ਟਾਇਰ ਫੂਕ ਕੇ ਲਾਇਆ ਜਾਮ, ਪੁਲਿਸ ਪ੍ਰਸ਼ਾਸਨ ਖ਼ਿਲਾਫ਼ ਨਾਅਰੇਬਾਜ਼ੀ !

ਪ੍ਰਯਾਗਰਾਜ, (ANI) : ਉੱਤਰ ਪ੍ਰਦੇਸ਼ ਦੇ ਪ੍ਰਯਾਗਰਾਜ (ਇਲਾਹਾਬਾਦ) ਵਿੱਚ ਉਸ ਵੇਲੇ ਹਾਲਾਤ ਬੇਹੱਦ ਤਣਾਅਪੂਰਨ ਹੋ ਗਏ ਜਦੋਂ ਸਾਥੀ ਵਕੀਲਾਂ 'ਤੇ ਕਥਿਤ ਤੌਰ 'ਤੇ ਦਰਜ ਕੀਤੀ ਗਈ ਇੱਕ ਐਫ.ਆਈ.ਆਰ. (FIR) ਦੇ ਵਿਰੋਧ ਵਿੱਚ ਸੈਂਕੜੇ ਵਕੀਲ ਸੜਕਾਂ 'ਤੇ ਉਤਰ ਆਏ। ਗੁੱਸੇ ਵਿੱਚ ਆਏ ਵਕੀਲਾਂ ਨੇ ਪੁਲਿਸ ਅਤੇ ਪ੍ਰਸ਼ਾਸਨ ਦੇ ਖ਼ਿਲਾਫ਼ ਜ਼ੋਰਦਾਰ ਪ੍ਰਦਰਸ਼ਨ ਕਰਦਿਆਂ ਮੁੱਖ ਸੜਕ 'ਤੇ ਆਵਾਜਾਈ ਨੂੰ ਪੂਰੀ ਤਰ੍ਹਾਂ ਠੱਪ ਕਰ ਦਿੱਤਾ।



ਸਾਹਮਣੇ ਆਈਆਂ ਤਸਵੀਰਾਂ ਅਤੇ ਵੀਡੀਓਜ਼ (Visuals) ਵਿੱਚ ਦੇਖਿਆ ਜਾ ਸਕਦਾ ਹੈ ਕਿ ਪ੍ਰਦਰਸ਼ਨਕਾਰੀ ਵਕੀਲਾਂ ਨੇ ਸੜਕ ਦੇ ਵਿਚਕਾਰ ਟਾਇਰਾਂ ਨੂੰ ਅੱਗ ਲਗਾ ਕੇ (Burning Tyres) ਰੋਸ ਪ੍ਰਗਟ ਕੀਤਾ ਅਤੇ ਪੁਲਿਸ ਪ੍ਰਸ਼ਾਸਨ ਦੇ ਖ਼ਿਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ। ਸਾਥੀ ਵਕੀਲਾਂ ਨਾਲ ਹੋਈ ਕਥਿਤ ਬੇਇਨਸਾਫ਼ੀ ਦੇ ਵਿਰੋਧ ਵਿੱਚ ਐਡਵੋਕੇਟਾਂ ਨੇ ਤਿੱਖਾ ਰੁਖ਼ ਅਪਣਾਇਆ ਹੈ:

ਐਫ.ਆਈ.ਆਰ. ਰੱਦ ਕਰਨ ਦੀ ਮੰਗ: ਵਕੀਲਾਂ ਦਾ ਦੋਸ਼ ਹੈ ਕਿ ਉਨ੍ਹਾਂ ਦੇ ਸਾਥੀਆਂ ਵਿਰੁੱਧ ਦਰਜ ਕੀਤੀ ਗਈ ਐਫ.ਆਈ.ਆਰ. ਪੂਰੀ ਤਰ੍ਹਾਂ ਬੇਬੁਨਿਆਦ ਅਤੇ ਬਦਲਾਖੋਰੀ ਦੀ ਭਾਵਨਾ ਨਾਲ ਪ੍ਰੇਰਿਤ ਹੈ, ਜਿਸ ਨੂੰ ਤੁਰੰਤ ਰੱਦ ਕੀਤਾ ਜਾਣਾ ਚਾਹੀਦਾ ਹੈ।

ਸੜਕਾਂ 'ਤੇ ਲਾਇਆ ਜਾਮ: ਪ੍ਰਯਾਗਰਾਜ ਦੇ ਵਿਅਸਤ ਇਲਾਕੇ ਵਿੱਚ ਸੜਕ ਜਾਮ (Road Block) ਕੀਤੇ ਜਾਣ ਕਾਰਨ ਵਾਹਨਾਂ ਦੀਆਂ ਲੰਮੀਆਂ ਕਤਾਰਾਂ ਲੱਗ ਗਈਆਂ, ਜਿਸ ਕਾਰਨ ਆਮ ਲੋਕਾਂ ਨੂੰ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ।

ਕਾਨੂੰਨੀ ਕਾਰਵਾਈ ਦੀ ਚਿਤਾਵਨੀ: ਵਕੀਲ ਆਗੂਆਂ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਪੁਲਿਸ ਨੇ ਦਰਜ ਕੀਤੀ ਗਈ ਐਫ.ਆਈ.ਆਰ. ਨੂੰ ਵਾਪਸ ਨਾ ਲਿਆ, ਤਾਂ ਉਹ ਆਪਣੇ ਸੰਘਰਸ਼ ਨੂੰ ਹੋਰ ਤੇਜ਼ ਕਰਨਗੇ ਅਤੇ ਅਦਾਲਤੀ ਕੰਮਕਾਜ ਦਾ ਮੁਕੰਮਲ ਬਾਈਕਾਟ ਕਰਨ ਲਈ ਮਜਬੂਰ ਹੋਣਗੇ।

# ਅਵਾਰਾ ਕੁੱਤਿਆਂ ਨੇ ਨੋਚ-ਨੋਚ ਕੇ ਮਾਰਿਆ ਸਾਬਕਾ ਸਰਪੰਚ

ਜਗਰਾਉਂ : ਨਜ਼ਦੀਕੀ ਪਿੰਡ ਪੱਬੀਆਂ ਦੇ ਸਾਬਕਾ ਸਰਪੰਚ ਅਤੇ ਕਿਸਾਨ ਆਗੂ ਜਗਦੀਸ਼ ਸਿੰਘ (80) ਨੂੰ ਬੀਤੀ ਦੇਰ ਰਾਤ ਅਵਾਰਾ ਕੁੱਤਿਆਂ ਵੱਲੋਂ ਬੇਰਹਿਮੀ ਨਾਲ ਨੋਚ-ਨੋਚ ਕੇ ਮਾਰ ਦਿੱਤੇ ਜਾਣ ਦਾ ਬੇਹੱਦ ਦੁਖਦਾਈ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਖ਼ੌਫ਼ਨਾਕ ਘਟਨਾ ਕਾਰਨ ਪੂਰੇ ਇਲਾਕੇ ਵਿੱਚ ਸਨਸਨੀ ਫੈਲ ਗਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ, ਬਜ਼ੁਰਗ ਕਿਸਾਨ ਆਗੂ ਜਗਦੀਸ਼ ਸਿੰਘ ਰੋਜ਼ਾਨਾ ਦੀ ਤਰ੍ਹਾਂ ਆਪਣੇ ਖੇਤ ਵਿੱਚ ਬਣੀ ਮੋਟਰ 'ਤੇ ਸੁੱਤੇ ਹੋਏ ਸਨ। ਦੇਰ ਰਾਤ ਅਵਾਰਾ ਕੁੱਤਿਆਂ ਦੇ ਇੱਕ ਝੁੰਡ ਨੇ ਉਨ੍ਹਾਂ 'ਤੇ ਅਚਾਨਕ ਹਮਲਾ ਕਰ ਦਿੱਤਾ। ਇਸ ਦਰਦਨਾਕ ਘਟਨਾ ਦਾ ਪਿੰਡ ਵਾਸੀਆਂ ਨੂੰ ਅੱਜ ਸਵੇਰੇ ਉਸ ਵੇਲੇ ਪਤਾ ਲੱਗਿਆ



ਜਦੋਂ ਉਹ ਖੇਤਾਂ ਵੱਲ ਗਏ। ਕੁੱਤਿਆਂ ਨੇ ਸਾਬਕਾ ਸਰਪੰਚ 'ਤੇ ਇੰਨਾ ਵਹਿਸ਼ੀਆਨਾ ਹਮਲਾ ਕੀਤਾ ਕਿ ਉਨ੍ਹਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮੌਕੇ ਦੇ ਹਾਲਾਤ ਦੇਖ ਕੇ ਪਿੰਡ ਵਾਸੀਆਂ ਦੇ ਰੌਂਗਟੇ ਖੜ੍ਹੇ ਹੋ ਗਏ; ਮ੍ਰਿਤਕ ਦੀਆਂ ਦੋਵੇਂ ਲੱਤਾਂ ਦਾ ਮਾਸ ਬੁਰੀ ਤਰ੍ਹਾਂ ਨੋਚਿਆ ਹੋਇਆ ਸੀ ਅਤੇ ਇੱਕ ਬਾਂਹ ਵੀ ਸਰੀਰ ਨਾਲੋਂ ਗਾਇਬ ਸੀ। ਪਿੰਡ ਵਾਸੀਆਂ ਨੇ ਦੱਸਿਆ ਕਿ ਪਿੰਡ ਪੱਬੀਆਂ ਵਿੱਚ ਪਿਛਲੇ ਥੋੜ੍ਹੇ ਜਿਹੇ ਸਮੇਂ ਅੰਦਰ ਅਵਾਰਾ ਕੁੱਤਿਆਂ ਵੱਲੋਂ ਹਮਲਾ ਕਰਨ ਦੀ ਇਹ ਤੀਜੀ ਵੱਡੀ ਘਟਨਾ ਹੈ। ਇੱਕੋ ਪਿੰਡ ਵਿੱਚ ਲਗਾਤਾਰ ਵਾਪਰ ਰਹੀਆਂ ਅਜਿਹੀਆਂ ਖ਼ੌਫ਼ਨਾਕ ਘਟਨਾਵਾਂ ਕਾਰਨ ਪਿੰਡ ਵਾਸੀਆਂ ਵਿੱਚ ਪ੍ਰਸ਼ਾਸਨ ਦੀ ਨਾਕਾਮੀ ਖ਼ ?ਲਾਫ਼ ਭਾਰੀ ਰੋਸ ਪਾਇਆ ਜਾ ਰਿਹਾ ਹੈ ਅਤੇ ਲੋਕ ਆਪਣੇ ਘਰਾਂ ਤੋਂ ਬਾਹਰ ਨਿਕਲਣ ਲੱਗਿਆਂ ਵੀ ਸਹਿਮੇ ਹੋਏ ਹਨ। ਪਿੰਡ ਵਾਸੀਆਂ ਨੇ ਅਵਾਰਾ ਕੁੱਤਿਆਂ ਦੀ ਇਸ ਗੰਭੀਰ ਸਮੱਸਿਆ ਦੇ ਤੁਰੰਤ ਪੱਕੇ ਹੱਲ ਦੀ ਮੰਗ ਕੀਤੀ ਹੈ।

## ਬਹਿਬਲ ਕਲਾਂ ਤੇ ਕੋਟਕਪੂਰਾ ਗੋਲੀਕਾਂਡ

# SIT ਵੱਲੋਂ ਸੁਖਬੀਰ ਸਿੰਘ ਬਾਦਲ ਤਲਬ, ਸੋਮਵਾਰ ਨੂੰ ਪੇਸ਼ ਹੋਣ ਦੇ ਹੁਕਮ

**ਭਾਜਪਾ ਆਗੂ ਵਿਜੇ ਸਾਂਪਲਾ ਦੇ ਬਿਆਨ ਅਤੇ ਦਸਤਖ਼ਤਾਂ ਦੇ ਵਿਵਾਦ ਤੋਂ ਬਾਅਦ ਜਾਂਚ ਟੀਮ ਦਾ ਵੱਡਾ ਐਕਸ਼ਨ; 2015 ਦੇ ਘਟਨਾਕ੍ਰਮ ਨੂੰ ਲੈ ਕੇ ਹੋਵੇਗੀ ਤਿੱਖੀ ਪੁੱਛਗਿੱਛ**



ਚੰਡੀਗੜ੍ਹ: ਸਾਲ 2015 ਦੇ ਬਹਿਬਲ ਕਲਾਂ ਅਤੇ ਕੋਟਕਪੂਰਾ ਬੇਅਦਬੀ ਮਾਮਲਿਆਂ ਨਾਲ ਸਬੰਧਿਤ ਗੋਲੀਕਾਂਡਾਂ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ (SIT) ਵੱਲੋਂ ਇੱਕ ਬਹੁਤ ਹੀ ਵੱਡੀ ਕਾਰਵਾਈ ਸਾਹਮਣੇ ਆਈ ਹੈ। ਜਾਂਚ ਟੀਮ ਨੇ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਤਲਬ ਕੀਤਾ ਹੈ। ਜਾਂਚ ਅਧਿਕਾਰੀਆਂ ਨੇ ਅਕਾਲੀ ਦਲ ਦੇ ਮੁਖੀ ਨੂੰ ਆਗਾਮੀ ਸੋਮਵਾਰ ਨੂੰ ਪੁੱਛਗਿੱਛ ਲਈ ਜਾਂਚ ਟੀਮ ਦੇ ਸਾਹਮਣੇ ਪੇਸ਼ ਹੋਣ ਦੇ ਸਖ਼ਤ ਹੁਕਮ ਜਾਰੀ ਕੀਤੇ ਹਨ। ਪੁਲੀਸ ਦੀ ਇਸ ਤਾਜ਼ਾ ਕਾਰਵਾਈ ਨੇ ਪੰਜਾਬ ਦੀ ਸਿਆਸਤ ਵਿੱਚ ਇੱਕ ਵਾਰ ਫਿਰ ਭੂਚਾਲ ਲਿਆ ਦਿੱਤਾ ਹੈ।

**ਵਿਜੇ ਸਾਂਪਲਾ ਦੇ ਬਿਆਨ ਤੋਂ ਬਾਅਦ SIT ਨੇ ਲਿਆ ਐਕਸ਼ਨ** : ਸਰਕਾਰੀ ਸੂਤਰਾਂ ਤੋਂ ਮਿਲੀ ਅਹਿਮ ਜਾਣਕਾਰੀ ਅਨੁਸਾਰ, ਜਾਂਚ ਵਿੱਚ ਇਹ ਨਵਾਂ ਅਤੇ ਨਾਟਕੀ ਮੋੜ ਭਾਜਪਾ ਆਗੂ ਵਿਜੇ ਸਾਂਪਲਾ ਵੱਲੋਂ ਐੱਸ.ਆਈ.ਟੀ. (SIT) ਦੇ ਸਾਹਮਣੇ ਦਰਜ ਕਰਵਾਏ ਗਏ ਬਿਆਨਾਂ ਤੋਂ ਬਾਅਦ ਆਇਆ ਹੈ:

**ਦਸਤਖ਼ਤਾਂ ਤੋਂ ਇਨਕਾਰ:** ਵਿਜੇ ਸਾਂਪਲਾ ਨੇ ਜਾਂਚ ਟੀਮ ਕੋਲ ਪੇਸ਼ ਹੋ ਕੇ ਇਸ ਗੱਲ ਤੋਂ ਸਾਫ਼ ਇਨਕਾਰ ਕੀਤਾ ਹੈ ਕਿ ਉਨ੍ਹਾਂ ਨੇ ਬੇਅਦਬੀ ਦੀਆਂ ਘਟਨਾਵਾਂ ਦੇ ਸਬੰਧ ਵਿੱਚ ਸੁਖਬੀਰ ਸਿੰਘ ਬਾਦਲ ਦੇ ਨਾਲ ਪੰਜਾਬ ਦੇ ਰਾਜਪਾਲ ਨੂੰ ਸੌਂਪੇ ਗਏ ਮੰਗ ਪੱਤਰ (Representation) 'ਤੇ ਦਸਤਖ਼ਤ ਕੀਤੇ ਸਨ।

**ਐੱਸ.ਆਈ.ਟੀ. ਦਾ ਫ਼ੈਸਲਾ:** ਸਾਂਪਲਾ ਦੇ ਇਸ ਹੈਰਾਨੀਜਨਕ ਖ਼ੁਲਾਸੇ ਤੋਂ ਬਾਅਦ, SIT ਨੇ ਉਸ ਵਿਵਾਦਤ ਮੰਗ ਪੱਤਰ ਨਾਲ ਜੁੜੇ ਹਾਲਾਤਾਂ, ਤੱਥਾਂ ਅਤੇ ਦਸਤਖ਼ਤਾਂ ਦੀ ਸੱਚਾਈ ਨੂੰ ਸਪੱਸ਼ਟ ਕਰਨ ਲਈ ਸੁਖਬੀਰ ਸਿੰਘ ਬਾਦਲ ਨੂੰ ਦੁਬਾਰਾ ਤਲਬ ਕਰਨ ਦਾ ਫ਼ੈਸਲਾ ਲਿਆ ਹੈ।

**ਕੀ ਹੈ ਪੂਰਾ ਵਿਵਾਦ ?**

ਪਿਛਲੇ ਹਫ਼ਤੇ ਹੋਈ ਪੁੱਛਗਿੱਛ ਤੋਂ ਬਾਅਦ ਭਾਜਪਾ ਆਗੂ ਵਿਜੇ ਸਾਂਪਲਾ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਖ਼ੁਲਾਸਾ ਕੀਤਾ ਸੀ ਕਿ ਉਨ੍ਹਾਂ ਨੇ ਪੁਲੀਸ ਪ੍ਰਸ਼ਾਸਨ ਨੂੰ ਉਸ ਮੈਮੋਰੈਂਡਮ (ਮੰਗ ਪੱਤਰ) ਦੀ ਅਸਲ ਕਾਪੀ ਦਿਖਾਉਣ ਲਈ ਕਿਹਾ ਹੈ। ਉਹ ਚਾਹੁੰਦੇ ਹਨ ਕਿ ਅਸਲ ਦਸਤਾਵੇਜ਼ ਦੇਖ ਕੇ ਹੀ ਉਹ ਆਪਣੇ ਦਸਤਖ਼ਤਾਂ ਦੀ ਪੁਸ਼ਟੀ ਜਾਂ ਇਨਕਾਰ ਅਧਿਕਾਰਤ ਤੌਰ 'ਤੇ ਕਰ ਸਕਣ।

ਹੁਣ ਸੋਮਵਾਰ ਨੂੰ ਹੋਣ ਵਾਲੀ ਪੁੱਛਗਿੱਛ ਦੌਰਾਨ ਇਹ ਦੇਖਣਾ ਬੇਹੱਦ ਦਿਲਚਸਪ ਹੋਵੇਗਾ ਕਿ ਸੁਖਬੀਰ ਸਿੰਘ ਬਾਦਲ ਜਾਂਚ ਟੀਮ ਦੇ ਸਵਾਲਾਂ ਦੇ ਕੀ ਜਵਾਬ ਦਿੰਦੇ ਹਨ ਅਤੇ ਇਸ ਹਾਈ-ਪ੍ਰੋਫਾਈਲ ਮਾਮਲੇ ਵਿੱਚ ਅਗਲਾ ਕਦਮ ਕੀ ਹੁੰਦਾ ਹੈ।

## ਇਜ਼ਰਾਈਲ ਨੂੰ ਅਮਰੀਕੀ ਫ਼ੌਜੀ ਮਦਦ 'ਤੇ ਇਤਿਹਾਸਕ ਬ਼ਗਾਵਤ

# ਸੈਨੇਟਰ ਬਰਨੀ ਸੈਂਡਰਸ ਨੇ ਗਾਜ਼ਾ 'ਚ ਇਜ਼ਰਾਈਲੀ ਕਾਰਵਾਈ ਨੂੰ ਦੱਸਿਆ 'ਨਸਲਕੁਸ਼ੀ'

**ਅਮਰੀਕੀ ਸੰਸਦ 'ਚ ਗੂੰਜਿਆ ਵੱਡਾ ਸਵਾਲ- '60% ਜਨਤਾ ਤਨਖਾਹ ਤੋਂ ਗੁਜ਼ਾਰਾ ਕਰ ਰਹੀ ਹੈ, ਤਾਂ ਇਜ਼ਰਾਈਲ ਨੂੰ ਅਰਬਾਂ ਡਾਲਰਾਂ ਦੀ ਫ਼ੌਜੀ ਇਮਦਾਦ ਕਿਉਂ ?'**



ਵਾਸ਼ਿੰਗਟਨ (ਸੋਸ਼ਲ ਮੀਡੀਆ ਡੈਸਕ): ਅਮਰੀਕਾ ਦੇ ਸੀਨੀਅਰ ਸੈਨੇਟਰ ਅਤੇ ਪ੍ਰਮੁੱਖ ਡੈਮੋਕ੍ਰੇਟਿਕ ਆਗੂ ਬਰਨੀ ਸੈਂਡਰਸ (U.S. Senator Bernie Sanders) ਨੇ ਇਜ਼ਰਾਈਲ ਨੂੰ ਦਿੱਤੀ ਜਾਣ ਵਾਲੀ ਸਾਲਾਨਾ $3.3 ਬਿਲੀਅਨ (ਲਗਭਗ 3.3 ਅਰਬ ਡਾਲਰ) ਦੀ ਫ਼ੌਜੀ ਸਹਾਇਤਾ ਨੂੰ ਤੁਰੰਤ ਬੰਦ ਕਰਨ ਦੀ ਮੰਗ ਕਰਦਿਆਂ ਇੱਕ ਬੇਹੱਦ ਤਿੱਖਾ ਤੇ ਇਤਿਹਾਸਕ ਬਿਆਨ ਜਾਰੀ ਕੀਤਾ ਹੈ। ਸੈਂਡਰਸ ਨੇ ਰਿਪਬਲੀਕਨ ਸੰਸਦ ਮੈਂਬਰ ਥਾਮਸ ਮੈਸੀ (Thomas Massie) ਵੱਲੋਂ ਹਾਊਸ ਆਫ਼ ਰਿਪ੍ਰਜ਼ੈਂਟੇਟਿਵਜ਼ ਵਿੱਚ ਪੇਸ਼ ਕੀਤੇ ਗਏ ਉਸ ਸੋਧ ਬਿੱਲ (Amendment) ਦੀ ਖੁੱਲ੍ਹ ਕੇ ਹਮਾਇਤ ਕੀਤੀ ਹੈ, ਜਿਸਦਾ ਉਦੇਸ਼ ਇਜ਼ਰਾਈਲ ਨੂੰ ਹਥਿਆਰਾਂ ਦੀ ਸਪਲਾਈ ਅਤੇ ਵਿੱਤੀ ਫ਼ੌਜੀ ਮਦਦ 'ਤੇ ਪੂਰੀ ਤਰ੍ਹਾਂ ਰੋਕ ਲਗਾਉਣਾ ਹੈ।



ਫੋਟੋ ਕ੍ਰੈਡਿਟ: Resource Database (Unsplash+)

**'ਆਤਮ-ਰੱਖਿਆ ਦੇ ਨਾਂ 'ਤੇ ਨਸਲਕੁਸ਼ੀ ਮਨਜ਼ੂਰ ਨਹੀਂ'** : ਸੈਨੇਟਰ ਬਰਨੀ ਸੈਂਡਰਸ ਨੇ ਆਪਣੇ ਬਿਆਨ ਵਿੱਚ ਇਜ਼ਰਾਈਲ ਦੀ ਦੱਖਣੀਪੰਥੀ ਨੇਤਨਯਾਹੂ ਸਰਕਾਰ 'ਤੇ ਮਨੁੱਖੀ ਅਧਿਕਾਰਾਂ ਦੀਆਂ ਧੱਜੀਆਂ ਉਡਾਉਣ ਦੇ ਗੰਭੀਰ ਦੋਸ਼ ਲਗਾਏ। ਉਨ੍ਹਾਂ ਕਿਹਾ: '7 ਅਕਤੂਬਰ 2023 ਨੂੰ ਹਮਾਸ ਦੇ ਹਮਲੇ ਵਿਰੁੱਧ ਇਜ਼ਰਾਈਲ ਨੂੰ ਆਪਣਾ ਬਚਾਅ ਕਰਨ ਦਾ ਅਧਿਕਾਰ ਜ਼ਰੂਰ ਸੀ, ਪਰ ਉਸ ਕੋਲ ਸਮੁੱਚੀ ਫਲਸਤੀਨੀ ਆਬਾਦੀ ਵਿਰੁੱਧ ਜੰਗ ਛੇੜਨ ਦਾ ਕੋਈ ਅਧਿਕਾਰ ਨਹੀਂ ਹੈ। ਗਾਜ਼ਾ ਵਿੱਚ 73,000 ਤੋਂ ਵੱਧ ਫਲਸਤੀਨੀਆਂ ਦੀ ਮੌਤ ਅਤੇ 1,73,000 ਤੋਂ ਵੱਧ ਲੋਕਾਂ ਦਾ ਜ਼ਖ਼ਮੀ ਹੋਣਾ ਕੋਈ ਆਤਮ-ਰੱਖਿਆ ਨਹੀਂ, ਬਲਕਿ ਸ਼ਰੇਆਮ ਨਸਲਕੁਸ਼ੀ (Genocide) ਹੈ।'

ਸੈਂਡਰਸ ਨੇ ਅੱਗੇ ਲਿਖਿਆ ਕਿ ਗਾਜ਼ਾ ਦੇ 92% ਰਿਹਾਇਸ਼ੀ ਘਰਾਂ, ਸਕੂਲਾਂ, ਹਸਪਤਾਲਾਂ ਅਤੇ ਪਾਣੀ-ਬਿਜਲੀ ਦੇ ਬੁਨਿਆਦੀ ਢਾਂਚੇ ਨੂੰ ਬਰਬਾਦ ਕਰਕੇ ਇਜ਼ਰਾਈਲ ਨੇ ਅੰਤਰਰਾਸ਼ਟਰੀ ਕਾਨੂੰਨਾਂ ਦਾ ਘਾਣ ਕੀਤਾ ਹੈ। ਇਸ ਤੋਂ ਇਲਾਵਾ, ਲੇਬਨਾਨ ਅਤੇ ਇਰਾਨ ਵਿੱਚ ਜੰਗ ਦਾ ਵਿਸਥਾਰ ਕਰਕੇ ਪੂਰੇ ਖੇਤਰ ਨੂੰ ਅਸਥਿਰ ਕਰ ਦਿੱਤਾ ਗਿਆ ਹੈ, ਜਿਸ ਵਿੱਚ 4,000 ਤੋਂ ਵੱਧ ਲੇਬਨਾਨੀ ਮਾਰੇ ਗਏ ਹਨ ਅਤੇ 20% ਆਬਾਦੀ ਬੇਘਰ ਹੋ ਚੁੱਕੀ ਹੈ।

**ਅਮਰੀਕੀ ਜਨਤਾ ਦਾ ਮੂਡ ਬਦਲਿਆ: ਆਪਣੇ ਦੇਸ਼ 'ਤੇ ਧਿਆਨ ਦੇਣ ਦੀ ਮੰਗ**

ਸੈਂਡਰਸ ਨੇ ਅਮਰੀਕਾ ਦੇ ਅੰਦਰੂਨੀ ਆਰਥਿਕ ਹਾਲਾਤਾਂ 'ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਅਮਰੀਕੀ ਸੰਸਦ (ਕਾਂਗਰਸ) ਨੂੰ ਬਾਹਰੀ ਜੰਗਾਂ ਨੂੰ ਫੰਡ ਦੇਣ ਦੀ ਬਜਾਏ ਆਪਣੇ ਦੇਸ਼ ਦੇ ਟੈਕਸਦਾਤਾਵਾਂ ਵੱਲ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ:

ਅਮਰੀਕਾ ਦੀ 60% ਆਬਾਦੀ ਇਸ ਵੇਲੇ 'ਪੇ-ਚੈੱਕ ਟੂ ਪੇ-ਚੈੱਕ' (ਮਹੀਨੇ ਦੀ ਤਨਖਾਹ ਸਿਰ) ਗੁਜ਼ਾਰਾ ਕਰ ਰਹੀ ਹੈ।

ਕਰੋੜਾਂ ਅਮਰੀਕੀ ਨਾਗਰਿਕ ਸਸਤੀ ਰਿਹਾਇਸ਼, ਸਿਹਤ ਸਹੂਲਤਾਂ ਅਤੇ ਚਾਈਲਡ ਕੇਅਰ (ਬਾਲ-ਸੰਭਾਲ) ਵਰਗੀਆਂ ਬੁਨਿਆਦੀ ਲੋੜਾਂ ਤੋਂ ਵਾਂਝੇ ਹਨ।


ਤਾਜ਼ਾ ਸਰਵੇਖਣਾਂ ਅਨੁਸਾਰ, ਸਿਰਫ਼ 16% ਅਮਰੀਕੀ ਹੀ ਇਜ਼ਰਾਈਲ ਨੂੰ ਬਿਨਾਂ ਸ਼ਰਤ ਫ਼ੌਜੀ ਮਦਦ ਦੇਣ ਦੇ ਪੱਖ ਵਿੱਚ ਹਨ, ਜਦਕਿ 75% ਦੇ ਕਰੀਬ ਡੈਮੋਕ੍ਰੇਟਿਕ ਵੋਟਰ ਇਸ ਮਦਦ ਦੇ ਖ਼ਿਲਾਫ਼ ਹੋ ਚੁੱਕੇ ਹਨ।

**ਸੰਸਦ ਵਿੱਚ ਹੋਈ ਇਤਿਹਾਸਕ ਵੋਟਿੰਗ: ਪਹਿਲੀ ਵਾਰ ਵੱਡੀ ਦਰਾੜ**

ਭਾਵੇਂ ਹਾਊਸ ਆਫ਼ ਰਿਪ੍ਰਜ਼ੈਂਟੇਟਿਵਜ਼ ਵਿੱਚ ਇਹ ਸੋਧ ਪ੍ਰਸਤਾਵ 104 ਦੇ ਮੁਕਾਬਲੇ 314 ਵੋਟਾਂ ਨਾਲ ਰੱਦ ਹੋ ਗਿਆ, ਪਰ ਇਸ ਵੋਟਿੰਗ ਨੇ ਅਮਰੀਕੀ ਰਾਜਨੀਤੀ ਵਿੱਚ ਇੱਕ ਨਵਾਂ ਇਤਿਹਾਸ ਸਿਰਜ ਦਿੱਤਾ ਹੈ।

ਪਹਿਲੀ ਵਾਰ 103 ਡੈਮੋਕ੍ਰੇਟਿਕ ਸੰਸਦ ਮੈਂਬਰਾਂ ਨੇ ਸੈਨੇਟਰ ਸੈਂਡਰਸ ਦੇ ਸਟੈਂਡ 'ਤੇ ਮੋਹਰ ਲਗਾਉਂਦਿਆਂ ਇਜ਼ਰਾਈਲ ਦੀ ਫ਼ੌਜੀ ਸਹਾਇਤਾ ਨੂੰ ਪੂਰੀ ਤਰ੍ਹਾਂ ਕੱਟਣ ਦੇ ਪੱਖ ਵਿੱਚ ਵੋਟ ਪਾਈ। ਰਾਜਨੀਤਿਕ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਵੋਟਿੰਗ ਇਸ ਗੱਲ ਦਾ ਸਪੱਸ਼ਟ ਸੰਕੇਤ ਹੈ ਕਿ ਆਉਣ ਵਾਲੇ ਸਮੇਂ ਵਿੱਚ ਇਜ਼ਰਾਈਲ ਪ੍ਰਤੀ ਅਮਰੀਕੀ ਵਿਦੇਸ਼ ਨੀਤੀ ਵਿੱਚ ਇੱਕ ਬਹੁਤ ਵੱਡੀ ਤਬਦੀਲੀ ਦੇਖਣ ਨੂੰ ਮਿਲੇਗੀ।

# ਭਾਜਪਾ ਨੇ ਉਮਰ ਅਬਦੁੱਲਾ ਨੂੰ 100 ਕਰੋੜ ਰੁਪਏ ਦਾ ਮਾਣਹਾਨੀ ਨੋਟਿਸ ਭੇਜਿਆ



ਜੰਮੂ : ਭਾਜਪਾ ਦੀ ਜੰਮੂ ਅਤੇ ਕਸ਼ਮੀਰ ਇਕਾਈ ਨੇ ਸੋਮਵਾਰ ਨੂੰ ਮੁੱਖ ਮੰਤਰੀ ਉਮਰ ਅਬਦੁੱਲਾ ਨੂੰ ਕਾਨੂੰਨੀ ਨੋਟਿਸ ਭੇਜਿਆ ਹੈ। ਇਹ ਨੋਟਿਸ ਉਨ੍ਹਾਂ ਦੇ ਦਾਅਵੇ ਤੋਂ ਬਾਅਦ ਆਇਆ ਹੈ ਕਿ ਰਾਸ਼ਟਰੀ ਪਾਰਟੀ ਨੇ ਨੈਸ਼ਨਲ ਕਾਨਫਰੰਸ ਦੇ ਵਿਧਾਇਕਾਂ ਨੂੰ ਪੈਸੇ ਅਤੇ ਮੰਤਰੀ ਅਹੁਦੇ ਦਾ ਲਾਲਚ ਦੇ ਕੇ ਉਨ੍ਹਾਂ ਦੀ ਸਰਕਾਰ ਡੇਗਣ ਦੀ ਕੋਸ਼ਿਸ਼ ਕੀਤੀ ਸੀ। ਇਨ੍ਹਾਂ ਦੋਸ਼ਾਂ ਨੂੰ "ਝੂਠੇ, ਬੇਬੁਨਿਆਦ ਅਤੇ ਅਪਮਾਨਜਨਕ" ਦੱਸਦੇ ਹੋਏ ਭਾਜਪਾ ਨੇ ਸੱਤ ਦਿਨਾਂ ਦੇ ਅੰਦਰ ਲਿਖਤੀ ਤੌਰ 'ਤੇ ਵਾਪਸ ਲੈਣ ਅਤੇ ਬਿਨਾਂ ਸ਼ਰਤ ਜਨਤਕ ਮੁਆਫ਼ੀ ਮੰਗਣ ਦੀ ਮੰਗ ਕੀਤੀ ਹੈ। ਇਸ ਨੇ ਇਹ ਵੀ ਚੇਤਾਵਨੀ ਦਿੱਤੀ ਹੈ ਕਿ ਜੇਕਰ ਮੰਗਾਂ ਪੂਰੀਆਂ ਨਹੀਂ ਹੁੰਦੀਆਂ ਤਾਂ ਸਿਵਲ ਅਤੇ ਅਪਰਾਧਿਕ ਕਾਰਵਾਈ ਕੀਤੀ ਜਾਵੇਗੀ। ਮੁੱਖ ਮੰਤਰੀ ਨੇ ਪਿਛਲੇ ਹਫ਼ਤੇ ਹਜ਼ਰਤਬਲ ਵਿੱਚ ਨੈਸ਼ਨਲ ਕਾਨਫਰੰਸ (ਐੱਨ.ਸੀ.) ਦੇ ਵਰਕਰਾਂ ਨੂੰ ਸੰਬੋਧਨ ਕਰਦੇ ਹੋਏ ਦੋਸ਼ ਲਗਾਇਆ ਸੀ ਕਿ ਭਾਜਪਾ ਉਨ੍ਹਾਂ ਦੀ ਪਾਰਟੀ ਦੇ ਅੰਦਰ ਫੁੱਟ ਪਾ ਕੇ ਉਨ੍ਹਾਂ ਦੀ ਸਰਕਾਰ ਡੇਗਣ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਜੰਮੂ ਦੇ ਇੱਕ ਨੈਸ਼ਨਲ ਕਾਨਫਰੰਸ ਵਿਧਾਇਕ ਨੇ ਉਨ੍ਹਾਂ ਨੂੰ ਦੱਸਿਆ ਕਿ ਉਨ੍ਹਾਂ ਨੂੰ ਭਾਜਪਾ ਵਿੱਚ ਸ਼ਾਮਿਲ ਹੋਣ ਲਈ 20-30 ਕਰੋੜ ਰੁਪਏ ਅਤੇ ਮੰਤਰੀ ਅਹੁਦੇ ਦੀ ਪੇਸ਼ਕਸ਼ ਕੀਤੀ ਗਈ ਹੈ। ਇਹ ਨੋਟਿਸ ਵਕੀਲ ਪਰਿਮੋਕਸ਼ ਸੇਠ ਰਾਹੀਂ ਭਾਜਪਾ ਜੰਮੂ-ਕਸ਼ਮੀਰ ਇਕਾਈ ਦੇ ਪ੍ਰਧਾਨ ਅਤੇ ਰਾਜ ਸਭਾ ਮੈਂਬਰ ਸਤਪਾਲ ਸ਼ਰਮਾ ਦੇ ਨਿਰਦੇਸ਼ਾਂ 'ਤੇ ਭੇਜਿਆ ਗਿਆ ਸੀ। ਇਸ ਵਿੱਚ ਕਿਹਾ ਗਿਆ ਹੈ ਕਿ ਮੁੱਖ ਮੰਤਰੀ ਦੇ ਬਿਆਨਾਂ ਨੇ ਭਾਜਪਾ ਅਤੇ ਇਸ ਦੇ ਅਧਿਕਾਰੀਆਂ ਦੀ ਸਾਖ ਅਤੇ ਜਨਤਕ ਅਕਸ ਨੂੰ ਗੰਭੀਰਤਾ ਨਾਲ ਨੁਕਸਾਨ ਪਹੁੰਚਾਇਆ ਹੈ ਭਾਜਪਾ ਦੇ ਇੱਕ ਬੁਲਾਰੇ ਨੇ ਕਿਹਾ ਕਿ ਪਾਰਟੀ ਨੇ ਮੁੱਖ ਮੰਤਰੀ ਨੂੰ ਨੋਟਿਸ ਭੇਜਿਆ ਹੈ। ਤਿੰਨ ਪੰਨਿਆਂ ਦੇ ਨੋਟਿਸ ਦੇ ਅਨੁਸਾਰ ਅਬਦੁੱਲਾ ਨੇ ਦੋਸ਼ ਲਗਾਇਆ ਕਿ ਭਾਜਪਾ ਅਧਿਕਾਰੀਆਂ ਨੇ ਜੰਮੂ ਖੇਤਰ ਦੇ ਕੁਝ ਨੈਸ਼ਨਲ ਕਾਨਫਰੰਸ ਵਿਧਾਇਕਾਂ ਨਾਲ ਸੰਪਰਕ ਕੀਤਾ ਅਤੇ ਉਨ੍ਹਾਂ ਨੂੰ ਭਾਜਪਾ ਵਿੱਚ ਸ਼ਾਮਿਲ ਹੋਣ ਲਈ ਮਨਾਉਣ ਦੀ ਕੋਸ਼ਿਸ਼ ਵਿੱਚ 20-30 ਕਰੋੜ ਰੁਪਏ, ਮੰਤਰੀ ਅਹੁਦੇ ਅਤੇ ਸੂਬੇ ਦਾ ਦਰਜਾ ਬਹਾਲ ਕਰਨ ਦੀ ਪੇਸ਼ਕਸ਼ ਕੀਤੀ।ਇਸ ਵਿੱਚ ਮੁੱਖ ਮੰਤਰੀ ਦੇ ਦੋਸ਼ ਦਾ ਜ਼ਿਕਰ ਹੈ ਕਿ ਭਾਜਪਾ ਦੇ ਇੱਕ ਸੀਨੀਅਰ ਅਧਿਕਾਰੀ, ਜੋ ਕਿ ਸੁਪਰੀਮ ਕੋਰਟ ਦੇ ਵਕੀਲ ਵੀ ਹਨ, ਨੇ ਕਥਿਤ ਤੌਰ 'ਤੇ ਇਨ੍ਹਾਂ ਲਾਲਚਾਂ ਦੀ ਪੇਸ਼ਕਸ਼ ਵਿੱਚ ਭੂਮਿਕਾ ਨਿਭਾਈ।

## ਭੁਵਨੇਸ਼ਵਰ 'ਚ ਤਣਾਅ

# ਜੁਆਂਗ ਆਦਿਵਾਸੀਆਂ 'ਤੇ ਅੱਤਿਆਚਾਰ ਅਤੇ ਸਕੂਲੀ ਕਿਤਾਬਾਂ 'ਚ ਵੱਡੀਆਂ ਗਲਤੀਆਂ ਖ਼ਿਲਾਫ਼ ਸੀ.ਪੀ.ਆਈ.-ਐਮ.ਐਲ. ਦਾ ਹੱਲਾਬੋਲ !

ਭੁਵਨੇਸ਼ਵਰ : ਉੜੀਸਾ ਦੀ ਰਾਜਧਾਨੀ ਭੁਵਨੇਸ਼ਵਰ ਵਿੱਚ ਅੱਜ ਉਸ ਵੇਲੇ ਸਿਆਸੀ ਪਾਰਾ ਗਰਮਾ ਗਿਆ ਜਦੋਂ ਸੀ.ਪੀ.ਆਈ.-ਐਮ.ਐਲ. (ਲਿਬਰੇਸ਼ਨ) ਦੇ ਸੈਂਕੜੇ ਕਾਰਕੁਨਾਂ ਅਤੇ ਮੈਂਬਰਾਂ ਨੇ ਸੜਕਾਂ 'ਤੇ ਉਤਰ ਕੇ ਸੂਬਾ ਸਰਕਾਰ ਖ਼ਿਲਾਫ਼ ਜ਼ੋਰਦਾਰ ਪ੍ਰਦਰਸ਼ਨ (Stage a Demonstration) ਕੀਤਾ। ਪਾਰਟੀ ਵੱਲੋਂ ਇਹ ਤਿੱਖਾ ਰੋਸ ਪ੍ਰਦਰਸ਼ਨ ਹਾਲ ਹੀ ਵਿੱਚ ਜੁਆਂਗ ਆਦਿਵਾਸੀ ਕਬੀਲੇ (Juang Tribe Incident) ਨਾਲ ਵਾਪਰੀ ਮੰਦਭਾਗੀ ਘਟਨਾ ਅਤੇ ਨਵੇਂ ਵਿਦਿਅਕ ਸੈਸ਼ਨ ਦੌਰਾਨ ਪਹਿਲੀ ਤੋਂ ਅੱਠਵੀਂ ਜਮਾਤ ਦੀਆਂ ਪਾਠ-ਪੁਸਤਕਾਂ ਵਿੱਚ ਸਾਹਮਣੇ ਆਈਆਂ ਵੱਡੀਆਂ ਤੱਥਾਂ ਅਤੇ ਵਿਆਕਰਣ ਦੀਆਂ ਗਲਤੀਆਂ ਦੇ ਵਿਰੋਧ ਵਿੱਚ ਕੀਤਾ ਗਿਆ।

ਪ੍ਰਦਰਸ਼ਨਕਾਰੀਆਂ ਨੇ ਹੱਥਾਂ ਵਿੱਚ ਲਾਲ ਝੰਡੇ ਅਤੇ ਤਖ਼ਤੀਆਂ ਫੜ ਕੇ ਸਰਕਾਰ ਅਤੇ ਸਿੱਖਿਆ ਵਿਭਾਗ ਦੇ ਖ਼ਿਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ।




**ਜੁਆਂਗ ਕਬੀਲੇ ਦੀ ਸੁਰੱਖਿਆ ਅਤੇ ਕਿਤਾਬਾਂ ਦੇ ਮਿਆਰ 'ਤੇ ਉੱਠੇ ਸਵਾਲ (Key Issues Raised)**

**ਪਾਰਟੀ ਆਗੂਆਂ ਨੇ ਪ੍ਰਦਰਸ਼ਨ ਦੌਰਾਨ ਦੋ ਪ੍ਰਮੁੱਖ ਮੁੱਦਿਆਂ 'ਤੇ ਸੂਬਾ ਸਰਕਾਰ ਨੂੰ ਬੁਰੀ ਤਰ੍ਹਾਂ ਘੇਰਿਆ:**

ਆਦਿਵਾਸੀ ਅਧਿਕਾਰਾਂ ਦੀ ਉਲੰਘਣਾ: ਪ੍ਰਦਰਸ਼ਨਕਾਰੀਆਂ ਨੇ ਦੋਸ਼ ਲਗਾਇਆ ਕਿ ਉੜੀਸਾ ਦੇ ਪ੍ਰਾਚੀਨ ਅਤੇ ਪਛੜੇ ਹੋਏ 'ਜੁਆਂਗ' ਆਦਿਵਾਸੀ ਕਬੀਲੇ ਦੇ ਲੋਕਾਂ ਨਾਲ ਵਾਪਰੀ ਹਿੰਸਕ ਘਟਨਾ ਨੇ ਸੂਬੇ ਵਿੱਚ ਕਾਨੂੰਨ ਵਿਵਸਥਾ ਅਤੇ ਹਾਸ਼ੀਏ 'ਤੇ ਧੱਕੇ ਲੋਕਾਂ ਦੀ ਸੁਰੱਖਿਆ ਦੀ ਪੋਲ ਖੋਲ੍ਹ ਦਿੱਤੀ ਹੈ। ਪਾਰਟੀ ਨੇ ਦੋਸ਼ੀਆਂ ਖ਼ਿਲਾਫ਼ ਤੁਰੰਤ ਸਖ਼ਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

**ਬੱਚਿਆਂ ਦੇ ਭਵਿੱਖ ਨਾਲ ਖਿਲਵਾੜ:** ਸੀ.ਪੀ.ਆਈ.-ਐਮ.ਐਲ. ਦੇ ਬੁਲਾਰੇ ਨੇ ਕਿਹਾ ਕਿ ਮੌਜੂਦਾ ਵਿਦਿਅਕ ਸੈਸ਼ਨ ਦੌਰਾਨ ਪਹਿਲੀ ਤੋਂ ਅੱਠਵੀਂ ਜਮਾਤ (Classes I to VIII) ਦੇ ਨਵੇਂ ਸਿਲੇਬਸ ਦੀਆਂ ਕਿਤਾਬਾਂ ਵਿੱਚ ਪਾਏ ਗਏ ਗਲਤ ਤੱਥ ਅਤੇ ਵਿਆਕਰਣ ਦੀਆਂ ਤਰੁੱਟੀਆਂ (Grammatical & Factual Errors) ਵਿਦਿਆਰਥੀਆਂ ਦੇ ਭਵਿੱਖ ਨਾਲ ਖਿਲਵਾੜ ਹਨ। ਉਨ੍ਹਾਂ ਸਵਾਲ ਉਠਾਇਆ ਕਿ ਸਿੱਖਿਆ ਵਿਭਾਗ ਨੇ ਇੰਨੀਆਂ ਗਲਤ ਕਿਤਾਬਾਂ ਬਿਨਾਂ ਜਾਂਚ ਕੀਤੇ ਸਕੂਲਾਂ ਵਿੱਚ ਕਿਵੇਂ ਵੰਡ ਦਿੱਤੀਆਂ।

# FIFA 2026: ਸੈਮੀਫਾਈਨਲ 'ਚ ਮਹਾਨ ਖਿਡਾਰੀਆਂ ਦੀ ਜੰਗ

## ਡੱਲਾਸ ਸਟੇਡੀਅਮ 'ਚ ਫਰਾਂਸ ਦੇ ਕਾਇਲੀਅਨ ਐਮਬਾਪੇ ਅਤੇ ਸਪੇਨ ਦੇ ਲੈਮਿਨ ਯਮਾਲ ਵਿਚਾਲੇ ਦੇਖਣ ਨੂੰ ਮਿਲੀ ਜ਼ਬਰਦਸਤ ਟੱਕਰ !

ਆਰਲਿੰਗਟਨ (ਟੈਕਸਾਸ, ਅਮਰੀਕਾ), (REUTERS): ਫੀਫਾ ਵਿਸ਼ਵ ਕੱਪ 2026 ਦੇ ਸਭ ਤੋਂ ਵੱਧ ਉਡੀਕੇ ਜਾਣ ਵਾਲੇ ਸੈਮੀਫਾਈਨਲ ਮੁਕਾਬਲਿਆਂ ਵਿੱਚੋਂ ਇੱਕ—ਫਰਾਂਸ ਅਤੇ ਸਪੇਨ ਵਿਚਾਲੇ ਖੇਡਿਆ ਗਿਆ। ਅਮਰੀਕਾ ਦੇ ਟੈਕਸਾਸ ਸਥਿਤ ਡੱਲਾਸ ਸਟੇਡੀਅਮ (Dallas Stadium, Arlington) ਵਿਖੇ ਹੋਏ ਇਸ ਹਾਈ-ਵੋਲਟੇਜ ਮੈਚ ਦੌਰਾਨ ਦੁਨੀਆ ਭਰ ਦੇ ਫੁੱਟਬਾਲ ਪ੍ਰਸ਼ੰਸਕਾਂ ਦੀਆਂ ਨਜ਼ਰਾਂ ਮੈਦਾਨ 'ਤੇ ਟਿਕੀਆਂ ਰਹੀਆਂ। ਮੈਚ ਦੌਰਾਨ ਫਰਾਂਸ ਦੇ ਸੁਪਰਸਟਾਰ ਖਿਡਾਰੀ ਕਾਇਲੀਅਨ ਐਮਬਾਪੇ (Kylian Mbappe) ਅਤੇ ਸਪੇਨ ਦੇ ਨੌਜਵਾਨ ਸਟਾਰ ਲੈਮਿਨ ਯਮਾਲ (Lamine Yamal) ਵਿਚਾਲੇ ਜ਼ਬਰਦਸਤ ਮੁਕਾਬਲਾ ਅਤੇ ਸ਼ਾਨਦਾਰ ਤਾਲਮੇਲ ਦੇਖਣ ਨੂੰ ਮਿਲਿਆ।





Photo Credit : REUTERS/Kai Pfaffenbach



ਰੌਇਟਰਜ਼ (Reuters) ਦੇ ਪ੍ਰਸਿੱਧ ਫੋਟੋਗ੍ਰਾਫਰ ਕਾਈ ਪਫੈਨਬੈਕ (Kai Pfaffenbach) ਵੱਲੋਂ ਕੈਮਰੇ ਵਿੱਚ ਕੈਦ ਕੀਤੀਆਂ ਤਸਵੀਰਾਂ ਵਿੱਚ ਦੋਵਾਂ ਦਿੱਗਜਾਂ ਦੇ ਖੇਡ ਜਜ਼ਬੇ ਅਤੇ ਰੋਮਾਂਚ ਨੂੰ ਸਾਫ਼ ਦੇਖਿਆ ਜਾ ਸਕਦਾ ਹੈ।

**ਫਾਈਨਲ ਦੀ ਟਿਕਟ ਲਈ ਦੋਵਾਂ ਟੀਮਾਂ ਵਿਚਾਲੇ ਕਾਂਟੇ ਦੀ ਟੱਕਰ**

ਵਿਸ਼ਵ ਕੱਪ ਦੇ ਇਸ ਮਹੱਤਵਪੂਰਨ ਪੜਾਅ 'ਤੇ ਇਹ ਮੁਕਾਬਲਾ ਫੁੱਟਬਾਲ ਦੇ ਇਤਿਹਾਸ ਵਿੱਚ ਸਭ ਤੋਂ ਯਾਦਗਾਰੀ ਮੈਚਾਂ ਵਿੱਚੋਂ ਇੱਕ ਬਣ ਗਿਆ ਹੈ:

**ਐਮਬਾਪੇ ਬਨਾਮ ਯਮਾਲ:** ਇੱਕ ਪਾਸੇ ਫਰਾਂਸ ਦੇ ਤਜਰਬੇਕਾਰ ਅਤੇ ਦੁਨੀਆ ਦੇ ਸਭ ਤੋਂ ਤੇਜ਼ ਫਾਰਵਰਡਾਂ ਵਿੱਚੋਂ ਇੱਕ ਕਾਇਲੀਅਨ ਐਮਬਾਪੇ ਸਨ, ਅਤੇ ਦੂਜੇ ਪਾਸੇ ਸਪੇਨ ਦੀ ਨਵੀਂ ਸਨਸਨੀ ਬਣੇ ਲੈਮਿਨ ਯਮਾਲ। ਦੋਵਾਂ ਖਿਡਾਰੀਆਂ ਨੇ ਆਪੋ-ਆਪਣੀ ਟੀਮ ਨੂੰ ਫਾਈਨਲ ਵਿੱਚ ਪਹੁੰਚਾਉਣ ਲਈ ਮੈਦਾਨ 'ਤੇ ਪੂਰੀ ਜਾਨ ਲਗਾ ਦਿੱਤੀ।

**ਡੱਲਾਸ ਵਿੱਚ ਬਣਿਆ ਸ਼ਾਨਦਾਰ ਮਾਹੌਲ:** ਆਰਲਿੰਗਟਨ ਦੇ ਡੱਲਾਸ ਸਟੇਡੀਅਮ ਵਿੱਚ ਮੌਜੂਦ ਲੱਖਾਂ ਫੁੱਟਬਾਲ ਪ੍ਰੇਮੀਆਂ ਨੇ ਆਪਣੀਆਂ ਮਨਪਸੰਦ ਟੀਮਾਂ ਦੀ ਹੌਸਲਾਅਫ਼ਜ਼ਾਈ ਕਰਦਿਆਂ ਮਾਹੌਲ ਨੂੰ ਪੂਰੀ ਤਰ੍ਹਾਂ ਜੋਸ਼ੀਲਾ ਬਣਾ ਦਿੱਤਾ।

# ਪਹਿਲੇ ਵਨਡੇ 'ਚ ਭਾਰਤੀ ਗੇਂਦਬਾਜ਼ਾਂ ਦਾ ਦਬਦਬਾ

## ਅਕਸ਼ਰ ਪਟੇਲ ਤੇ ਕੇ.ਐਲ. ਰਾਹੁਲ ਨੇ ਇੰਗਲੈਂਡ ਨੂੰ ਦਿੱਤਾ ਵੱਡਾ ਝਟਕਾ, ਐਜਬੈਸਟਨ 'ਚ ਜਸ਼ਨ !

ਬਰਮਿੰਘਮ (ਇੰਗਲੈਂਡ), (ANI): ਭਾਰਤ ਅਤੇ ਇੰਗਲੈਂਡ ਵਿਚਾਲੇ ਬਰਮਿੰਘਮ ਦੇ ਇਤਿਹਾਸਕ ਐਜਬੈਸਟਨ ਸਟੇਡੀਅਮ (Edgbaston Stadium) ਵਿਖੇ ਖੇਡੇ ਜਾ ਰਹੇ ਪਹਿਲੇ ਇੱਕ ਰੋਜ਼ਾ (Ast ODI) ਮੈਚ ਵਿੱਚ ਭਾਰਤੀ ਟੀਮ ਨੇ ਸ਼ਾਨਦਾਰ ਸ਼ੁਰੂਆਤ ਕੀਤੀ ਹੈ। ਮੈਚ ਦੌਰਾਨ ਭਾਰਤੀ ਗੇਂਦਬਾਜ਼ਾਂ ਨੇ ਮੇਜ਼ਬਾਨ ਇੰਗਲੈਂਡ ਦੀ ਟੀਮ 'ਤੇ ਲਗਾਤਾਰ ਦਬਾਅ ਬਣਾ ਕੇ ਰੱਖਿਆ। ਇਸੇ ਦੌਰਾਨ ਭਾਰਤੀ ਸਪਿਨ ਸਟਾਰ ਅਕਸ਼ਰ ਪਟੇਲ ਅਤੇ ਵਿਕਟਕੀਪਰ ਕੇ.ਐਲ. ਰਾਹੁਲ ਦੀ ਸੂਝ-ਬੂਝ ਸਦਕਾ ਇੰਗਲੈਂਡ ਦੇ ਖ਼ਤਰਨਾਕ ਬੱਲੇਬਾਜ਼ ਵਿਲ ਜੈਕਸ (Will Jacks) ਨੂੰ ਪੈਵੇਲੀਅਨ ਦਾ ਰਾਹ ਦਿਖਾ ਕੇ ਭਾਰਤ ਨੇ ਵੱਡੀ ਸਫਲਤਾ ਹਾਸਲ ਕੀਤੀ।



Photo credit : ANI



ਸਾਹਮਣੇ ਆਈਆਂ ਤਸਵੀਰਾਂ ਅਤੇ ਵੀਡੀਓਜ਼ (Visuals) ਵਿੱਚ ਦੇਖਿਆ ਜਾ ਸਕਦਾ ਹੈ ਕਿ ਵਿਲ ਜੈਕਸ ਦੀ ਵਿਕਟ ਡਿੱਗਦੇ ਹੀ ਕੇ.ਐਲ. ਰਾਹੁਲ, ਅਕਸ਼ਰ ਪਟੇਲ ਅਤੇ ਬਾਕੀ ਸਾਰੇ ਭਾਰਤੀ ਖਿਡਾਰੀਆਂ ਨੇ ਮੈਦਾਨ ਦੇ ਵਿਚਕਾਰ ਇਕੱਠੇ ਹੋ ਕੇ ਬੇਹੱਦ ਜੋਸ਼ੀਲੇ ਅੰਦਾਜ਼ ਵਿੱਚ ਇਸ ਕਾਮਯਾਬੀ ਦਾ ਜਸ਼ਨ ਮਨਾਇਆ।

**ਭਾਰਤੀ ਟੀਮ ਦਾ ਸ਼ਾਨਦਾਰ ਤਾਲਮੇਲ (The Crucial Breakthrough)**

ਇੰਗਲੈਂਡ ਦੀ ਧਰਤੀ 'ਤੇ ਪਹਿਲੇ ਹੀ ਮੈਚ ਵਿੱਚ ਭਾਰਤੀ ਟੀਮ ਦਾ ਇਹ ਸ਼ਾਨਦਾਰ ਪ੍ਰਦਰਸ਼ਨ ਖਿਡਾਰੀਆਂ ਦੇ ਉੱਚੇ ਮਨੋਬਲ ਨੂੰ ਦਰਸਾਉਂਦਾ ਹੈ:

**ਵਿਲ ਜੈਕਸ ਦੀ ਮਹੱਤਵਪੂਰਨ ਵਿਕਟ:** ਵਿਲ ਜੈਕਸ ਇੰਗਲੈਂਡ ਦੇ ਬੇਹੱਦ ਹਮਲਾਵਰ ਬੱਲੇਬਾਜ਼ ਮੰਨੇ ਜਾਂਦੇ ਹਨ ਅਤੇ ਉਨ੍ਹਾਂ ਦਾ ਜਲਦੀ ਆਊਟ ਹੋਣਾ ਮੇਜ਼ਬਾਨ ਟੀਮ ਲਈ ਇੱਕ ਵੱਡਾ ਝਟਕਾ ਹੈ। ਭਾਰਤੀ ਕਪਤਾਨ ਦੀ ਰਣਨੀਤੀ ਅਤੇ ਗੇਂਦਬਾਜ਼ਾਂ ਦੇ ਤਾਲਮੇਲ ਨੇ ਇਸ ਵਿਕਟ ਨੂੰ ਹਾਸਲ ਕਰਨ ਵਿੱਚ ਮੁੱਖ ਭੂਮਿਕਾ ਨਿਭਾਈ।

**ਮੈਦਾਨ 'ਚ ਦਮਦਾਰ ਫੀਲਡਿੰਗ:** ਵਿਕਟ ਦੇ ਪਿੱਛੇ ਕੇ.ਐਲ. ਰਾਹੁਲ ਦੀ ਚੁਸਤੀ ਅਤੇ ਫੀਲਡਰਾਂ ਦੇ ਜ਼ੋਰਦਾਰ ਸਹਿਯੋਗ ਸਦਕਾ ਭਾਰਤੀ ਟੀਮ ਇਸ ਵੇਲੇ ਮੈਚ ਵਿੱਚ ਪੂਰੀ ਤਰ੍ਹਾਂ ਹਾਵੀ ਨਜ਼ਰ ਆ ਰਹੀ ਹੈ।


## ਦੇਹਰਾਦੂਨ 'ਚ ਆਈਸ ਸਕੇਟਰਾਂ ਦਾ ਜਲਵਾ

# ਮਹਾਰਾਣਾ ਪ੍ਰਤਾਪ ਸਪੋਰਟਸ ਕਾਲਜ ਦੇ 'ਹਿਮਾਦਰੀ ਆਈਸ ਰਿੰਕ' 'ਚ ਖਿਡਾਰੀਆਂ ਨੇ ਦਿਖਾਏ ਸ਼ਾਨਦਾਰ ਜੌਹਰ, ਤਸਵੀਰਾਂ ਵਾਇਰਲ !

ਦੇਹਰਾਦੂਨ, (ANI): ਉੱਤਰਾਖੰਡ ਦੀ ਰਾਜਧਾਨੀ ਦੇਹਰਾਦੂਨ ਤੋਂ ਸਰਦੀਆਂ ਦੀਆਂ ਖੇਡਾਂ (Winter Sports) ਅਤੇ ਸਕੇਟਿੰਗ ਦੇ ਪ੍ਰਸ਼ੰਸਕਾਂ ਲਈ ਇੱਕ ਬੇਹੱਦ ਰੋਮਾਂਚਕ ਅਤੇ ਖ਼ੂਬਸੂਰਤ ਤਸਵੀਰ ਸਾਹਮਣੇ ਆਈ ਹੈ। ਦੇਹਰਾਦੂਨ ਦੇ ਪ੍ਰਸਿੱਧ ਮਹਾਰਾਣਾ ਪ੍ਰਤਾਪ ਸਪੋਰਟਸ ਕਾਲਜ (Maharana Pratap Sports College) ਦੇ ਕੈਂਪਸ ਵਿੱਚ ਬਣੇ ਅੰਤਰਰਾਸ਼ਟਰੀ ਪੱਧਰ ਦੇ ਹਿਮਾਦਰੀ ਆਈਸ ਰਿੰਕ (Himadri Ice Rink) ਵਿਖੇ ਐਤਵਾਰ ਨੂੰ ਆਈਸ ਸਕੇਟਿੰਗ ਖਿਡਾਰੀਆਂ ਨੇ ਬਰਫ਼ ਦੀ ਚਾਦਰ 'ਤੇ ਆਪਣੀ ਕਲਾ ਅਤੇ ਰਫ਼ਤਾਰ ਦੇ ਸ਼ਾਨਦਾਰ ਜੌਹਰ ਦਿਖਾਏ। ਕੇਂਦਰੀ ਮੰਤਰੀ ਮਨਸੁਖ ਮਾਂਡਵੀਆ ਦੇ ਐਕਸ



Photo Credit: @mansukhmandviya X / ANI Photo





(X) ਹੈਂਡਲ ਅਤੇ ਏ.ਐਨ.ਆਈ. (ANI) ਵੱਲੋਂ ਸਾਂਝੀਆਂ ਕੀਤੀਆਂ ਗਈਆਂ ਤਸਵੀਰਾਂ ਵਿੱਚ ਖਿਡਾਰੀਆਂ ਦੇ ਅਦਭੁਤ ਸੰਤੁਲਨ ਅਤੇ ਹਵਾ ਨਾਲ ਗੱਲਾਂ ਕਰਦੇ ਐਕਸ਼ਨ ਨੂੰ ਸਾਫ਼ ਦੇਖਿਆ ਜਾ ਸਕਦਾ ਹੈ।

**ਭਾਰਤ ਦਾ ਮਾਣ ਹੈ 'ਹਿਮਾਦਰੀ ਆਈਸ ਰਿੰਕ' (India's Pride: Himadri Ice Rink)**

ਦੇਹਰਾਦੂਨ ਦਾ ਇਹ ਆਈਸ ਰਿੰਕ ਖੇਡ ਜਗਤ ਵਿੱਚ ਇੱਕ ਵਿਸ਼ੇਸ਼ ਸਥਾਨ ਰੱਖਦਾ ਹੈ:

**ਅੰਤਰਰਾਸ਼ਟਰੀ ਮਿਆਰ:** ਹਿਮਾਦਰੀ ਆਈਸ ਰਿੰਕ ਭਾਰਤ ਦੇ ਚੋਣਵੇਂ ਅਤੇ ਉੱਤਮ ਓਲੰਪਿਕ-ਸਾਈਜ਼ (Olympic-size) ਆਰਟੀਫੀਸ਼ੀਅਲ ਇਨਡੋਰ ਆਈਸ ਰਿੰਕਸ ਵਿੱਚੋਂ ਇੱਕ ਹੈ। ਇਹ ਨਾ ਸਿਰਫ਼ ਉੱਤਰਾਖੰਡ ਬਲਕਿ ਪੂਰੇ ਦੇਸ਼ ਦੇ ਵਿੰਟਰ ਸਪੋਰਟਸ ਅਥਲੀਟਾਂ ਲਈ ਵਿਸ਼ਵ ਪੱਧਰੀ ਸਹੂਲਤਾਂ ਪ੍ਰਦਾਨ ਕਰਦਾ ਹੈ।

**ਖਿਡਾਰੀਆਂ ਲਈ ਖਿੱਚ ਦਾ ਕੇਂਦਰ:** ਇਸ ਆਧੁਨਿਕ ਟਰੈਕ 'ਤੇ ਨੈਸ਼ਨਲ ਅਤੇ ਇੰਟਰਨੈਸ਼ਨਲ ਪੱਧਰ ਦੇ ਕਈ ਮੁਕਾਬਲੇ ਕਰਵਾਏ ਜਾਂਦੇ ਹਨ। ਦੇਸ਼ ਭਰ ਤੋਂ ਆਏ ਪ੍ਰਤਿਭਾਸ਼ਾਲੀ ਸਕੇਟਰ ਇੱਥੇ ਸਖ਼ਤ ਮਿਹਨਤ ਅਤੇ ਟ੍ਰੇਨਿੰਗ ਕਰਕੇ ਗਲੋਬਲ ਮੰਚ ਲਈ ਤਿਆਰੀ ਕਰ ਰਹੇ ਹਨ।

## ਸੈਮੀਫਾਈਨਲ 'ਚ ਅਰਜਨਟੀਨਾ ਦਾ ਧਮਾਕਾ

# ਇੰਜ਼ੋ ਫਰਨਾਂਡੀਜ਼ ਦੇ ਸ਼ਾਨਦਾਰ ਗੋਲ ਨਾਲ ਇੰਗਲੈਂਡ ਖ਼ਿਲਾਫ਼ ਬਣਾਈ ਬੜ੍ਹਤ, ਐਟਲਾਂਟਾ ਸਟੇਡੀਅਮ 'ਚ ਜਸ਼ਨ !

ਐਟਲਾਂਟਾ (ਜਾਰਜੀਆ, ਅਮਰੀਕਾ), (REUTERS): ਫੀਫਾ ਵਿਸ਼ਵ ਕੱਪ 2026 ਦੇ ਸਭ ਤੋਂ ਵੱਡੇ ਅਤੇ ਵੱਕਾਰੀ ਮੁਕਾਬਲਿਆਂ ਵਿੱਚੋਂ ਇੱਕ—ਸੈਮੀਫਾਈਨਲ ਮੈਚ ਵਿੱਚ ਅੱਜ ਅਰਜਨਟੀਨਾ ਅਤੇ ਇੰਗਲੈਂਡ ਦੀਆਂ ਦਿੱਗਜ ਟੀਮਾਂ ਅਮਰੀਕਾ ਦੇ ਐਟਲਾਂਟਾ ਸਟੇਡੀਅਮ (Atlanta Stadium) ਵਿਖੇ ਆਹਮੋ-ਸਾਹਮਣੇ ਹੋਈਆਂ। ਇਸ ਹਾਈ-ਵੋਲਟੇਜ ਮੁਕਾਬਲੇ ਦੌਰਾਨ ਅਰਜਨਟੀਨਾ ਦੇ ਸਟਾਰ ਮਿਡਫੀਲਡਰ ਇੰਜ਼ੋ ਫਰਨਾਂਡੀਜ਼ (Enzo Fernandez) ਨੇ ਸ਼ਾਨਦਾਰ ਗੋਲ ਦਾਗ ਕੇ ਆਪਣੀ ਟੀਮ ਦਾ ਖਾਤਾ ਖੋਲ੍ਹਿਆ ਅਤੇ ਅਰਜਨਟੀਨਾ ਨੂੰ ਇੰਗਲੈਂਡ ਦੇ ਖ਼ਿਲਾਫ਼ 1-0 ਦੀ ਅਹਿਮ ਬੜ੍ਹਤ ਦਿਵਾਈ।


ਰੌਇਟਰਜ਼ (Reuters) ਦੇ ਫੋਟੋਗ੍ਰਾਫਰ ਪਾਲ ਚਾਈਲਡਜ਼ ਵੱਲੋਂ ਕੈਮਰੇ ਵਿੱਚ ਕੈਦ ਕੀਤੀਆਂ ਤਸਵੀਰਾਂ ਵਿੱਚ ਗੋਲ ਹੋਣ ਤੋਂ ਬਾਅਦ ਅਰਜਨਟੀਨਾ ਦੇ ਖਿਡਾਰੀਆਂ ਅਤੇ ਸਟੇਡੀਅਮ ਵਿੱਚ ਮੌਜੂਦ ਹਜ਼ਾਰਾਂ ਪ੍ਰਸ਼ੰਸਕਾਂ ਦੇ ਜੋਸ਼ੀਲੇ ਜਸ਼ਨ ਨੂੰ ਸਾਫ਼ ਦੇਖਿਆ ਜਾ ਸਕਦਾ ਹੈ।

**ਖ਼ਿਤਾਬੀ ਜੰਗ ਦੇ ਬੇਹੱਦ ਨਜ਼ਦੀਕ ਪਹੁੰਚਿਆ ਅਰਜਨਟੀਨਾ (The Golden Goal)**

ਵਿਸ਼ਵ ਕੱਪ ਦੇ ਇਸ ਅਹਿਮ ਪੜਾਅ 'ਤੇ ਇੰਜ਼ੋ ਫਰਨਾਂਡੀਜ਼ ਦਾ ਇਹ ਗੋਲ ਮੈਚ ਦਾ ਸਭ ਤੋਂ ਵੱਡਾ ਮੋੜ ਸਾਬਤ ਹੋ ਸਕਦਾ ਹੈ:

**ਇੰਜ਼ੋ ਦਾ ਸ਼ਾਨਦਾਰ ਪ੍ਰਦਰਸ਼ਨ:** ਮੈਚ ਦੇ ਸ਼ੁਰੂਆਤੀ ਦਬਾਅ ਨੂੰ ਪਛਾੜਦਿਆਂ ਇੰਜ਼ੋ ਨੇ ਇੰਗਲੈਂਡ ਦੇ ਮਜ਼ਬੂਤ ਰੱਖਿਆ ਪੰਗਤੀ (Defense) ਨੂੰ ਚੀਰਦੇ ਹੋਏ ਗੇਂਦ ਨੂੰ ਗੋਲ ਪੋਸਟ ਦੇ ਅੰਦਰ ਭੇਜਿਆ। ਇਸ ਗੋਲ ਨੇ ਅਰਜਨਟੀਨਾ ਦੇ ਖੇਮੇ ਵਿੱਚ ਨਵਾਂ ਜੋਸ਼ ਭਰ ਦਿੱਤਾ ਹੈ।

**ਐਟਲਾਂਟਾ ਵਿੱਚ ਫੁੱਟਿਆ ਜੋਸ਼:** ਐਟਲਾਂਟਾ ਸਟੇਡੀਅਮ ਵਿੱਚ ਮੌਜੂਦ ਲੱਖਾਂ ਫੁੱਟਬਾਲ ਪ੍ਰਸ਼ੰਸਕਾਂ ਦੀਆਂ ਚੀਕਾਂ ਨੇ ਮਾਹੌਲ ਨੂੰ ਹੋਰ ਵੀ ਰੋਮਾਂਚਕ ਬਣਾ ਦਿੱਤਾ। ਇੰਗਲੈਂਡ ਦੀ ਟੀਮ ਹੁਣ ਇਸ ਬੜ੍ਹਤ ਨੂੰ ਉਤਾਰਨ ਲਈ ਲਗਾਤਾਰ ਹਮਲਾਵਰ ਰਣਨੀਤੀ ਅਪਣਾ ਰਹੀ ਹੈ।



ਇਸ ਤਸਵੀਰ ਦਾ ਕ੍ਰੈਡਿਟ ਰੌਇਟਰਜ਼/ਪਾਲ ਚਾਈਲਡਜ਼ (REUTERS/Paul Childs) ਨੂੰ ਜਾਂਦਾ ਹੈ।

# ਸੋਨਮ ਵਾਂਗਚੁਕ ਅਤੇ ਲੱਦਾਖ ਦੇ ਮੁੱਦੇ ’ਤੇ ਵੱਖ-ਵੱਖ ਦ੍ਰਿਸ਼ਟੀਕੋਣ

## ਸੋਨਮ ਵਾਂਗਚੁਕ ਲੱਦਾਖ ਦੇ ਵਾਤਾਵਰਣ ਦੀ ਸੁਰੱਖਿਆ ਅਤੇ ਇਸ ਨੂੰ ਸੰਵਿਧਾਨ ਦੀ ਛੇਵੀਂ ਅਨੁਸੂਚੀ (Sixth Schedule) ਵਿੱਚ ਸ਼ਾਮਲ ਕਰਨ ਦੀ ਮੰਗ ਨੂੰ ਲੈ ਕੇ ਲੰਬੇ ਸਮੇਂ ਤੋਂ ਸੰਘਰਸ਼ ਕਰ ਰਹੇ ਹਨ।









**ਵਿਰੋਧ ਪ੍ਰਦਰਸ਼ਨ ਅਤੇ ਸਮਰਥਕਾਂ ਦਾ ਪੱਖ:** ਸਮਰਥਕਾਂ ਅਤੇ ਸਿਵਲ ਸੁਸਾਇਟੀ ਦਾ ਮੰਨਣਾ ਹੈ ਕਿ ਲੱਦਾਖ ਨੂੰ ਕੇਂਦਰ ਸ਼ਾਸਿਤ ਪ੍ਰਦੇਸ਼ (UT) ਬਣਾਏ ਜਾਣ ਤੋਂ ਬਾਅਦ ਉੱਥੋਂ ਦੇ ਸਥਾਨਕ ਲੋਕਾਂ ਕੋਲ ਆਪਣੇ ਫੈਸਲੇ ਖੁਦ ਲੈਣ ਦੀ ਸਿਆਸੀ ਤਾਕਤ ਘਟੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਉਦਯੋਗਿਕ ਘਰਾਣਿਆਂ ਦੀ ਦਖਲਅੰਦਾਜ਼ੀ ਕਾਰਨ ਲੱਦਾਖ ਦਾ ਨਾਜ਼ੁਕ ਵਾਤਾਵਰਣ ਖਤਰੇ ਵਿੱਚ ਹੈ, ਇਸ ਲਈ ਸਥਾਨਕ ਲੋਕਾਂ ਦੇ ਜ਼ਮੀਨੀ ਅਤੇ ਸੱਭਿਆਚਾਰਕ ਅਧਿਕਾਰਾਂ ਦੀ ਸੁਰੱਖਿਆ ਲਈ ਛੇਵੀਂ ਅਨੁਸੂਚੀ ਅਤੇ ਰਾਜ ਦਾ ਦਰਜਾ ਬਹੁਤ ਜ਼ਰੂਰੀ ਹੈ।

**ਸਰਕਾਰ ਅਤੇ ਸੱਤਾਧਾਰੀ ਪਾਰਟੀ ਦਾ ਪੱਖ:** ਕੇਂਦਰ ਸਰਕਾਰ ਦਾ ਤਰਕ ਹੈ ਕਿ ਧਾਰਾ 370 ਦੇ ਖ਼ਾਤਮੇ ਤੋਂ ਬਾਅਦ ਲੱਦਾਖ ਨੂੰ ਇੱਕ ਵੱਖਰਾ ਕੇਂਦਰ ਸ਼ਾਸਿਤ ਪ੍ਰਦੇਸ਼ ਬਣਾ ਕੇ ਇਸ ਖੇਤਰ ਦੇ ਵਿਕਾਸ ਨੂੰ ਤੇਜ਼ ਕੀਤਾ ਗਿਆ ਹੈ। ਸਰਕਾਰ ਅਨੁਸਾਰ, ਲੱਦਾਖ ਦੀ ਸੁਰੱਖਿਆ ਅਤੇ ਵਿਕਾਸ ਲਈ ਵੱਡੇ ਬਜਟ ਜਾਰੀ ਕੀਤੇ ਗਏ ਹਨ। ਸਰਕਾਰ ਨੇ ਲੱਦਾਖ ਦੀਆਂ ਮੰਗਾਂ ’ਤੇ ਚਰਚਾ ਕਰਨ ਲਈ ਗ੍ਰਹਿ ਮੰਤਰਾਲੇ ਦੇ ਅਧੀਨ ਇੱਕ ਉੱਚ-ਪੱਧਰੀ ਕਮੇਟੀ ਵੀ ਗਠਿਤ ਕੀਤੀ ਸੀ, ਅਤੇ ਸਰਕਾਰ ਦਾ ਕਹਿਣਾ ਹੈ ਕਿ ਉਹ ਵਾਤਾਵਰਣ ਸੰਤੁਲਨ ਅਤੇ ਸਰਹੱਦੀ ਖੇਤਰ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਸੰਵਿਧਾਨਕ ਦਾਇਰੇ ਅੰਦਰ ਹੱਲ ਲੱਭਣ ਲਈ ਵਚਨਬੱਧ ਹੈ।

2. NEET ਪ੍ਰੀਖਿਆ ਵਿਵਾਦ ਅਤੇ ਪਾਰਦਰਸ਼ਤਾ

ਪ੍ਰੀਖਿਆਵਾਂ ਵਿੱਚ ਹੋਣ ਵਾਲੀਆਂ ਬੇਨਿਯਮੀਆਂ ਅਤੇ ਪੇਪਰ ਲੀਕ ਦੇ ਮੁੱਦੇ ਨੇ ਦੇਸ਼ ਭਰ ਵਿੱਚ ਲੱਖਾਂ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਮਾਨਸਿਕ ਤੌਰ ’ਤੇ ਪ੍ਰਭਾਵਿਤ ਕੀਤਾ ਹੈ।

**ਵਿਦਿਆਰਥੀਆਂ ਅਤੇ ਵਿਰੋਧੀ ਧਿਰਾਂ ਦੀਆਂ ਮੰਗਾਂ:** ਪ੍ਰਦਰਸ਼ਨਕਾਰੀਆਂ, ਵਿਦਿਆਰਥੀ ਜਥੇਬੰਦੀਆਂ ਅਤੇ ਕਈ ਸਿਆਸੀ ਪਾਰਟੀਆਂ (ਜਿਵੇਂ ਕਿ ਮਹਾਰਾਸ਼ਟਰ ਨਵਨਿਰਮਾਣ ਸੈਨਾ ਅਤੇ ਹੋਰ) ਦਾ ਕਹਿਣਾ ਹੈ ਕਿ ਨੈਸ਼ਨਲ ਟੈਸਟਿੰਗ ਏਜੰਸੀ (NTA) ਦੇ ਕੰਮਕਾਜ ਵਿੱਚ ਗੰਭੀਰ ਖਾਮੀਆਂ ਸਾਹਮਣੇ ਆਈਆਂ ਹਨ। ਉਨ੍ਹਾਂ ਦੀ ਮੰਗ ਹੈ ਕਿ ਪ੍ਰੀਖਿਆ ਪ੍ਰਣਾਲੀ ਵਿੱਚ ਮੁਕੰਮਲ ਪਾਰਦਰਸ਼ਤਾ ਲਿਆਂਦੀ ਜਾਵੇ, ਦੋਸ਼ੀਆਂ ਖਿਲਾਫ ਸਖ਼ਤ ਕਾਰਵਾਈ ਕੀਤੀ ਜਾਵੇ ਅਤੇ ਸਿੱਖਿਆ ਮੰਤਰਾਲੇ ਵੱਲੋਂ ਇਸ ਦੀ ਨੈਤਿਕ ਜ਼ਿੰਮੇਵਾਰੀ ਲਈ ਜਾਵੇ।

ਸਰਕਾਰ ਦੀ ਕਾਰਵਾਈ ਅਤੇ ਪੱਖ: ਸਰਕਾਰ ਨੇ NEET ਪ੍ਰੀਖਿਆ ਵਿੱਚ ਹੋਈਆਂ ਗੜਬੜੀਆਂ ਨੂੰ ਗੰਭੀਰਤਾ ਨਾਲ ਲੈਂਦਿਆਂ ਇਸ ਮਾਮਲੇ ਦੀ ਜਾਂਚ ਸੀ.ਬੀ.ਆਈ. (CBI) ਨੂੰ ਸੌਂਪੀ ਹੈ। ਇਸ ਦੇ ਨਾਲ ਹੀ, ਸਰਕਾਰ ਨੇ ਭਵਿੱਖ ਵਿੱਚ ਪੇਪਰ ਲੀਕ ਹੋਣ ਦੀਆਂ ਘਟਨਾਵਾਂ ਨੂੰ ਰੋਕਣ ਲਈ ਇੱਕ ਸਖ਼ਤ ਕਾਨੂੰਨ (Public Examinations Anti-Paper Leak Law) ਲਾਗੂ ਕੀਤਾ ਹੈ। ਸਰਕਾਰ ਦਾ ਕਹਿਣਾ ਹੈ ਕਿ ਉਹ ਹੋਣਹਾਰ ਵਿਦਿਆਰਥੀਆਂ ਦੇ ਹਿੱਤਾਂ ਦੀ ਰੱਖਿਆ ਲਈ ਹਰ ਸੰਭਵ ਕਦਮ ਚੁੱਕ ਰਹੀ ਹੈ ਅਤੇ ਪ੍ਰੀਖਿਆ ਪ੍ਰਣਾਲੀ ਨੂੰ ਸੁਧਾਰਨ ਲਈ ਮਾਹਰਾਂ ਦੀ ਇੱਕ ਕਮੇਟੀ ਵੀ ਬਣਾਈ ਗਈ ਹੈ।

3. ਲੋਕਤੰਤਰ, ਸੋਸ਼ਲ ਮੀਡੀਆ ਅਤੇ ਸਿਆਸੀ ਸਰਗਰਮੀ

ਲੋਕਤੰਤਰੀ ਦੇਸ਼ਾਂ ਵਿੱਚ ਅਸਹਿਮਤੀ ਪ੍ਰਗਟਾਉਣ ਅਤੇ ਸ਼ਾਂਤਮਈ ਵਿਰੋਧ ਪ੍ਰਦਰਸ਼ਨ ਕਰਨ ਦੇ ਅਧਿਕਾਰ ਨੂੰ ਸੰਵਿਧਾਨਕ ਮਾਨਤਾ ਪ੍ਰਾਪਤ ਹੈ। ਹਾਲਾਂਕਿ, ਅਜੋਕੇ ਸਮੇਂ ਵਿੱਚ ਅੰਦੋਲਨਾਂ ਦੇ ਸਰੂਪ ਵਿੱਚ ਵੱਡਾ ਬਦਲਾਅ ਆਇਆ ਹੈ:

**ਸੋਸ਼ਲ ਮੀਡੀਆ ਦੀ ਭੂਮਿਕਾ:** ਅੱਜਕੱਲ੍ਹ ਕਈ ਅੰਦੋਲਨ ਸੋਸ਼ਲ ਮੀਡੀਆ ਪਲੇਟਫਾਰਮਾਂ (ਜਿਵੇਂ ਇੰਸਟਾਗ੍ਰਾਮ ਰੀਲਾਂ, ਐਕਸ/ਟਵਿੱਟਰ ਟਰੈਂਡਸ) ਰਾਹੀਂ ਲੋਕਾਂ ਤੱਕ ਪਹੁੰਚਦੇ ਹਨ। ਜਿੱਥੇ ਇਹ ਤਕਨੀਕ ਕਿਸੇ ਮੁੱਦੇ ਨੂੰ ਰਾਤੋ-ਰਾਤ ਲੱਖਾਂ ਲੋਕਾਂ ਤੱਕ ਪਹੁੰਚਾਉਣ ਵਿੱਚ ਮਦਦ ਕਰਦੀ ਹੈ, ਉੱਥੇ ਹੀ ਕੁਝ ਮਾਹਰਾਂ ਦਾ ਇਹ ਵੀ ਮੰਨਣਾ ਹੈ ਕਿ ਇਹ ਅੰਦੋਲਨਾਂ ਨੂੰ ਕਈ ਵਾਰ ਸਿਰਫ਼ ‘ਡਿਜੀਟਲ ਲਾਇਕਸ’ ਤੱਕ ਸੀਮਤ ਕਰ ਦਿੰਦੀ ਹੈ, ਜਿਸ ਨਾਲ ਜ਼ਮੀਨੀ ਪੱਧਰ ’ਤੇ ਅਸਲ ਸਿਆਸੀ ਬਦਲਾਅ ਲਿਆਉਣਾ ਮੁਸ਼ਕਲ ਹੋ ਜਾਂਦਾ ਹੈ।

ਸਿਆਸੀ ਭਾਗੀਦਾਰੀ ਦੀ ਮਹੱਤਤਾ: ਸਿਵਲ ਸੁਸਾਇਟੀ ਦਾ ਰਾਜਨੀਤੀ ਤੋਂ ਦੂਰ ਰਹਿਣਾ ਇੱਕ ਗੰਭੀਰ ਚਰਚਾ ਦਾ ਵਿਸ਼ਾ ਹੈ। ਬਹੁਤ ਸਾਰੇ ਚਿੰਤਕਾਂ ਦਾ ਮੰਨਣਾ ਹੈ ਕਿ ਜਦੋਂ ਤੱਕ ਸਮਾਜ ਦਾ ਜਾਗਰੂਕ ਵਰਗ ਰਾਜਨੀਤਿਕ ਪ੍ਰਕਿਰਿਆਵਾਂ ਵਿੱਚ ਸਰਗਰਮ ਹਿੱਸਾ ਨਹੀਂ ਲੈਂਦਾ, ਉਦੋਂ ਤੱਕ ਨੀਤੀਆਂ ਵਿੱਚ ਸਥਾਈ ਬਦਲਾਅ ਲਿਆਉਣਾ ਔਖਾ ਹੁੰਦਾ ਹੈ।

ਇਹ ਮੁੱਦੇ ਦੇਸ਼ ਦੇ ਲੋਕਤੰਤਰੀ ਢਾਂਚੇ, ਨਾਗਰਿਕਾਂ ਦੇ ਅਧਿਕਾਰਾਂ ਅਤੇ ਪ੍ਰਸ਼ਾਸਨਿਕ ਜਵਾਬਦੇਹੀ ਦੇ ਵਿਚਕਾਰ ਇੱਕ ਬਹੁਤ ਹੀ ਮਹੱਤਵਪੂਰਨ ਸੰਵਾਦ ਦੀ ਮੰਗ ਕਰਦੇ ਹਨ।

# ਅੰਮ੍ਰਿਤਸਰ ’ਚ ਮਹਿਲਾ ਮੋਰਚਾ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਖ਼ਿਲਾਫ਼ ਜ਼ੋਰਦਾਰ ਰੋਸ ਪ੍ਰਦਰਸ਼ਨ

## ‘ਮੁੱਖ ਮੰਤਰੀ ਮਾਵਾਂ ਧੀਆਂ ਸਤਿਕਾਰ ਯੋਜਨਾ’ ਨੂੰ ਲੈ ਕੇ ਸੜਕਾਂ ’ਤੇ ਉਤਰੀਆਂ ਮਹਿਲਾ ਆਗੂ; ਯੋਜਨਾ ਨੂੰ ਲਾਗੂ ਕਰਨ ’ਚ ਨਾਕਾਮੀ ਅਤੇ ਪੱਖਪਾਤ ਦੇ ਲਗਾਏ ਦੋਸ਼

ਅੰਮ੍ਰਿਤਸਰ: ਪੰਜਾਬ ਦੀ ਆਮ ਆਦਮੀ ਪਾਰਟੀ (AAP) ਸਰਕਾਰ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀਆਂ ਨੀਤੀਆਂ ਖ਼ਿਲਾਫ਼ ਮਹਿਲਾ ਮੋਰਚਾ ਵੱਲੋਂ ਮੋਰਚਾ ਖੋਲ੍ਹ ਦਿੱਤਾ ਗਿਆ ਹੈ। ਵੀਰਵਾਰ ਨੂੰ ਅੰਮ੍ਰਿਤਸਰ ਵਿਖੇ ਬੀਜੇਪੀ ਮਹਿਲਾ ਮੋਰਚਾ ਦੀਆਂ ਮੈਂਬਰਾਂ ਨੇ ਵੱਡੀ ਗਿਣਤੀ ਵਿੱਚ ਇਕੱਠੇ ਹੋ ਕੇ ਪੰਜਾਬ ਸਰਕਾਰ ਅਤੇ ਮੁੱਖ ਮੰਤਰੀ ਭਗਵੰਤ ਮਾਨ ਖ਼ਿਲਾਫ਼ ਤਿੱਖੀ ਨਾਅਰੇਬਾਜ਼ੀ ਕੀਤੀ ਅਤੇ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ।

ਇਹ ਰੋਸ ਪ੍ਰਦਰਸ਼ਨ ਸਰਕਾਰ ਵੱਲੋਂ ਐਲਾਨੀ ਗਈ ‘ਮੁੱਖ ਮੰਤਰੀ ਮਾਵਾਂ ਧੀਆਂ ਸਤਿਕਾਰ ਯੋਜਨਾ’ (Mukh Mantri Mawan Dheeyan Satkar Yojana) ਨੂੰ ਜ਼ਮੀਨੀ ਪੱਧਰ ’ਤੇ ਸਹੀ ਢੰਗ ਨਾਲ ਲਾਗੂ ਨਾ ਕਰਨ, ਇਸ ਦੀ ਵੰਡ ਵਿੱਚ ਦੇਰੀ ਅਤੇ ਕਥਿਤ ਬੇਨਿਯਮੀਆਂ ਦੇ ਵਿਰੋਧ ਵਿੱਚ ਕੀਤਾ ਗਿਆ।







**ਵਾਅਦੇ ਵੱਡੇ, ਪਰ ਹਕੀਕਤ ਕੁਝ ਹੋਰ: ਬੀਜੇਪੀ ਮਹਿਲਾ ਮੋਰਚਾ**

ਪ੍ਰਦਰਸ਼ਨਕਾਰੀ ਮਹਿਲਾ ਆਗੂਆਂ ਨੇ ਹੱਥਾਂ ਵਿੱਚ ਤਖ਼ਤੀਆਂ ਫੜ ਕੇ ਪੰਜਾਬ ਸਰਕਾਰ ਖ਼ ?ਲਾਫ਼ ਨਾਅਰੇਬਾਜ਼ੀ ਕੀਤੀ। ਮਹਿਲਾ ਮੋਰਚਾ ਦੀਆਂ ਪ੍ਰਮੁੱਖ ਆਗੂਆਂ ਨੇ ਦੋਸ਼ ਲਾਇਆ ਕਿ ਸਰਕਾਰ ਨੇ ‘ਮੁੱਖ ਮੰਤਰੀ ਮਾਵਾਂ ਧੀਆਂ ਸਤਿਕਾਰ ਯੋਜਨਾ’ ਵਰਗੀਆਂ ਸਕੀਮਾਂ ਦਾ ਸਿਰਫ਼ ਸਿਆਸੀ ਲਾਹਾ ਲੈਣ ਲਈ ਪ੍ਰਚਾਰ ਕੀਤਾ ਹੈ, ਪਰ ਅਸਲ ਵਿੱਚ ਪੰਜਾਬ ਦੀਆਂ ਲੋੜਵੰਦ ਮਾਵਾਂ ਅਤੇ ਧੀਆਂ ਇਸ ਦੇ ਲਾਭ ਤੋਂ ਵਾਂਝੀਆਂ ਹਨ।

ਲਾਗੂ ਕਰਨ ਵਿੱਚ ਨਾਕਾਮੀ: ਪ੍ਰਦਰਸ਼ਨਕਾਰੀਆਂ ਮੁਤਾਬਕ, ਯੋਜਨਾ ਦੇ ਰਜਿਸਟ ?ਰੇਸ਼ਨ ਅਤੇ ਲਾਭਪਾਤਰੀਆਂ ਤੱਕ ਪਹੁੰਚਣ ਦੀ ਪ੍ਰਕਿਰਿਆ ਬੇਹੱਦ ਸੁਸਤ ਹੈ ਅਤੇ ਇਸ ਵਿੱਚ ਭਾਰੀ ਪੱਖਪਾਤ ਕੀਤਾ ਜਾ ਰਿਹਾ ਹੈ।

ੌਰਤਾਂ ਨਾਲ ਧੋਖਾ: ਆਗੂਆਂ ਨੇ ਕਿਹਾ ਕਿ ਚੋਣਾਂ ਵੇਲੇ ਔਰਤਾਂ ਨੂੰ ਵੱਡੇ-ਵੱਡੇ ਵਿੱਤੀ ਲਾਭ ਦੇਣ ਦੇ ਵਾਅਦੇ ਕੀਤੇ ਗਏ ਸਨ, ਪਰ ਅੱਜ ਸੂਬੇ ਦੀਆਂ ਔਰਤਾਂ ਆਪਣੇ ਹੱਕਾਂ ਲਈ ਸੜਕਾਂ ’ਤੇ ਰੁਲਣ ਲਈ ਮਜਬੂਰ ਹਨ।

ਸਰਕਾਰ ਨੂੰ ਦਿੱਤੀ ਚੇਤਾਵਨੀ

ਬੀਜੇਪੀ ਮਹਿਲਾ ਮੋਰਚਾ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਪੰਜਾਬ ਸਰਕਾਰ ਨੇ ਜਲਦ ਹੀ ਇਸ ਯੋਜਨਾ ਦੀਆਂ ਸਾਰੀਆਂ ਖਾਮੀਆਂ ਨੂੰ ਦੂਰ ਕਰਕੇ ਇਸ ਨੂੰ ਪਾਰਦਰਸ਼ੀ ਤਰੀਕੇ ਨਾਲ ਪੂਰੇ ਪੰਜਾਬ ਵਿੱਚ ਸਖ਼ਤੀ ਨਾਲ ਲਾਗੂ ਨਾ ਕੀਤਾ, ਤਾਂ ਇਹ ਪ੍ਰਦਰਸ਼ਨ ਸਿਰਫ਼ ਅੰਮ੍ਰਿਤਸਰ ਤੱਕ ਸੀਮਤ ਨਹੀਂ ਰਹੇਗਾ। ਆਉਣ ਵਾਲੇ ਦਿਨਾਂ ਵਿੱਚ ਪੂਰੇ ਪੰਜਾਬ ਦੇ ਜ਼ਿਲ੍ਹਾ ਹੈੱਡਕੁਆਰਟਰਾਂ ’ਤੇ ਇਸੇ ਤਰ੍ਹਾਂ ਦੇ ਤਿੱਖੇ ਪ੍ਰਦਰਸ਼ਨ ਉਲੀਕੇ ਜਾਣਗੇ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੇ ਘਰਾਓ ਦੀ ਰਣਨੀਤੀ ਵੀ ਬਣਾਈ ਜਾਵੇਗੀ।

# ਅਮਰੀਕੀ ਕੋਰਟ 'ਚ ਲਾਰੈਂਸ ਬਿਸ਼ਨੋਈ ਖਿਲਾਫ਼ ਇਤਿਹਾਸਕ ਦੋਸ਼ ਪੱਤਰ ਦਾਇਰ

## 'ਓਪਰੇਸ਼ਨ ਹਾਰਡ ਬਾਲ' ਤਹਿਤ ਯੂਰਪ ਤੱਕ ਹੋਈਆਂ ਗ੍ਰਿਫਤਾਰੀਆਂ

### ਸਿੱਧੂ ਮੂਸੇਵਾਲਾ ਕਤਲਕਾਂਡ, ਹਰਦੀਪ ਸਿੰਘ ਨਿੱਝਰ ਦੀ ਹੱਤਿਆ, ਸਲਮਾਨ ਖਾਨ ਅਤੇ ਗਿੱਪੀ ਗਰੇਵਾਲ ਨੂੰ ਧਮਕੀਆਂ ਦੇਣ ਸਣੇ ਕੌਮਾਂਤਰੀ ਨਸ਼ਾ ਤਸਕਰੀ ਦੇ ਲੱਗੇ ਵੱਡੇ ਦੋਸ਼; ਸਪੇਨ, ਜਰਮਨੀ ਅਤੇ ਫਰਾਂਸ ਤੱਕ ਫੈਲਿਆ ਜਾਂਚ ਦਾ ਘੇਰਾ




ਵਾਸ਼ਿੰਗਟਨ/ਟੋਰਾਂਟੋ/ਮੈਡਰਿਡ/ਬਰਲਿਨ/ਪੈਰਿਸ : ਅਮਰੀਕਾ ਦੇ ਨਿਆਂ ਵਿਭਾਗ (DoJ) ਨੇ ਭਾਰਤ ਦੀ ਜੇਲ੍ਹ ਵਿੱਚ ਬੰਦ ਗੈਂਗਸਟਰ ਲਾਰੈਂਸ ਬਿਸ਼ਨੋਈ ਅਤੇ ਉਸ ਦੇ ਅੰਤਰਰਾਸ਼ਟਰੀ ਸੰਗਠਿਤ ਅਪਰਾਧ ਸਮੂਹ (OCG) ਵਿਰੁੱਧ ਇੱਕ ਬਹੁਤ ਹੀ ਮਹੱਤਵਪੂਰਨ ਅਤੇ ਇਤਿਹਾਸਕ ਸੰਘੀ ਦੋਸ਼ ਪੱਤਰ (Federal Indictment) ਜਨਤਕ ਕੀਤਾ ਹੈ।

ਐਫ.ਬੀ.ਆਈ. (FBI), ਕੈਨੇਡੀਅਨ ਪੁਲਿਸ (RCMP) ਅਤੇ ਯੂਰਪੀਅਨ ਸੁਰੱਖਿਆ ਏਜੰਸੀਆਂ ਵੱਲੋਂ ਚਲਾਏ ਗਏ ਇੱਕ ਸਾਂਝੇ ਗੁਪਤ ਆਪ੍ਰੇਸ਼ਨ, ਜਿਸ ਨੂੰ 'ਓਪਰੇਸ਼ਨ ਹਾਰਡ ਬਾਲ' (Operation Hard Ball) ਦਾ ਨਾਮ ਦਿੱਤਾ ਗਿਆ ਹੈ, ਤਹਿਤ ਅਮਰੀਕਾ, ਕੈਨੇਡਾ ਅਤੇ ਯੂਰਪ ਵਿੱਚ ਹੁਣ ਤੱਕ 24 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ ਅਤੇ 37 ਮੁਲਜ਼ਮਾਂ ਖਿਲਾਫ਼ ਚਾਰਜਸ਼ੀਟ ਦਾਇਰ ਕੀਤੀ ਗਈ ਹੈ।

**ਯੂਰਪ ਕਨੈਕਸ਼ਨ: ਸਪੇਨ, ਜਰਮਨੀ ਅਤੇ ਫਰਾਂਸ ਵਿੱਚ ਸ਼ਿਕੰਜਾ**

ਇਸ ਅਪ੍ਰੇਸ਼ਨ ਦਾ ਸਭ ਤੋਂ ਵੱਡਾ ਖੁਲਾਸਾ ਇਹ ਹੈ ਕਿ ਬਿਸ਼ਨੋਈ ਗੈਂਗ ਦੀਆਂ ਤਾਰਾਂ ਸਿਰਫ਼ ਅਮਰੀਕਾ ਜਾਂ ਕੈਨੇਡਾ ਨਾਲ ਹੀ ਨਹੀਂ, ਬਲਕਿ ਯੂਰਪੀ ਦੇਸ਼ਾਂ ਨਾਲ ਵੀ ਡੂੰਘਾਈ ਨਾਲ ਜੁੜੀਆਂ ਹੋਈਆਂ ਸਨ। ਅੰਤਰਰਾਸ਼ਟਰੀ ਜਾਂਚ ਏਜੰਸੀਆਂ ਨੇ ਯੂਰਪ ਵਿੱਚ ਹੇਠ ਲਿਖੀਆਂ ਵੱਡੀਆਂ ਕਾਰਵਾਈਆਂ ਕੀਤੀਆਂ ਹਨ:

**ਸਪੇਨ (Spain) ਵਿੱਚ ਵੱਡੀ ਗ੍ਰਿਫਤਾਰੀ:** ਐਫ.ਬੀ.ਆਈ. ਅਤੇ ਸਪੇਨ ਦੀ ਸਥਾਨਕ ਪੁਲਿਸ ਦੇ ਸਾਂਝੇ ਓਪਰੇਸ਼ਨ ਦੌਰਾਨ ਸਪੇਨ ਵਿੱਚ ਇੱਕ ਮੁੱਖ ਮੁਲਜ਼ਮ ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਜੋ ਯੂਰਪ ਵਿੱਚ ਬਿਸ਼ਨੋਈ ਗੈਂਗ ਦੇ ਵਿੱਤੀ ਲੈਣ-ਦੇਣ (Money Laundering) ਅਤੇ ਡਰੱਗ ਨੈੱਟਵਰਕ ਨੂੰ ਸੰਭਾਲ ਰਿਹਾ ਸੀ।

**ਜਰਮਨੀ (Germany) ਅਤੇ ਫਰਾਂਸ (6☛▲✡✴✥) ਤੱਕ ਜਾਂਚ ਦਾ ਘੇਰਾ:** ਅਮਰੀਕੀ ਅਧਿਕਾਰੀਆਂ ਮੁਤਾਬਕ, ਬਿਸ਼ਨੋਈ ਗੈਂਗ ਵੱਲੋਂ ਯੂਰਪੀ ਦੇਸ਼ਾਂ ਰਾਹੀਂ ਨਸ਼ਾ ਤਸਕਰੀ ਅਤੇ ਗੈਰ-ਕਾਨੂੰਨੀ ਹਥਿਆਰਾਂ ਦੀ ਸਪਲਾਈ ਦੇ ਰੂਟ ਤਿਆਰ ਕੀਤੇ ਗਏ ਸਨ। ਜਰਮਨੀ ਅਤੇ ਫਰਾਂਸ ਦੀਆਂ ਖੁਫੀਆ ਏਜੰਸੀਆਂ ਨੇ ਸਥਾਨਕ ਪੱਧਰ 'ਤੇ ਕਈ ਟਿਕਾਣਿਆਂ 'ਤੇ ਛਾਪੇਮਾਰੀ ਕੀਤੀ ਹੈ।

**ਯੂਰਪ ਵਿੱਚ ਭਗੌੜਿਆਂ ਦੀ ਭਾਲ:** ਐਫ.ਬੀ.ਆਈ. ਨੇ ਜਨਤਕ ਕੀਤਾ ਹੈ ਕਿ ਉਹ ਇਸ ਵੇਲੇ ਯੂਰਪ ਵਿੱਚ ਲੁਕੇ 1 ਹੋਰ ਮੁੱਖ ਭਗੌੜੇ ਦੀ ਸਰਗਰਮੀ ਨਾਲ ਭਾਲ ਕਰ ਰਹੇ ਹਨ, ਜਿਸ ਦੇ ਜਰਮਨੀ ਜਾਂ ਫਰਾਂਸ ਵਿੱਚ ਸ਼ਰਨ ਲੈਣ ਦਾ ਸ਼ੱਕ ਹੈ।

ਦੋਸ਼ ਪੱਤਰ ਦੇ ਮੁੱਖ ਅਤੇ ਸਨਸਨੀਖੇਜ਼ ਖੁਲਾਸੇ

ਅਮਰੀਕੀ ਅਦਾਲਤ ਵਿੱਚ ਦਾਇਰ 9 ਵੱਡੇ ਦੋਸ਼ਾਂ ਵਾਲੇ ਇਸ ਦਸਤਾਵੇਜ਼ ਵਿੱਚ ਬਿਸ਼ਨੋਈ ਗੈਂਗ ਦੇ ਕੰਮ ਕਰਨ ਦੇ ਤਰੀਕੇ ਅਤੇ ਉਨ੍ਹਾਂ ਵੱਲੋਂ ਨਿਸ਼ਾਨਾ ਬਣਾਏ ਗਏ ਪ੍ਰਮੁੱਖ ਭਾਰਤੀ ਅਤੇ ਪ੍ਰਵਾਸੀ ਆਗੂਆਂ ਦਾ ਕੱਚਾ-ਚਿੱਠਾ ਖੋਲ੍ਹਿਆ ਗਿਆ ਹੈ।

(ਹਾਲਾਂਕਿ ਅਮਰੀਕੀ ਅਦਾਲਤੀ ਦਸਤਾਵੇਜ਼ਾਂ ਵਿੱਚ ਪ੍ਰਮੁੱਖ ਹਸਤੀਆਂ ਦੇ ਨਾਂ ਗੁਪਤ ਰੱਖਣ ਲਈ 'H.S.N.', 'S.S.S.', 'S.K.' ਅਤੇ 'R.G.' ਵਰਗੇ ਸੰਖੇਪ ਰੂਪਾਂ (Initials) ਦੀ ਵਰਤੋਂ ਕੀਤੀ ਗਈ ਹੈ, ਪਰ ਵੇਰਵਿਆਂ ਅਤੇ ਤੱਥਾਂ ਤੋਂ ਇਹ ਸਾਫ਼ ਹੈ ਕਿ ਇਹ ਇਸ਼ਾਰੇ ਕ੍ਰਮਵਾਰ ਹਰਦੀਪ ਸਿੰਘ ਨਿੱਝਰ, ਸਿੱਧੂ ਮੂਸੇਵਾਲਾ, ਸਲਮਾਨ ਖਾਨ ਅਤੇ ਗਿੱਪੀ ਗਰੇਵਾਲ ਵੱਲ ਹੀ ਹਨ।)

**1. ਹਰਦੀਪ ਸਿੰਘ ਨਿੱਝਰ ("H.S.N.") ਦਾ ਕਤਲ**

ਅਮਰੀਕੀ ਦੋਸ਼ ਪੱਤਰ ਵਿੱਚ ਪਹਿਲੀ ਵਾਰ ਅਧਿਕਾਰਤ ਤੌਰ 'ਤੇ ਦਾਅਵਾ ਕੀਤਾ ਗਿਆ ਹੈ ਕਿ ਲਾਰੈਂਸ ਬਿਸ਼ਨੋਈ ਅਤੇ ਕੈਨੇਡਾ ਵਿੱਚ ਬੈਠੇ ਉਸ ਦੇ ਮੁੱਖ ਸਾਥੀ ਸਤਿੰਦਰਜੀਤ ਸਿੰਘ ਉਰਫ਼ ਗੋਲਡੀ ਬਰਾੜ ਨੇ ਜੂਨ 2023 ਵਿੱਚ ਬ੍ਰਿਟਿਸ਼ ਕੋਲੰਬੀਆ (ਕੈਨੇਡਾ) ਵਿਖੇ ਸਿੱਖ ਆਗੂ ਹਰਦੀਪ ਸਿੰਘ ਨਿੱਝਰ ਦੇ ਕਤਲ ਦਾ ਹੁਕਮ ਦਿੱਤਾ ਸੀ। ਦੋਸ਼ਾਂ ਮੁਤਾਬਕ, ਬਿਸ਼ਨੋਈ ਨੇ ਖੁਦ ਜੇਲ੍ਹ ਵਿੱਚੋਂ ਮੋਬਾਈਲ ਰਾਹੀਂ ਨਿੱਝਰ ਦੀਆਂ ਤਸਵੀਰਾਂ ਅਤੇ ਪਤੇ ਆਪਣੇ ਸਾਥੀਆਂ ਨੂੰ ਮੁਹੱਈਆ ਕਰਵਾਏ ਸਨ।

**2. ਸਿੱਧੂ ਮੂਸੇਵਾਲਾ ("S.S.S.") ਕਤਲਕਾਂਡ ਦਾ ਜ਼ਿਕਰ**

ਦੋਸ਼ ਪੱਤਰ ਵਿੱਚ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ (ਸ਼ੁਭਦੀਪ ਸਿੰਘ ਸਿੱਧੂ) ਦੇ ਕਤਲ ਦਾ ਵਿਸ਼ੇਸ਼ ਤੌਰ 'ਤੇ ਹਵਾਲਾ ਦਿੱਤਾ ਗਿਆ ਹੈ। ਅਮਰੀਕੀ ਏਜੰਸੀਆਂ ਮੁਤਾਬਕ, ਬਿਸ਼ਨੋਈ ਗੈਂਗ ਨੇ ਪੂਰੀ ਦੁਨੀਆ ਵਿੱਚ ਆਪਣੀ ਦਹਿਸ਼ਤ ਫੈਲਾਉਣ ਅਤੇ ਕਾਰੋਬਾਰੀਆਂ ਤੋਂ ਮੋਟੀਆਂ ਰਕਮਾਂ ਵਸੂਲਣ ਲਈ ਇਸ ਕਤਲ ਦੀ ਸਾਜ਼ਿਸ਼ ਘੜੀ ਅਤੇ ਮੀਡੀਆ ਇੰਟਰਵਿਊਆਂ ਰਾਹੀਂ ਇਸ ਦੀ ਜ਼ਿੰਮੇਵਾਰੀ ਲਈ।

**3. ਅਦਾਕਾਰ ਸਲਮਾਨ ਖਾਨ ("S.K.") ਨੂੰ ਨਿਸ਼ਾਨਾ ਬਣਾਉਣਾ**

ਅਮਰੀਕੀ ਵਕੀਲਾਂ ਨੇ ਅਦਾਲਤ ਨੂੰ ਦੱਸਿਆ ਕਿ ਸਾਲ 2022 ਤੋਂ 2026 ਦੇ ਦਰਮਿਆਨ, ਬਿਸ਼ਨੋਈ ਨੇ ਵਾਰ-ਵਾਰ ਭਾਰਤ ਦੇ ਪ੍ਰਸਿੱਧ ਅਦਾਕਾਰ ਸਲਮਾਨ ਖਾਨ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ। ਇਹ ਧਮਕੀਆਂ ਮੁੱਖ ਤੌਰ 'ਤੇ ਜਨਤਾ ਵਿੱਚ ਖੌਫ਼ ਪੈਦਾ ਕਰਨ ਅਤੇ ਆਪਣੀ ਅਪਰਾਧਿਕ ਜਥੇਬੰਦੀ ਦਾ ਪ੍ਰਚਾਰ ਕਰਨ ਲਈ ਦਿੱਤੀਆਂ ਗਈਆਂ ਸਨ, ਜੋ ਕਿ ਮੁੰਬਈ ਵਿੱਚ ਉਨ੍ਹਾਂ ਦੇ ਘਰ ਦੇ ਬਾਹਰ ਹੋਈ ਗੋਲੀਬਾਰੀ ਨਾਲ ਸਿੱਧੀਆਂ ਜੁੜਦੀਆਂ ਹਨ।

**4. ਗਿੱਪੀ ਗਰੇਵਾਲ ("R.G.") ਦੇ ਘਰ 'ਤੇ ਫਾਇਰਿੰਗ**

ਨਵੰਬਰ 2023 ਵਿੱਚ ਕੈਨੇਡਾ ਦੇ ਵੈਨਕੂਵਰ ਵਿੱਚ ਪੰਜਾਬੀ ਅਦਾਕਾਰ ਅਤੇ ਗਾਇਕ ਗਿੱਪੀ ਗਰੇਵਾਲ ਦੇ ਘਰ ਹੋਈ ਗੋਲੀਬਾਰੀ ਦਾ ਵੇਰਵਾ ਵੀ ਇਸ ਦਸਤਾਵੇਜ਼ ਵਿੱਚ ਸ਼ਾਮਲ ਹੈ। ਬਿਸ਼ਨੋਈ ਵੱਲੋਂ ਫੇਸਬੁੱਕ 'ਤੇ ਪੰਜਾਬੀ ਵਿੱਚ ਦਿੱਤੀ ਗਈ ਉਹ ਚੇਤਾਵਨੀ ਵੀ ਸਬੂਤ ਵਜੋਂ ਪੇਸ਼ ਕੀਤੀ ਗਈ ਹੈ ਜਿਸ ਵਿੱਚ ਲਿਖਿਆ ਸੀ, 'ਕੋਈ ਵੀ ਤੁਹਾਨੂੰ ਸਾਡੇ ਤੋਂ ਬਚਾ ਨਹੀਂ ਸਕਦਾ'।

**ਗਲੋਬਲ ਗ੍ਰਿਫਤਾਰੀਆਂ ਦਾ ਵੇਰਵਾ**

| ਦੇਸ਼/ਰਾਜ | ਗ੍ਰਿਫਤਾਰ ਕੀਤੇ ਗਏ ਮੁਲਜ਼ਮ | ਕਾਰਵਾਈ ਦਾ ਵੇਰਵਾ |
|---|---|---|
| ਅਮਰੀਕਾ (ਕੈਲੀਫੋਰਨੀਆ) | 11 ਮੁਲਜ਼ਮ | ਸਥਾਨਕ ਕਾਰੋਬਾਰੀਆਂ ਨੂੰ ਧਮਕਾਉਣ ਅਤੇ ਡਰੱਗ ਰੈਕੇਟ ਚਲਾਉਣ ਦੇ ਦੋਸ਼ ਵਿੱਚ। |
| ਅਮਰੀਕਾ (ਇੰਡੀਆਨਾ ਤੇ ਜਾਰਜੀਆ) | 2 ਮੁਲਜ਼ਮ | ਗੈਂਗ ਦੇ ਵਿੱਤੀ ਨੈੱਟਵਰਕ ਅਤੇ ਫੰਡਿੰਗ ਦੀ ਸਹਾਇਤਾ ਲਈ। |
| ਕੈਨੇਡਾ | 3 ਮੁਲਜ਼ਮ | ਟਾਰਗੇਟ ਕਿਲਿੰਗ ਅਤੇ ਫਾਇਰਿੰਗ ਦੀਆਂ ਘਟਨਾਵਾਂ ਵਿੱਚ ਸਿੱਧੇ ਸ਼ਾਮਲ ਹੋਣ 'ਤੇ। |
| ਸਪੇਨ (Spain) | 1 ਮੁਲਜ਼ਮ | ਯੂਰਪ ਵਿੱਚ ਬੈਠ ਕੇ ਗੈਂਗ ਦੇ ਡਰੱਗ ਅਤੇ ਕਾਰੋਬਾਰੀ ਨੈੱਟਵਰਕ ਨੂੰ ਚਲਾਉਣ ਦੇ ਦੋਸ਼ ਵਿੱਚ। |
| ਜਰਮਨੀ ਤੇ ਫਰਾਂਸ | ਜਾਂਚ ਅਧੀਨ | ਸਥਾਨਕ ਪੁਲਿਸ ਵੱਲੋਂ ਸ਼ੱਕੀ ਟਿਕਾਣਿਆਂ 'ਤੇ ਛਾਪੇਮਾਰੀ ਅਤੇ ਖੁਫੀਆ ਤਾਲਮੇਲ ਜਾਰੀ। |

**ਹਵਾਲਗੀ (Extradition) ਦੀ ਪ੍ਰਕਿਰਿਆ ਅਤੇ ਅੱਗੇ ਕੀ ਹੋਵੇਗਾ?**

ਅਮਰੀਕਾ ਵੱਲੋਂ ਬਿਸ਼ਨੋਈ ਵਿਰੁੱਧ RICO (ਗੈਂਗਸਟਰ ਵਿਰੋਧੀ ਸਖ਼ਤ ਕਾਨੂੰਨ) ਅਤੇ ਨਸ਼ਾ ਤਸਕਰੀ ਦੀਆਂ ਸੰਗੀਨ ਧਾਰਾਵਾਂ ਤਹਿਤ ਦੋਸ਼ ਆਇਦ ਕੀਤੇ ਗਏ ਹਨ, ਜਿਨ੍ਹਾਂ ਵਿੱਚ ਉਮਰ ਕੈਦ ਤੱਕ ਦੀ ਸਜ਼ਾ ਹੋ ਸਕਦੀ ਹੈ।

ਹੁਣ ਅਮਰੀਕੀ ਸਰਕਾਰ ਭਾਰਤ ਨਾਲ 1997 ਵਿੱਚ ਹੋਈ ਦੁਵੱਲੀ ਹਵਾਲਗੀ ਸੰਧੀ (India-US Extradition Treaty) ਤਹਿਤ ਲਾਰੈਂਸ ਬਿਸ਼ਨੋਈ ਨੂੰ ਅਮਰੀਕਾ ਲਿਆਉਣ ਲਈ ਰਸਮੀ ਹਵਾਲਗੀ ਦੀ ਪ੍ਰਕਿਰਿਆ ਸ਼ੁਰੂ ਕਰੇਗੀ। ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਵੀ ਬਿਆਨ ਜਾਰੀ ਕਰਕੇ ਅੰਤਰਰਾਸ਼ਟਰੀ ਅਪਰਾਧਿਕ ਨੈੱਟਵਰਕ ਖਿਲਾਫ ਚੱਲ ਰਹੀ ਇਸ ਜਾਂਚ ਵਿੱਚ ਅਮਰੀਕਾ ਨਾਲ ਮਜ਼ਬੂਤ ਸਹਿਯੋਗ ਦੀ ਗੱਲ ਦੁਹਰਾਈ ਹੈ।

ਇਥੇ ਇਹ ਜਿਕਰਯੋਗ ਹੈ ਕੀ ਇਹ ਅਮਰੀਕੀ, ਕਨੇਡੀਅਨ ਅਤੇ ਯੂਰਪੀ ਸਾਂਝੀ ਕਾਰਵਾਈ ਪੰਜਾਬ ਦੇ ਗੈਂਗਸਟਰ ਕਲਚਰ ਅਤੇ ਕੌਮਾਂਤਰੀ ਪੱਧਰ 'ਤੇ ਫੈਲੇ ਅਪਰਾਧਿਕ ਨੈੱਟਵਰਕ ਨੂੰ ਜੜ੍ਹੋਂ ਪੁੱਟਣ ਲਈ ਹੁਣ ਤੱਕ ਦੀ ਸਭ ਤੋਂ ਵੱਡੀ ਇਤਿਹਾਸਕ ਸੱਟ ਸਾਬਤ ਹੋਵੇਗੀ।

# 3 ਨੌਜਵਾਨਾਂ ਨੂੰ ਸੁਰੱਖਿਅਤ ਬਚਾਇਆ ਗਿਆ, 2 ਅਜੇ ਵੀ ਲਾਪਤਾ







ਇਸ ਹਾਦਸੇ ਨਾਲ ਸਬੰਧਤ ਹੁਣ ਤੱਕ ਦੇ ਮੁੱਖ ਵੇਰਵੇ ਹੇਠ ਲਿਖੇ ਅਨੁਸਾਰ ਹਨ:

ਐਤਵਾਰ ਨੂੰ ਵਾਪਰਿਆ ਹਾਦਸਾ: ਪ੍ਰਾਪਤ ਜਾਣਕਾਰੀ ਮੁਤਾਬਕ, ਬੀਤੇ ਐਤਵਾਰ ਨੂੰ ਪੰਜ ਦੋਸਤ ਇਕੱਠੇ ਹੋ ਕੇ ਨਹਿਰ ਵਿੱਚ ਨਹਾਉਣ ਲਈ ਉੱਤਰੇ ਸਨ। ਨਹਿਰ ਦੇ ਪਾਣੀ ਦਾ ਵਹਾਅ ਤੇਜ਼ ਹੋਣ ਕਾਰਨ ਪੰਜੇ ਨੌਜਵਾਨ ਡੁੱਬਣ ਲੱਗੇ। ਮੌਕੇ 'ਤੇ ਬਚਾਅ ਕਾਰਜ: ਉੱਥੇ ਮੌਜੂਦ ਲੋਕਾਂ ਅਤੇ ਬਚਾਅ ਦਲ ਦੀ ਮੁਸਤੈਦੀ ਸਦਕਾ ਤਿੰਨ ਨੌਜਵਾਨਾਂ ਨੂੰ ਸੁਰੱਖਿਅਤ ਬਾਹਰ ਕੱਢ ਲਿਆ ਗਿਆ। ਪਰ ਦੋ ਨੌਜਵਾਨ ਪਾਣੀ ਦੇ ਤੇਜ਼ ਵਹਾਅ ਵਿੱਚ ਵਹਿ ਗਏ, ਜਿਨ੍ਹਾਂ ਦਾ ਅਜੇ ਤੱਕ ਕੋਈ ਸੁਰਾਗ ਨਹੀਂ ਮਿਲ ਸਕਿਆ ਹੈ।

ਪਰਿਵਾਰਾਂ ਦੀਆਂ ਅੱਖਾਂ 'ਚ ਹੰਝੂ: ਲਾਪਤਾ ਹੋਏ ਨੌਜਵਾਨਾਂ ਦੇ ਪਰਿਵਾਰਕ ਮੈਂਬਰ ਨਹਿਰ ਦੇ ਕਿਨਾਰੇ ਬੈਠੇ ਆਪਣੇ ਪੁੱਤਾਂ ਦੀ ਸਲਾਮਤੀ ਲਈ ਅਰਦਾਸਾਂ ਕਰ ਰਹੇ ਹਨ। ਪ੍ਰਸ਼ਾਸਨ ਮੁਤਾਬਕ ਜਦੋਂ ਤੱਕ ਲਾਪਤਾ ਨੌਜਵਾਨਾਂ ਦਾ ਪਤਾ ਨਹੀਂ ਲੱਗ ਜਾਂਦਾ, ਉਦੋਂ ਤੱਕ ਇਹ ਸਰਚ ਆਪ੍ਰੇਸ਼ਨ ਨਿਰੰਤਰ ਜਾਰੀ ਰਹੇਗਾ।

# ਹਿੰਦੂ ਧਰਮ ਦੇ ਸਭ ਤੋਂ ਪ੍ਰਾਚੀਨ ਤੇ ਮਹਾਨ ਉਤਸਵ 'ਭਗਵਾਨ ਜਗਨਨਾਥ ਰੱਥ ਯਾਤਰਾ' ਦਾ ਵਿਸ਼ਵਵਿਆਪੀ ਸ਼ਾਨਦਾਰ ਆਗਾਜ਼

## ਭਾਰਤ ਸਮੇਤ ਪੂਰੀ ਦੁਨੀਆ 'ਚ ਉਮੜਿਆ ਸ਼ਰਧਾ ਦਾ ਮਹਾਂ-ਸਮੁੰਦਰ

### 149ਵੀਂ ਇਤਿਹਾਸਕ ਰੱਥ ਯਾਤਰਾ ਦੌਰਾਨ ਦੇਸ਼-ਵਿਦੇਸ਼ ਦੇ ਕੋਨੇ- ਕੋਨੇ ਤੋਂ ਲੱਖਾਂ ਸ਼ਰਧਾਲੂਆਂ ਨੇ ਖਿੱਚੇ ਰੱਥ; ਅਧਿਆਤਮਕ ਰੰਗਾਂ ਵਿੱਚ ਰੰਗੀਆਂ ਅੰਤਰਰਾਸ਼ਟਰੀ ਸੜਕਾਂ








ਪੁਰੀ/ਪਟਨਾ/ਲੰਡਨ, ਦਿੱਲੀ : ਹਿੰਦੂ ਧਰਮ ਦੇ ਸਭ ਤੋਂ ਪੁਰਾਣੇ, ਅਲੌਕਿਕ ਅਤੇ ਵਿਸ਼ਾਲ ਉਤਸਵ—ਭਗਵਾਨ ਜਗਨਨਾਥ ਜੀ ਦੀ 149ਵੀਂ ਇਤਿਹਾਸਕ ਰੱਥ ਯਾਤਰਾ—ਨੂੰ ਪੂਰੇ ਭਾਰਤ ਅਤੇ ਵਿਸ਼ਵ ਭਰ ਵਿੱਚ ਬੇਮਿਸਾਲ ਸ਼ਰਧਾ, ਅਥਾਹ ਉਤਸ਼ਾਹ ਅਤੇ ਅਧਿਆਤਮਕ ਸ਼ਾਨੋ-ਸ਼ੌਕਤ ਨਾਲ ਮਨਾਇਆ ਗਿਆ ਹੈ। ਓਡੀਸ਼ਾ ਦੇ ਪਵਿੱਤਰ ਤੱਟਵਰਤੀ ਸ਼ਹਿਰ ਪੁਰੀ ਤੋਂ ਲੈ ਕੇ ਨਿਊਯਾਰਕ, ਲੰਡਨ ਅਤੇ ਸਿਡਨੀ ਦੀਆਂ ਸੜਕਾਂ ਤੱਕ, ਅੱਜ ਹਰ ਪਾਸੇ ਸਿਰਫ਼ 'ਜੈ ਜਗਨਨਾਥ' ਦੇ ਜੈਕਾਰੇ ਅਤੇ ਸ਼ੰਖਾਂ ਦੀਆਂ ਪਵਿੱਤਰ ਧੁਨੀਆਂ ਗੂੰਜ ਰਹੀਆਂ ਸਨ।

ਇਸ ਅਦਭੁਤ ਮੌਕੇ 'ਤੇ ਦੇਸ਼ ਅਤੇ ਦੁਨੀਆ ਭਰ ਦੇ ਮਸ਼ਹੂਰ ਕਲਾਕਾਰਾਂ ਨੇ ਰਵਾਇਤੀ ਭਾਰਤੀ ਨ੍ਰਿਤ (Traditional Indian Dance) ਅਤੇ ਸੰਕੀਰਤਨ ਪੇਸ਼ ਕਰਕੇ ਹਜ਼ਾਰਾਂ-ਲਾਖਾਂ ਸ਼ਰਧਾਲੂਆਂ ਨੂੰ ਮੰਤਰ-ਮੁਗਧ ਕਰ ਦਿੱਤਾ।

1. ਸੱਭਿਆਚਾਰਕ ਪੇਸ਼ਕਾਰੀਆਂ ਬਣੀਆਂ ਵਿਸ਼ਵਵਿਆਪੀ ਖ਼ਿੱਚ ਦਾ ਕੇਂਦਰ

ਇਸਕਾਨ (ISKCON) ਮੰਦਰ ਪ੍ਰਸ਼ਾਸਨ ਅਤੇ ਸਥਾਨਕ ਕਮੇਟੀਆਂ ਵੱਲੋਂ ਭਗਵਾਨ ਜਗਨਨਾਥ, ਭਰਾ ਬਲਰਾਮ (ਬਲਭੱਦਰ) ਅਤੇ ਭੈਣ ਦੇਵੀ ਸੁਭੱਦਰਾ ਦੇ ਨਗਰ ਕੀਰਤਨ ਅਤੇ ਸਵਾਗਤ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਸਨ। ਰੱਥ ਯਾਤਰਾ ਦੇ ਮੁੱਖ ਮਾਰਗਾਂ 'ਤੇ ਅਦਭੁਤ ਦ੍ਰਿਸ਼ ਦੇਖਣ ਨੂੰ ਮਿਲੇ:

ਅਧਿਆਤਮਕ ਭਗਤੀ ਨ੍ਰਿਤ: ਦੇਸ਼ ਦੇ ਕੋਨੇ-ਕੋਨੇ ਤੋਂ ਆਏ ਕਲਾਕਾਰਾਂ ਨੇ ਢੋਲ, ਮੰਜ਼ੀਰਿਆਂ, ਮ੍ਰਿਦੰਗ ਅਤੇ ਸ਼ੰਖ ਦੀਆਂ ਸੁਰੀਲੀਆਂ ਧੁਨਾਂ 'ਤੇ ਭਗਵਾਨ ਸ਼੍ਰੀ ਕ੍ਰਿਸ਼ਨ ਜੀ ਦੀਆਂ ਅਲੌਕਿਕ ਲੀਲਾਵਾਂ 'ਤੇ ਅਧਾਰਿਤ ਸ਼ਾਨਦਾਰ ਨ੍ਰਿਤ ਪੇਸ਼ ਕੀਤੇ।

ਆਕਾਸ਼ ਤੋਂ ਫੁੱਲਾਂ ਦੀ ਵਰਖਾ: ਰੱਥਾਂ ਦੇ ਅੱਗੇ-ਅੱਗੇ ਨੱਚਦੇ-ਗਾਉਂਦੇ ਸ਼ਰਧਾਲੂਆਂ ਅਤੇ ਕਲਾਕਾਰਾਂ 'ਤੇ ਰਸਤੇ ਵਿੱਚ ਥਾਂ-ਥਾਂ ਸਥਾਨਕ ਲੋਕਾਂ ਅਤੇ ਸੰਸਥਾਵਾਂ ਵੱਲੋਂ ਟਨਾਂ ਦੇ ਹਿਸਾਬ ਨਾਲ ਫੁੱਲਾਂ ਦੀ ਵਰਖਾ ਕਰਕੇ ਸਵਾਗਤ ਕੀਤਾ ਗਿਆ।

2. ਰੱਥ ਯਾਤਰਾ ਦਾ ਅਸਲ ਮਨੋਰਥ ਅਤੇ ਪ੍ਰਾਚੀਨ ਇਤਿਹਾਸ

ਇਹ ਤਿਉਹਾਰ ਸਿਰਫ਼ ਇੱਕ ਧਾਰਮਿਕ ਆਯੋਜਨ ਨਹੀਂ ਹੈ, ਬਲਕਿ ਇਹ ਹਿੰਦੂ ਧਰਮ ਦੇ ਸਭ ਤੋਂ ਪ੍ਰਾਚੀਨ ਸੱਭਿਆਚਾਰ ਦਾ ਪ੍ਰਤੀਕ ਹੈ। ਇਹ ਯਾਤਰਾ ਭਗਵਾਨ ਜਗਨਨਾਥ, ਉਨ੍ਹਾਂ ਦੇ ਵੱਡੇ ਭਰਾ ਬਲਭੱਦਰ ਅਤੇ ਛੋਟੀ ਭੈਣ ਦੇਵੀ ਸੁਭੱਦਰਾ ਦੀ ਸਲਾਨਾ ਯਾਤਰਾ ਦੀ ਯਾਦ ਵਿੱਚ ਕੱਢੀ ਜਾਂਦੀ ਹੈ:

1. ਰਵਾਨਗੀ (ਮੁੱਖ ਮੰਦਰ ਤੋਂ ਬਾਹਰ ਆਗਮਨ): ਤਿੰਨਾਂ ਦੇਵੀ-ਦੇਵਤਿਆਂ ਨੂੰ ਮੁੱਖ ਗਰਭਗ੍ਰਹਿ ਵਿੱਚੋਂ ਬਾਹਰ ਲਿਆ ਕੇ ਤਿੰਨ ਵਿਸ਼ਾਲ ਅਤੇ ਸੁੰਦਰ ਲੱਕੜ ਦੇ ਰੱਥਾਂ ਵਿੱਚ ਬਿਰਾਜਮਾਨ ਕੀਤਾ ਜਾਂਦਾ ਹੈ।

2. ਮਾਸੀ ਦੇ ਘਰ ਪ੍ਰਵੇਸ਼ (ਗੁੰਡੀਚਾ ਮੰਦਰ): ਇਹ ਰੱਥ ਯਾਤਰਾ ਮੁੱਖ ਮੰਦਰ ਤੋਂ ਕਰੀਬ 3 ਕਿਲੋਮੀਟਰ ਦੀ ਦੂਰੀ 'ਤੇ ਸਥਿਤ 'ਗੁੰਡੀਚਾ ਮੰਦਰ' ਵੱਲ ਜਾਂਦੀ ਹੈ, ਜਿਸ ਨੂੰ ਉਨ੍ਹਾਂ ਦੀ ਮਾਸੀ ਦਾ ਘਰ ਮੰਨਿਆ ਜਾਂਦਾ ਹੈ। ਇੱਥੇ ਦੇਵੀ-ਦੇਵਤੇ 9 ਦਿਨਾਂ ਲਈ ਪ੍ਰਵਾਸ ਕਰਦੇ ਹਨ।

3. ਬਾਹੁੜਾ ਯਾਤਰਾ (ਵਾਪਸੀ ਸਫ਼ਰ): 9 ਦਿਨਾਂ ਦੀ ਮਹਿਮਾਨਨਿਵਾਜ਼ੀ ਦਾ ਆਨੰਦ ਲੈਣ ਤੋਂ ਬਾਅਦ, ਦੇਵੀ-ਦੇਵਤੇ ਦੁਬਾਰਾ ਰੱਥਾਂ ਵਿੱਚ ਸਵਾਰ ਹੋ ਕੇ ਆਪਣੇ ਮੁੱਖ ਮੰਦਰ ਵਿੱਚ ਵਾਪਸ ਬਿਰਾਜਮਾਨ ਹੁੰਦੇ ਹਨ।

3. ਇਸ ਇਤਿਹਾਸਕ ਉਤਸਵ ਦੀਆਂ ਵਿਲੱਖਣ ਵਿਸ਼ੇਸ਼ਤਾਵਾਂ

ਵਿਸ਼ੇਸ਼ਤਾ ਵੇਰਵਾ

**ਬਿਨਾਂ ਲੋਹੇ ਦੇ ਬਣੇ ਰੱਥ** : ਇਹ ਵਿਸ਼ਾਲ ਰੱਥ ਹਰ ਸਾਲ ਬਿਲਕੁਲ ਨਵੇਂ ਸਿਰੇ ਤੋਂ ਖ਼ਾਸ ਲੱਕੜ ਨਾਲ ਤਿਆਰ ਕੀਤੇ ਜਾਂਦੇ ਹਨ। ਇਨ੍ਹਾਂ ਨੂੰ ਬਣਾਉਣ ਲਈ ਕਿਸੇ ਵੀ ਲੋਹੇ ਦੀ ਕਿੱਲ ਜਾਂ ਧਾਤ ਦੀ ਵਰਤੋਂ ਨਹੀਂ ਕੀਤੀ ਜਾਂਦੀ।

**ਸਭ ਤੋਂ ਵੱਡਾ ਰੱਥ 'ਨੰਦੀਘੋਸ਼'** : ਭਗਵਾਨ ਜਗਨਨਾਥ ਦਾ ਰੱਥ 'ਨੰਦੀਘੋਸ਼' ਸਭ ਤੋਂ ਉੱਚਾ ਹੁੰਦਾ ਹੈ, ਜਿਸ ਦੀ ਉਚਾਈ ਲਗਭਗ 45 ਫੁੱਟ ਹੁੰਦੀ ਹੈ ਅਤੇ ਇਸ ਵਿੱਚ 16 ਵਿਸ਼ਾਲ ਪਹੀਏ ਲੱਗੇ ਹੁੰਦੇ ਹਨ।

**'ਛੇਰਾ ਪਹਨਰਾ' ਦੀ ਰਸਮ** : ਰੱਥ ਯਾਤਰਾ ਸ਼ੁਰੂ ਹੋਣ ਤੋਂ ਪਹਿਲਾਂ ਪੁਰੀ ਦੇ ਰਾਜਾ (ਗਜਪਤੀ) ਖ਼ੁਦ ਸੋਨੇ ਦੇ ਹੱਥੇ ਵਾਲੇ ਝਾੜੂ ਨਾਲ ਰੱਥਾਂ ਦੇ ਆਲੇ-ਦੁਆਲੇ ਸਫ਼ਾਈ ਕਰਦੇ ਹਨ। ਇਹ ਰਸਮ ਦਰਸਾਉਂਦੀ ਹੈ ਕਿ ਭਗਵਾਨ ਦੇ ਸਾਹਮਣੇ ਰਾਜਾ ਅਤੇ ਰੰਕ ਸਭ ਬਰਾਬਰ ਹਨ।

4. ਇੱਕ ਰੱਸਾ ਖਿੱਚਣ ਨਾਲ ਮਿਲਦੀ ਹੈ ਮੁਕਤੀ (ਮੋਕਸ਼)

ਹਿੰਦੂ ਗ੍ਰੰਥਾਂ ਅਤੇ ਮਾਨਤਾਵਾਂ ਅਨੁਸਾਰ, ਜੋ ਵੀ ਸ਼ਰਧਾਲੂ ਸੱਚੇ ਮਨ ਨਾਲ ਭਗਵਾਨ ਜਗਨਨਾਥ ਦੇ ਰੱਥ ਨੂੰ ਇੱਕ ਪਲ ਲਈ ਵੀ ਖਿੱਚਦਾ ਹੈ ਜਾਂ ਰੱਥ 'ਤੇ ਬਿਰਾਜਮਾਨ ਭਗਵਾਨ ਦੇ ਦਰਸ਼ਨ ਕਰਦਾ ਹੈ, ਉਸ ਦੇ ਜਨਮਾਂ-ਜਨਮਾਂ ਦੇ ਸਾਰੇ ਪਾਪ ਨਸ਼ਟ ਹੋ ਜਾਂਦੇ ਹਨ ਅਤੇ ਉਸ ਨੂੰ ਜੀਵਨ-ਮਰਨ ਦੇ ਚੱਕਰ ਤੋਂ ਮੁਕਤੀ (ਮੋਕਸ਼) ਪ੍ਰਾਪਤ ਹੁੰਦੀ ਹੈ। ਇਹੀ ਕਾਰਨ ਹੈ ਕਿ ਰੱਥਾਂ ਨੂੰ ਖਿੱਚਣ ਲਈ ਦੇਸ਼-ਵਿਦੇਸ਼ ਤੋਂ ਆਏ ਲੱਖਾਂ ਸ਼ਰਧਾਲੂਆਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ।

5. ਕੌਮਾਂਤਰੀ ਪੱਧਰ 'ਤੇ ਇਤਿਹਾਸਕ ਮਹੱਤਵ

ਇਸਕਾਨ (ISKCON) ਸੰਸਥਾ ਦੇ ਅਣਥੱਕ ਯਤਨਾਂ ਸਦਕਾ ਅੱਜ ਇਹ ਪਵਿੱਤਰ ਤਿਉਹਾਰ ਭਾਰਤ ਦੀਆਂ ਸਰਹੱਦਾਂ ਨੂੰ ਪਾਰ ਕਰਕੇ ਵਿਸ਼ਵਵਿਆਪੀ ਬਣ ਚੁੱਕਾ ਹੈ:

ਨਿਊਯਾਰਕ ਦੇ ਟਾਈਮਜ਼ ਸਕੁਏਅਰ ਤੋਂ ਲੈ ਕੇ ਲੰਡਨ ਦੇ ਹਾਈਡ ਪਾਰਕ ਤੱਕ, ਅਤੇ ਪੈਰਿਸ ਤੋਂ ਲੈ ਕੇ ਸਿਡਨੀ ਤੱਕ, ਹਜ਼ਾਰਾਂ ਦੀ ਗਿਣਤੀ ਵਿੱਚ ਵਿਦੇਸ਼ੀ ਨਾਗਰਿਕ ਵੀ ਪਰੰਪਰਾਗਤ ਭਾਰਤੀ ਪਹਿਰਾਵੇ ਪਹਿਨ ਕੇ ਭਗਵਾਨ ਜਗਨਨਾਥ ਦੇ ਰੱਥ ਨੂੰ ਖਿੱਚਦੇ ਅਤੇ ਹਰਿਨਾਮ ਸੰਕੀਰਤਨ 'ਤੇ ਝੂਮਦੇ ਨਜ਼ਰ ਆਏ।

ਇਹ ਤਿਉਹਾਰ ਅੱਜ ਸਿਰਫ਼ ਭਾਰਤ ਦੀ ਸੱਭਿਆਚਾਰਕ ਅਮੀਰੀ ਦਾ ਹੀ ਪ੍ਰਤੀਕ ਨਹੀਂ, ਸਗੋਂ ਸਮੁੱਚੀ ਮਨੁੱਖਤਾ ਨੂੰ ਆਪਸੀ ਭਾਈਚਾਰੇ ਅਤੇ ਪ੍ਰੇਮ ਦੇ ਧਾਗੇ ਵਿੱਚ ਪਰੋਣ ਵਾਲਾ ਸਭ ਤੋਂ ਵੱਡਾ ਵਿਸ਼ਵਵਿਆਪੀ ਮੰਚ ਬਣ ਚੁੱਕਾ ਹੈ।










# ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਸੰਗਤਾਂ ਵੱਲੋਂ ਨਿਸ਼ਕਾਮ 'ਸੇਵਾ'








ਅੰਮ੍ਰਿਤਸਰ: ਸਿੱਖ ਜਗਤ ਦੇ ਕੇਂਦਰੀ ਅਸਥਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ ਨਿਸ਼ਕਾਮ ਸੇਵਾ ਅਤੇ ਸ਼ਰਧਾ ਦੀ ਅਨੋਖੀ ਮਿਸਾਲ ਦੇਖਣ ਨੂੰ ਮਿਲੀ। ਵੀਰਵਾਰ ਨੂੰ ਭਾਰੀ ਗਿਣਤੀ ਵਿੱਚ ਦੇਸ਼-ਵਿਦੇਸ਼ ਤੋਂ ਪਹੁੰਚੀਆਂ ਸੰਗਤਾਂ ਨੇ ਦਰਬਾਰ ਸਾਹਿਬ ਵਿਖੇ ਨਤਮਸਤਕ ਹੋ ਕੇ ਜਿੱਥੇ ਇਲਾਹੀ ਬਾਣੀ ਦਾ ਕੀਰਤਨ ਸਰਵਣ ਕੀਤਾ, ਉੱਥੇ ਹੀ ਗੁਰੂ ਘਰ ਦੇ ਨਿਮਾਣੇ ਸੇਵਕ ਬਣ ਕੇ ਵੱਖ-ਵੱਖ ਸੇਵਾਵਾਂ ਵਿੱਚ ਹਿੱਸਾ ਲਿਆ।

ਇਸ ਦੌਰਾਨ ਸ਼ਰਧਾਲੂਆਂ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਪਵਿੱਤਰ ਅੰਮ੍ਰਿਤ ਸਰੋਵਰ ਵਿੱਚੋਂ ਬਾਲਟੀਆਂ ਭਰ-ਭਰ ਕੇ ਜਲ ਲਿਆਂਦਾ ਅਤੇ ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ ਨੂੰ ਧੋਣ (ਇਸ਼ਨਾਨ ਕਰਵਾਉਣ) ਦੀ ਪਰਮ-ਪਵਿੱਤਰ ਸੇਵਾ ਕੀਤੀ।

ਸਿੱਖ ਧਰਮ ਵਿੱਚ 'ਸੇਵਾ' ਅਤੇ 'ਪਰਿਕਰਮਾ ਇਸ਼ਨਾਨ' ਦੀ ਅਹਿਮੀਅਤ

ਸ੍ਰੀ ਹਰਿਮੰਦਰ ਸਾਹਿਬ ਵਿਖੇ ਸੇਵਾ ਕਰਨਾ ਹਰ ਸਿੱਖ ਅਤੇ ਸ਼ਰਧਾਲੂ ਲਈ ਪਰਮ ਸੁਭਾਗ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਇੱਥੇ ਹਰ ਰੋਜ਼ ਹਜ਼ਾਰਾਂ ਦੀ ਗਿਣਤੀ ਵਿੱਚ ਸ਼ਰਧਾਲੂ ਆਪਣੇ ਹੱਥੀਂ ਪਰਿਕਰਮਾ ਦੀ ਸਫ਼ਾਈ ਕਰਦੇ ਹਨ।

ਨਿਮਰਤਾ ਦੀ ਭਾਵਨਾ: ਸੋਨੇ ਦੀ ਪਾਲਕੀ ਸਾਹਿਬ ਦੀ ਸੇਵਾ, ਪਰਿਕਰਮਾ ਦੀ ਸੇਵਾ, ਲੰਗਰ ਸੇਵਾ ਅਤੇ ਜੋੜਿਆਂ ਦੀ ਸੇਵਾ ਰਾਹੀਂ ਸ਼ਰਧਾਲੂ ਆਪਣੇ ਅੰਦਰੋਂ ਅਹੰਕਾਰ ਨੂੰ ਮਾਰ ਕੇ ਨਿਮਰਤਾ ਅਤੇ ਸਮਰਪਣ ਦੀ ਭਾਵਨਾ ਸਿੱਖਦੇ ਹਨ।

ਪਵਿੱਤਰ ਜਲ ਦੀ ਸੇਵਾ: ਸਰੋਵਰ ਦੇ ਜਲ ਨਾਲ ਪਰਿਕਰਮਾ ਧੋਣ ਦੀ ਸੇਵਾ ਬੇਹੱਦ ਸਤਿਕਾਰਤ ਮੰਨੀ ਜਾਂਦੀ ਹੈ, ਜਿੱਥੇ ਅਮੀਰ-ਗਰੀਬ, ਜਾਤ-ਪਾਤ ਦੇ ਭੇਦਭਾਵ ਤੋਂ ਉੱਪਰ ਉੱਠ ਕੇ ਸਭ ਇੱਕੋ ਕਤਾਰ ਵਿੱਚ ਗੁਰੂ ਚਰਨਾਂ ਦੀ ਧੂੜ ਮੱਥੇ ਲਗਾਉਂਦੇ ਹਨ।

ਰੂਹਾਨੀ ਸਕੂਨ ਦਾ ਕੇਂਦਰ

ਦਰਬਾਰ ਸਾਹਿਬ ਦੀ ਪਰਿਕਰਮਾ ਵਿੱਚ ਸੇਵਾ ਕਰ ਰਹੇ ਸ਼ਰਧਾਲੂਆਂ ਨੇ ਦੱਸਿਆ ਕਿ ਇੱਥੇ ਸੇਵਾ ਕਰਕੇ ਜੋ ਰੂਹਾਨੀ ਸਕੂਨ ਅਤੇ ਮਨ ਨੂੰ ਸ਼ਾਂਤੀ ਮਿਲਦੀ ਹੈ, ਉਹ ਦੁਨੀਆ ਦੇ ਕਿਸੇ ਵੀ ਕੋਨੇ ਵਿੱਚ ਨਹੀਂ ਮਿਲ ਸਕਦੀ। ਗਰਮੀ ਜਾਂ ਮੌਸਮ ਦੀ ਪਰਵਾਹ ਕੀਤੇ ਬਿਨਾਂ, ਸੰਗਤਾਂ ਨਿਰੰਤਰ 'ਵਾਹਿਗੁਰੂ-ਵਾਹਿਗੁਰੂ' ਦਾ ਜਾਪ ਕਰਦੀਆਂ ਹੋਈਆਂ ਸੇਵਾ ਵਿੱਚ ਲੀਨ ਰਹਿੰਦੀਆਂ ਹਨ।

# ਪਾਵਰਕੌਮ ਆਊਟਸੋਰਸ ਮੁਲਾਜ਼ਮਾਂ ਦਾ ਪਟਿਆਲਾ 'ਚ ਮੋਰਚਾ: ਫੁਹਾਰਾ ਚੌਂਕ ਵਿਖੇ PSPCL ਮੈਨੇਜਮੈਂਟ ਅਤੇ ਪੰਜਾਬ ਸਰਕਾਰ ਖ਼ ?ਲਾਫ਼ ਰੋਸ ਪ੍ਰਦਰਸ਼ਨ ਤੇਜ਼

## ਕੱਚੇ ਪੀਲੇ ਮੁਲਾਜ਼ਮਾਂ ਨੇ ਖੋਲ੍ਹਿਆ ਪੰਜਾਬ ਸਰਕਾਰ ਵਿਰੁੱਧ ਮੋਰਚਾ; ਪੱਕੇ ਕਰਨ, ਤਨਖ਼ਾਹਾਂ ਵਧਾਉਣ ਅਤੇ ਬਰਾਬਰ ਕੰਮ ਬਰਾਬਰ ਤਨਖ਼ਾਹ ਦੀ ਉੱਠੀ ਮੰਗ




ਪਟਿਆਲਾ : ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (PSPCL) ਅਤੇ ਪੰਜਾਬ ਟ ?ਰਾਂਸਕੋ ਦੇ ਆਊਟਸੋਰਸ ਮੁਲਾਜ਼ਮਾਂ ਵੱਲੋਂ ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਪੰਜਾਬ ਸਰਕਾਰ ਅਤੇ ਪਾਵਰਕੌਮ ਮੈਨੇਜਮੈਂਟ ਖ਼ ?ਲਾਫ਼ ਵਿੱਢਿਆ ਗਿਆ ਸੰਘਰਸ਼ ਹੋਰ ਤਿੱਖਾ ਹੋ ਗਿਆ ਹੈ। 'ਪਾਵਰਕੌਮ ਟ ?ਰਾਂਸਕੋ ਆਊਟਸੋਰਸ ਮੁਲਾਜ਼ਮ ਯੂਨੀਅਨ, ਪੰਜਾਬ' ਦੇ ਸੱਦੇ 'ਤੇ ਅੱਜ ਵੱਡੀ ਗਿਣਤੀ ਵਿੱਚ ਮੁਲਾਜ਼ਮਾਂ ਨੇ ਪਟਿਆਲਾ ਦੇ ਇਤਿਹਾਸਕ ਫੁਹਾਰਾ ਚੌਂਕ (Fountain Chowk) ਵਿਖੇ ਇਕੱਠੇ ਹੋ ਕੇ ਸੂਬਾ ਸਰਕਾਰ ਅਤੇ PSPCL ਪ੍ਰਸ਼ਾਸਨ ਖ਼ ?ਲਾਫ਼ ਰੋਸ ਭਰਪੂਰ ਪ੍ਰਦਰਸ਼ਨ ਕੀਤਾ।

ਪ੍ਰਦਰਸ਼ਨਕਾਰੀਆਂ ਨੇ ਦੋਸ਼ ਲਾਇਆ ਕਿ ਮੌਜੂਦਾ ਸਰਕਾਰ ਚੋਣਾਂ ਤੋਂ ਪਹਿਲਾਂ ਕੀਤੇ ਵਾਅਦਿਆਂ ਨੂੰ ਭੁੱਲ ਚੁੱਕੀ ਹੈ ਅਤੇ ਸਾਲਾਂ ਤੋਂ ਨਿਗੂਣੀਆਂ ਤਨਖ਼ਾਹਾਂ 'ਤੇ ਕੰਮ ਕਰ ਰਹੇ ਆਊਟਸੋਰਸ ਮੁਲਾਜ਼ਮਾਂ ਦਾ ਆਰਥਿਕ ਸ਼ੋਸ਼ਣ ਕੀਤਾ ਜਾ ਰਿਹਾ ਹੈ।

ਮੁਲਾਜ਼ਮਾਂ ਦੀਆਂ ਮੁੱਖ ਮੰਗਾਂ ਕੀ ਹਨ ?

ਪ੍ਰਦਰਸ਼ਨਕਾਰੀ ਆਗੂਆਂ ਨੇ ਪਾਵਰਕੌਮ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਅੱਗੇ ਆਪਣੀਆਂ ਹੇਠ ਲਿਖੀਆਂ ਪ੍ਰਮੁੱਖ ਮੰਗਾਂ ਦੁਹਰਾਈਆਂ:

1. ਪੱਕੀ ਭਰਤੀ (Regularization): ਪਿਛਲੇ ਕਈ ਸਾਲਾਂ ਤੋਂ ਠੇਕਾ ਪ੍ਰਣਾਲੀ (ਆਊਟਸੋਰਸ) ਅਧੀਨ ਬਤੌਰ ਲਾਈਨਮੈਨ, ਸਹਾਇਕ ਲਾਈਨਮੈਨ ਅਤੇ ਹੋਰ ਤਕਨੀਕੀ ਅਹੁਦਿਆਂ 'ਤੇ ਕੰਮ ਕਰ ਰਹੇ ਕਾਮਿਆਂ ਨੂੰ ਤੁਰੰਤ ਵਿਭਾਗ ਵਿੱਚ ਪੱਕਾ ਕੀਤਾ ਜਾਵੇ।
2. ਬਰਾਬਰ ਕੰਮ, ਬਰਾਬਰ ਤਨਖ਼ਾਹ: ਸੁਪਰੀਮ ਕੋਰਟ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਆਊਟਸੋਰਸ ਮੁਲਾਜ਼ਮਾਂ ਨੂੰ ਵੀ ਪੱਕੇ ਮੁਲਾਜ਼ਮਾਂ ਦੇ ਬਰਾਬਰ ਤਨਖ਼ਾਹ ਅਤੇ ਭੱਤੇ ਦਿੱਤੇ ਜਾਣ।
3. ਹਾਦਸਾਗ੍ਰਸਤ ਮੁਲਾਜ਼ਮਾਂ ਲਈ ਮੁਆਵਜ਼ਾ: ਡਿਊਟੀ ਦੌਰਾਨ ਕਰੰਟ ਲੱਗਣ ਜਾਂ ਹਾਦਸੇ ਦਾ ਸ਼ਿਕਾਰ ਹੋਣ ਵਾਲੇ ਮੁਲਾਜ਼ਮਾਂ ਦੇ ਪਰਿਵਾਰਾਂ ਲਈ ਢੁਕਵੇਂ ਮੁਆਵਜ਼ੇ ਅਤੇ ਸਰਕਾਰੀ ਨੌਕਰੀ ਦਾ ਪ੍ਰਬੰਧ ਕੀਤਾ ਜਾਵੇ।
4. ਛਾਂਟੀ 'ਤੇ ਰੋਕ: ਕਿਸੇ ਵੀ ਬਹਾਨੇ ਤਹਿਤ ਪੁਰਾਣੇ ਤਜਰਬੇਕਾਰ ਮੁਲਾਜ਼ਮਾਂ ਨੂੰ ਨੌਕਰੀ ਤੋਂ ਬਾਹਰ ਕੱਢਣ ਦੀ ਨੀਤੀ ਬੰਦ ਕੀਤੀ ਜਾਵੇ।

ਪ੍ਰਦਰਸ਼ਨ ਕਾਰਨ ਆਵਾਜਾਈ ਪ੍ਰਭਾਵਿਤ, ਤਿੱਖੇ ਸੰਘਰਸ਼ ਦਾ ਐਲਾਨ

ਪਟਿਆਲਾ ਦੇ ਫੁਹਾਰਾ ਚੌਂਕ ਵਿਖੇ ਮੁਲਾਜ਼ਮਾਂ ਦੇ ਧਰਨੇ ਅਤੇ ਰੋਸ ਪ੍ਰਦਰਸ਼ਨ ਕਾਰਨ ਆਸ-ਪਾਸ ਦੇ ਇਲਾਕਿਆਂ ਵਿੱਚ ਵਾਹਨਾਂ ਦੀਆਂ ਲੰਬੀਆਂ ਕਤਾਰਾਂ ਲੱਗ ਗਈਆਂ ਅਤੇ ਆਵਾਜਾਈ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ। ਮੌਕੇ 'ਤੇ ਪਹੁੰਚੀ ਪੁਲਿਸ ਪ੍ਰਸ਼ਾਸਨ ਦੀ ਟੀਮ ਨੇ ਸਥਿਤੀ ਨੂੰ ਕਾਬੂ ਹੇਠ ਰੱਖਣ ਦੀ ਕੋਸ਼ਿਸ਼ ਕੀਤੀ।

ਯੂਨੀਅਨ ਆਗੂਆਂ ਦਾ ਸਖ਼ਤ ਬਿਆਨ:

'ਅਸੀਂ ਦਿਨ-ਰਾਤ ਆਪਣੀ ਜਾਨ ਖ਼ਤਰੇ ਵਿੱਚ ਪਾ ਕੇ ਪੰਜਾਬ ਨੂੰ ਬਿਜਲੀ ਸਪਲਾਈ ਮੁਹੱਈਆ ਕਰਵਾਉਂਦੇ ਹਾਂ, ਪਰ ਸਰਕਾਰ ਸਾਡੀ ਰੋਜ਼ੀ-ਰੋਟੀ ਨੂੰ ਲੈ ਕੇ ਬਿਲਕੁਲ ਗੰਭੀਰ ਨਹੀਂ ਹੈ। ਜੇਕਰ ਪਾਵਰਕੌਮ ਦੀ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਨੇ ਸਾਡੀਆਂ ਮੰਗਾਂ ਨੂੰ ਤੁਰੰਤ ਪ੍ਰਵਾਨ ਨਾ ਕੀਤਾ, ਤਾਂ ਆਉਣ ਵਾਲੇ ਦਿਨਾਂ ਵਿੱਚ ਬਿਜਲੀ ਸਪਲਾਈ ਠੱਪ ਕਰਕੇ ਸੂਬਾ ਪੱਧਰੀ ਵੱਡਾ ਅੰਦੋਲਨ ਛੇੜਿਆ ਜਾਵੇਗਾ, ਜਿਸ ਦੀ ਪੂਰੀ ਜ਼ਿੰਮੇਵਾਰੀ ਪ੍ਰਸ਼ਾਸਨ ਦੀ ਹੋਵੇਗੀ।'

# 'ਤੇਲ ਦੇਖਾਂਗੇ, ਤੇਲ ਦੀ ਧਾਰ ਦੇਖਾਂਗੇ' : ਰਾਜਾ ਵੜਿੰਗ ਨੂੰ ਹਟਾਉਣ ਦੀ ਮੰਗ 'ਤੇ ਅੜਿਆ ਚੰਨੀ ਧੜਾ

## ਪੰਜਾਬ ਕਾਂਗਰਸ ਦੇ ਇੰਚਾਰਜ ਭੂਪੇਸ਼ ਬਘੇਲ ਨਾਲ ਚੰਡੀਗੜ੍ਹ 'ਚ ਹੋਈ ਬੰਦ ਕਮਰਾ ਮੀਟਿੰਗ




ਚੰਡੀਗੜ੍ਹ: ਪੰਜਾਬ ਕਾਂਗਰਸ ਅੰਦਰ ਚੱਲ ਰਹੀ ਖਾਨਾਜੰਗੀ ਅਤੇ ਲੀਡਰਸ਼ਿਪ ਦੀ ਜੰਗ ਉਸ ਵੇਲੇ ਹੋਰ ਗਰਮਾ ਗਈ ਜਦੋਂ ਸ਼ਨੀਵਾਰ (11 ਜੁਲਾਈ) ਨੂੰ ਚੰਡੀਗੜ੍ਹ ਵਿਖੇ ਕਾਂਗਰਸ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਭੂਪੇਸ਼ ਬਘੇਲ ਦੀ ਅਗਵਾਈ ਹੇਠ ਇੱਕ ਅਹਿਮ ਮੀਟਿੰਗ ਹੋਈ। ਜਲੰਧਰ ਤੋਂ ਸੰਸਦ ਮੈਂਬਰ ਅਤੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਅਗਵਾਈ ਵਾਲੇ ਨਾਰਾਜ਼ ਧੜੇ ਨੇ ਭੂਪੇਸ਼ ਬਘੇਲ ਦੇ ਆਉਣ ਦਾ ਇੰਤਜ਼ਾਰ ਕੀਤਾ ਅਤੇ ਫਿਰ ਬੰਦ ਕਮਰੇ ਵਿੱਚ ਕਰੀਬ ਦੋ ਘੰਟੇ ਚੱਲੀ ਇਸ ਮੀਟਿੰਗ ਵਿੱਚ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਖ਼ਿਲਾਫ਼ ਜੰਮ ਕੇ ਭੜਾਸ ਕੱਢੀ।

ਇਹ ਮੀਟਿੰਗ ਸੀਨੀਅਰ ਕਾਂਗਰਸੀ ਆਗੂ ਅਤੇ ਵਿਧਾਇਕ ਰਾਣਾ ਗੁਰਜੀਤ ਸਿੰਘ ਦੀ ਸੈਕਟਰ-4 ਸਥਿਤ ਰਿਹਾਇਸ਼ 'ਤੇ ਹੋਈ, ਜਿਸ ਵਿੱਚ ਸੂਬਾ ਪ੍ਰਧਾਨ ਰਾਜਾ ਵੜਿੰਗ ਦੀ ਗ਼ੈਰ-ਹਾਜ਼ਰੀ ਨੇ ਪਾਰਟੀ ਅੰਦਰਲੇ ਪਾੜੇ ਨੂੰ ਸਾਫ਼ ਉਜਾਗਰ ਕਰ ਦਿੱਤਾ।

**'ਤੇਲ ਦੇਖਾਂਗੇ...' - ਚੰਨੀ ਦੇ ਤੇਵਰ ਤਿੱਖੇ**

ਮੀਟਿੰਗ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਜਦੋਂ ਪੱਤਰਕਾਰਾਂ ਨੇ ਚਰਨਜੀਤ ਸਿੰਘ ਚੰਨੀ ਨੂੰ ਪੁੱਛਿਆ ਕਿ ਕੀ ਉਨ੍ਹਾਂ ਨੂੰ ਰਾਜਾ ਵੜਿੰਗ ਦੀ ਪ੍ਰਧਾਨਗੀ ਕਬੂਲ ਹੈ, ਤਾਂ ਚੰਨੀ ਨੇ ਆਪਣੇ ਖ਼ਾਸ ਅੰਦਾਜ਼ ਵਿੱਚ ਇਸ਼ਾਰਿਆਂ-ਇਸ਼ਾਰਿਆਂ ਵਿੱਚ ਵੱਡੀ ਗੱਲ ਕਹਿ ਦਿੱਤੀ। ਉਨ੍ਹਾਂ ਕਿਹਾ: 'ਬਾਕੀ ਤੇਲ ਦੇਖਾਂਗੇ, ਤੇਲ ਦੀ ਧਾਰ ਦੇਖਾਂਗੇ। ਅਸੀਂ ਮੀਟਿੰਗ ਵਿੱਚ ਜਾ ਰਹੇ ਹਾਂ, ਉੱਥੇ ਸਾਰੀ ਸਥਿਤੀ 'ਤੇ ਵਿਸਥਾਰ ਨਾਲ ਚਰਚਾ ਹੋਵੇਗੀ ਅਤੇ ਅਗਲੀ ਰਣਨੀਤੀ ਤੈਅ ਕੀਤੀ ਜਾਵੇਗੀ।'

ਚੰਨੀ ਧੜਾ 1 ਜੁਲਾਈ ਨੂੰ ਹਾਈਕਮਾਂਡ ਵੱਲੋਂ ਕੀਤੇ ਗਏ ਜਥੇਬੰਦਕ ਫੇਰਬਦਲ ਤੋਂ ਬੇਹੱਦ ਨਾਰਾਜ਼ ਹੈ, ਜਿਸ ਵਿੱਚ ਰਾਜਾ ਵੜਿੰਗ ਨੂੰ ਪ੍ਰਧਾਨਗੀ ਦੇ ਅਹੁਦੇ 'ਤੇ ਬਰਕਰਾਰ ਰੱਖਿਆ ਗਿਆ ਹੈ, ਜਦਕਿ ਚੰਨੀ ਨੂੰ ਸਿਰਫ਼ ਚੋਣ ਪ੍ਰਚਾਰ ਕਮੇਟੀ (Campaign Committee) ਦਾ ਚੇਅਰਮੈਨ ਬਣਾਇਆ ਗਿਆ ਹੈ.

**ਰੰਧਾਵਾ ਦਾ ਤਿੱਖਾ ਹਮਲਾ: 'ਸਾਨੂੰ ਸਮਝੌਤਾਵਾਦੀ ਲੀਡਰ ਨਹੀਂ ਚਾਹੀਦਾ'**

ਮੀਟਿੰਗ ਵਿੱਚੋਂ ਬਾਹਰ ਆ ਕੇ ਕਾਂਗਰਸ ਦੇ ਸੀਨੀਅਰ ਆਗੂ ਅਤੇ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਨੇ ਹਾਈਕਮਾਂਡ ਨੂੰ ਦੋ-ਟੁੱਕ ਚੇਤਾਵਨੀ ਦਿੱਤੀ। ਰੰਧਾਵਾ ਨੇ ਕਿਹਾ ਕਿ ਜੇਕਰ ਕਾਂਗਰਸ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਸੱਤਾ ਵਿੱਚ ਵਾਪਸੀ ਕਰਨਾ ਚਾਹੁੰਦੀ ਹੈ, ਤਾਂ ਪਾਰਟੀ ਨੂੰ ਕਿਸੇ 'ਕੰਪਰੋਮਾਈਜ਼ਡ' (ਸਮਝੌਤਾਵਾਦੀ) ਆਗੂ ਦੀ ਬਜਾਏ ਇੱਕ ਮਜ਼ਬੂਤ ਅਤੇ ਬੇਬਾਕ ਲੀਡਰਸ਼ਿਪ ਦੀ ਲੋੜ ਹੈ। ਉਨ੍ਹਾਂ ਸਿੱਧਾ ਇਸ਼ਾਰਾ ਰਾਜਾ ਵੜਿੰਗ ਵੱਲ ਕਰਦਿਆਂ ਕਿਹਾ ਕਿ ਅਸੀਂ ਆਪਣੀਆਂ ਮੰਗਾਂ ਬਘੇਲ ਸਾਹਮਣੇ ਸਪੱਸ਼ਟ ਕਰ ਦਿੱਤੀਆਂ ਹਨ ਅਤੇ ਉਮੀਦ ਹੈ ਕਿ ਹਾਈਕਮਾਂਡ ਜਲਦ ਹੀ ਆਪਣੇ ਫ਼ੈਸਲੇ 'ਤੇ ਦੁਬਾਰਾ ਵਿਚਾਰ ਕਰੇਗੀ।

**ਕੌਣ-ਕੌਣ ਰਿਹਾ ਮੀਟਿੰਗ ਵਿੱਚ ਹਾਜ਼ਰ?**

ਇਸ ਬੈਠਕ ਨੂੰ ਚੰਨੀ ਧੜੇ ਵੱਲੋਂ ਇੱਕ ਵੱਡੇ ਸ਼ਕਤੀ ਪ੍ਰਦਰਸ਼ਨ ਵਜੋਂ ਦੇਖਿਆ ਜਾ ਰਿਹਾ ਹੈ। ਮੀਟਿੰਗ ਵਿੱਚ ਪੰਜਾਬ ਕਾਂਗਰਸ ਦੇ ਕਈ ਦਿੱਗਜ ਚਿਹਰੇ ਸ਼ਾਮਲ ਹੋਏ, ਜਿਨ੍ਹਾਂ ਵਿੱਚ:

ਚਰਨਜੀਤ ਸਿੰਘ ਚੰਨੀ (ਸਾਬਕਾ ਮੁੱਖ ਮੰਤਰੀ ਅਤੇ ਸੰਸਦ ਮੈਂਬਰ)
ਪ੍ਰਤਾਪ ਸਿੰਘ ਬਾਜਵਾ (ਵਿਰੋਧੀ ਧਿਰ ਦੇ ਨੇਤਾ)
ਸੁਖਜਿੰਦਰ ਸਿੰਘ ਰੰਧਾਵਾ (ਸਾਬਕਾ ਉਪ ਮੁੱਖ ਮੰਤਰੀ ਅਤੇ ਸੰਸਦ ਮੈਂਬਰ)
ਓ. ਪੀ. ਸੋਨੀ (ਸਾਬਕਾ ਉਪ ਮੁੱਖ ਮੰਤਰੀ)
ਭਾਰਤ ਭੂਸ਼ਣ ਆਸ਼ੂ
ਤ੍ਰਿਪਤ ਰਾਜਿੰਦਰ ਸਿੰਘ ਬਾਜਵਾ
ਰਾਣਾ ਗੁਰਜੀਤ ਸਿੰਘ ਅਤੇ ਹੋਰ ਕਈ ਸਾਬਕਾ ਮੰਤਰੀ ਤੇ ਵਿਧਾਇਕ.

**ਇੰਚਾਰਜ ਭੂਪੇਸ਼ ਬਘੇਲ ਦਾ ਬਿਆਨ: 'ਸਭ ਅੱਛਾ ਹੈ'**

ਦੂਜੇ ਪਾਸੇ, ਪੰਜਾਬ ਕਾਂਗਰਸ ਦੇ ਮਾਮਲਿਆਂ ਦੇ ਇੰਚਾਰਜ ਭੂਪੇਸ਼ ਬਘੇਲ ਨੇ ਮੀਟਿੰਗ ਤੋਂ ਬਾਅਦ ਪਾਰਟੀ ਅੰਦਰ ਕਿਸੇ ਵੀ ਤਰ੍ਹਾਂ ਦੇ ਕਲੇਸ਼ ਜਾਂ ਧੜੇਬੰਦੀ ਤੋਂ ਸਾਫ਼ ਇਨਕਾਰ ਕੀਤਾ। ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ: 'ਸਾਰੇ ਸਾਥੀਆਂ ਨੇ ਆਪਣੇ ਵਿਚਾਰ ਰੱਖੇ ਹਨ। ਕੋਈ ਵੀ ਹਾਈਕਮਾਂਡ ਦੇ ਫ਼ੈਸਲੇ ਦੇ ਖ਼ਿਲਾਫ਼ ਨਹੀਂ ਹੈ, ਸਭ ਹਾਈਕਮਾਂਡ ਦੇ ਨਾਲ ਖੜ੍ਹੇ ਹਨ। ਕੁਝ ਖ਼ਦਸ਼ੇ ਅਤੇ ਮੁੱਦੇ ਸਨ, ਜੋ ਸਾਥੀਆਂ ਨੇ ਮੇਰੇ ਸਾਹਮਣੇ ਰੱਖੇ ਹਨ। ਮੈਂ ਜਨਰਲ ਸਕੱਤਰ ਇੰਚਾਰਜ ਵਜੋਂ ਇਨ੍ਹਾਂ ਸਾਰੇ ਮੁੱਦਿਆਂ ਨੂੰ ਹਾਈਕਮਾਂਡ ਕੋਲ ਲੈ ਕੇ ਜਾਵਾਂਗਾ ਅਤੇ ਹਰ ਇੱਕ ਦੇ ਹਿੱਤਾਂ ਦੀ ਰਾਖੀ ਕੀਤੀ ਜਾਵੇਗੀ।'

ਜਦੋਂ ਬਘੇਲ ਨੂੰ ਪੁੱਛਿਆ ਗਿਆ ਕਿ ਕੀ ਰਾਜਾ ਵੜਿੰਗ ਨੂੰ ਹਟਾਉਣ ਦੀ ਮੰਗ ਉੱਠੀ ਹੈ, ਤਾਂ ਉਨ੍ਹਾਂ ਕਿਹਾ ਕਿ ਲੀਡਰਸ਼ਿਪ ਬਦਲਣ ਬਾਰੇ ਕੋਈ ਚਰਚਾ ਨਹੀਂ ਹੋਈ ਅਤੇ ਸੂਬਾ ਪ੍ਰਧਾਨ ਨੂੰ ਬਦਲਣਾ ਕੋਈ ਗੁੱਡੀਆਂ-ਪਟੋਲਿਆਂ ਦੀ ਖੇਡ ਨਹੀਂ ਹੈ।

**ਸਿਆਸੀ ਮਾਹਰਾਂ ਦੀ ਰਾਏ**

ਸਿਆਸੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਭਾਵੇਂ ਭੂਪੇਸ਼ ਬਘੇਲ ਸਭ ਕੁਝ ਠੀਕ ਹੋਣ ਦਾ ਦਾਅਵਾ ਕਰ ਰਹੇ ਹਨ, ਪਰ ਪੰਜਾਬ ਕਾਂਗਰਸ ਅੰਦਰਲੀ ਚੰਗਿਆੜੀ ਹੁਣ ਭਾਂਬੜ ਬਣ ਚੁੱਕੀ ਹੈ। 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਜੇਕਰ ਹਾਈਕਮਾਂਡ ਨੇ ਚੰਨੀ ਅਤੇ ਵੜਿੰਗ ਧੜੇ ਵਿਚਾਲੇ ਇਸ ਖਿੱਚੋਤਾਣ ਨੂੰ ਜਲਦੀ ਸ਼ਾਂਤ ਨਾ ਕੀਤਾ, ਤਾਂ ਪਾਰਟੀ ਨੂੰ ਆਉਣ ਵਾਲੇ ਸਮੇਂ ਵਿੱਚ ਵੱਡਾ ਨੁਕਸਾਨ ਝੱਲਣਾ ਪੈ ਸਕਦਾ ਹੈ।

# ਪੰਜਾਬ ਵਿੱਚ ਲੋਕਤੰਤਰ ਦੇ ਬਚਾਉ ਅਤੇ ਮਜ਼ਬੂਤੀ ਲਈ ਵੱਡਾ ਕਦਮ

## ਵੋਟਰਾਂ ਨੇ ਉਤਸ਼ਾਹ ਨਾਲ ਜਮ੍ਹਾ ਕਰਵਾਏ ਆਪਣੇ ਦਸਤਾਵੇਜ਼



ਪਟਿਆਲਾ: ਭਾਰਤੀ ਚੋਣ ਕਮਿਸ਼ਨ (ECI) ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਪੰਜਾਬ ਭਰ ਵਿੱਚ ਚੱਲ ਰਹੀ ਵੋਟਰ ਸੂਚੀਆਂ ਦੀ ਵਿਸ਼ੇਸ਼ ਇੰਟੈਂਸਿਵ ਰਿਵੀਜ਼ਨ (Special Intensive Revision - SIR) ਮੁਹਿੰਮ ਤਹਿਤ ਪਟਿਆਲਾ ਦੇ ਮਾਡਲ ਟਾਊਨ ਵਿਖੇ ਇੱਕ ਵਿਸ਼ੇਸ਼ ਕੈਂਪ ਲਗਾਇਆ ਗਿਆ। ਇਸ ਕੈਂਪ ਦੌਰਾਨ ਸਥਾਨਕ ਵੋਟਰਾਂ ਨੇ ਵੱਡੀ ਗਿਣਤੀ ਵਿੱਚ ਪਹੁੰਚ ਕੇ ਬੂਥ ਲੈਵਲ ਅਫ਼ਸਰਾਂ (BLOs) ਕੋਲ ਆਪਣੇ ਲੋੜੀਂਦੇ ਦਸਤਾਵੇਜ਼ ਅਤੇ ਵੇਰਵੇ (Enumeration Forms) ਜਮ੍ਹਾ ਕਰਵਾਏ।

ਚੋਣ ਕਮਿਸ਼ਨ ਵੱਲੋਂ ਚਲਾਈ ਜਾ ਰਹੀ ਇਸ ਪ੍ਰਕਿਰਿਆ ਦਾ ਮੁੱਖ ਮਨੋਰਥ ਵੋਟਰ ਸੂਚੀਆਂ ਨੂੰ ਪੂਰੀ ਤਰ੍ਹਾਂ ਦਰੁਸਤ, ਪਾਰਦਰਸ਼ੀ ਅਤੇ ਅਪ-ਟੂ-ਡੇਟ ਬਣਾਉਣਾ ਹੈ ਤਾਂ ਜੋ ਆਉਣ ਵਾਲੀਆਂ ਚੋਣਾਂ ਵਿੱਚ ਕੋਈ ਵੀ ਯੋਗ ਵੋਟਰ ਆਪਣੀ ਵੋਟ ਦੇ ਅਧਿਕਾਰ ਤੋਂ ਵਾਂਝਾ ਨਾ ਰਹੇ ਅਤੇ ਜਾਅਲੀ ਜਾਂ ਦੂਹਰੀਆਂ ਵੋਟਾਂ ਨੂੰ ਸੂਚੀ ਵਿੱਚੋਂ ਖਾਰਜ ਕੀਤਾ ਜਾ ਸਕੇ।

**ਕੈਂਪ ਦੀਆਂ ਮੁੱਖ ਵਿਸ਼ੇਸ਼ਤਾਵਾਂ ਅਤੇ ਵੋਟਰਾਂ ਦਾ ਉਤਸ਼ਾਹ :** ਮਾਡਲ ਟਾਊਨ ਪਟਿਆਲਾ ਵਿਖੇ ਸਥਾਪਿਤ ਕੀਤੇ ਗਏ ਇਸ ਵਿਸ਼ੇਸ਼ ਕੈਂਪ ਵਿੱਚ ਲੋਕਾਂ ਨੇ ਵਧ-ਚੜ੍ਹ ਕੇ ਹਿੱਸਾ ਲਿਆ। ਮੌਕੇ 'ਤੇ ਮੌਜੂਦ ਬੂਥ ਲੈਵਲ ਅਫ਼ਸਰਾਂ (BLOs) ਨੇ ਵੋਟਰਾਂ ਦੇ ਫਾਰਮ ਭਰਨ ਵਿੱਚ ਮਦਦ ਕੀਤੀ ਅਤੇ ਉਨ੍ਹਾਂ ਦੇ ਦਸਤਾਵੇਜ਼ਾਂ ਦੀ ਮੌਕੇ 'ਤੇ ਹੀ ਪੜਤਾਲ ਕੀਤੀ।

**ਨਵੇਂ ਵੋਟਰਾਂ ਦੀ ਰਜਿਸਟ੍ਰੇਸ਼ਨ:** 18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਨਵੇਂ ਯੋਗ ਨੌਜਵਾਨਾਂ ਨੇ ਵੋਟ ਬਣਾਉਣ ਲਈ ਫਾਰਮ-6 ਜਮ੍ਹਾ ਕਰਵਾਏ।

**ਵੇਰਵਿਆਂ ਦੀ ਦਰੁਸਤੀ:** ਮੌਜੂਦਾ ਵੋਟਰਾਂ ਨੇ ਆਪਣੇ ਨਾਮ, ਪਤੇ, ਉਮਰ ਜਾਂ ਫੋਟੋ ਵਿੱਚ ਸੁਧਾਰ ਕਰਵਾਉਣ ਲਈ ਲੋੜੀਂਦੇ ਦਸਤਾਵੇਜ਼ ਸੌਂਪੇ।

**ਮਾਪਿਆਂ ਦੇ ਵੇਰਵਿਆਂ ਨਾਲ ਲਿੰਕਿੰਗ:** ਚੋਣ ਕਮਿਸ਼ਨ ਦੀਆਂ ਨਵੀਆਂ ਹਦਾਇਤਾਂ ਮੁਤਾਬਕ, ਮੌਜੂਦਾ ਵੋਟਰਾਂ ਅਤੇ ਨਵੇਂ ਬਿਨੈਕਾਰਾਂ ਦੇ ਵੇਰਵਿਆਂ ਨੂੰ ਪੁਰਾਣੇ (ਸਾਲ 2002-2004 ਦੇ) 'SIR' ਰਿਕਾਰਡ ਨਾਲ ਜੋੜਿਆ ਜਾ ਰਿਹਾ ਹੈ, ਜਿਸ ਲਈ ਲੋਕਾਂ ਨੇ ਆਪਣੇ ਪਰਿਵਾਰਕ ਵੇਰਵੇ ਵੀ ਸਾਂਝੇ ਕੀਤੇ।

**ਚੋਣ ਕਮਿਸ਼ਨ ਵੱਲੋਂ ਪੰਜਾਬ ਵਿੱਚ ਮੁਹਿੰਮ ਦੀ ਮਿਆਦ ਵਧਾਈ ਗਈ**

ਇਸੇ ਦੌਰਾਨ ਚੋਣ ਕਮਿਸ਼ਨ ਨੇ ਪੰਜਾਬ ਦੇ ਵੋਟਰਾਂ ਦੀ ਸਹੂਲਤ ਨੂੰ ਮੁੱਖ ਰੱਖਦੇ ਹੋਏ ਵੋਟਰ ਸੂਚੀ ਦੀ ਸੁਧਾਈ (SIR) ਦੇ ਸ਼ਡਿਊਲ ਵਿੱਚ ਕੁਝ ਅਹਿਮ ਬਦਲਾਅ ਕਰਦਿਆਂ ਇਸ ਦੀ ਮਿਆਦ ਵਧਾ ਦਿੱਤੀ ਹੈ।

| ਗਤੀਵਿਧੀ (Activity) | ਪੁਰਾਣੀ ਤਾਰੀਖ਼ | ਨਵੀਂ ਸੋਧੀ ਹੋਈ ਤਾਰੀਖ਼ (Revised Date) |
| --- | --- | --- |
| ਘਰ-ਘਰ ਜਾ ਕੇ ਵੇਰਵੇ ਇਕੱਠੇ ਕਰਨਾ (H2H Visits) | 24 ਜੁਲਾਈ | 3 ਅਗਸਤ 2026 |
| ਡਰਾਫਟ ਵੋਟਰ ਸੂਚੀ ਦੀ ਪ੍ਰਕਾਸ਼ਨਾ (Draft Roll) | 31 ਜੁਲਾਈ | 13 ਅਗਸਤ 2026 |
| ਦਾਅਵੇ ਅਤੇ ਇਤਰਾਜ਼ ਦਰਜ ਕਰਵਾਉਣਾ | 3 ਅਗਸਤ – 2 ਸਤੰਬਰ | 13 ਅਗਸਤ – 12 ਸਤੰਬਰ 2026 |
| ਅੰਤਿਮ ਵੋਟਰ ਸੂਚੀ ਦੀ ਪ੍ਰਕਾਸ਼ਨਾ (Final Roll) | 1 ਅਕਤੂਬਰ | 12 ਅਕਤੂਬਰ 2026 |

ਪੰਜਾਬ ਦੇ ਮੁੱਖ ਚੋਣ ਅਧਿਕਾਰੀ (CEO) ਅਨਿੰਦਿਤਾ ਮਿੱਤਰਾ ਨੇ ਵੋਟਰਾਂ ਨੂੰ ਅਪੀਲ ਕੀਤੀ ਹੈ ਕਿ ਜਿਨ੍ਹਾਂ ਨਾਗਰਿਕਾਂ ਨੇ ਅਜੇ ਤੱਕ ਆਪਣੇ ਵੇਰਵੇ (Enumeration Forms) ਜਮ੍ਹਾਂ ਨਹੀਂ ਕਰਵਾਏ, ਉਹ ਤੁਰੰਤ ਆਪਣੇ ਹਲਕੇ ਦੇ ਬੀ.ਐਲ.ਓ. (BLO) ਨਾਲ ਸੰਪਰਕ ਕਰਨ ਤਾਂ ਜੋ 13 ਅਗਸਤ ਨੂੰ ਪ੍ਰਕਾਸ਼ਿਤ ਹੋਣ ਵਾਲੀ ਡਰਾਫਟ ਵੋਟਰ ਸੂਚੀ ਵਿੱਚ ਉਨ੍ਹਾਂ ਦਾ ਨਾਮ ਸ਼ਾਮਲ ਹੋ ਸਕੇ।

**ਸਿਆਸੀ ਹਲਕਿਆਂ 'ਚ ਚਰਚਾ ਅਤੇ ਅਪੀਲਾਂ**

ਪੰਜਾਬ ਵਿੱਚ ਅਗਲੇ ਸਾਲ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਇਹ ਵੋਟਰ ਸੁਧਾਈ ਬਹੁਤ ਮਹੱਤਵਪੂਰਨ ਮੰਨੀ ਜਾ ਰਹੀ ਹੈ। ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਲੋਕਾਂ ਨੂੰ ਇਸ ਮੁਹਿੰਮ ਵਿੱਚ ਵੱਧ ਤੋਂ ਵੱਧ ਹਿੱਸਾ ਲੈਣ ਦੀ ਅਪੀਲ ਕੀਤੀ ਹੈ ਤਾਂ ਜੋ ਨਾਗਰਿਕ ਆਪਣੀ ਵੋਟ ਦੀ ਸ਼ਕਤੀ ਨੂੰ ਸੁਰੱਖਿਅਤ ਰੱਖ ਸਕਣ। ਦੂਜੇ ਪਾਸੇ, ਵਿਰੋਧੀ ਧਿਰਾਂ ਵੱਲੋਂ ਚੋਣ ਕਮਿਸ਼ਨ ਨੂੰ ਅਪੀਲ ਕੀਤੀ ਗਈ ਹੈ ਕਿ ਇਸ ਪ੍ਰਕਿਰਿਆ ਨੂੰ ਪੂਰੀ ਤਰ੍ਹਾਂ ਨਿਰਪੱਖ ਅਤੇ ਵੋਟਰ-ਸਨੇਹੀ ਤਰੀਕੇ ਨਾਲ ਨੇਪਰੇ ਚਾੜ੍ਹਿਆ ਜਾਵੇ।

ਜੇਕਰ ਤੁਸੀਂ ਵੀ ਪਟਿਆਲਾ ਜਾਂ ਪੰਜਾਬ ਦੇ ਕਿਸੇ ਹੋਰ ਹਿੱਸੇ ਦੇ ਵਸਨੀਕ ਹੋ ਅਤੇ ਹਾਲੇ ਤੱਕ ਆਪਣੇ ਵੇਰਵੇ ਅਪਡੇਟ ਨਹੀਂ ਕਰਵਾਏ, ਤਾਂ ਤੁਰੰਤ ਆਪਣੇ ਇਲਾਕੇ ਦੇ ਬੂਥ ਲੈਵਲ ਅਫ਼ਸਰ (BLO) ਨਾਲ ਸੰਪਰਕ ਕਰੋ ਜਾਂ ਚੋਣ ਕਮਿਸ਼ਨ ਦੇ ਅਧਿਕਾਰਤ ਵੋਟਰ ਪੋਰਟਲ (voters.eci.gov.in) 'ਤੇ ਜਾ ਕੇ ਆਨਲਾਈਨ ਪ੍ਰਕਿਰਿਆ ਪੂਰੀ ਕਰੋ।

# ਕੈਨੇਡਾ ਵਿੱਚ ਇਮਾਰਤ ਨੂੰ ਅੱਗ, ਆਲੀਵਾਲ ਦੇ ਬਿਰਧ ਜੋੜੇ ਦੀ ਮੌਤ



ਜਗਰਾਉਂ : ਨਜ਼ਦੀਕੀ ਬੇਟ ਇਲਾਕੇ ਦੇ ਪਿੰਡ ਆਲੀਵਾਲ ਨਾਲ ਸਬੰਧਤ ਬਜ਼ੁਰਗ ਜੋੜੇ ਦੀ ਐਡਮਿੰਟਨ (ਕੈਨੇਡਾ) ਵਿੱਚ ਇੱਕ ਇਮਾਰਤ ਨੂੰ ਅੱਗ ਲੱਗਣ ਕਾਰਨ ਮੌਤ ਹੋ ਗਈ। ਵੇਰਵਿਆਂ ਮੁਤਾਬਕ 132 ਐਵੇਨਿਊ ਤੇ 82 ਸਟਰੀਟ 'ਤੇ ਤਿੰਨ ਮੰਜ਼ਿਲਾ ਰਿਹਾਇਸ਼ੀ ਕਮ ਵਪਾਰਕ ਇਮਾਰਤ ਨੂੰ ਅੱਗ ਲੱਗਣ ਕਾਰਨ ਇਹ ਹਾਦਸਾ ਵਾਪਰਿਆ। ਲੁਧਿਆਣਾ ਜ਼ਿਲ੍ਹੇ ਦੇ ਪਿੰਡ ਆਲੀਵਾਲ ਦਾ ਬਜ਼ੁਰਗ ਜੋੜਾ ਮੇਜਰ ਸਿੰਘ ਭੰਡਾਲ (82) ਅਤੇ ਉਨ੍ਹਾਂ ਵਿੱਚ ਸੁਧਾਰ ਕਰਨ ਅਤੇ ਖੇਤਰ ਵਿੱਚ ਆਰਥਿਕ ਵਿਕਾਸ ਨੂੰ ਤੇਜ਼ ਕਰਨ ਦੇ ਉਦੇਸ਼ ਨਾਲ 5,470 ਕਰੋੜ ਰੁਪਏ ਤੋਂ ਵੱਧ ਦੇ ਰੇਲ ਅਤੇ ਸੜਕ ਬੁਨਿਆਦੀ ਢਾਂਚੇ ਦੇ ਪ੍ਰਾਜੈਕਟਾਂ ਦਾ ਉਦਘਾਟਨ ਕਰਨਗੇ ਅਤੇ ਨੀਂਹ ਪੱਥਰ ਰੱਖਣਗੇ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਆਪਣੇ ਦੌਰੇ ਦੌਰਾਨ ਸਭ ਤੋਂ ਪਹਿਲਾਂ ਹਰਿਆਣਾ ਵਿੱਚ ਜੀਂਦ ਜਾਣਗੇ, ਜਿੱਥੇ ਉਹ ਜੀਂਦ ਅਤੇ ਸੋਨੀਪਤ ਵਿਚਕਾਰ ਹਾਈਡ੍ਰੋਜਨ ਨਾਲ ਚੱਲਣ ਵਾਲੀ ਟਰੇਨ ਨੂੰ ਹਰੀ ਝੰਡੀ ਦਿਖਾਉਣਗੇ। ਉਪਰੰਤ, ਪ੍ਰਧਾਨ ਮੰਤਰੀ ਮੋਦੀ ਲਗਪਗ 14,700 ਕਰੋੜ ਰੁਪਏ ਦੇ ਵੱਖ-ਵੱਖ ਵਿਕਾਸ ਪ੍ਰਾਜੈਕਟਾਂ ਦੇ ਨੀਂਹ ਪੱਥਰ ਰੱਖਣਗੇ ਅਤੇ ਉਨ੍ਹਾਂ ਨੂੰ ਦੇਸ਼ ਨੂੰ ਸਮਰਪਿਤ ਕਰਨਗੇ। ਆਪਣੇ ਅਗਲੇ ਪੜਾਅ ਵਿੱਚ ਪ੍ਰਧਾਨ ਮੰਤਰੀ ਚੰਡੀਗੜ੍ਹ ਪਹੁੰਚਣਗੇ, ਜਿੱਥੇ ਉਹ ਸਿਹਤ ਸੰਭਾਲ, ਸਿੱਖਿਆ ਅਤੇ ਸੜਕੀ ਬੁਨਿਆਦੀ ਢਾਂਚੇ ਨਾਲ ਸਬੰਧਤ 6,600 ਕਰੋੜ ਰੁਪਏ ਤੋਂ ਵੱਧ ਦੇ ਪ੍ਰਾਜੈਕਟਾਂ ਦਾ ਉਦਘਾਟਨ ਅਤੇ ਨੀਂਹ ਪੱਥਰ ਰੱਖਣਗੇ। ਸ੍ਰੀ ਮੋਦੀ ਚੰਡੀਗੜ੍ਹ ਅਤੇ ਹਰਿਆਣਾ ਦੇ ਜੀਂਦ ਵਿੱਚ ਜਨਤਕ ਸਭਾਵਾਂ ਨੂੰ ਵੀ ਸੰਬੋਧਨ ਕਰਨਗੇ।

# ਹਿਰਾਸਤੀ ਮੌਤਾਂ ਦੇ ਮਨੁੱਖੀ ਅਧਿਕਾਰਾਂ ਦਾ ਸਵਾਲ

ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ ਨੂੰ 6 ਸਤੰਬਰ, 1995 ਦੀ ਸਵੇਰ ਨੂੰ ਅੰਮ੍ਰਿਤਸਰ ਦੇ ਕਬੀਰ ਨਗਰ ਸਥਿਤ ਉਸਦੇ ਘਰੋਂ ਚੁੱਕਣ ਮਗਰੋਂ, ਜਿਸ ਰਾਤ ਪੰਜਾਬ ਪੁਲਿਸ ਨੇ ਉਸਨੂੰ ਬੇਰਹਿਮੀ ਨਾਲ ਤਸੀਹੇ ਦੇ ਕੇ ਮਾਰਿਆ ਸੀ, ਉਸ ਦਿਨ ਤੋਂ ਬਾਅਦ ਉਹ ਇਕ ਸਿਰਫ਼ 'ਵਿਅਕਤੀ' ਨਹੀਂ ਰਿਹਾ। ਉਸ ਸਮੇਂ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਵੀ ਉਸ ਤੋਂ ਕੰਬਦਾ ਸੀ ਅਤੇ ਹੁਣ 30 ਸਾਲਾਂ ਤੋਂ ਵੱਧ ਸਮੇਂ ਤੋਂ ਬਾਅਦ ਵੀ ਉਸ ਵੱਲੋਂ ਗੈਰ-ਕਾਨੂੰਨੀ ਤਰੀਕਿਆਂ ਨਾਲ ਕੀਤੇ ਗਏ ਕਤਲਾਂ ਬਾਰੇ ਖੁਲਾਸਿਆਂ ਦਾ ਡਰ ਸਤਾ ਰਿਹਾ ਹੈ। ਦਿਲਜੀਤ ਦੋਸਾਂਝ ਦੀ ਅਦਾਕਾਰੀ 'ਚ ਸਜੀ ਹੋਈ ਫਿਲਮ ਸਤਲੁਜ (ਅਸਲੀ ਨਾਮ ਪੰਜਾਬ 95) ਨੂੰ ਜ਼ੀ5 ਪਲੇਟਫਾਰਮ ਤੋਂ ਹਟਾ ਦਿੱਤਾ ਗਿਆ ਹੈ। ਇਸ ਫਿਲਮ ਨੂੰ ਗੋਇੰਦਵਾਲ ਸਾਹਿਬ 'ਚ ਜਨਮੇ ਹਨੀ ਤ੍ਰੇਹਨ ਦੁਆਰਾ ਨਿਰਦੇਸ਼ਤ ਕੀਤਾ ਗਿਆ ਸੀ। ਤ੍ਰੇਹਨ ਫਿਲਮ ਰਾਹੀਂ ਇਸ ਸੱਚੇ ਕਿਰਦਾਰ ਦੇ ਚਿੱਤਰਣ ਲਈ ਸ਼ਲਾਘਾ ਹਾਸਲ ਕਰਨ ਦਾ ਹੱਕਦਾਰ ਵੀ ਹੈ। ਉਂਝ ਵੀ ਸੱਚ ਕੌੜਾ ਹੁੰਦਾ ਹੈ।

ਇਸ ਬਾਰੇ ਬਹੁਤ ਘੱਟ ਜਾਣਕਾਰੀ ਹੈ ਕਿ ਖਾਲੜਾ ਨੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ 'ਤੇ ਆਪਣਾ ਕੰਮ ਉਦੋਂ ਸ਼ੁਰੂ ਕੀਤਾ ਸੀ, ਜਦੋਂ ਸ਼੍ਰੋਮਣੀ ਅਕਾਲੀ ਦਲ ਨੇ ਆਪਣਾ ਮਨੁੱਖੀ ਅਧਿਕਾਰ ਵਿੰਗ ਜਸਪਾਲ ਸਿੰਘ ਢਿੱਲੋਂ ਦੀ ਅਗਵਾਈ ਹੇਠ ਅਕਤੂਬਰ 1994 'ਚ ਸਥਾਪਤ ਕੀਤਾ। ਇਸ ਸੰਗਠਨ ਦੇ ਖਾਲੜਾ ਜਨਰਲ ਸਕੱਤਰ ਬਣੇ ਸਨ। ਅਮਰੀਕ ਸਿੰਘ ਮੁਕਤਸਰ ਉਪ-ਚੇਅਰਮੈਨ ਸਨ। ਇਹ ਵਿੰਗ 1 ਨਵੰਬਰ, 1996 ਨੂੰ ਖਾਲੜਾ ਦੇ ਜਨਰਲ ਸਕੱਤਰ ਵਜੋਂ ਸੇਵਾ ਨਿਭਾਅ ਰਿਹਾ ਸੀ। ਇਸ ਤੋਂ ਪਹਿਲਾਂ 18 ਅਗਸਤ, 1995 ਨੂੰ ਵਿੰਗ ਨੇ ਸਪੱਸ਼ਟ ਕੀਤਾ ਸੀ ਕਿ ਉਹ ਅਕਾਲੀ ਦਲ ਦੇ ਖਾੜਕੂ ਸੰਘਰਸ਼ ਨੂੰ ਕਾਂਗਰਸ ਦੀ ਸਿਰਜਣਾ ਦੱਸਣ ਦੇ ਵਿਚਾਰ ਨਾਲ ਸਹਿਮਤ ਨਹੀਂ ਹੈ।

ਇਸ ਬਾਰੇ ਉਪਲਬਧ ਜਾਣਕਾਰੀ ਅਨੁਸਾਰ, ਖਾਲੜਾ ਨੂੰ 4 ਸਤੰਬਰ ਦੀ ਰਾਤ ਨੂੰ ਉਨ੍ਹਾਂ ਦੀ ਜਾਨ ਨੂੰ ਖ਼ਤਰੇ ਬਾਰੇ ਚੇਤਾਵਨੀ ਵੀ ਦਿੱਤੀ ਗਈ ਸੀ ਪਰ ਉਨ੍ਹਾਂ ਕਿਹਾ, 'ਜੋ ਹੋਣਾ ਹੈ, ਹੋਣ ਦਿਓ। ਮੈਂ ਇਸ ਮਕਸਦ ਲਈ ਮਰਨ ਲਈ ਤਿਆਰ ਹਾਂ।' ਉਸ ਰਾਤ ਉਨ੍ਹਾਂ ਦੇ ਘਰ ਚਾਰ ਕਾਰਕੁੰਨ ਉਨ੍ਹਾਂ ਦੇ ਨਾਲ ਰਹੇ ਅਤੇ ਉਨ੍ਹਾਂ 'ਚ ਜਥੇਦਾਰ ਤੋਗਾ ਸਿੰਘ ਕਰਮਜੀਤ ਸਿੰਘ, ਇਕ ਪੱਤਰਕਾਰ ਮਾਲਵਿੰਦਰ ਸਿੰਘ ਮਾਲੀ ਅਤੇ ਗੁਰਦਰਸ਼ਨ ਸਿੰਘ ਬਾਹੀਆ ਸ਼ਾਮਲ ਸਨ। ਬਾਹੀਆ ਦੇ ਅਨੁਸਾਰ ਉਸ ਨੇ ਅਤੇ ਮਾਲੀ ਨੇ ਖਾਲੜਾ ਨੂੰ ਉਨ੍ਹਾਂ ਦੀ ਜਾਨ ਨੂੰ ਖ਼ਤਰਾ ਹੋਣ ਦੇ ਖ਼ਦਸ਼ਿਆਂ ਕਾਰਨ ਮਨਾਉਣ ਦੀ ਕੋਸ਼ਿਸ਼ ਵੀ ਕੀਤੀ ਸੀ। ਕਿਉਂਕਿ ਉਸ ਨੇ 'ਸਟੇਟ' ਵੱਲੋਂ ਕੀਤੇ ਗਏ ਇਸ ਧੋਖੇ ਦਾ ਪਰਦਾਫਾਸ਼ ਕਰ ਦਿੱਤਾ ਸੀ।

ਸ਼ੁਰੂ 'ਚ ਖਾਲੜਾ ਨੂੰ ਯਕੀਨ ਨਹੀਂ ਸੀ ਕਿ ਪੁਲਿਸ ਉਸ ਨੂੰ ਇਸ ਦਲੀਲ 'ਤੇ ਮਾਰ ਸਕਦੀ ਹੈ ਕਿ ਉਸਨੇ ਆਲਮੀ ਪੱਧਰ 'ਤੇ ਅਮਰੀਕਾ, ਕੈਨੇਡਾ ਅਤੇ ਯੂਕੇ 'ਚ ਫਰਜ਼ੀ ਮੁਕਾਬਲਿਆਂ ਦੇ ਮੁੱਦੇ ਨੂੰ ਜੱਗਜਾਹਰ ਕਰ ਦਿੱਤਾ ਹੈ। ਕਈ ਮੁਲਕਾਂ ਦੇ ਮੀਡੀਆ ਨੇ ਖਾਲੜਾ ਦਾ ਇਸ ਬਾਰੇ ਇੰਟਰਵਿਊ ਵੀ ਲਿਆ ਸੀ। ਆਖ਼ਰਕਾਰ, ਉਸਨੇ ਕਿਹਾ, 'ਮੈਂ ਇਸ ਮਕਸਦ ਲਈ ਮਰਨ ਲਈ ਤਿਆਰ ਹਾਂ।' ਉਸ ਨੂੰ ਦੋ ਦਿਨ ਬਾਅਦ 6 ਸਤੰਬਰ ਨੂੰ ਚੁੱਕਿਆ ਗਿਆ ਤੇ ਮਾਰਨ ਤੋਂ ਪਹਿਲਾਂ ਕਈ ਦਿਨਾਂ ਤੱਕ

**- ਜਗਤਾਰ ਸਿੰਘ**

ਤਸ਼ੱਦਦ ਕੀਤਾ ਗਿਆ। ਬਾਅਦ 'ਚ ਉਸ ਦੀ ਮੌਤ ਦੀ ਕਾਨੂੰਨੀ ਤੌਰ 'ਤੇ ਪੁਸ਼ਟੀ ਕੀਤੀ ਗਈ ਕਿਉਂਕਿ ਕਤਲ ਕਰਨ ਵਾਲੇ ਪੁਲਿਸ ਅਧਿਕਾਰੀਆਂ ਨੂੰ ਵੀ ਦੋਸ਼ੀ ਕਰਾਰ ਦੇ ਦਿੱਤਾ ਗਿਆ ਸੀ ਪਰ ਮੂਲ ਮੁੱਦਾ ਦੁਨੀਆ ਦੇ ਇਸ ਸਭ ਤੋਂ ਵੱਡੇ ਲੋਕਤੰਤਰ 'ਚ ਸੁਰੱਖਿਆ ਏਜੰਸੀਆਂ ਵੱਲੋਂ ਵਰਤੇ ਗਏ ਗੈਰ-ਕਾਨੂੰਨੀ ਕਤਲਾਂ ਦਾ ਹੈ, ਜਿਸ ਤੋਂ ਖਾਲੜਾ ਨੇ ਪਰਦਾ ਚੁੱਕਿਆ ਸੀ।

ਉਸ ਸਮੇਂ ਪੰਜਾਬ ਦੇ ਮੁੱਖ ਮੰਤਰੀ ਹਰਚਰਨ ਸਿੰਘ ਬਰਾੜ ਸਨ, ਜਿਨ੍ਹਾਂ ਨੇ 31 ਅਗਸਤ ਨੂੰ ਬੇਅੰਤ ਸਿੰਘ ਦੀ ਹੱਤਿਆ ਤੋਂ ਬਾਅਦ ਅਹੁਦਾ ਸੰਭਾਲਿਆ ਸੀ। ਢਿੱਲੋਂ ਤੇ ਅਮਰੀਕ ਨੇ ਖਾਲੜਾ ਦੇ ਅਗਵਾ ਹੋਣ 'ਤੇ ਮੁੱਖ ਮੰਤਰੀ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਅਤੇ ਬਾਅਦ 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਨਾਲ ਵੀ ਰਾਬਤਾ ਕਾਇਮ ਕੀਤਾ। ਮਨੁੱਖੀ ਅਧਿਕਾਰ ਵਿੰਗ ਕੋਲ ਸ਼੍ਰੋਮਣੀ ਕਮੇਟੀ ਦੇ ਚੰਡੀਗੜ੍ਹ ਉਪ-ਦਫ਼ਤਰ ਦਾ ਪਤਾ ਸੀ। ਟੌਹੜਾ ਨੇ ਬਰਾੜ ਨਾਲ ਸੰਪਰਕ ਕੀਤਾ ਅਤੇ ਉਸ ਨੂੰ ਇਸ ਬਾਰੇ ਦੱਸਿਆ। ਹਾਲਾਂਕਿ ਬਰਾੜ ਨੇ ਉਸਨੂੰ ਦੱਸਿਆ ਕਿ ਹੁਣ ਦੇਰ ਹੋ ਚੁੱਕੀ ਹੈ, ਕਿਉਂਕਿ ਖਾਲੜਾ ਦੀ ਮੌਤ ਦੀ ਪੁਸ਼ਟੀ ਹੋ ਚੁੱਕੀ ਹੈ।

ਟੌਹੜਾ ਨੇ ਫਿਰ ਦੇਸ਼ ਦੇ ਚੀਫ਼ ਜਸਟਿਸ ਨੂੰ ਕਤਲ ਬਾਰੇ ਟੈਲੀਗ੍ਰਾਮ ਭੇਜਿਆ, ਜੋ ਜਸਟਿਸ ਕੁਲਦੀਪ ਸਿੰਘ ਨੂੰ ਭੇਜਿਆ ਗਿਆ। ਜਸਟਿਸ ਕੁਲਦੀਪ ਸਿੰਘ ਨੇ ਸੀਬੀਆਈ ਜਾਂਚ ਦਾ ਹੁਕਮ ਦਿੱਤਾ। ਸੀਬੀਆਈ ਜਾਂਚ ਨੇ ਫਿਰ ਅੰਮ੍ਰਿਤਸਰ ਦੇ ਸਿਰਫ਼ ਤਿੰਨ ਸ਼ਮਸ਼ਾਨਘਾਟਾਂ 'ਚ ਲਗਭਗ 2000 ਲਾਵਾਰਿਸ ਲਾਸ਼ਾਂ ਦੇ ਕਤਲ ਦੀ ਪੁਸ਼ਟੀ ਕੀਤੀ, ਜਿਨ੍ਹਾਂ ਨੂੰ ਖਾਲੜਾ ਨੇ ਹੀ ਬੇਨਕਾਬ ਕੀਤਾ ਸੀ। ਪੀੜਤ ਪਰਿਵਾਰਾਂ ਨੂੰ ਮੁਆਵਜ਼ਾ ਦਿੱਤਾ ਗਿਆ। ਜਸਵੰਤ ਸਿੰਘ ਖਾਲੜਾ ਦਾ ਨਾਮ ਯੂਕੇ, ਕੈਨੇਡਾ ਅਤੇ ਅਮਰੀਕਾ ਵਰਗੇ ਦੇਸ਼ਾਂ 'ਚ ਇੱਕ ਨਾਇਕ ਵਜੋਂ ਉਭਰਿਆ, ਜਿੱਥੇ ਸਿੱਖ ਵੱਡੀ ਗਿਣਤੀ 'ਚ ਵਸਦੇ ਹਨ ਅਤੇ ਖਾਲਿਸਤਾਨ ਸੰਘਰਸ਼ ਨਾਲ ਜੁੜੀਆਂ ਸਿੱਖ ਘਟਨਾਵਾਂ ਸੁਰਖੀਆਂ 'ਚ ਰਹਿੰਦੀਆਂ ਹਨ। ਪਾਰਕਾਂ ਅਤੇ ਸੜਕਾਂ ਦਾ ਨਾਂ ਖਾਲੜਾ ਦੇ ਨਾਮ 'ਤੇ ਰੱਖਿਆ ਗਿਆ ਹੈ। ਇਹੀ ਕਾਰਨ ਹੈ ਕਿ ਉਨ੍ਹਾਂ ਨਾਲ ਜੁੜੀ ਜੀਵਨੀ ਭਾਰਤੀ ਸੱਤਾ ਨੂੰ ਪਰੇਸ਼ਾਨ ਕਰਦੀ ਹੈ।

ਇਹ ਜ਼ਿਕਰਯੋਗ ਹੈ ਕਿ ਸੱਤਾ 'ਚ ਕੋਈ ਵੀ ਪਾਰਟੀ ਹੋਵੇ, ਪੰਜਾਬ ਸੰਬੰਧੀ ਸੁਰੱਖਿਆ ਬਾਰੇ ਨੀਤੀਆਂ ਦੀ ਨਿਗਰਾਨੀ ਕੇਂਦਰੀ ਸੱਤਾ ਵੱਲੋਂ ਹੀ ਹੁੰਦੀ ਹੈ। ਪਾਕਿਸਤਾਨ ਦੀ ਦਖ਼ਲ ਦਾ ਹਵਾਲਾ ਵੀ ਸੂਬਾ ਅਤੇ ਕੇਂਦਰੀ ਏਜੰਸੀਆਂ ਵਾਰ-ਵਾਰ ਦਿੰਦੀਆਂ ਹਨ। ਪੰਜਾਬ 'ਚ 1980 'ਚ ਖ਼ੂਨ-ਖਰਾਬਾ ਸ਼ੁਰੂ ਹੋਇਆ ਅਤੇ ਸਭ ਤੋਂ ਵੱਡੀ ਕਾਰਵਾਈ ਉਸ ਵੇਲੇ ਦੇ ਮੁੱਖ ਮੰਤਰੀ ਬੇਅੰਤ ਸਿੰਘ ਦੀ ਮਨੁੱਖੀ ਬੰਬ ਦਿਲਾਵਰ ਸਿੰਘ ਵੱਲੋਂ ਹੱਤਿਆ ਦੇ ਰੂਪ 'ਚ ਹੋਈ। ਉਸ ਦੀ ਸਹਾਇਤਾ ਬਲਵੰਤ ਸਿੰਘ ਰਾਜੋਆਣਾ, ਜਗਤਾਰ ਸਿੰਘ ਹਵਾਰਾ ਅਤੇ ਕਈ ਹੋਰਾਂ ਨੇ ਕੀਤੀ ਸੀ। ਪੰਜਾਬ ਨੇ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗੱਠਜੋੜ ਦੇ ਤਿੰਨ ਪੂਰੇ ਕਾਰਜਕਾਲ ਵੇਖੇ ਹਨ। ਇਹ ਕਾਂਗਰਸ ਦੇ ਰਾਜ ਤੋਂ ਇਲਾਵਾ ਹੈ। ਇਸ ਸਮੇਂ, ਆਮ ਆਦਮੀ ਪਾਰਟੀ ਇਸ ਸੰਵੇਦਨਸ਼ੀਲ ਸੂਬੇ 'ਤੇ ਰਾਜ ਕਰ ਰਹੀ ਹੈ। ਬੇਅੰਤ ਸਿੰਘ ਦੀ ਹੱਤਿਆ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਅਤੇ ਸਮੂਹਿਕ ਦਮਨ ਦੇ ਵਿਰੋਧ 'ਚ ਕੀਤੀ ਗਈ ਸੀ। ਇਹ ਯਾਦ ਰੱਖਣਾ ਚਾਹੀਦਾ ਹੈ ਕਿ ਬੇਅੰਤ ਸਿੰਘ ਅਤੇ ਹਾਈ ਪ੍ਰੋਫਾਈਲ ਪੁਲਿਸ ਮੁਖੀ ਕੇਪੀਐਸ ਗਿੱਲ ਦੋਵੇਂ ਕੇਂਦਰ ਰਾਹੀਂ ਆਪਣੀਆਂ ਦਮਨਕਾਰੀ ਨੀਤੀਆਂ ਨੂੰ ਲਾਗੂ ਕਰਨ ਲਈ ਚੁਣੇ ਗਏ ਬਹੁਤ ਹੀ ਤਜਰਬੇਕਾਰ ਸਾਥਨ ਮੰਨੇ ਜਾਂਦੇ ਸਨ।

ਟੁੱਟੀ ਹੋਈ ਪੰਜਾਬ ਦੀ ਰਾਜਨੀਤੀ 'ਚ, ਜਿੱਥੇ ਇੱਕ ਧੜਾ ਬੇਅੰਤ ਸਿੰਘ ਅਤੇ ਗਿੱਲ ਦਾ ਨਾਂ ਪੁਲਿਸ ਦੇ ਬੇਰਹਿਮ ਚਿਹਰੇ ਨਾਲ ਜੋੜਦਾ ਹੈ, ਉੱਥੇ ਹੀ ਦੂਜਾ ਧੜਾ ਇਨ੍ਹਾਂ ਦੋਹਾਂ ਨੂੰ 'ਮੁਕਤੀਦਾਤਾ' ਦੱਸ ਕੇ ਇਨ੍ਹਾਂ ਦੀ ਸ਼ਲਾਘਾ ਕਰਦਾ ਹੈ।



ਹਾਲਾਂਕਿ, ਕੇਂਦਰ ਦੇ ਦਖ਼ਲ ਤੋਂ ਬਾਅਦ ਫਿਲਮ ਦੀ ਸਕ੍ਰੀਨਿੰਗ ਬੰਦ ਹੋਣ ਤੋਂ ਬਾਅਦ ਜੋ ਧੱਕਾ ਲੱਗਿਆ ਹੈ, ਉਸ ਨੂੰ ਦੇਖਦੇ ਹੋਏ ਇੰਝ ਲੱਗ ਰਿਹਾ ਹੈ ਕਿ ਪੰਜਾਬ ਹਾਲੇ ਵੀ 1995 'ਚ ਹੀ ਖੜ੍ਹਾ ਹੈ। ਇਸ ਗੱਲ ਦੀ ਦਿੱਲੀ ਦੇ ਲੋਕਾਂ ਨੂੰ ਵੀ ਚਿੰਤਾ ਕਰਨੀ ਚਾਹੀਦੀ ਹੈ।

ਇਸ ਬਿਰਤਾਂਤ ਦਾ ਇਕ ਬਹੁਤ ਹੀ ਸਕਾਰਾਤਮਕ ਪੱਖ ਵੀ ਹੈ। ਖਾਸਕਰ ਅੰਗਰੇਜ਼ੀ ਮੀਡੀਆ ਨੇ ਸਤਲੁਜ ਦੀ ਸਕ੍ਰੀਨਿੰਗ ਰੋਕਣ ਲਈ ਕੀਤੇ ਗਏ ਇਸ ਸਲੂਕ ਦਾ ਸਖ਼ਤ ਵਿਰੋਧ ਕੀਤਾ ਹੈ। ਕੇਂਦਰ ਨੂੰ ਬੇਸ਼ੱਕ ਪਿਛਲੇ ਕੁਕਰਮਾਂ ਤੋਂ ਡਰਨ ਦੀ ਲੋੜ ਨਹੀਂ ਪਰ ਭਵਿੱਖ ਬਾਰੇ ਚਿੰਤਾ ਜ਼ਰੂਰ ਕਰਨੀ ਚਾਹੀਦੀ ਹੈ। ਜਸਵੰਤ ਸਿੰਘ ਖਾਲੜਾ ਇਕ ਵਿਅਕਤੀ ਦੀ ਪਛਾਣ ਤੋਂ ਪਰੇ ਹੈ, ਜਿਸ ਨੇ ਸੂਬੇ ਦੀਆਂ ਵਧੀਕੀਆਂ ਦੇ ਇਤਿਹਾਸ ਦੇ ਸਭ ਤੋਂ ਕਾਲੇ ਵਰਕਿਆਂ 'ਚੋਂ ਇਕ ਦਾ ਪਰਦਾਫਾਸ਼ ਕੀਤਾ ਹੈ। ਉਸ ਦਾ ਨਾਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਵਿਰੁੱਧ ਸੱਚਾਈ ਅਤੇ ਜਵਾਬਦੇਹੀ ਤੈਅ ਕਰਨ ਲਈ ਉੱਭਰਿਆ ਹੈ। ਫਿਲਮ 'ਸਤਲੁਜ' ਨੇ ਖਾਲੜਾ ਦੇ ਜੀਵਨ ਅਤੇ ਕੁਰਬਾਨੀ ਨੂੰ ਵੱਡੀ ਗਿਣਤੀ 'ਚ ਦਰਸ਼ਕਾਂ ਤੱਕ ਪਹੁੰਚਾ ਕੇ ਇਸ ਵਿਰਾਸਤ ਨੂੰ ਹੋਰ ਮਜ਼ਬੂਤ ਕਰਨ ਦਾ ਕੰਮ ਕੀਤਾ ਹੈ। ਇਸ ਤੋਂ ਇਹ ਯਕੀਨ ਬੱਝ ਰਿਹਾ ਹੈ ਕਿ ਉਸ ਦਾ ਸੰਘਰਸ਼ ਅਗਲੀਆਂ ਪੀੜ੍ਹੀਆਂ ਤੱਕ ਵੀ ਗੂੰਜਦਾ ਰਹੇਗਾ।

ਕਈ ਸਾਲਾਂ ਤੋਂ, ਖਾਲੜਾ ਵੱਲੋਂ ਸ਼ੁਰੂ ਕੀਤਾ ਗਿਆ ਕੰਮ ਰੁਕ ਗਿਆ ਸੀ ਅਤੇ ਇਸ ਤੋਂ ਇਲਾਵਾ, ਸਰਕਾਰ ਨੇ ਵੀ ਰਿਕਾਰਡ ਬਾਰੇ ਸਾਵਧਾਨੀ ਵਰਤਣੀ ਸ਼ੁਰੂ ਕਰ ਦਿੱਤੀ ਸੀ। ਇਹ ਰਿਕਾਰਡ ਸ਼ਮਸ਼ਾਨਘਾਟਾਂ ਦੇ ਰਜਿਸਟਰ ਸਨ, ਜਿਨ੍ਹਾਂ 'ਚ ਇਨ੍ਹਾਂ ਲਾਸ਼ਾਂ ਨੂੰ ਲਾਵਾਰਿਸ ਦੱਸਿਆ ਜਾਂਦਾ ਸੀ ਪਰ ਪੁਲਿਸ ਨੇ ਸ਼ਾਇਦ ਖਾਲੜਾ ਦੇ ਮਾਮਲੇ 'ਚ ਸਾਵਧਾਨੀ ਵਰਤੀ ਕਿਉਂਕਿ ਉਸਦੀ ਲਾਸ਼ ਨੂੰ ਨਾ ਤਾਂ ਲਾਵਾਰਿਸ ਦੱਸਿਆ ਗਿਆ ਤੇ ਨਾ ਹੀ ਅਣਪਛਾਤੀ ਹੋਣ ਵਜੋਂ ਕਿਤੇ ਦਰਜ ਕੀਤਾ ਗਿਆ ਸੀ। ਕੇਸ ਦੇ ਅਨੁਸਾਰ, ਉਸਦੀ ਲਾਸ਼ ਨੂੰ ਸਤਲੁਜ ਅਤੇ ਬਿਆਸ ਦਰਿਆਵਾਂ ਦੇ ਸੰਗਮ, ਹਰੀਕੇ 'ਚ ਸੁੱਟ ਦਿੱਤਾ ਗਿਆ ਸੀ।

ਹੁਣ ਜਸਵੰਤ ਸਿੰਘ ਖਾਲੜਾ ਦਾ ਨਾਂ ਜ਼ਿੰਦਗੀ ਤੋਂ ਵੀ ਕਿਤੇ ਵੱਡਾ ਹੋ ਨਿਬੜਿਆ ਹੈ। ਖਾਲੜਾ ਸਿਰਫ਼ ਇਕ ਨਾਂ ਹੀ ਨਹੀਂ ਹੈ। ਖਾਲੜਾ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਵਿਰੁੱਧ ਹਿੰਮਤ, ਸੱਚਾਈ ਅਤੇ ਵਿਰੋਧ ਕਰਨ ਦੇ ਇਕ ਤਰੀਕੇ ਦਾ ਪ੍ਰਤੀਕ ਚਿੰਨ੍ਹ ਬਣ ਗਿਆ ਹੈ।

### ਰਾਣਾ ਬਲਾਚੌਰੀਆ ਹੱਤਿਆ ਕਾਂਡ

## ਰੇਕੀ ਕਰਨ ਵਾਲਾ ਇਕ ਹੋਰ ਮੁਲਜ਼ਮ ਕਾਬੂ, ਵਿਦੇਸ਼ ਬੈਠੇ ਗੈਂਗਸਟਰਾਂ ਨੂੰ ਭਾਰਤ ਲਿਆਉਣ ਦੀ ਕਾਰਵਾਈ ਅਜੇ ਜਾਰੀ

ਐੱਸ.ਏ.ਐੱਸ. ਨਗਰ : ਮੁਹਾਲੀ ਦੇ ਬਹੁ-ਚਰਚਿਤ ਰਾਣਾ ਬਲਾਚੌਰੀਆ ਹੱਤਿਆ ਕਾਂਡ ਵਿਚ ਪੰਜਾਬ ਪੁਲਿਸ ਨੂੰ ਇਕ ਹੋਰ ਅਹਿਮ ਸਫ਼ਲਤਾ ਮਿਲੀ ਹੈ। ਪੁਲਿਸ ਨੇ ਇਸ ਸਾਜ਼ਿਸ਼ ਵਿਚ ਰੇਕੀ ਕਰਨ ਵਾਲੇ ਮੁਲਜ਼ਮ ਜਸ਼ਨਦੀਪ ਸਿੰਘ ਉਰਫ਼ ਜਸ਼ਨ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਜਸ਼ਨਦੀਪ, ਪਹਿਲਾਂ ਗ੍ਰਿਫ਼ਤਾਰ ਹੋਏ ਗਗਨਦੀਪ ਸਿੰਘ ਦਾ ਭਰਾ ਹੈ, ਜਿਸ 'ਤੇ ਸ਼ੂਟਰਾਂ ਲਈ ਪ੍ਰਬੰਧ ਕਰਨ ਅਤੇ ਰੇਕੀ ਕਰਵਾਉਣ ਦੇ ਦੋਸ਼ ਹਨ। ਅਦਾਲਤੀ ਰਿਕਾਰਡ ਅਨੁਸਾਰ ਗਗਨਦੀਪ ਨੇ ਹੀ ਆਪਣੇ ਭਰਾ ਜਸ਼ਨਦੀਪ ਨੂੰ ਸੋਹਾਣਾ ਕਬੱਡੀ ਕੱਪ ਦੌਰਾਨ ਰੇਕੀ ਕਰਨ ਲਈ ਭੇਜਿਆ ਸੀ ਅਤੇ ਉਸ ਦੇ ਠਹਿਰਣ ਦਾ ਪ੍ਰਬੰਧ ਵੀ ਕਰਵਾਇਆ ਸੀ।



ਜਾਣਕਾਰੀ ਅਨੁਸਾਰ, 15 ਦਸੰਬਰ 2025 ਨੂੰ ਸੋਹਾਣਾ ਵਿਖੇ ਕਰਵਾਏ ਗਏ ਕਬੱਡੀ ਕੱਪ ਦੌਰਾਨ ਰਾਣਾ ਬਲਾਚੌਰੀਆ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ, ਜਦਕਿ ਜਗਪ੍ਰੀਤ ਸਿੰਘ ਇਸ ਹਮਲੇ ਵਿਚ ਜ਼ਖ਼ਮੀ ਹੋ ਗਿਆ ਸੀ। ਜਾਂਚ ਦੌਰਾਨ ਕਈ ਮੁਲਜ਼ਮਾਂ ਦੇ ਨਾਂਅ ਸਾਹਮਣੇ ਆਏ ਅਤੇ ਸਾਜ਼ਿਸ਼ ਦੇ ਵੱਖ-ਵੱਖ ਪੱਖਾਂ ਨੂੰ ਜੋੜਿਆ ਗਿਆ। ਇਸ ਮਾਮਲੇ ਵਿਚ ਮੁੱਖ ਸ਼ੂਟਰ ਕਰਨ ਪਾਠਕ ਨੂੰ ਗ੍ਰਿਫ਼ਤਾਰ ਕਰਨ ਤੋਂ ਬਾਅਦ ਖਰੜ ਨੇੜੇ ਪੁਲਿਸ ਮੁਕਾਬਲੇ ਦੌਰਾਨ ਉਸ ਦੀ ਮੌਤ ਹੋ ਗਈ ਸੀ। ਜਦਕਿ ਦੂਜੇ ਮੁੱਖ ਸ਼ੂਟਰ ਅਦਿੱਤਿਆ ਕਪੂਰ ਉਰਫ਼ ਮੱਖਣ ਨੂੰ ਮਈ 2026 ਵਿਚ ਅਗਰਤਲਾ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਜਾਂਚ ਨਾਲ ਜੁੜੇ ਸੂਤਰਾਂ ਮੁਤਾਬਕ ਇਸ ਹੱਤਿਆ ਦੀ ਸਾਜ਼ਿਸ਼ ਵਿਦੇਸ਼ ਵਿਚ ਬੈਠੇ ਏ-ਸ਼੍ਰੇਣੀ ਗੈਂਗਸਟਰਾਂ ਦੇ ਇਸ਼ਾਰੇ 'ਤੇ ਰਚੀ ਗਈ ਸੀ। ਥਾਣਾ ਸੋਹਾਣਾ ਦੀ ਪੁਲਿਸ ਵਲੋਂ ਜਾਂਚ ਪੂਰੀ ਹੋਣ ਉਪਰੰਤ ਇਸ ਮਾਮਲੇ ਵਿਚ 350 ਸਫਿਆਂ ਦੀ ਚਾਰਜਸ਼ੀਟ ਪੇਸ਼ ਕੀਤਾ ਸੀ ਅਤੇ ਆਦਿੱਤਿਆ ਕਪੂਰ ਦੀ ਗ੍ਰਿਫਤਾਰੀ ਉਪਰੰਤ ਸਪਲੀਮੈਂਟਰੀ ਚਲਾਨ ਵੀ ਪੇਸ਼ ਕੀਤਾ। ਪੁਲਿਸ ਸੂਤਰਾਂ ਅਨੁਸਾਰ ਕਿ ਵਿਦੇਸ਼ਾਂ ਵਿਚ ਬੈਠੇ ਗੈਂਗਸਟਰਾਂ ਨੂੰ ਭਾਰਤ ਲਿਆਉਣ ਲਈ ਕਾਨੂੰਨੀ ਪ੍ਰਕਿਰਿਆ ਜਾਰੀ ਹੈ ਅਤੇ ਮਾਮਲੇ ਦੀ ਜਾਂਚ ਹਾਲੇ ਵੀ ਅੱਗੇ ਵਧ ਰਹੀ ਹੈ।

# 'ਸਤਲੁਜ': ਇਕ ਜਨਤਕ ਬਹਿਸ

ਪੰਜਾਬ 'ਚ ਮਨੁੱਖੀ ਅਧਿਕਾਰਾਂ ਦੀਆਂ ਕਥਿਤ ਉਲੰਘਣਾਵਾਂ ਬਾਰੇ ਜਨਤਕ ਬਹਿਸ ਲਗਾਤਾਰ ਜਾਰੀ ਹੈ ਪਰ ਪੀੜਤ ਪਰਿਵਾਰਾਂ, ਮਨੁੱਖੀ ਅਧਿਕਾਰ ਕਾਰਕੁਨਾਂ ਅਤੇ ਨਾਗਰਿਕ ਸਮਾਜ ਵੱਲੋਂ ਉਠਾਏ ਗਏ ਬਹੁਤ ਸਾਰੇ ਸਵਾਲ ਅੱਜ ਵੀ ਜਵਾਬ ਰਹਿਤ ਹਨ। ਭਾਵੇਂ ਸਾਲਾਂ ਦੌਰਾਨ ਵੱਖ-ਵੱਖ ਮੰਚਾਂ 'ਤੇ ਸਬੂਤ ਅਤੇ ਗਵਾਹੀਆਂ ਪੇਸ਼ ਕੀਤੀਆਂ ਗਈਆਂ ਹਨ, ਫਿਰ ਵੀ ਤੱਥਾਂ ਨੂੰ ਲੈ ਕੇ ਅਸਹਿਮਤੀ ਬਣੀ ਹੋਈ ਹੈ ਤੇ ਜਵਾਬਦੇਹੀ ਅਜੇ ਵੀ ਜਨਤਕ ਚਿੰਤਾ ਦਾ ਵਿਸ਼ਾ ਹੈ। ਫਿਲਮ 'ਸਤਲੁਜ' 'ਤੇ ਕਥਿਤ ਪਾਬੰਦੀਆਂ ਦੀਆਂ ਖ਼ਬਰਾਂ ਤੋਂ ਬਾਅਦ ਇਸ ਚਰਚਾ ਨੇ ਇਕ ਵਾਰ ਫਿਰ ਗਤੀ ਫੜੀ ਹੈ। ਇਸ ਵਿਵਾਦ ਨੇ ਮਨੁੱਖੀ ਅਧਿਕਾਰਾਂ ਦੇ ਕਾਰਕੁਨ ਜਸਵੰਤ ਸਿੰਘ ਖਾਲੜਾ ਦੇ ਮਾਮਲੇ ਵੱਲ ਲੋਕਾਂ ਦਾ ਧਿਆਨ ਮੁੜ ਕੇਂਦਰਿਤ ਕੀਤਾ ਹੈ। ਇਸ ਫਿਲਮ ਨਾਲ ਜੁੜੇ ਵਿਵਾਦ ਨੇ ਬਹਿਸ ਨੂੰ ਖ਼ਤਮ ਕਰਨ ਦੀ ਬਜਾਏ ਲੋਕਾਂ ਨੂੰ ਇਸ 'ਚ ਦਰਸਾਈਆਂ ਇਤਿਹਾਸਕ ਘਟਨਾਵਾਂ ਨੂੰ ਮੁੜ ਵਿਚਾਰਨ ਅਤੇ ਇਹ ਸਵਾਲ ਪੁੱਛਣ ਲਈ ਪ੍ਰੇਰਿਤ ਕੀਤਾ ਹੈ ਕਿ ਕਥਿਤ ਜ਼ਬਰਦਸਤੀ ਗਾਇਬ ਕੀਤੇ ਜਾਣ ਦੇ ਮਾਮਲਿਆਂ ਅਤੇ ਇਸ ਨਾਲ ਸੰਬੰਧਿਤ ਜ਼ਿੰਮੇਵਾਰੀਆਂ ਬਾਰੇ ਅਜੇ ਤੱਕ ਇੰਨੇ ਸਾਰੇ ਸਵਾਲ ਅਣਸੁਲਝੇ ਕਿਉਂ ਹਨ। ਇਸ ਮੁੱਦੇ ਨੂੰ ਨਾ ਤਾਂ ਧਾਰਮਿਕ ਪਛਾਣ ਦੇ ਨਜ਼ਰੀਏ ਨਾਲ ਅਤੇ ਨਾ ਹੀ ਰਾਜਨੀਤਿਕ ਸਬੰਧਾਂ ਦੇ ਆਧਾਰ 'ਤੇ ਦੇਖਿਆ ਜਾਣਾ ਚਾਹੀਦਾ ਹੈ। ਇਹ ਮੂਲ ਰੂਪ 'ਚ ਮਨੁੱਖੀ ਅਧਿਕਾਰਾਂ, ਕਾਨੂੰਨ ਦੇ ਰਾਜ ਅਤੇ ਇਨਸਾਫ਼ ਦਾ ਸਵਾਲ ਹੈ। ਭਾਵੇਂ ਪੀੜਤ ਸਿੱਖ ਹੋਣ, ਹਿੰਦੂ ਹੋਣ ਜਾਂ ਕਿਸੇ ਹੋਰ ਭਾਈਚਾਰੇ ਨਾਲ ਸੰਬੰਧਿਤ ਹੋਣ, ਸਰਕਾਰੀ ਅਧਿਕਾਰੀਆਂ ਵੱਲੋਂ ਕਥਿਤ ਗ਼ੈਰ-ਕਾਨੂੰਨੀ ਕਾਰਵਾਈਆਂ ਦੇ ਦੋਸ਼ਾਂ ਦੀ ਨਿਰਪੱਖ ਜਾਂਚ ਅਤੇ ਪਾਰਦਰਸ਼ੀ ਕਾਨੂੰਨੀ ਪ੍ਰਕਿਰਿਆ ਹੋਣੀ ਲਾਜ਼ਮੀ ਹੈ। ਇਕ ਲੋਕਤੰਤਰੀ ਸਮਾਜ ਉਸ ਵੇਲੇ ਹੋਰ ਮਜ਼ਬੂਤ ਹੁੰਦਾ ਹੈ, ਜਦੋਂ ਉਹ ਆਪਣੇ ਇਤਿਹਾਸ ਦੇ ਔਖੇ ਵਰਕਿਆਂ ਦਾ ਖੁੱਲ੍ਹੇ ਤੌਰ 'ਤੇ ਅਧਿਐਨ ਅਤੇ ਵਿਚਾਰ ਕਰਦਾ ਹੈ, ਨਾ ਕਿ ਉਨ੍ਹਾਂ ਤੋਂ ਮੂੰਹ ਮੋੜਦਾ ਹੈ। ਚਰਚਾ ਨੂੰ ਸੀਮਿਤ ਕਰਨਾ ਜਾਂ ਕਲਾਤਮਕ ਪ੍ਰਗਟਾਵੇ 'ਤੇ ਰੋਕ ਲਗਾਉਣਾ ਇਹ ਚਿੰਤਾ ਪੈਦਾ ਕਰ ਸਕਦਾ ਹੈ ਕਿ ਮਹੱਤਵਪੂਰਨ ਮੁੱਦਿਆਂ ਨੂੰ ਤੱਥਾਂ, ਸਬੂਤਾਂ ਅਤੇ ਕਾਨੂੰਨੀ ਪ੍ਰਕਿਰਿਆ ਰਾਹੀਂ ਹੱਲ ਕਰਨ ਦੀ ਬਜਾਏ ਉਨ੍ਹਾਂ ਨੂੰ ਪਾਸੇ ਧੱਕਿਆ ਜਾ ਰਿਹਾ ਹੈ।




ਲੋਕਤੰਤਰੀ ਸੰਸਥਾਵਾਂ 'ਤੇ ਜਨਤਾ ਦਾ ਭਰੋਸਾ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਉਹ ਜਿੱਥੇ ਵੀ ਗ਼ਲਤ ਕੰਮ ਸਾਬਤ ਹੋਣ, ਉੱਥੇ ਜਵਾਬਦੇਹੀ ਯਕੀਨੀ ਬਣਾਉਣ ਅਤੇ ਇਨਸਾਫ਼ ਪ੍ਰਦਾਨ ਕਰਨ ਲਈ ਕਿੰਨੀ ਵਚਨਬੱਧ ਹਨ। ਭਾਰਤ ਨੇ ਆਪਣੇ ਸੰਵਿਧਾਨ ਅਤੇ ਕਾਨੂੰਨੀ ਢਾਂਚੇ ਰਾਹੀਂ ਵੱਖ-ਵੱਖ ਅਧਿਕਾਰਾਂ ਦੀ ਰੱਖਿਆ ਪ੍ਰਤੀ ਮਜ਼ਬੂਤ ਵਚਨਬੱਧਤਾ ਦਾ ਪ੍ਰਦਰਸ਼ਨ ਕੀਤਾ ਹੈ। ਇਹੀ ਵਚਨਬੱਧਤਾ ਮਨੁੱਖੀ ਅਧਿਕਾਰਾਂ ਦੀ ਸੁਰੱਖਿਆ ਲਈ ਵੀ ਬਰਾਬਰ ਤੌਰ 'ਤੇ ਲਾਗੂ ਹੋਣੀ ਚਾਹੀਦੀ ਹੈ। ਸਰਕਾਰੀ ਕਰਮਚਾਰੀਆਂ ਵੱਲੋਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਕਥਿਤ ਮਾਮਲਿਆਂ ਦੀ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ।

-ਡਾ.ਗੁਰਪ੍ਰੀਤ ਕੌਰ, ਪਟਿਆਲਾ

# ਟਾਹਲੀ ਨਹੀਂ 'ਟਾਹਲੀ ਸਾਹਿਬ' ਕਹੁ !

ਸਵੇਰ ਦਾ ਸਮਾਂ ਪਿੰਡ ਬਿਲਗੇ ਦੇ ਬੱਸ ਅੱਡੇ 'ਤੋਂ ਜਲੰਧਰ ਜਾਣ ਵਾਲੀ ਪਹਿਲੀ ਬੱਸ ਤਿਆਰ ਖੜ੍ਹੀ ਹੈ। ਪੰਜ ਸੱਤ ਕੁ ਸਵਾਰੀਆਂ ਬੱਸ ਵਿੱਚ ਬੈਠੀਆਂ ਹਨ। ਇੰਜਣ ਸਟਾਰਟ ਕਰਕੇ ਸੀਟ 'ਤੇ ਬੈਠਾ ਡਰਾਈਵਰ ਅੱਡੇ ਵੱਲ ਆਉਂਦੇ ਰਾਹਾਂ ਵੱਲ ਤੱਕ ਰਿਹਾ ਹੈ। ਹੱਥਾਂ ਵਿੱਚ ਨੋਟ-ਬੁੱਕਾਂ ਜਾਂ ਇੱਕ-ਅੱਧ ਕਿਤਾਬ ਫੜੀ ਕੁੱਝ ਪਾੜ੍ਹੇ ਮੁੰਡੇ ਕੁੜੀਆਂ ਬੱਸ ਵਿੱਚ ਹੋਰ ਆਣ ਚੜ੍ਹੇ। ਡਰਾਈਵਰ ਚਮਕੀਲੇ ਦੀ ਕੈਸਿਟ ਲਾ ਦਿੰਦਾ ਹੈ। ਵੱਜ ਰਹੇ ਲੱਚਰ ਜਿਹੇ ਬੋਲ ਸੁਣਕੇ ਪੇਂਡੂ ਕੁੜੀਆਂ ਕੁੱਝ ਅੱਚਵੀ ਜਿਹੀ ਮਹਿਸੂਸ ਕਰਦੀਆਂ ਹਨ।

"ਪਤੰਦਰ ਵੇਲਾ-ਕੁਵੇਲਾ ਵੀ ਨਹੀਂ ਦੇਖਦੇ! ਇੱਕ ਬਜ਼ੁਰਗ ਨੇ ਬਾਰੀ 'ਚੋਂ ਬਾਹਰ ਵੱਲ ਮੂੰਹ ਕੱਢਕੇ ਬੁੜ ਬੁੜ ਕੀਤੀ। ਮੋਹਰਲੀ ਬਾਰੀ ਕੋਲ ਖੜ੍ਹ ਕੇ ਕੰਡਕਟਰ ਨੇ 'ਜਲੰਧਰ-ਜਲੰਧਰ' ਦਾ ਹੋਕਰਾ ਲਾਇਆ। ਏਨੇ ਨੂੰ ਕਾਲੀ ਦਸਤਾਰ ਵਾਲਾ ਸੋਹਣਾ ਸੁਨੱਖਾ ਇੱਕ ਗਭਰੂ ਮੁੰਡਾ ਭੱਜ ਕੇ ਪਿਛਲੀ ਬਾਰੀ ਥਾਣੀ ਬੱਸ ਵਿੱਚ ਆਣ ਚੜਿਆ। ਉਸਦੇ ਸੀਟ 'ਤੇ ਬਹਿੰਦਿਆਂ ਹੀ ਡਰਾਈਵਰ ਨੇ ਚਮਕੀਲਾ ਬੰਦ ਕਰ ਦਿੱਤਾ ਅਤੇ ਸ਼ਬਦਾਂ ਦੀ ਕੈਸਿਟ ਚਲਾ ਦਿੱਤੀ। ਅਗਲੀਆਂ ਸੀਟਾਂ 'ਤੇ ਬੈਠੀਆਂ ਕਈ ਕੁੜੀਆਂ ਨੇ ਮੂੰਹ ਭੁੰਵਾ ਕੇ ਕਾਲੀ ਪੱਗ ਵਾਲੇ ਉਸ ਮੁੰਡੇ ਨੂੰ 'ਭਾਅ ਜੀ ਸਤਿ ਸ੍ਰੀ ਅਕਾਲ' ਬੁਲਾਈ। ਉਹ ਥੋੜ੍ਹਾ ਜਿਹਾ ਮੁਸਕਾਈਆਂ ਵੀ ਜਿਵੇਂ ਕਹਿਣਾ ਚਾਹੁੰਦੀਆਂ ਹੋਣ ਕਿ ਸ਼ੁਕਰ ਐ ਵੀਰਿਆ ਤੂੰ ਆਇਆਂ ਤਾਂ ਚਮਕੀਲਾ ਬੰਦ ਹੋਇਆ!

ਇਸ ਛੈਲ ਛਬੀਲੇ ਗਭਰੂ ਦਾ ਨਾਮ ਤਾਂ ਹੈ ਮਨਜੀਤ ਸਿੰਘ ਪਰ ਘਰ ਦੇ ਅਤੇ ਪਿੰਡ ਵਾਲੇ ਇਸ ਨੂੰ ਪਿਆਰ ਨਾਲ 'ਮੰਨਾਂ' ਹੀ ਕਹਿੰਦੇ ਹਨ। ਸਾਬਤਿ-ਸੂਰਤ ਅਤੇ ਗੁੱਟ ਉੱਤੇ ਸਿਮਰਨਾਂ ਪਾਇਆ ਹੋਣ ਕਰਕੇ ਲਾਇਲ ਪੁਰ ਖਾਲਸਾ ਕਾਲਜ ਜਲੰਧਰ ਦੇ ਇਹਦੇ ਹਮਜਮਾਤੀ ਤੇ ਹੋਰ ਜਾਣੂ ਮੁੰਡੇ ਇਹਨੂੰ 'ਮੰਨਾਂ ਬਾਬਾ' ਹੀ ਆਖਦੇ ਹਨ। ਪਟਵਾਰੀ ਬਾਪ ਦੇ ਬਾਕੀ ਦੇ ਚਾਰ ਨਿਆਣਿਆਂ 'ਚੋਂ ਕੋਈ ਮੈਟਰਿਕ ਵੀ ਨਹੀਂ ਕਰ ਸਕਿਆ ਪਰ ਇਹ ਕਾਲਜ ਵਿੱਚ ਬੀ.ਏ ਕਰ ਰਿਹਾ ਐ। ਪੰਜਾਂ ਭੈਣ ਭਰਾਵਾਂ ਵਿੱਚੋਂ ਸਭ ਤੋਂ ਵੱਧ ਸੁਨੱਖੇ ਨੈਣ-ਨਕਸ਼ਾਂ ਵਾਲਾ ਤੇ ਡੀਲ ਡੌਲ ਵਾਲਾ ਹੋਣ ਸਦਕਾ ਪਟਵਾਰੀ ਬਾਪ ਇਸਨੂੰ ਰੀਝ ਨਾਲ ਪੜ੍ਹਾ ਰਿਹਾ ਏ। ਬਿਲਗੇ ਵਿੱਚ ਸਥਿਤ ਪੰਜਵੇਂ ਪਾਤਸ਼ਾਹ ਜੀ ਦੀ ਮੁਬਾਰਕ ਚਰਨ ਛੋਹ ਪ੍ਰਾਪਤ ਗੁਰਦੁਆਰਾ ਸਾਹਿਬ ਤੋਂ ਮੰਨੇਂ ਨੇ ਸਕੂਲ ਪੜ੍ਹਦਿਆਂ ਹੀ ਅੰਮ੍ਰਿਤ ਪਾਨ ਕਰ ਲਿਆ ਸੀ। ਪੜ੍ਹਾਈ ਦੇ ਨਾਲ ਨਾਲ ਇਹ ਅਕਸਰ ਗੁਰਦੁਆਰੇ ਵਿਖੇ ਸੇਵਾ ਵੀ ਕਰਨ ਜਾਂਦਾ।

ਇਹ ਸਾਰੀ ਵਾਰਤਾ ਸਾਕਾ ਜੂਨ ਚੁਰਾਸੀ ਤੋਂ ਬਾਅਦ ਦੇ ਉਨ੍ਹਾਂ ਵਰ੍ਹਿਆਂ ਦੀ ਹੈ ਜਦੋਂ ਪੰਜਾਬ 'ਚ ਹਾਲਾਤ ਇਹੋ ਜਿਹੇ ਸਨ-

'ਦੇਖੋ ਤੋ ਹਰ ਇਕ ਮੋੜ ਪੇ ਮਿਲ ਜਾਏਂ ਗੀ ਲਾਸ਼ੇਂ
ਢੂੰਡੋ ਗੇ ਤੋ ਇਸ ਸ਼ਹਰ ਮੇਂ ਕਾਤਿਲ ਨਾ ਮਿਲੇ ਗਾ।'-ਮਲਿਕ ਜ਼ਾਦਾ ਮੰਜ਼ੂਰ

ਸਮਾਂ ਆਪਣੀ ਤੋਰੇ ਤੁਰਦਾ ਜਾ ਰਿਹਾ ਸੀ। ਕਾਲਜ ਦਾਖਲ ਹੋਣ ਤੋਂ ਬਾਅਦ ਰੱਬ ਜਾਣੇ ਕੀ ਭਾਣਾ ਵਾਪਰਿਆ ਕਿ ਮੰਨਾਂ ਪੁਲਿਸ ਦੀਆਂ ਅੱਖਾਂ 'ਚ ਰੜਕਣ ਲੱਗ ਪਿਆ। ਕਦੇ ਉਸਨੂੰ ਲਾਗੇ ਪਿੰਡ ਦੀ ਪੁਲੀਸ ਚੌਕੀ ਵਾਲੇ ਸੱਦ ਲੈਂਦੇ ਅਤੇ ਕਦੇ ਫਿਲੌਰ ਥਾਣੇ ਵਾਲੇ ਲੈ ਜਾਂਦੇ। ਕਦੇ ਉਹਦੇ ਘਰੇ ਖਬਰ ਪਹੁੰਚਦੀ ਕਿ ਤੁਹਾਡਾ ਮੰਨਾਂ ਕਾਲਜੋਂ ਨਿਕਲਦਾ ਹੀ ਪੁਲੀਸ ਨੇ ਚੁੱਕ ਲਿਆ!

ਪਿੰਡ ਤੇ ਇਲਾਕੇ ਵਿੱਚ ਪਟਵਾਰੀ ਦਾ ਮਾਣ ਸਤਿਕਾਰ ਬਣਿਆਂ ਹੋਣ ਕਰਕੇ ਅਤੇ ਮੰਨੇਂ ਦੀ ਸ਼ਰੀਫੀ ਸਦਕਾ ਸਰਕਰਦਾ ਸੱਜਣ ਪੰਚਾਇਤ ਬਣਕੇ ਜਾਂਦੇ ਤੇ ਮੰਨੇਂ ਨੂੰ ਘਰੇ ਲੈ ਆਉਂਦੇ।

ਘਰ ਦੇ ਜਦੋਂ ਜ਼ੋਰ ਪਾ ਕੇ ਮੰਨੇਂ ਨੂੰ ਪੁੱਛਦੇ ਕਿ ਪੁਲੀਸ ਤੇਰੀ ਵੈਰੀ ਕਿਉਂ ਬਣੀ ਹੋਈ ਹੈ? ਤਾਂ ਉਸਦਾ ਇਹੀ ਜਵਾਬ ਹੁੰਦਾ-

"ਭੈਡੀ ਜੀ ਮੈਂ ਤਾਂ ਤੁਹਾਡੇ ਸਾਹਮਣੇ ਰੋਜ਼ਾਨਾਂ ਘਰੋਂ ਕਾਲਜ ਜਾਂਦਾ ਹਾਂ ਤੇ ਸਮੇਂ ਸਿਰ ਸਿੱਧਾ ਘਰੇ ਆਉਨਾਂ.. ਪੁਲਸੀਆਂ ਨੂੰ ਪਤਾ ਨੀ ਮੇਰੇ 'ਤੇ ਕਾਹਦੀ ਸ਼ੱਕ ਪਈ ਹੋਈ ਐ !

ਰੋਜ਼ਾਨਾਂ ਮਾਰੋ-ਮਾਰੀ ਦੇ ਮਾਹੌਲ ਤੋਂ ਤ੍ਰਹਿੰਦਿਆਂ ਮੰਨੇਂ ਦੇ ਮਾਪਿਆਂ ਨੇ ਉਸਦਾ ਕਾਲਜ ਜਾਣਾ ਬੰਦ ਕਰ ਦਿੱਤਾ। ਪਰ ਪੁਲੀਸ ਨੇ ਉਹਦਾ ਖਹਿੜਾ ਫਿਰ ਵੀ ਨਾ ਛੱਡਿਆ। ਇੱਕ ਦਿਨ ਸੁਭਾ ਸਵੇਰੇ ਸੁਵਖਤੇ ਹੀ ਜਦੋਂ ਘਰ ਵਿੱਚ ਸਾਰੇ ਜਣੇ ਚਾਹ ਪੀ ਰਹੇ ਸਨ ਤਾਂ ਪੰਜਾਬ ਪੁਲੀਸ ਅਤੇ ਸੀ.ਆਰ.ਪੀ ਦੇ ਸਿਪਾਹੀ ਪਟਵਾਰੀ ਦੇ ਘਰ ਦੀ ਚਾਰਦੀਵਾਰੀ ਟੱਪ ਕੇ ਦਗੜ ਦਗੜ ਕਰਦੇ ਵਿਹੜੇ 'ਚ ਆ ਵੜੇ। ਜਿਵੇਂ ਕਿਤੇ ਉਨ੍ਹਾਂ ਨੂੰ ਪੱਕੀ ਸੂਹ ਹੋਵੇ, ਉਹ ਸਿੱਧੇ ਮੰਨੇਂ ਵਾਲੇ ਕਮਰੇ ਵਿੱਚ ਜਾ ਘੁਸੇ। ਸ਼ਿਕਾਰ ਫੜਨ ਵਾਂਗ ਉਹ ਮੰਨੇਂ ਨੂੰ ਵਿਹੜੇ 'ਚ ਨੂੰ ਧੂਅ ਲਿਆਏ। ਬਾਕੀ ਸਾਰੇ ਟੱਬਰ ਨੂੰ ਦੂਸਰੇ ਦੂਜੇ ਕਮਰੇ ਵਿੱਚ ਤੁਬੜ ਕੇ ਬਾਹਰੋਂ ਕੁੰਡਾ ਲਾ ਦਿੱਤਾ।

ਇੱਟਾਂ ਦੇ ਫਰਸ਼ ਵਾਲੇ ਵਿਹੜੇ ਵਿੱਚ ਮੰਨੇਂ ਨੂੰ ਲੰਮਾਂ ਪਾ ਕੇ ਪੁਲਸੀਏ ਬੁੱਚੜਾਂ ਵਾਂਗ ਉਹਦੀ ਮਾਰ ਕੁਟਾਈ ਕਰਨ ਲੱਗੇ। ਪਟਵਾਰੀ, ਮੰਨੇਂ ਦੀ ਮਾਂ ਅਤੇ ਭੈਣ-ਭਰਾਵਾਂ ਨੇ ਬਥੇਰੀ ਹਾਲ ਪਾਹਰਿਆ ਕੀਤੀ ਕਿ ਸਾਡੇ ਮੁੰਡੇ ਦਾ ਕਸੂਰ ਤਾਂ ਦੱਸੋ? ਲਗਾਤਾਰ ਡੰਡੇ ਲਾਠੀਆਂ ਦੀ ਮਾਰ ਸਹਿੰਦਾ ਵਿਚਾਰਾ ਮੰਨਾਂ ਜਦ ਸੱਪ ਵਾਂਗ ਵਲ ਖਾਂਦਾ ਅਰ੍ਹਾਟ ਪਾਉਂਦਾ ਤਾਂ ਕਸਾਈ ਸਿਪਾਹੀ ਉਸਦੇ ਥਾਂ-ਕੁਥਾਂ ਠੁੱਡੇ ਮਾਰਦੇ!

ਇਹ ਅਤਿ ਦਾ ਹੌਲਨਾਕ ਦ੍ਰਿਸ਼ ਦੇਖ ਕੇ ਮੰਨੇਂ ਦੇ ਪ੍ਰਵਾਰ ਜਨ ਕਮਰੇ ਦੀਆਂ ਤਾਕੀਆਂ 'ਚੋਂ ਬਾਹਾਂ ਕੱਢ ਕੱਢ ਪੁਲਸੀਆਂ ਦੇ ਤਰਲੇ ਹਾੜ੍ਹੇ ਕੱਢਦੇ ਰਹੇ। ਆਪਣੇ ਜਵਾਨ ਪੁੱਤ ਉੱਪਰ ਇਹ ਅਸਹਿ ਜ਼ੁਲਮ ਹੁੰਦਾ ਦੇਖ ਕੇ ਪਟਵਾਰੀ ਨੇ ਕੁਰਲਾਉਂਦਿਆਂ ਤਾਕੀ 'ਚੋਂ ਹੱਥ ਜੋੜੇ ਕਿ ਰੱਬ ਦਾ ਵਾਸਤਾ ਇਹਨੂੰ ਸਾਡੀਆਂ ਅੱਖਾਂ ਤੋਂ ਪਰੇ ਲੈ ਜਾਉ..ਸਾਥੋਂ ਪੁੱਤ ਹਲਾਲ ਹੁੰਦਾ ਨਹੀਂ ਦੇਖਿਆ ਜਾਂਦਾ.! ਜਲਾਦਾਂ ਨੇ ਮੁੰਡੇ ਨੂੰ ਘੜੀਸ ਕੇ ਘਰੋਂ ਬਾਹਰ ਲੈ ਆਂਦਾ ਤੇ ਗੱਡੀ 'ਚ ਸੁੱਟ ਕੇ ਪਿੰਡੋਂ ਬਾਹਰ ਹੋ ਗਏ।

ਦਹਿਸ਼ਤਜ਼ਦਾ ਹੋਏ ਆਂਢੀਆਂ ਗੁਆਂਢੀਆਂ ਨੇ ਪੁਲਸੀਆਂ ਦੀ ਧਾੜ ਚਲੇ ਜਾਣ ਤੋਂ ਅੱਧਾ ਪੌਣਾ ਘੰਟਾ ਬਾਅਦ ਪਟਵਾਰੀ ਅਤੇ ਹੋਰ ਜੀਆਂ ਨੂੰ ਕਮਰੇ ਦਾ ਕੁੰਡਾ ਖੋਹਲ ਕੇ ਬਾਹਰ ਕੱਢਿਆ।

ਵਖਤਾਂ ਮਾਰੇ ਪਟਵਾਰੀ ਨੇ ਪਿੰਡ ਦੇ ਚੋਣਵੇਂ ਬੰਦਿਆਂ ਨੂੰ ਨਾਲ ਲੈ ਕੇ ਮੰਨੇਂ ਨੂੰ ਚੁੱਕ ਲਿਜਾਣ ਵਾਲੀ ਪੁਲੀਸ ਦਾ ਪਿੱਛਾ ਕੀਤਾ। ਇਨ੍ਹਾਂ ਦੇ ਨਾਲ ਇਕ ਸਾਬਕਾ ਪੁਲੀਸ ਮੁਲਾਜ਼ਮ ਹੋਣ ਕਰਕੇ ਮੁੰਡੇ ਦੀ ਸੂਹ ਤਾਂ ਅੱਗੇ ਤੋਂ ਅੱਗੇ ਮਿਲਦੀ ਰਹੀ ਪਰ ਸਾਰੇ ਥਾਣੇ ਚੌਂਕੀਆਂ ਵਾਲੇ ਪੱਕਾ ਦੱਸਣ ਦੀ ਬਜਾਏ ਟਾਲਾ-ਵਾਲਾ ਵੱਟਦੇ ਰਹੇ। ਨੂਰਮਹਿਲ ਵਾਲੇ ਇਨ੍ਹਾਂ ਨੂੰ ਭੇਜ ਦੇਣ ਸ਼ਾਹਕੋਟ ਨੂੰ ਤੇ ਉਹ ਆਖ ਦੇਣ ਕਿ ਤੁਹਾਡਾ ਮੁੰਡਾ ਨਕੋਦਰ ਹੈ। ਨਕੋਦਰ ਵਾਲਿਆਂ ਇਨ੍ਹਾਂ ਨੂੰ ਫਿਲੌਰ ਥਾਣੇ ਭੇਜ ਦਿੱਤਾ। ਸਾਰਾ ਦਿਨ ਘੁੰਮਦੇ ਘੁਮਾਉਂਦੇ ਦੇਰ ਰਾਤ ਇਹ ਭੁੱਖਣ ਭਾਣੇ ਫਿਲੌਰ ਪਹੁੰਚੇ ਪਰ ਮੁੰਡਾ ਉੱਥੇ ਵੀ ਨਹੀਂ ਸੀ। ਥੱਕ ਹਾਰ ਕੇ ਇਨ੍ਹਾਂ ਨੇ ਦੂਜੇ ਦਿਨ ਭਾਲ ਕਰਨ ਦੀ ਸਲਾਹ ਬਣਾਈ।

ਦੂਜੇ ਦਿਨ ਫਿਰ ਉਹੀ ਕਹਾਣੀ. ਚੱਲ ਗੁਰਾਇਆਂ ਚੱਲ ਫਗਵਾੜੇ। ਸਾਬਕਾ ਪੁਲਸੀਏ ਨੇ ਕਿਸੇ ਜਾਣੂ ਮੁਨਸ਼ੀ ਨਾਲ ਗੰਢ-ਤੁੱਪ ਕਰਕੇ ਪਤਾ ਕੀਤਾ ਕਿ ਮੰਨਾਂ ਨਵਾਂਸ਼ਹਿਰ ਥਾਣੇ ਹੈ। ਨਵਾਂਸ਼ਹਿਰ ਪਹੁੰਚਦਿਆਂ ਇਨ੍ਹਾਂ ਨੂੰ ਸ਼ਾਮ ਪੈ ਗਈ। ਇੱਥੇ ਵੱਡੇ ਅਫਸਰ ਦੀ ਜੇਬ ਉੱਤੇ 'ਓਂਕਾਰ ਸਿੰਘ' ਨਾਮ ਵਾਲੀ ਪੱਟੀ ਦੇਖ ਕੇ, ਉਹਨੂੰ 'ਸਿੱਖ ਭਰਾ' ਜਾਣਦਿਆਂ ਪਟਵਾਰੀ ਨੇ ਲੇਲੜੀਆਂ ਕੱਢੀਆਂ, ਤਰਲੇ ਮਾਰੇ ਕਿ ਸਾਨੂੰ ਮੰਨਾਂ ਮਿਲਾ ਦਿਉ। ਨਾਲ ਦੇ ਬੰਦੇ ਵੀ ਮੰਨੇਂ ਦੇ ਸਾਊ-ਸ਼ਰੀਫ ਧਰਮੀਂ ਹੋਣ ਬਾਰੇ ਦੱਸ ਕੇ ਉਸ ਅਫਸਰ ਨੂੰ ਪਸੀਜਣਾ ਕਰਨ ਲੱਗੇ। ਕੁੱਝ ਚਿਰ ਇਨ੍ਹਾਂ ਵੱਲ ਅੱਖਾਂ ਫਾੜ ਫਾੜ ਕੇ ਦੇਖਣ ਮਗਰੋਂ ਓਂਕਾਰ ਸਿੰਘ ਨੇ ਇੱਕ ਹੌਲਦਾਰ ਨੂੰ 'ਵਾਜ ਮਾਰ ਕੇ ਕਿਹਾ ਕਿ ਜਾਹ ਬਈ ਇਨ੍ਹਾਂ ਨੂੰ ਮੰਨਾਂ ਦਿਖਾ ਲਿਆ।



ਤਰਲੋਚਨ ਸਿੰਘ 'ਦੁਪਾਲ ਪੁਰ'
001-408-905-5517
tsdupalpuri@yahoo.com

ਇਸ ਅਫਸਰ ਦਾ 'ਕੋਟਾਨਿ ਕੋਟ ਧੰਨਵਾਦ' ਕਰਕੇ ਇਹ ਸਾਰੇ ਜਣੇ ਹੌਲਦਾਰ ਦੇ ਨਾਲ ਚੱਲ ਪਏ।

ਪਟਵਾਰੀ ਗੱਡੀ 'ਚ ਬੈਠਾ ਸੋਚ ਰਿਹਾ ਸੀ ਕਿ ਹੁਣ ਮੁੰਡੇ ਨੂੰ ਅੱਜ ਹੀ ਕਿਤੇ ਦੂਰ ਦਰਾਜ ਛੱਡ ਆਵਾਂਗੇ, ਘਰੇ ਬਿਲਗੇ ਨਹੀਂ ਜਾਣਾ। ਨਵਾਂਸ਼ਹਿਰ ਥਾਣੇ ਤੋਂ ਗੱਡੀ ਬੰਗਾ ਰੋਡ ਵੱਲ ਚਲੇ ਗਈ। ਸਾਰਿਆਂ ਦੇ ਚਿਹਰੇ ਆਸ਼ਾਵਾਦੀ ਹੋ ਗਏ ਸਨ! ਅੱਗੇ ਜਾ ਕੇ ਪੁਰਾਣੀਆਂ ਜਿਹੀਆਂ ਦੁਕਾਨਾਂ ਕੋਲ ਗੱਡੀ ਰੁਕੀ ਤੇ ਹੌਲਦਾਰ ਨੇ ਇਕ ਚਾਰਦੀਵਾਰੀ ਵੱਲ ਹੱਥ ਕਰਕੇ ਕਿਹਾ-

"ਔਹ ਆ ਜੀ ਤੁਹਾਡਾ ਮੁੰਡਾ ਮਿਲ ਲਉ!

ਹੌਲਦਾਰ ਨੇ ਜਿੱਧਰ ਇਸ਼ਾਰਾ ਕੀਤਾ ਸੀ ਓਧਰ ਕੋਈ ਬੰਦਾ-ਪਰਿੰਦਾ ਨਹੀਂ ਸਗੋਂ ਸ਼ਮਸਾਨ ਘਾਟ ਦੇ ਥੜ੍ਹੇ ਉੱਤੇ ਸਿਵਾ ਬਲ ਰਿਹਾ ਸੀ.!

ਦੂਜੇ ਦਿਨ ਅਖਬਾਰਾਂ ਵਿੱਚ ਏਦਾਂ ਦੀ ਇਬਾਰਤ ਵਾਲੀ ਖਬਰ ਛਪੀ-

'ਬੀਤੇ ਦਿਨ ਬਿਸਤ ਦੁਆਬ ਨਹਿਰ ਦੇ ਸੋਇਤਾ-ਅਸਮਾਨ ਪੁਰ ਪੁਲ ਲਾਗੇ ਹੋਏ ਗਹਿਗੱਚ ਮੁਕਾਬਲੇ ਵਿੱਚ ਮਾਰੇ ਗਏ ਅਣਪਛਾਤੇ ਅਤਿਵਾਦੀ ਦੀ ਪਛਾਣ ਹੋਈ। ਉਹ ਮੰਜਕੀ ਇਲਾਕੇ ਦਾ ਖਤਰਨਾਕ ਦਹਿਸ਼ਤਗਰਦ ਮਨਜੀਤ ਸਿੰਘ ਉਰਫ ਮੰਨਾਂ ਸੀ..!!'

ਮੰਨੇਂ ਦੇ ਅਭਾਗੇ ਮਾਪਿਆਂ ਨੂੰ ਉਸਦੀਆਂ ਅਸਥੀਆਂ ਕਿਵੇਂ ਮਿਲੀਆਂ? ਇਹ ਦੱਸਣ ਦੀ ਬਜਾਏ ਕੁੱਝ ਹੋਰ ਵੇਰਵੇ-

ਬਿਲਗੇ ਦੇ ਜਿਸ ਬੱਸ ਅੱਡੇ ਵਿੱਚ ਕਦੇ ਮੰਨਾਂ ਕਾਲਜ ਜਾਣ ਲਈ ਬੀਬਾ ਪੁੱਤ ਬਣਕੇ ਬੱਸੇ ਚੜ੍ਹਦਾ ਹੁੰਦਾ ਸੀ, ਥੋੜੇ ਚਿਰ ਬਾਅਦ ਬੱਸ ਅੱਡੇ ਦੇ ਦੁਕਾਨਦਾਰਾਂ ਨੇ ਇਹ ਦਰਦਨਾਕ ਦ੍ਰਿਸ਼ ਵੀ ਦੇਖਿਆ ਕਿ ਮੰਨੇਂ ਦੀ ਮਾਂ ਆਪਣੇ ਪੁੱਤ ਦੀਆਂ ਕਿਤਾਬਾਂ ਕਾਪੀਆਂ ਲੈ ਕੇ ਅੱਡੇ 'ਚ ਅਰਧ-ਪਾਗਲਾਂ ਵਾਂਗ ਘੁੰਮਦੀ ਰਹਿੰਦੀ! ਬੱਸਾਂ 'ਚ ਉਤਰਦੇ ਚੜ੍ਹਦੇ ਮੁੰਡੇ ਕੁੜੀਆਂ ਵੱਲ੍ਹ ਮੱਥੇ 'ਤੇ ਹੱਥ ਧਰਕੇ ਦੇਖਦੀ ਰਹਿੰਦੀ। ਕਿਸੇ ਮੁੰਡੇ ਨੂੰ ਪੁੱਛ ਲੈਂਦੀ-ਵੇ ਕਾਕਾ ਸਾਡਾ ਮੰਨਾਂ ਨੀ ਆਇਆ?

ਅੱਖਾਂ ਪੂੰਝਦੇ ਦੁਕਾਨਦਾਰ ਉਹਨੂੰ ਫੜ ਫੜ ਕੇ ਘਰੇ ਛੱਡ ਜਾਂਦੇ। ਕਦੇ ਉਹਨੂੰ ਪਟਵਾਰੀ ਘਰੇ ਲਿਜਾਂਦਾ!

'ਅਣਪਛਾਤੀਆਂ ਲਾਸ਼ਾਂ ਕਹਿ ਕੇ ਕੋਹੇ ਬੋਟ ਅਲੂੰਏਂ
ਮੁਨਸਿਫ਼ ਕੋਲੋਂ ਪੁੱਤ ਭਾਲਦੀਆਂ ਖਾਲੜਿਆਂ ਦੀਆਂ ਮਾਵਾਂ!'-(ਸਾਦਿਕ)

ਪੱਥਰ ਦਿਲਾਂ ਨੂੰ ਰੁਆ ਦੇਣ ਵਾਲੀ ਇਹ ਹੌਲਨਾਕ ਵਾਰਤਾ ਮੈਂ ਏਸ ਕਾਰਨ ਨਹੀਂ ਲਿਖ ਰਿਹਾ ਕਿ ਮੰਨਾਂ ਮੇਰਾ ਭਾਣਜਾ ਲਗਦਾ ਸੀ ਤੇ ਮੈਂ ਉਹਦਾ ਮਾਮਾ। ਨਾ ਹੀ ਕਿਸੇ ਹਮਦਰਦੀ ਜਾਂ ਕੋਈ ਹੋਰ ਚਾਹਤ ਹੈ।

'ਲਹੂ ਬੇਦੋਸ਼ਿਆਂ ਦਾ ਜਦ ਵੀ ਡੁਲ੍ਹੇਗਾ ਇਹ ਤੜਪਣਗੇ
ਜੋ ਸ਼ਾਇਰ ਹੋਣਗੇ 'ਉਲਫਤ' ਉਨ੍ਹਾਂ ਨੂੰ ਦਰਦ ਆਏਗਾ।'-(ਉਲਫਤ ਬਾਜਵਾ)

ਕਿਉਂਕਿ ਪਟਵਾਰੀ ਭਾਈਏ ਦੇ ਪ੍ਰਵਾਰ ਨਾਲ 'ਫੂਲ ਵੋਹ ਤੋੜਾ ਕਿ ਚਮਨ ਮੇਂ ਵੀਰਾਨੀ ਹੁਈ' ਵਾਲੀ ਗੱਲ ਹੋਈ। ਮੰਨੇਂ ਦੇ ਸਦਮੇਂ ਵਿੱਚ ਹੀ ਪਹਿਲਾਂ ਸਾਡੀ ਭੈਣ ਪ੍ਰਕਾਸ਼ ਕੌਰ (ਫਿਲੌਰ ਲਾਗੇ ਥਲੇ ਪਿੰਡ ਵਾਲੀ ਭੂਆ ਦੀ ਬੇਟੀ) ਫਿਰ ਮੰਨੇਂ ਦੀ ਇੱਕ ਭੈਣ, ਇੱਕ ਭਰਾ ਅਤੇ ਫਿਰ ਪਟਵਾਰੀ ਖੁਦ, ਸਾਰੇ ਉੱਤੋ-ੜਿੱਤੀ ਮੌਤ ਦੇ ਮੂੰਹ ਜਾ ਪਏ।

ਇਹ ਤੋਂ ਵੀ ਕਿਤੇ ਵਧਕੇ ਦਰਦਨਾਕ ਅਣਹੋਣੀਆਂ ਉਸ ਦੌਰ ਵਿੱਚ ਹੋਈਆਂ ਪਰ ਇਹ ਕਰੁਣਾਮਈ ਬਿਰਤਾਂਤ ਲਿਖਣ ਦਾ ਇਤਫਾਕ ਵੀ ਇੰਜ ਬਣਿਆਂ ਕਿ ਇੱਕ ਦਿਨ ਮੈਂ ਜਪੁਜੀ ਸਾਹਿਬ ਦਾ ਪਾਠ ਕਰ ਰਿਹਾ ਸਾਂ। ਬਾਰ੍ਹਵੀਂ ਪਉੜੀ ਦੀ ਤੁਕ 'ਮੰਨੇ ਕੀ ਗਤਿ ਕਹੀ ਨ ਜਾਇ॥' ਪੜ੍ਹਦਿਆਂ ਮੇਰਾ ਧਿਆਨ ਉੱਖੜ ਕੇ ਬਿਲਗੇ ਚਲਾ ਗਿਆ!

ਪਟਵਾਰੀ ਭਾਈਆ ਰੱਜ ਕੇ ਸ਼ੁਗਲੀ ਸੁਭਾਅ ਵਾਲਾ ਹੁੰਦਾ ਸੀ ਪਰ ਮੰਨੇਂ ਦੀ ਮੌਤ ਤੋਂ ਬਾਅਦ ਕਿਤੇ ਉਹ ਸਾਡੇ ਘਰੇ ਆਇਆ ਤਾਂ ਉਕਤ ਵੇਰਵੇ ਦੱਸਦਿਆਂ ਅੱਖਾਂ ਭਰਕੇ ਕਹਿੰਦਾ-

"ਜਦ ਜੀ ਆਲੇ ਦੁਆਲੇ ਦੇ ਸੱਜਣਾ ਮਿੱਤਰਾਂ ਨੇ ਸਾਡੇ ਕੋਲ ਮੰਨੇਂ ਦੀਆਂ ਸਿਫਤਾਂ ਕਰਨੀਆਂ ਤਾਂ ਮੈਂ ਹੱਸਦਿਆਂ ਕਹਿਣਾ-ਜੀ ਸਾਡਾ ਮੰਨਾਂ ਤਾਂ ਬਾਬੇ ਨਾਨਕ ਜੀ ਦੇ ਲਿਖੇ ਫੁਰਮਾਨ 'ਤੇ ਹੀ ਫੁੱਲ ਚੜ੍ਹਾਉਂਦਾ ਐ-ਮੰਨੇਂ ਕੀ ਗਤਿ ਕਹੀ ਨ ਜਾਇ॥

ਬੱਸ ਮੈਂ ਪਾਠ ਸੰਪੂਰਨ ਕਰਕੇ ਲਿਖਣ ਬਹਿ ਗਿਆ ਦਿਲ ਦਾ ਦਰਦ! ਹੁਣ ਸਿਰਲੇਖ ਵਾਲੀ ਟਾਹਲੀ ਬਾਰੇ ਵੀ ਪੜ੍ਹ ਲਉ ਕਿ ਉਹ 'ਟਾਹਲੀ ਸਾਹਿਬ' ਕਿਉਂ ਬਣੀ-

ਮੰਨਾਂ-ਕਾਂਡ ਤੋਂ ਕੁੱਝ ਚਿਰ ਬਾਅਦ ਮੈਂ ਆਪਣੇ ਪਿੰਡੋਂ ਨਵਾਂਸ਼ਹਿਰ ਜਾਂਦਾ ਹੋਇਆ ਸਜਾਵਲਪੁਰ ਪਿੰਡ ਟੱਪਿਆ ਤਾਂ ਨਵਾਂਸ਼ਹਿਰ-ਚੰਡੀਗੜ੍ਹ ਰੋਡ ਉੱਤੇ ਕਾਫੀ ਲੋਕ ਇਕੱਠੇ ਹੋਏ ਦੇਖੇ। ਵਾਹੋ ਦਾਹੀ ਸਾਈਕਲ ਚਲਾਉਂਦਾ ਮੈਂ ਵੀ ਭੀੜ ਕੋਲ ਜਾ ਖੜ੍ਹਾ ਹੋਇਆ। ਇਸ ਸੜਕ ਦੇ ਇੱਕ ਪਾਸੇ ਸਜਾਵਲ ਪੁਰ ਦਾ ਗੁਰਦੁਆਰਾ ਸ਼ਹੀਦਾਂ ਹੈ, ਦੂਜੇ ਪਾਸੇ ਸਾਹਮਣੇ ਇੱਕ ਦਰਖਤ ਵਿੱਚ ਪੁਲੀਸ ਦੀ ਜਿਪਸੀ ਬੜੀ ਬੁਰੀ ਤਰ੍ਹਾਂ ਵੱਜ ਕੇ ਦੋਫਾੜ ਹੋਈ ਪਈ ਸੀ। ਲੋਕ ਦੱਸ ਰਹੇ ਸਨ ਕਿ ਐਕਸੀਡੈਂਟ ਤਾਜ਼ਾ ਹੀ ਹੋਇਆ ਹੈ। ਸਟੇਅਰਿੰਗ 'ਤੇ ਮਰੇ ਫਸੇ ਪਏ ਇੱਕ ਪੁਲਸੀਏ ਦੀਆਂ ਅੱਖਾਂ ਬਾਹਰ ਨੂੰ ਇੰਜ ਨਿਕਲੀਆਂ ਹੋਈਆਂ ਸਨ ਜਿਵੇਂ ਬਰਸਾਤਾਂ ਵਿੱਚ ਡੱਡੂ ਮਰੇ ਪਏ ਹੁੰਦੇ ਹਨ। ਉਸ ਦੀਆਂ ਦੋਵੇ ਬਾਹਾਂ ਤੇ ਖੁੱਲ੍ਹੇ ਹੱਥ ਆਲੇ ਦੁਆਲੇ ਨੂੰ ਫੈਲੇ ਹੋਏ ਸਿਕੰਦਰ ਦਾ ਕਥਨ ਚੇਤੇ ਕਰਾ ਰਹੇ ਜਾਪੇ ਕਿ ਅੰਤ ਸਮੇਂ ਮੇਰੇ ਦੋਵੇਂ ਹੱਥ ਕੱਫਣ ਤੋਂ ਬਾਹਰ ਕੱਢ ਦਿਉ!

ਬੁਰੀ ਤਰ੍ਹਾਂ ਲਹੂ-ਲੁਹਾਨ ਹੋਏ ਪਏ ਇਸ ਬਾਵਰਦੀ ਪੁਲਸੀਏ ਦੀ ਜੇਬ੍ਹ ਉਤਲੇ ਬੈਜ ਉੱਪਰ ਵੀ ਭਾਵੇਂ ਖੂਨ ਦੇ ਛਿੱਟੇ ਪਏ ਹੋਏ ਸਨ ਪਰ ਉਹਦਾ ਨਾਂ ਪੂਰਾ ਪੜ੍ਹਿਆ ਜਾ ਰਿਹਾ ਸੀ-'ਓਂਕਾਰ ਸਿੰਘ!'

ਦੁਪਾਲਪੁਰ ਸਾਡੇ ਘਰੇ ਆਏ ਪਟਵਾਰੀ ਨੂੰ ਜਦ ਮੈਂ ਸਾਈਕਲ ਪਿੱਛੇ ਬਿਠਾ ਕੇ ਬੱਸੇ ਚੜ੍ਹਾਉਣ ਜਾਡਲੇ ਜਾ ਰਿਹਾ ਸੀ ਤਾਂ ਉਹ ਐਕਸੀਡੈਂਟ ਵਾਲਾ ਥਾਂਹ ਦਿਖਾਉਣ ਲਈ ਸਜਾਵਲਪੁਰ ਵਿੱਚੀਂ ਲੰਘਿਆ।

"ਭਾਈਆ ਜੀ ਆਹ ਟਾਹਲੀ ਐ ਜਿਹਦੇ ਵਿੱਚ ਵੱਜ ਕੇ ਮੰਨੇਂ ਦਾ ਮੁਕਾਬਲਾ ਬਣਾਉਣ ਵਾਲਾ ਪੁਲਸੀਆ ਮਰਿਆ!

ਆਪਣੇ ਦੋਹਾਂ ਹੱਥਾਂ ਨਾਲ ਟਾਹਲੀ ਨੂੰ ਫੜਕੇ ਫਿੱਕੀ ਜ਼ਰਦ ਜਿਹੀ 'ਮੁਸਕਾਨ' ਚਿਹਰੇ 'ਤੇ ਲਿਆਉਂਦਿਆਂ ਭਾਈਆ ਬੋਲਿਆ-

"ਟਾਹਲੀ ਨਹੀਂ ਕਾਕਾ, ਇਹਨੂੰ ਟਾਹਲੀ ਸਾਹਿਬ ਕਹੁ!

**'ਭਸਮਾਂ ਭੂਤ ਹੋਆ ਖਿਨ ਭੀਤਰਿ
ਅਪਨਾ ਕੀਆ ਪਾਇਆ॥'**
**(ਸ੍ਰੀ ਗੁਰੂ ਅਰਜਨ ਦੇਵ ਜੀ)**

# ਅੰਨ ਭੰਡਾਰਨ ਦਾ ਗੰਭੀਰ ਸੰਕਟ

ਪੰਜਾਬ ਸਿਰ ਮੰਡਰਾ ਰਿਹਾ ਅੰਨ ਭੰਡਾਰਨ ਦਾ ਸੰਕਟ ਕੋਈ ਬੰਪਰ ਫ਼ਸਲ ਹੋਣ ਕਰਕੇ ਨਹੀਂ ਆਇਆ ਸਗੋਂ ਇਹ ਇੱਕ ਅਜਿਹੀ ਖ਼ਰੀਦ ਪ੍ਰਣਾਲੀ ਦਾ ਨਤੀਜਾ ਹੈ, ਜੋ ਬਦਲਦੀ ਹਕੀਕਤ ਨਾਲ ਕਦਮ ਮਿਲਾ ਕੇ ਚੱਲਣ ਵਿੱਚ ਅਸਫ਼ਲ ਰਹੀ ਹੈ। ਸੂਬੇ ਦੇ ਗੋਦਾਮ ਪਹਿਲਾਂ ਹੀ ਪਿਛਲੇ ਸੀਜ਼ਨਾਂ ਦੇ ਝੋਨੇ ਨਾਲ ਨੱਕੋ-ਨੱਕ ਭਰੇ ਪਏ ਹਨ ਅਤੇ ਹੁਣ ਪੰਜਾਬ ਝੋਨੇ ਦੇ ਇੱਕ ਹੋਰ ਖ਼ਰੀਦ ਸੀਜ਼ਨ ਲਈ ਤਿਆਰ ਹੋ ਰਿਹਾ ਹੈ ਜਦੋਂਕਿ ਨਵੀਂ ਫ਼ਸਲ ਸਾਂਭਣ ਲਈ ਗੋਦਾਮਾਂ ਵਿੱਚ ਰਤਾ ਵੀ ਥਾਂ ਨਹੀਂ ਹੈ। ਜੇਕਰ ਪੁਰਾਣੇ ਅਨਾਜ ਨੂੰ ਤੁਰੰਤ ਇੱਥੋਂ ਬਾਹਰ ਨਾ ਕੱਢਿਆ ਗਿਆ ਤਾਂ ਖ਼ਰੀਦ ਦੀ ਰਫ਼ਤਾਰ ਮੱਠੀ ਪੈ ਸਕਦੀ ਹੈ, ਕਿਸਾਨਾਂ ਦੀ ਅਦਾਇਗੀ ਵਿੱਚ ਦੇਰੀ ਹੋ ਸਕਦੀ ਹੈ ਅਤੇ ਪੂਰਾ ਸਪਲਾਈ ਲੜੀ ਪ੍ਰਬੰਧ ਲੀਹੋਂ ਲੱਥ ਸਕਦਾ ਹੈ। ਇਹ ਬੜੀ ਅਜੀਬ ਤੇ ਦੁਖਦਾਈ ਗੱਲ ਹੈ। ਪੰਜਾਬ ਨੂੰ ਲੰਮੇ ਸਮੇਂ ਤੋਂ ਦੇਸ਼ ਦਾ 'ਅੰਨ ਭੰਡਾਰ' ਕਿਹਾ ਜਾਂਦਾ ਰਿਹਾ ਹੈ, ਜਿਸ ਨੇ ਹਮੇਸ਼ਾ ਘੱਟੋ-ਘੱਟ ਸਮਰਥਨ ਮੁੱਲ ਦੇ ਆਸਰੇ ਕੇਂਦਰੀ ਪੂਲ ਵਿੱਚ ਕਣਕ ਤੇ ਝੋਨੇ ਦੇ ਅੰਬਾਰ ਲਾਏ ਹਨ। ਪਰ ਅਫ਼ਸੋਸ, ਜਿਸ ਪ੍ਰਬੰਧ ਨੇ ਫ਼ਸਲ ਦੀ ਪੈਦਾਵਾਰ ਵਧਾਉਣ ਲਈ ਉਤਸ਼ਾਹਿਤ ਕੀਤਾ, ਉਹ ਭੰਡਾਰਨ, ਢੋਆ-ਢੁਆਈ ਅਤੇ ਵੰਡ ਪ੍ਰਣਾਲੀ ਦਾ ਆਧੁਨਿਕੀਕਰਨ ਕਰਨ ਵਿੱਚ ਬੁਰੀ ਤਰ੍ਹਾਂ ਨਾਕਾਮ ਰਿਹਾ। ਇਸ ਵੇਲੇ ਸਭ ਤੋਂ ਵੱਡਾ ਅੜਿੱਕਾ ਭਾਰਤੀ ਖ਼ੁਰਾਕ ਨਿਗਮ ਵੱਲੋਂ ਅਨਾਜ ਦੀ ਮੱਠੀ ਰਫ਼ਤਾਰ ਨਾਲ ਚੱਲ ਰਹੀ ਲਿਫਟਿੰਗ ਕਰਕੇ ਬਣਿਆ ਹੋਇਆ ਹੈ। ਹੁਣ ਜਦੋਂ ਦੇਸ਼ ਦੇ ਹੋਰ ਸੂਬੇ ਵੀ ਝੋਨੇ ਦੀ ਪੈਦਾਵਾਰ ਵਿੱਚ ਆਤਮ-ਨਿਰਭਰ ਹੋ ਰਹੇ ਹਨ, ਪੰਜਾਬ ਦਾ ਅਨਾਜ ਸਮਰੱਥਾ ਤੋਂ ਵੱਧ ਭਰੇ ਗੋਦਾਮਾਂ ਵਿੱਚ ਹੀ ਪਿਆ ਹੋਇਆ ਹੈ। ਇਸ ਨਾਲ ਨਾ ਸਿਰਫ਼ ਭੰਡਾਰਨ ਦਾ ਖ਼ਰਚਾ ਵਧ ਰਿਹਾ ਹੈ ਸਗੋਂ ਅਨਾਜ ਦੇ ਖ਼ਰਾਬ ਹੋਣ ਦਾ ਖ਼ਤਰਾ ਵੀ ਪਲ-ਪਲ ਵਧਦਾ ਜਾ ਰਿਹਾ ਹੈ। ਹਰ ਸਾਲ ਖੜ੍ਹਾ ਹੋਣ ਵਾਲਾ ਇਹ ਸੰਕਟ ਸਾਡੀਆਂ ਸਰਕਾਰੀ ਨੀਤੀਆਂ ਦੇ ਵੱਡੇ ਨੁਕਸ ਨੂੰ ਜੱਗ ਜ਼ਾਹਰ ਕਰਦਾ ਹੈ। ਅੱਜ ਦੇਸ਼ ਵਿੱਚ ਲੋਕਾਂ ਦੇ ਖਾਣ-ਪੀਣ ਦੀਆਂ ਆਦਤਾਂ, ਵੱਖ-ਵੱਖ ਸੂਬਿਆਂ ਵਿੱਚ ਫ਼ਸਲਾਂ ਦੀ ਪੈਦਾਵਾਰ ਅਤੇ ਢੋਆ-ਢੁਆਈ ਦੇ ਤਰੀਕੇ ਪੂਰੀ ਤਰ੍ਹਾਂ ਬਦਲ ਚੁੱਕੇ ਹਨ। ਫਿਰ ਵੀ ਸਰਕਾਰ ਪੁਰਾਣੇ ਤਰੀਕੇ ਨਾਲ ਹੀ ਅੰਨ ਦੇ ਅੰਬਾਰ ਲਾਉਣ ਵਿੱਚ ਲੱਗੀ ਹੋਈ ਹੈ। ਗੋਦਾਮਾਂ ਵਿੱਚ ਆਰਜ਼ੀ ਤੌਰ 'ਤੇ ਥਾਂ ਬਣਾ ਲੈਣੀ ਜਾਂ ਮਾਲ ਗੱਡੀਆਂ ਦੇ ਫੇਰੇ ਵਧਾਉਣ ਵਰਗੇ ਆਰਜ਼ੀ ਪ੍ਰਬੰਧ ਕੁਝ ਸਮੇਂ ਲਈ ਤਾਂ ਸੰਕਟ ਟਾਲ ਸਕਦੇ ਹਨ, ਪਰ ਇਹ ਪੱਕਾ ਇਲਾਜ ਨਹੀਂ ਹਨ। ਅਸਲ ਹੱਲ ਆਧੁਨਿਕ ਸਾਇਲੋ ਬਣਾਉਣ, ਅਨਾਜ ਦੀ ਤੇਜ਼ ਨਿਕਾਸੀ, ਸਟਾਕ ਦੇ ਸਹੀ ਪ੍ਰਬੰਧਨ ਅਤੇ ਫ਼ਸਲੀ ਵਿਭਿੰਨਤਾ ਵਿੱਚ ਹੈ। ਪੰਜਾਬ ਤੋਂ ਇਹ ਉਮੀਦ ਨਹੀਂ ਕੀਤੀ ਜਾ ਸਕਦੀ ਕਿ ਉਹ ਇਸ ਪੁਰਾਣੇ ਖ਼ਰੀਦ ਮਾਡਲ ਦਾ ਨੁਕਸਾਨ ਵੀ ਝੱਲੇ ਅਤੇ ਦੇਸ਼ ਦੇ ਅੰਨ ਭੰਡਾਰ ਦਾ ਬੋਝ ਵੀ ਸਦਾ ਲਈ ਆਪਣੇ ਸਿਰ ਚੁੱਕੀ ਰੱਖੇ। ਨੱਕੋ-ਨੱਕ ਭਰੇ ਗੋਦਾਮ ਇੱਕ ਚਿਤਾਵਨੀ ਹਨ। ਜੇਕਰ ਬੁਨਿਆਦੀ ਸੁਧਾਰ ਨਾ ਕੀਤੇ ਗਏ ਤਾਂ ਇਹ ਸੰਕਟ ਹਰ ਸਾਲ ਭਾਰਤੀ ਖੇਤੀ ਦੀ ਇਸ ਵੱਡੀ ਸਫ਼ਲਤਾ ਨੂੰ ਢਾਹ ਲਾਉਂਦਾ ਰਹੇਗਾ।



# ਉਤਪਾਦਕ ਮਨੁੱਖੀ ਪੂੰਜੀ ਵਿਕਸਿਤ ਭਾਰਤ ਦੀ ਨੀਂਹ



ਡਾ. ਰਾਜੀਵ ਖੋਸਲਾ

ਹਰ ਸਾਲ 11 ਜੁਲਾਈ ਨੂੰ ਵਿਸ਼ਵ ਆਬਾਦੀ ਦਿਵਸ ਮਨਾਇਆ ਜਾਂਦਾ ਹੈ, ਜੋ 1987 ਵਿੱਚ ਵਿਸ਼ਵ ਦੀ ਆਬਾਦੀ ਦੇ ਪੰਜ ਅਰਬ (500 ਕਰੋੜ) ਦੇ ਅੰਕੜੇ ਨੂੰ ਪਾਰ ਕਰਨ ਦੀ ਯਾਦ ਨਾਲ ਜੁੜਿਆ ਹੋਇਆ ਹੈ। ਸੰਯੁਕਤ ਰਾਸ਼ਟਰ ਮਹਾਸਭਾ ਨੇ ਇੱਕ ਮਤੇ ਰਾਹੀਂ ਆਬਾਦੀ ਨਾਲ ਜੁੜੇ ਮੁੱਦਿਆਂ ਪ੍ਰਤੀ ਵਿਸ਼ਵ ਪੱਧਰ ’ਤੇ ਜਾਗਰੂਕਤਾ ਵਧਾਉਣ ਲਈ 11 ਜੁਲਾਈ ਨੂੰ ਵਿਸ਼ਵ ਆਬਾਦੀ ਦਿਵਸ ਮਨਾਉਣ ਦਾ ਫ਼ੈਸਲਾ ਕੀਤਾ ਸੀ। ਸ਼ੁਰੂਆਤ ਤੋਂ ਹੀ ਇਹ ਦਿਨ ਵਧਦੀ ਆਬਾਦੀ ਕਾਰਨ ਪੈਦਾ ਹੋਈਆਂ ਚੁਣੌਤੀਆਂ ਜਿਵੇਂ ਭੋਜਨ, ਰਿਹਾਇਸ਼, ਸਿੱਖਿਆ ਅਤੇ ਕੁਦਰਤੀ ਸਰੋਤਾਂ ’ਤੇ ਪੈਂਦੇ ਬੋਝ ਦੀ ਯਾਦ ਦਿਵਾਉਂਦਾ ਰਿਹਾ ਹੈ, ਪਰ ਪਿਛਲੇ ਕੁਝ ਸਮੇਂ ਦੌਰਾਨ ਵਿਸ਼ਵ ਪੱਧਰ ’ਤੇ ਇਹ ਸੋਚ ਬਦਲ ਚੁੱਕੀ ਹੈ। ਹੁਣ ਮੁੱਖ ਸਵਾਲ ਇਹ ਨਹੀਂ ਕਿ ਦੇਸ਼ ਦੀ ਆਬਾਦੀ ਕਿੰਨੀ ਹੈ ਸਗੋਂ ਇਹ ਹੈ ਕਿ ਉਹ ਆਬਾਦੀ ਆਰਥਿਕਤਾ ਵਿੱਚ ਕਿੰਨਾ ਲਾਹੇਵੰਦ ਯੋਗਦਾਨ ਪਾ ਰਹੀ ਹੈ। ਭਾਰਤ ਲਈ ਤਾਂ ਇਹ ਸੋਚ ਹੋਰ ਵੀ ਵੱਧ ਮਹੱਤਵ ਰੱਖਦੀ ਹੈ ਕਿਉਂਕਿ ਇਹੀ ਸੋਚ ਤੈਅ ਕਰੇਗੀ ਕਿ ਅਗਲੇ ਦੋ ਦਹਾਕਿਆਂ (ਸਾਲ 2047 ਤੱਕ) ਵਿੱਚ ਦੇਸ਼ ਵਿਕਸਿਤ ਰਾਸ਼ਟਰ ਬਣੇਗਾ ਜਾਂ ਆਪਣੇ ਇਤਿਹਾਸ ਦੇ ਸਭ ਤੋਂ ਵੱਡੇ ਆਰਥਿਕ ਮੌਕਿਆਂ ਨੂੰ ਗੁਆ ਬੈਠੇਗਾ।

**ਜਨਸੰਖਿਆ ਅਤੇ ਵਿਕਾਸ ਦਾ ਨਵਾਂ ਸਮੀਕਰਨ**

1970ਵਿਆਂ ਅਤੇ 1980ਵਿਆਂ ਦੌਰਾਨ ਤੇਜ਼ੀ ਨਾਲ ਵਧਦੀ ਆਬਾਦੀ ਜਨਤਕ ਨੀਤੀਆਂ ਦਾ ਕੇਂਦਰੀ ਵਿਸ਼ਾ ਰਹੀ ਹੈ। ਭਾਰਤ ਸਣੇ ਸਾਰੇ ਵਿਕਾਸਸ਼ੀਲ ਦੇਸ਼ਾਂ ਨੇ ਪਰਿਵਾਰ ਨਿਯੋਜਨ, ਜਾਗਰੂਕਤਾ ਅਤੇ ਆਬਾਦੀ ਸਥਿਰਤਾ ਰਾਹੀਂ ਪ੍ਰਜਣਨ ਦਰ ਘਟਾਉਣ ’ਤੇ ਪੂਰਾ ਜ਼ੋਰ ਦਿੱਤਾ। ਉਸ ਸਮੇਂ ਇਹ ਚਿੰਤਾ ਜਾਇਜ਼ ਵੀ ਸੀ ਕਿਉਂਕਿ ਸੀਮਿਤ ਬੁਨਿਆਦੀ ਢਾਂਚੇ ਅਤੇ ਘੱਟ ਵਿੱਤੀ ਸਰੋਤਾਂ ਦੇ ਦੌਰ ਵਿੱਚ ਇਹ ਡਰ ਸੀ ਕਿ ਵਧਦੀ ਆਬਾਦੀ ਜਨਤਕ ਸਰੋਤਾਂ ’ਤੇ ਵੱਡਾ ਦਬਾਅ ਪਾਵੇਗੀ, ਜਿਸ ਨਾਲ ਆਰਥਿਕ ਵਿਕਾਸ ਦੇ ਲਾਭ ਕਮਜ਼ੋਰ ਪੈ ਜਾਣਗੇ। ਇਸੇ ਕਾਰਨ ਉਦੋਂ ਆਬਾਦੀ ਨਿਯੰਤਰਣ ਨੂੰ ਵੱਡੀ ਆਰਥਿਕ ਲੋੜ ਵਜੋਂ ਦੇਖਿਆ ਗਿਆ, ਪਰ ਚਾਰ ਦਹਾਕਿਆਂ ਬਾਅਦ ਅੱਜ ਜਨਸੰਖਿਆ ਦੀ ਇਹ ਤਸਵੀਰ ਪੂਰੀ ਤਰ੍ਹਾਂ ਬਦਲ ਚੁੱਕੀ ਹੈ। ਜਪਾਨ, ਦੱਖਣੀ ਕੋਰੀਆ ਅਤੇ ਖ਼ਾਸ ਕਰਕੇ ਇਟਲੀ ਵਰਗੇ ਯੂਰੋਪੀ ਦੇਸ਼ ਹੁਣ ਬਜ਼ੁਰਗ ਹੁੰਦੀ ਆਬਾਦੀ, ਘਟਦੀ ਜਨਮ ਦਰ ਅਤੇ ਘਟਦੇ ਮਜ਼ਦੂਰ ਵਰਗ/ਕਿਰਤੀਆਂ ਦੀ ਗੰਭੀਰ ਚੁਣੌਤੀ ਦਾ ਸਾਹਮਣਾ ਕਰ ਰਹੇ ਹਨ। ਇੱਥੋਂ ਤੱਕ ਕਿ ਚੀਨ, ਜਿਸ ਨੇ ਕਦੇ ਸਖ਼ਤੀ ਨਾਲ ‘ਇੱਕ ਬੱਚਾ ਨੀਤੀ’ ਲਾਗੂ ਕੀਤੀ ਸੀ, ਨੇ ਵੀ ਹੁਣ ਆਬਾਦੀ ਦੇ ਇਸੇ ਸੰਕਟ ਕਾਰਨ ਇਸ ਨੀਤੀ ਨੂੰ ਪੂਰੀ ਤਰ੍ਹਾਂ ਖ਼ਤਮ ਕਰ ਦਿੱਤਾ ਹੈ। ਨੌਜਵਾਨ ਮਜ਼ਦੂਰਾਂ ਦੀ ਇਹ ਘਾਟ ਹੁਣ ਇਨ੍ਹਾਂ ਅਰਥਵਿਵਸਥਾਵਾਂ ਲਈ ਅਜਿਹੀ ਢਾਂਚਾਗਤ ਸਮੱਸਿਆ ਬਣ ਗਈ ਹੈ, ਜਿਸ ਨੇ ਪੈਨਸ਼ਨ ਪ੍ਰਣਾਲੀ ਅਤੇ ਸਿਹਤ ਸੰਭਾਲ ’ਤੇ ਭਾਰੀ ਦਬਾਅ ਪਾ ਦਿੱਤਾ ਹੈ। ਇਸ ਚੁਣੌਤੀ ਨਾਲ ਨਜਿੱਠਣ ਲਈ ਕਈ ਵਿਕਸਿਤ ਦੇਸ਼ਾਂ ਨੇ ਹੁਣ ਪਰਵਾਸੀ ਮਜ਼ਦੂਰਾਂ ਲਈ ਆਪਣੇ ਬੂਹੇ ਖੋਲ੍ਹ ਦਿੱਤੇ ਹਨ। ਜਿੱਥੋਂ ਤੱਕ ਭਾਰਤ ਦਾ ਸਵਾਲ ਹੈ, ਇੱਥੋਂ ਦੀ ਜਨਸੰਖਿਆ ਤਸਵੀਰ ਬੇਹੱਦ ਵਿਲੱਖਣ ਹੈ। ਭਾਰਤ ਦੀਆਂ ਇੱਕੋ ਸਮੇਂ ਦੋ ਵੱਖ-ਵੱਖ ਹਕੀਕਤਾਂ ਹਨ। ਰਾਸ਼ਟਰੀ ਆਬਾਦੀ ਕਮਿਸ਼ਨ, ਭਾਰਤੀ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਅਨੁਸਾਰ ਇੱਕ ਪਾਸੇ ਕੇਰਲਮ ਅਤੇ ਤਾਮਿਲਨਾਡੂ ਵਰਗੇ ਰਾਜਾਂ ਵਿੱਚ ਪ੍ਰਜਣਨ ਦਰ ਡਿੱਗਣ ਕਾਰਨ ਬਜ਼ੁਰਗ ਆਬਾਦੀ ਦਾ ਹਿੱਸਾ ਵਧ ਰਿਹਾ ਹੈ ਜਦੋਂਕਿ ਦੂਜੇ ਪਾਸੇ ਬਿਹਾਰ, ਉੱਤਰ ਪ੍ਰਦੇਸ਼ ਅਤੇ ਮੱਧ ਪ੍ਰਦੇਸ਼ ਵਰਗੇ ਸੂਬਿਆਂ ਵਿੱਚ ਅਜੇ ਵੀ ਉੱਚੀ ਪ੍ਰਜਣਨ ਦਰ ਕਾਰਨ ਨੌਜਵਾਨਾਂ ਦੀ ਬਹੁਗਿਣਤੀ ਹੈ। ਰਾਜਾਂ ਵਿਚਕਾਰਲਾ ਇਹ ਜਨਸੰਖਿਆ ਅਸੰਤੁਲਨ ਭਵਿੱਖ ਵਿੱਚ ਦੇਸ਼ ਦੇ ਸੰਘੀ ਢਾਂਚੇ ਅਤੇ ਰਾਜਨੀਤਕ ਪ੍ਰਤੀਨਿਧਤਾ ਲਈ ਨਵੇਂ ਨੀਤੀਗਤ ਟਕਰਾਅ ਪੈਦਾ ਕਰ ਸਕਦਾ ਹੈ। ਇਸ ਅਸੰਤੁਲਨ ਦੇ ਬਾਵਜੂਦ ਸਮੁੱਚੇ ਤੌਰ ’ਤੇ ਭਾਰਤ ਕੋਲ ਦੁਨੀਆ ਦਾ ਸਭ ਤੋਂ ਵੱਡਾ ਜਨਸੰਖਿਆ ਲਾਭਅੰਸ਼ (demographic dividend) ਮੌਜੂਦ ਹੈ। ਭਾਰਤ ਸਰਕਾਰ ਦੇ ਆਰਥਿਕ ਸਰਵੇਖਣ 2026 ਅਨੁਸਾਰ ਲਗਪਗ 29.2 ਸਾਲ ਦੀ ਮੱਧਮਾਨ (median) ਉਮਰ ਅਤੇ ਦੋ-ਤਿਹਾਈ ਕਾਰਜਸ਼ੀਲ ਆਬਾਦੀ ਦੇ ਨਾਲ ਭਾਰਤ ਅੱਜ ਵਿਸ਼ਵ ਦੀਆਂ ਬਹੁਤੀਆਂ ਵੱਡੀਆਂ ਅਰਥਵਿਵਸਥਾਵਾਂ ਨਾਲੋਂ ਕਿਤੇ ਵੱਧ ਨੌਜਵਾਨ ਹੈ। ਹਾਲਾਂਕਿ, ਸੰਯੁਕਤ ਰਾਸ਼ਟਰ ਮੁਤਾਬਿਕ ਇਹ ਜਨਸੰਖਿਆ ਲਾਭ ਸਿਰਫ਼ 2040 ਤੱਕ ਹੀ ਕਾਇਮ ਰਹੇਗਾ, ਜਿਸ ਤੋਂ ਬਾਅਦ ਭਾਰਤੀ ਆਬਾਦੀ ਵੀ ਤੇਜ਼ੀ ਨਾਲ ਬੁਢਾਪੇ ਵੱਲ ਵਧਣ ਲੱਗੇਗੀ ਅਤੇ ਇਸ ਦੇ ਆਰਥਿਕ ਲਾਭ ਘਟਣਗੇ। ਦੂਜੇ ਸ਼ਬਦਾਂ ਵਿੱਚ, ਭਾਰਤ ਕੋਲ ਆਪਣੀ ਇਸ ਨੌਜਵਾਨ ਊਰਜਾ ਨੂੰ ਮਜ਼ਬੂਤ ਆਰਥਿਕ ਤਾਕਤ ਵਿੱਚ ਬਦਲਣ ਵਾਲਾ ਮੌਕਾ ਤੇਜ਼ੀ ਨਾਲ ਸੁੰਗੜ ਰਿਹਾ ਹੈ।

**ਵਿਕਸਿਤ ਭਾਰਤ ਲਈ ਮਨੁੱਖੀ ਪੂੰਜੀ ’ਚ ਨਿਵੇਸ਼ ਕਰਨ ਦੀ ਲੋੜ:** ਭਾਰਤ ਦੇ ਸਾਹਮਣੇ ਅਸਲ ਚੁਣੌਤੀ ਆਬਾਦੀ ਦਾ ਆਕਾਰ ਨਹੀਂ ਸਗੋਂ ਉਸ ਦੀ ਉਤਪਾਦਕਤਾ ਵਧਾਉਣਾ ਹੈ ਕਿਉਂਕਿ ਖ਼ੁਸ਼ਹਾਲੀ ਸਿਰਫ਼ ਗਿਣਤੀ ’ਤੇ ਨਹੀਂ ਸਗੋਂ ਹੁਨਰ ਅਤੇ ਨਵੀਨਤਾ ਰਾਹੀਂ ਮੁੱਲ ਪੈਦਾ ਕਰਨ ਦੀ ਯੋਗਤਾ ’ਤੇ ਨਿਰਭਰ ਕਰਦੀ ਹੈ। ਉਤਪਾਦਕ ਰੁਜ਼ਗਾਰ ਤੋਂ ਬਗ਼ੈਰ ਇੱਕ ਵੱਡੀ ਆਬਾਦੀ ਬੇਰੁਜ਼ਗਾਰੀ ਅਤੇ ਸਮਾਜਿਕ ਸੰਕਟ ਦਾ ਕਾਰਨ ਬਣ ਸਕਦੀ ਹੈ ਜਦੋਂਕਿ ਹੁਨਰਮੰਦ ਆਬਾਦੀ ਜਨਸੰਖਿਆ ਨੂੰ ਰਾਸ਼ਟਰੀ ਆਮਦਨ ਵਧਾਉਣ ਵੱਲ ਲਿਜਾਂਦੀ ਹੈ। ਅਜਿਹੀ ਉਤਪਾਦਕ ਮਨੁੱਖੀ ਪੂੰਜੀ ਤਿਆਰ ਕਰਨ ਲਈ ਸਿਰਫ਼ ਸਾਖ਼ਰਤਾ ਕਾਫ਼ੀ ਨਹੀਂ ਸਗੋਂ ਪੋਸ਼ਣ, ਬੁਨਿਆਦੀ ਸਕੂਲ ਸਿੱਖਿਆ ਅਤੇ ਉਦਯੋਗ ਦੀਆਂ ਲੋੜਾਂ ਮੁਤਾਬਿਕ ਕਿੱਤਾਮੁਖੀ ਹੁਨਰ ਵਿੱਚ ਨਿਵੇਸ਼ ਦੀ ਕਰਨ ਲੋੜ ਹੈ, ਪਰ ਰਸਮੀ ਤੌਰ ’ਤੇ ਹੁਨਰਮੰਦ ਕਿਰਤ ਦੀ ਘੱਟ ਹਿੱਸੇਦਾਰੀ ਅਤੇ ਸਿੱਖਿਆ ਦੀ ਅਸਮਾਨ ਗੁਣਵੱਤਾ ਅਜੇ ਵੀ ਵੱਡੀ ਚੁਣੌਤੀ ਹੈ।

ਭਾਰਤੀ ਕਿਰਤ ਬਾਜ਼ਾਰ ਦਾ ਲਗਪਗ 85-90 ਫ਼ੀਸਦੀ ਹਿੱਸਾ ਅੱਜ ਵੀ ਗ਼ੈਰ-ਰਸਮੀ ਖੇਤਰ ਵਿੱਚ ਹੈ, ਜਿੱਥੇ ਉਤਪਾਦਕਤਾ ਅਤੇ ਸਮਾਜਿਕ ਸੁਰੱਖਿਆ ਬਹੁਤ ਘੱਟ ਹੈ। ਖੇਤੀ ਵਿੱਚ ਲੁਕੀ ਹੋਈ ਬੇਰੁਜ਼ਗਾਰੀ ਤੋਂ ਕੋਈ ਵੀ ਅਣਜਾਣ ਨਹੀਂ ਹੈ। ਇਸ ਦੇ ਨਾਲ ਹੀ ਭਾਰਤ ਵਿੱਚ ਮਹਿਲਾ ਕਿਰਤ ਸ਼ਕਤੀ ਦੀ ਭਾਗੀਦਾਰੀ ਵੀ ਲਗਪਗ 35-37 ਫ਼ੀਸਦੀ ਦੇ ਆਸ-ਪਾਸ ਹੈ, ਜੋ ਕਿ ਵਿਸ਼ਵਵਿਆਪੀ ਔਸਤ (ਲਗਪਗ 47 ਫ਼ੀਸਦੀ) ਨਾਲੋਂ ਕਾਫ਼ੀ ਪਿੱਛੇ ਹੈ (ਅੰਤਰਰਾਸ਼ਟਰੀ ਮਜ਼ਦੂਰ ਸੰਗਠਨ, 2024)। ਇਸ ਨੂੰ ਬਿਹਤਰ ਸੁਰੱਖਿਆ ਅਤੇ ਹੁਨਰ ਵਿਕਾਸ ਰਾਹੀਂ ਸੁਧਾਰ ਕੇ ਦੇਸ਼ ਦੇ ਰਾਸ਼ਟਰੀ ਉਤਪਾਦਨ ਨੂੰ ਵੱਡਾ ਹੁਲਾਰਾ ਦਿੱਤਾ ਜਾ ਸਕਦਾ ਹੈ। ਅੱਜ ਦੇ ਦੌਰ ਵਿੱਚ ਮਸਨੂਈ ਬੁੱਧੀ (artificial intelligence- 19) ਦੀ ਤੇਜ਼ੀ ਨਾਲ ਹੋ ਰਹੀ ਤਰੱਕੀ ਨੇ ਇਸ ਚੁਣੌਤੀ ਨੂੰ ਹੋਰ ਵੀ ਗੰਭੀਰ ਬਣਾ ਦਿੱਤਾ ਹੈ ਕਿਉਂਕਿ ਇਹ ਆਮ ਅਤੇ ਰੋਜ਼ਾਨਾ ਦੇ ਕੰਮਾਂ ਨੂੰ ਸਵੈ-ਚਾਲਿਤ ਕਰ ਰਿਹਾ ਹੈ, ਜਿਸ ਨਾਲ ਰਚਨਾਤਮਕ ਅਤੇ ਵਿਸ਼ਲੇਸ਼ਣਾਤਮਕ ਹੁਨਰ ਦੀ ਮੰਗ ਵਧ ਗਈ ਹੈ। ਅਜਿਹੇ ਵਿੱਚ ਜੋ ਦੇਸ਼ ਆਪਣੇ ਕਿਰਤੀਆਂ ਨੂੰ ਨਵੇਂ ਹੁਨਰਾਂ ਨਾਲ ਅਪਗ੍ਰੇਡ ਨਹੀਂ ਕਰਨਗੇ, ਉਨ੍ਹਾਂ ਨੂੰ ਤਕਨੀਕੀ ਬੇਰੁਜ਼ਗਾਰੀ ਦਾ ਸਾਹਮਣਾ ਕਰਨਾ ਪਵੇਗਾ। ਸਪੱਸ਼ਟ ਹੈ ਕਿ ਆਉਣ ਵਾਲਾ ਵਿਸ਼ਵਵਿਆਪੀ ਪਾੜਾ ਵੱਡੀ ਜਾਂ ਛੋਟੀ ਆਬਾਦੀ ਵਾਲੇ ਦੇਸ਼ਾਂ ਵਿਚਕਾਰ ਨਹੀਂ, ਸਗੋਂ ‘ਏ ਆਈ ਲਈ ਤਿਆਰ’ ਕਾਮਿਆਂ ਵਾਲੇ ਅਤੇ ਬਿਨਾਂ ਤਿਆਰੀ ਵਾਲੇ ਦੇਸ਼ਾਂ ਵਿਚਕਾਰ ਹੋਵੇਗਾ।

ਆਬਾਦੀ ਨੂੰ ਇੱਕ ਮਜ਼ਬੂਤ ਆਰਥਿਕ ਅਤੇ ਤਕਨੀਕੀ ਤਾਕਤ ਵਿੱਚ ਕਿਵੇਂ ਬਦਲਿਆ ਜਾਵੇ, ਇਸ ਬਾਰੇ ਵਿਸ਼ਵ ਭਰ ਦੇ ਵਿਕਸਿਤ ਦੇਸ਼ਾਂ ਦੇ ਤਜਰਬੇ ਭਾਰਤ ਲਈ ਬਹੁਤ ਕੀਮਤੀ ਸਬਕ ਪ੍ਰਦਾਨ ਕਰਦੇ ਹਨ। ਏਸ਼ੀਆ ਵਿੱਚ ਦੱਖਣੀ ਕੋਰੀਆ ਨੇ ਵਿਸ਼ਵਵਿਆਪੀ ਸਿੱਖਿਆ, ਖੋਜ ਅਤੇ ਉਦਯੋਗ-ਵਿਦਿਅਕ ਸੰਸਥਾਵਾਂ ਦੇ ਸਹਿਯੋਗ ਰਾਹੀਂ ਆਪਣੇ ਆਪ ਨੂੰ ਇੱਕ ਪੱਛੜੀ ਅਰਥਵਿਵਸਥਾ ਤੋਂ ਗਲੋਬਲ ਤਕਨਾਲੋਜੀ ਆਗੂ ਬਣਾਇਆ ਜਦੋਂਕਿ ਸਿੰਗਾਪੁਰ ਨੇ ਬਿਨਾਂ ਕਿਸੇ ਕੁਦਰਤੀ ਸਰੋਤ ਦੇ ਵੀ ਸਿਰਫ਼ ਯੋਜਨਾਬੱਧ ਹੁਨਰ ਵਿਕਾਸ ਅਤੇ ਜੀਵਨ ਭਰ ਸਿੱਖਣ ਦੀ ਨੀਤੀ ਸਦਕਾ ਦੁਨੀਆ ਦੀ ਸਭ ਤੋਂ ਪ੍ਰਤੀਯੋਗੀ ਅਰਥਵਿਵਸਥਾ ਖੜ੍ਹੀ ਕਰ ਦਿੱਤੀ। ਇਸੇ ਤਰ੍ਹਾਂ ਚੀਨ ਨੇ ਕਿੱਤਾਮੁਖੀ ਸਿੱਖਿਆ ਅਤੇ ਵਿਸ਼ਵਵਿਆਪੀ ਮੁੱਲ ਲੜੀ (global value chain) ਦੇ ਸੁਮੇਲ ਨਾਲ ਆਪਣੀ ਵਿਸ਼ਾਲ ਕਿਰਤ ਸ਼ਕਤੀ ਨੂੰ ਦੁਨੀਆ ਦੇ ਨਿਰਮਾਣ ਪਾਵਰਹਾਊਸ ਵਿੱਚ ਤਬਦੀਲ ਕੀਤਾ ਹੈ। ਯੂਰੋਪ ਵਿੱਚ ਵੀ ਜਰਮਨੀ ਨੇ ਆਪਣੀ ਵਿਲੱਖਣ ‘ਦੋਹਰੀ ਕਿੱਤਾਮੁਖੀ ਸਿਖਲਾਈ ਪ੍ਰਣਾਲੀ’ ਰਾਹੀਂ ਚਮਤਕਾਰ ਕੀਤਾ, ਜਿੱਥੇ ਨੌਜਵਾਨ ਕਲਾਸ ’ਚ ਪੜ੍ਹਾਈ ਦੇ ਨਾਲ-ਨਾਲ ਸਿੱਧਾ ਕੰਪਨੀਆਂ ਵਿੱਚ ਅਸਲ ਕੰਮ ਦਾ ਤਜਰਬਾ ਹਾਸਲ ਕਰਦੇ ਰਹੇ, ਜਿਸ ਨਾਲ ਉੱਥੇ ਬੇਰੁਜ਼ਗਾਰੀ ਘਟੀ ਅਤੇ ਉਤਪਾਦਕਤਾ ਸਿਖ਼ਰ ’ਤੇ ਪਹੁੰਚੀ। ਫਿਨਲੈਂਡ ਨੇ ਆਪਣੀ ਆਬਾਦੀ ਨੂੰ ਆਰਥਿਕ ਸੰਪਤੀ ਬਣਾਉਣ ਲਈ ਦੁਨੀਆ ਦੀ ਸਭ ਤੋਂ ਪ੍ਰਗਤੀਸ਼ੀਲ ਸਿੱਖਿਆ ਪ੍ਰਣਾਲੀ ਵਿਕਸਿਤ ਕੀਤੀ, ਜੋ ਰੱਟਾ ਲਾਉਣ ਦੀ ਬਜਾਏ ਰਚਨਾਤਮਿਕਤਾ, ਸਮੱਸਿਆ-ਹੱਲ ਕਰਨ ਦੀ ਸਮਰੱਥਾ ਅਤੇ ਬਰਾਬਰੀ ’ਤੇ ਕੇਂਦਰਿਤ ਹੈ। ਭਾਵੇਂ ਇਹ ਸਾਰੇ ਦੇਸ਼ ਆਪਣੀਆਂ ਰਾਜਨੀਤਕ ਪ੍ਰਣਾਲੀਆਂ ਅਤੇ ਰਣਨੀਤੀਆਂ ਪੱਖੋਂ ਇੱਕ-ਦੂਜੇ ਤੋਂ ਬਿਲਕੁਲ ਵੱਖਰੇ ਸਨ, ਪਰ ਉਨ੍ਹਾਂ ਦਾ ਸਾਂਝਾ ਸਿਧਾਂਤ ਸਿਰਫ਼ ਇੱਕੋ ਰਿਹਾ ਕਿ ਉਨ੍ਹਾਂ ਆਪਣੇ ਲੋਕਾਂ ਨੂੰ ਵਧੇਰੇ ਉਤਪਾਦਕ ਬਣਾਉਣ ਵਿੱਚ ਨਿਰੰਤਰ ਨਿਵੇਸ਼ ਕੀਤਾ। ਉਨ੍ਹਾਂ ਦੀ ਇਹ ਵੱਡੀ ਸਫ਼ਲਤਾ ਸਿਰਫ਼ ਕਿਸੇ ਇਤਫ਼ਾਕ ਦਾ ਨਤੀਜਾ ਨਹੀਂ ਸੀ ਸਗੋਂ ਮਨੁੱਖੀ ਸਮਰੱਥਾਵਾਂ ਵਿੱਚ ਸੋਚ-ਸਮਝ ਕੇ ਕੀਤੇ ਗਏ ਵੱਡੇ ਨਿਵੇਸ਼ ਦਾ ਸਿੱਟਾ ਸੀ।

ਇਹ ਬਦਲਦਾ ਆਰਥਿਕ ਦ੍ਰਿਸ਼ ਸਰਕਾਰਾਂ ਦੀਆਂ ਜਨਤਕ ਨੀਤੀਆਂ ਵਿੱਚ ਵੱਡੇ ਸੁਧਾਰਾਂ ਦੀ ਮੰਗ ਕਰਦਾ ਹੈ। ਹਾਲਾਂਕਿ, ਗ਼ਰੀਬੀ ਘਟਾਉਣ ਲਈ ਸਮਾਜਿਕ ਸੁਰੱਖਿਆ ਅਤੇ ਭਲਾਈ ਯੋਜਨਾਵਾਂ ਹਮੇਸ਼ਾ ਜ਼ਰੂਰੀ ਰਹਿਣਗੀਆਂ, ਪਰ ਸਿਰਫ਼ ਮੁਫ਼ਤ ਚੀਜ਼ਾਂ ਵੰਡਣ ਜਾਂ ਸਬਸਿਡੀਆਂ ਸਹਾਰੇ ਲੰਮੇ ਸਮੇਂ ਦੀ ਖ਼ੁਸ਼ਹਾਲੀ ਨਹੀਂ ਆ ਸਕਦੀ। ਸਰਕਾਰ ਦੁਆਰਾ ਸਿੱਖਿਆ, ਸਿਹਤ, ਪੋਸ਼ਣ ਅਤੇ ਰੁਜ਼ਗਾਰ ਸਿਰਜਣ ’ਤੇ ਕੀਤਾ ਗਿਆ ਖਰਚਾ, ਖਰਚ ਨਹੀਂ ਸਗੋਂ ਮਨੁੱਖੀ ਪੂੰਜੀ ਵਿੱਚ ਨਿਵੇਸ਼ ਹੈ, ਜਿਸ ਦਾ ਲਾਭ ਦੇਸ਼ ਨੂੰ ਦਹਾਕਿਆਂਬੱਧੀ ਮਿਲਦਾ ਰਹਿੰਦਾ ਹੈ। ਇਸੇ ਕਰਕੇ ਹੁਣ ਵਿਸ਼ਵ ਆਬਾਦੀ ਦਿਵਸ ਦਾ ਮਕਸਦ ਸਿਰਫ਼ ਗਿਣਤੀ ਨੂੰ ਨਿਯੰਤਰਿਤ ਕਰਨਾ ਨਹੀਂ ਸਗੋਂ ਹਰ ਨਾਗਰਿਕ ਨੂੰ ਵਡਮੁੱਲੀ ਮਨੁੱਖੀ ਪੂੰਜੀ ਵਜੋਂ ਵਿਕਸਿਤ ਕਰਨਾ ਹੈ।

ਭਾਰਤ ਕੋਲ ਅਜੇ ਵੀ ਇੱਕ ਵੱਡਾ ਜਨਸੰਖਿਆ ਲਾਭ ਹੈ, ਪਰ ਇਹ ਮੌਕਾ ਸੀਮਿਤ ਸਮੇਂ ਤੱਕ ਹੀ ਹੈ। ਅਗਲੇ ਇੱਕ ਦਹਾਕੇ ਵਿੱਚ ਸਿੱਖਿਆ, ਹੁਨਰ ਵਿਕਾਸ, ਮਹਿਲਾ ਕਾਰਜਬਲ ਅਤੇ ਤਕਨੀਕੀ ਤਿਆਰੀ ਬਾਰੇ ਲਏ ਫ਼ੈਸਲੇ ਹੀ ਇਹ ਤੈਅ ਕਰਨਗੇ ਕਿ ਕੀ ਭਾਰਤ ਵਿਕਸਿਤ ਰਾਸ਼ਟਰ ਬਣੇਗਾ ਜਾਂ ਸਿਰਫ਼ ਬੁਢਾਪੇ ਵੱਲ ਵਧਦਾ ਮੁਲਕ। ਵੱਡੀ ਪਰ ਗ਼ੈਰ-ਹੁਨਰਮੰਦ ਆਬਾਦੀ ਬੋਝ ਬਣ ਸਕਦੀ ਹੈ ਜਦੋਂਕਿ ਸਿਹਤਮੰਦ ਅਤੇ ਹੁਨਰਮੰਦ ਮਨੁੱਖੀ ਪੂੰਜੀ ਭਾਰਤ ਨੂੰ ਵਿਸ਼ਵ ਆਰਥਿਕਤਾ ਦਾ ਆਗੂ ਬਣਾ ਸਕਦੀ ਹੈ। ਭਾਰਤ ਦਾ ਭਵਿੱਖ ਇਸ ਗੱਲ ’ਤੇ ਨਿਰਭਰ ਨਹੀਂ ਕਰਦਾ ਕਿ ਉਸ ਕੋਲ ਕਿੰਨੇ ਲੋਕ ਹਨ ਸਗੋਂ ਇਸ ਗੱਲ ’ਤੇ ਨਿਰਭਰ ਹੈ ਕਿ ਉਹ ਲੋਕ ਕਿੰਨੇ ਸਮਰੱਥ ਅਤੇ ਉਤਪਾਦਕ ਹਨ।

# ਹਾਦਸਾਗ੍ਰਸਤ ਵਾਹਨ



ਹਿਮਾਚਲ ਪ੍ਰਦੇਸ਼ ਹਾਈ ਕੋਰਟ ਨੇ ਇੱਕ ਅਜਿਹੀ ਸਮੱਸਿਆ ਵੱਲ ਧਿਆਨ ਦਿਵਾਉਣ ਦਾ ਚੰਗਾ ਉੱਦਮ ਕੀਤਾ ਹੈ ਜਿਸ ਨੂੰ ਅਕਸਰ ਅਣਗੌਲਿਆ ਕਰ ਦਿੱਤਾ ਜਾਂਦਾ ਹੈ। ਇਹ ਸਮੱਸਿਆ ਹੈ ਦੁਰਘਟਨਾਗ੍ਰਸਤ ਵਾਹਨਾਂ ਦਾ ਸੜਕਾਂ ਕੰਢੇ ਲਾਵਾਰਿਸ ਹਾਲਤ ਵਿੱਚ ਪਿਆ ਰਹਿਣਾ ਹੈ। ਹਾਈ ਕੋਰਟ ਨੇ ਇਹ ਟਿੱਪਣੀ ਸ਼ਿਮਲਾ ਹਵਾਈ ਅੱਡੇ ਨੂੰ ਜਾਣ ਵਾਲੀ ਸੜਕ ਅਤੇ ਜ਼ਿਲ੍ਹਾ ਅਦਾਲਤਾਂ ਨੇੜੇ ਪਏ ਹਾਦਸਾਗ੍ਰਸਤ ਵਾਹਨਾਂ ਦੇ ਮਾਮਲੇ ’ਚ ਕੀਤੀ ਹੈ। ਇਹ ਵਾਹਨ ਸੜਕ ਸੁਰੱਖਿਆ ਲਈ ਖ਼ਤਰਾ ਹਨ, ਵਾਤਾਵਰਨ ਨੂੰ ਨੁਕਸਾਨ ਪਹੁੰਚਾ ਰਹੇ ਹਨ ਅਤੇ ਪ੍ਰਸ਼ਾਸਨਿਕ ਲਾਪਰਵਾਹੀ ਦੀ ਜਿਊਂਦੀ ਜਾਗਦੀ ਮਿਸਾਲ ਹਨ। ਪਹਾੜੀ ਰਾਜਾਂ ਵਿੱਚ ਜਿੱਥੇ ਸੜਕਾਂ ਤੰਗ ਤੇ ਮੋੜ-ਘੇੜ ਵਾਲੀਆਂ ਹੁੰਦੀਆਂ ਹਨ, ਉੱਥੇ ਹਰ ਵੇਲੇ ਜ਼ਮੀਨ ਖਿਸਕਣ ਦਾ ਖ਼ਤਰਾ ਬਣਿਆ ਰਹਿੰਦਾ ਹੈ। ਅਜਿਹੇ ਵਿੱਚ ਇੱਕ-ਇੱਕ ਇੰਚ ਰਸਤਾ ਮਾਇਨੇ ਰੱਖਦਾ ਹੈ। ਉਂਝ, ਸੜਕਾਂ ’ਤੇ ਲਾਵਾਰਿਸ ਹਾਲਤ ਵਿੱਚ ਪਏ ਹਾਦਸਾਗ੍ਰਸਤ ਵਾਹਨ ਵਾਧੂ ਥਾਂ ਘੇਰ ਰਹੇ ਹਨ, ਜਿਸ ਕਾਰਨ ਵਾਹਨਾਂ ਚਾਲਕਾਂ ਨੂੰ ਤਿੱਖੇ ਕੂਹਣੀ ਮੋੜਾਂ ’ਤੇ ਅੱਗੇ ਦੇਖਣ ਵਿੱਚ ਦਿੱਕਤ ਆਉਂਦੀ ਹੈ। ਹੋਰ ਤਾਂ ਹੋਰ ਇਹ ਐਮਰਜੈਂਸੀ ਆਵਾਜਾਈ ਸੇਵਾਵਾਂ ਲਈ ਵੀ ਅੜਿੱਕਾ ਬਣੇ ਹੋਏ ਹਨ। ਅਜਿਹੇ ਕਾਰਨ ਕਰ ਕੇ ਹੋਰ ਹਾਦਸੇ ਵਾਪਰਨ ਦਾ ਖ਼ਤਰਾ ਵਧ ਜਾਂਦਾ ਹੈ, ਖਾਸ ਕਰ ਕੇ ਮੌਨਸੂਨ ਦੇ ਮੌਸਮ ਦੌਰਾਨ ਜਦੋਂ ਸੜਕਾਂ ’ਤੇ ਤਿਲਕਣ ਅਤੇ ਘੱਟ ਦਿਸਣ ਹੱਦ ਡਰਾਈਵਰਾਂ ਦੀ ਪ੍ਰੀਖਿਆ ਲੈਂਦੀ ਹੋਵੇ। ਹਾਈ ਕੋਰਟ ਦਾ ਕਹਿਣਾ ਹੈ ਕਿ ਜਨਤਕ ਸੜਕਾਂ ਨੂੰ ਕਬਾੜਖਾਨਾ ਬਣਾਉਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ ਹੈ।

ਇਸ ਵਰਤਾਰੇ ਦਾ ਵਾਤਾਵਰਨ ’ਤੇ ਵੀ ਮਾੜਾ ਅਸਰ ਪੈ ਰਿਹਾ ਹੈ ਕਿਉਂਕਿ ਹਾਦਸਗ੍ਰਸਤ ਵਾਹਨਾਂ ’ਚੋਂ ਅਕਸਰ ਈਂਧਣ, ਇੰਜਣ ਤੇਲ, ਕੂਲੈਂਟ ਅਤੇ ਬੈਟਰੀਆਂ ਦਾ ਤੇਜ਼ਾਬ ਰਿਸਦਾ ਰਹਿੰਦਾ ਹੈ ਜਿਸ ਨਾਲ ਮਿੱਟੀ ਅਤੇ ਜਲ ਸਰੋਤ ਪ੍ਰਦੂਸ਼ਿਤ ਹੋ ਸਕਦੇ ਹਨ। ਵਾਤਾਵਰਨ ਪੱਖੋਂ ਸੰਵੇਦਨਸ਼ੀਲ ਹਿਮਾਲਿਆ ਵਰਗੇ ਖਿੱਤੇ ਨੂੰ ਅਜਿਹੇ ਪ੍ਰਦੂਸ਼ਣ ਦੇ ਦੂਰਗਾਮੀ ਨਤੀਜੇ ਭੁਗਤਣੇ ਪੈ ਸਕਦੇ ਹਨ। ਹਾਲਾਂਕਿ ਇਹ ਸਮੱਸਿਆ ਪੁਲੀਸ, ਟਰਾਂਸਪੋਰਟ ਵਿਭਾਗ, ਨਗਰ ਨਿਗਮ ਤੇ ਨਗਰ ਕੌਂਸਲਾਂ, ਬੀਮਾ ਕੰਪਨੀਆਂ ਅਤੇ ਨਿਆਂਪਾਲਿਕਾ ਵਿਚਾਲੇ ਤਾਲਮੇਲ ਦੀ ਘਾਟ ਕਾਰਨ ਪੈਦਾ ਹੋਈ ਜਾਪਦੀ ਹੈ। ਉਂਝ, ਹਾਦਸਿਆਂ ਦੇ ਕੇਸਾਂ ਦੀਆਂ ਪੜਤਾਲਾਂ ਲਟਕਣਾ, ਬੀਮੇ ਸਬੰਧੀ ਵਿਵਾਦ ਅਤੇ ਵਾਹਨਾਂ ਨੂੰ ਰੱਖਣ ਲਈ ਥਾਂ ਮੁਕੱਰਰ ਨਾ ਹੋਣ ਕਾਰਨ ਇਹ ਗੱਡੀਆਂ ਲੰਮੇ ਸਮੇਂ ਤੱਕ ਸੜਕਾਂ ਕੰਢੇ ਪਈਆਂ ਰਹਿੰਦੀਆਂ ਹਨ।

ਹਾਈ ਕੋਰਟ ਨੇ ਇਸ ਮਾਮਲੇ ਵਿੱਚ ਵਿਆਪਕ ਐਕਸ਼ਨ ਪਲਾਨ ਦੀ ਮੰਗ ਕੀਤੀ ਹੈ। ਅਸਲ ਵਿੱਚ ਹਿਮਾਚਲ ਪ੍ਰਦੇਸ਼ ਵਿੱਚ ਜ਼ਬਤ ਗੱਡੀਆਂ ਲਈ ਖਾਸ ਯਾਰਡ, ਡਿਜੀਟਲ ਐਂਟਰੀ, ਹਾਦਸਾਗ੍ਰਸਤ ਵਾਹਨਾਂ ਨੂੰ ਛੱਡਣ ਲਈ ਤੈਅ ਸਮਾਂ-ਸੀਮਾ ਵਾਲੀ ਪ੍ਰਕਿਰਿਆ ਅਤੇ ਕਬਾੜਖਾਨਿਆਂ ਰਾਹੀਂ ਇਨ੍ਹਾਂ ਦੀ ਵਿਗਿਆਨਕ ਢੰਗ ਨਾਲ ਮੁੜ ਵਰਤੋਂ ਕਰਨ ਲਈ ਰੀਸਾਈਕਲਿੰਗ ਪਲਾਂਟਾਂ ਦੀ ਲੋੜ ਹੈ। ਸੁਪਰੀਮ ਕੋਰਟ ਨੇ ਵੀ ਵਾਰ-ਵਾਰ ਇਸ ਗੱਲ ’ਤੇ ਜ਼ੋਰ ਦਿੱਤਾ ਹੈ ਕਿ ਜ਼ਬਤ ਵਾਹਨਾਂ ਨੂੰ ਅਣਮਿੱਥੇ ਸਮੇਂ ਲਈ ਸੜਕਾਂ ਕੰਢੇ ਨਹੀਂ ਛੱਡਿਆ ਜਾ ਸਕਦਾ। ਸੜਕ ਸੁਰੱਖਿਆ ਦਾ ਮਤਲਬ ਮਹਿਜ਼ ਆਵਾਜਾਈ ਨਿਯਮਾਂ ਨੂੰ ਲਾਗੂ ਕਰਨਾ ਜਾਂ ਢਾਂਚੇ ਨੂੰ ਬਿਹਤਰ ਬਣਾਉਣਾ ਨਹੀਂ ਹੈ, ਸਗੋਂ ਹਾਦਸਾਗ੍ਰਸਤ ਵਾਹਨਾਂ ਨੂੰ ਜਨਤਕ ਥਾਵਾਂ ਤੋਂ ਹਟਾਉਣਾ ਬੁਨਿਆਦੀ ਪ੍ਰਸ਼ਾਸਨਿਕ ਜ਼ਿੰਮੇਵਾਰੀ ਹੈ ਜੋ ਮਨੁੱਖੀ ਜਾਨਾਂ ਬਚਾਉਣ ’ਚ ਮਦਦਗਾਰ ਸਾਬਿਤ ਹੁੰਦੀ ਹੈ।

# ਪਾਕਿਸਤਾਨ 'ਚ ਇਤਿਹਾਸਕ ਗੁਰਦੁਆਰਿਆਂ ਦੀ ਸਥਿਤੀ: ਤੱਥ ਤੇ ਸੱਚ

ਪ੍ਰੋ. ਸਰਚਾਂਦ ਸਿੰਘ ਖਿਆਲਾ
9781355522



ਪਾਕਿਸਤਾਨੀ ਪੰਜਾਬ 'ਚ ਫਾਰੂਕਾਬਾਦ ਦੇ 125 ਸਾਲ ਪੁਰਾਣੇ ਇਤਿਹਾਸਕ ਗੁਰਦੁਆਰੇ ਨੂੰ ਭੂ-ਮਾਫ਼ੀਆ ਵੱਲੋਂ ਸਥਾਨਕ ਪ੍ਰਸ਼ਾਸਨ ਦੀ ਮਿਲੀਭੁਗਤ ਨਾਲ ਢਾਹੇ ਜਾਣ ਦੀ ਘਟਨਾ ਨੇ ਵਿਸ਼ਵ ਭਰ ਦੇ ਸਿੱਖ ਭਾਈਚਾਰੇ ਨੂੰ ਗਹਿਰੀ ਠੇਸ ਪਹੁੰਚਾਈ ਹੈ। ਗੁਰਦੁਆਰੇ ਕੇਵਲ ਪੂਜਾ ਅਸਥਾਨ ਨਹੀਂ, ਸਗੋਂ ਸਿੱਖ ਇਤਿਹਾਸ ਤੇ ਵਿਰਾਸਤੀ ਧ੍ਰੋਹਰ ਹਨ। ਅੱਜ ਕਈ ਇਤਿਹਾਸਕ ਗੁਰਦੁਆਰਿਆਂ ਦੀ ਹੋਂਦ ਖ਼ਤਰੇ 'ਚ ਹਨ, ਹਿੰਦੂ ਮੰਦਰਾਂ ਦੀ ਸਥਿਤੀ ਵੀ ਇਸ ਤੋਂ ਵੱਖਰੀ ਨਹੀਂ , ਇਸੇ ਕਰਕੇ ਸਿੱਖ ਤੇ ਹਿੰਦੂ ਭਾਈਚਾਰੇ ਦੀ ਚਿੰਤਾ ਸੁਭਾਵਿਕ ਹੈ।

ਪਾਕਿਸਤਾਨ ਦੀ ਧਰਤੀ ਸਿੱਖ ਧਰਮ ਦੀ ਉਤਪਤੀ ਅਤੇ ਸ਼ਾਨਦਾਰ ਇਤਿਹਾਸਕ ਵਿਰਾਸਤ ਦਾ ਕੇਂਦਰ ਹੈ। ਵੰਡ ਤੋਂ ਪਹਿਲਾਂ ਇੱਥੇ ਸਿੱਖਾਂ ਦੀ ਸਮਾਜਿਕ, ਧਾਰਮਿਕ ਅਤੇ ਆਰਥਿਕ ਸਥਿਤੀ ਮਜ਼ਬੂਤ ਸੀ, ਪਰ 1947 ਤੋਂ ਬਾਅਦ ਹਾਲਾਤ ਬੁਰੀ ਤਰ੍ਹਾਂ ਬਦਲ ਗਏ। ਤਬਦੀਲੀ ਆਬਾਦੀ 'ਤੇ ਵੀ ਗਹਿਰਾ ਅਸਰ ਪਿਆ। 1941 ਵਿੱਚ ਮੌਜੂਦਾ ਪਾਕਿਸਤਾਨ ਦੇ ਖੇਤਰ ਵਿੱਚ ਸਿੱਖ ਆਬਾਦੀ ਲਗਭਗ 16 ਫ਼ੀਸਦੀ ਸੀ, ਜਦਕਿ 2023 ਦੀ ਮਰਦਮਸ਼ੁਮਾਰੀ ਅਨੁਸਾਰ ਇਹ ਘੱਟ ਕੇ ਕਰੀਬ 16 ਹਜ਼ਾਰ (ਲਗਭਗ 0.01 ਫ਼ੀਸਦੀ) ਰਹਿ ਗਈ ਹੈ।

### ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ: ਉਦੇਸ਼ ਅਤੇ ਹਕੀਕਤ

ਦੇਸ਼ ਵੰਡ ਤੋਂ ਬਾਅਦ ਪਾਕਿਸਤਾਨ ਵਿੱਚ ਰਹਿ ਗਏ ਹਿੰਦੂ ਮੰਦਰਾਂ ਅਤੇ ਸਿੱਖ ਗੁਰਦੁਆਰਿਆਂ ਦੀ ਦੇਖਭਾਲ ਲਈ ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ (ETPB) ਦੀ ਸਥਾਪਨਾ 1960 ਵਿੱਚ ਨਹਿਰੂ-ਲਿਆਕਤ (1950) ਅਤੇ ਪੰਤ-ਮਿਰਜ਼ਾ (1955) ਸਮਝੌਤਿਆਂ ਦੀ ਭਾਵਨਾ ਅਨੁਸਾਰ ਕੀਤੀ ਗਈ ਸੀ, ਜਿਸ ਨੂੰ 1975 ਵਿੱਚ ਸੰਵਿਧਾਨਕ ਸੰਸਥਾ ਦਾ ਦਰਜਾ ਮਿਲਿਆ।

ਸਮਝੌਤਿਆਂ ਦੀ ਰੂਹ ਮੁਤਾਬਕ ਇਸ ਦਾ ਚੇਅਰਮੈਨ ਗੈਰ-ਮੁਸਲਿਮ ਹੋਣਾ ਚਾਹੀਦਾ ਸੀ, ਪਰ ਪਾਕਿਸਤਾਨ ਦੀ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਦੇ ਬਾਵਜੂਦ ਇਹ ਪ੍ਰਬੰਧ ਕਦੇ ਲਾਗੂ ਨਹੀਂ ਹੋਇਆ। ਕੁਝ ਸਾਲ ਪਹਿਲਾਂ ਨਾਮਜ਼ਦ ਗੈਰ-ਮੁਸਲਿਮ ਮੈਂਬਰਾਂ ਨੂੰ ਵੀ ਕੋਈ ਖਾਸ ਭੂਮਿਕਾ ਨਹੀਂ ਮਿਲੀ। ਬੋਰਡ ਪਾਕਿਸਤਾਨ ਦੀ ਖ਼ੁਫ਼ੀਆ ਏਜੰਸੀ ਆਈ ਐਸ ਆਈ ਦੇ ਪ੍ਰਭਾਵ ਅਧੀਨ ਕੰਮ ਕਰਦਾ ਆ ਰਿਹਾ ਹੈ। ਗੁਰਦੁਆਰਿਆਂ ਨਾਲ ਸੰਬੰਧਿਤ ਜ਼ਿਆਦਾਤਰ ਪ੍ਰਸ਼ਾਸਕੀ ਅਤੇ ਸੰਪਤੀ ਸਬੰਧੀ ਅਧਿਕਾਰ ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ ਕੋਲ ਹਨ। ਬੋਰਡ ਦੀ ਸਾਲਾਨਾ ਆਮਦਨ 2023-24 ਵਿੱਚ 472 ਕਰੋੜ ਰਹੀ। 2024-25 ਵਿੱਚ 565 ਕਰੋੜ ਰੁਪਏ ਦੀ ਆਮਦਨ ਵਿੱਚੋਂ ਕੇਵਲ ਲਗਭਗ 113 ਕਰੋੜ ਰੁਪਏ ਕਾਰਜਸ਼ੀਲ 14 ਮੰਦਰਾਂ ਤੇ 21 ਗੁਰਦੁਆਰਿਆਂ 'ਤੇ ਖ਼ਰਚ ਕੀਤੇ ਗਏ, ਜਦਕਿ ਬਾਕੀ ਰਕਮ ਤਨਖ਼ਾਹਾਂ, ਪੈਨਸ਼ਨਾਂ, ਪ੍ਰਬੰਧਕੀ ਖ਼ਰਚਿਆਂ ਅਤੇ ਹੋਰ ਪ੍ਰਸ਼ਾਸਕੀ ਮੱਦਾਂ 'ਤੇ ਖ਼ਰਚ ਕੀਤੇ ਗਏ। ਹੋਣ ਦੀ ਜਾਣਕਾਰੀ ਸਾਹਮਣੇ ਆਉਂਦੀ ਹੈ। ਅਧਿਕਾਰਕ ਅੰਕੜਿਆਂ ਅਨੁਸਾਰ ਪਾਕਿਸਤਾਨ ਵਿੱਚ 517 ਗੁਰਦੁਆਰੇ ਅਤੇ 1,130 ਹਿੰਦੂ ਮੰਦਰ ਹਨ।

ਬੋਰਡ ਦੀ ਇਹ ਆਮਦਨ ਵੰਡ ਸਮੇਂ ਛੱਡੀ ਗਈ ਧਾਰਮਿਕ ਅਦਾਰਿਆਂ ਦੇ 1,09,404 ਏਕੜ ਵਾਹੀਯੋਗ ਜ਼ਮੀਨ ਅਤੇ 46,499 ਸ਼ਹਿਰੀ ਸੰਪਤੀਆਂ ਵਿਚੋਂ 75,055 ਏਕੜ ਜ਼ਮੀਨ ਅਤੇ 15,849 ਸ਼ਹਿਰੀ ਯੂਨਿਟਾਂ ਨੂੰ ਲੀਜ਼ 'ਤੇ ਦੇਣ ਨਾਲ ਹੋਈ । ਇਸ ਸਥਿਤੀ 'ਚ ਬਾਕੀ 34,349 ਏਕੜ ਜ਼ਮੀਨ ਅਤੇ 30,650 ਸ਼ਹਿਰੀ ਯੂਨਿਟਾਂ ਨੂੰ ਲੀਜ਼ 'ਤੇ ਨਹੀਂ ਦਿੱਤੀ ਗਈ ਤਾਂ ਕੀ ਇਹ ਸੰਪਤੀ ਨਜਾਇਜ਼ ਕਬਜ਼ਿਆਂ ਹੇਠ ਹਨ ?

### ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ: ਸੀਮਤ ਅਧਿਕਾਰਾਂ ਵਾਲੀ ਸੰਸਥਾ

ਪਾਕਿਸਤਾਨ 'ਚ ਗੁਰਦੁਆਰਿਆਂ ਦੇ ਪ੍ਰਬੰਧ ਸੰਬੰਧੀ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (PSGPC) ਵੀ ਮੌਜੂਦ ਹੈ। ਜਿਸ ਦੀ ਸਥਾਪਨਾ 1999 ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਦੇ ਸਮਾਨਾਂਤਰ ਇੱਕ ਪ੍ਰਬੰਧਕੀ ਢਾਂਚੇ ਵਜੋਂ ਕੀਤੀ ਗਈ। ਪਰ ਇਸ ਦੇ ਪ੍ਰਧਾਨ ਸਮੇਤ 13 ਮੈਂਬਰ ਪਾਕਿਸਤਾਨ ਸਰਕਾਰ ਵੱਲੋਂ ਹੀ ਨਾਮਜ਼ਦ ਕੀਤੇ ਜਾਂਦੇ ਹਨ।

ਕਮੇਟੀ ਦੀ ਭੂਮਿਕਾ ਮੁੱਖ ਤੌਰ 'ਤੇ ਕਾਰਜਸ਼ੀਲ ਗੁਰਦੁਆਰਿਆਂ ਦੀਆਂ ਗੋਲਕਾਂ ਵਿੱਚ ਪ੍ਰਾਪਤ ਭੇਟਾਵਾਂ ਦਾ ਪ੍ਰਬੰਧ, ਗੁਰੂ ਕਾ ਲੰਗਰ, ਕੜਾਹ ਪ੍ਰਸ਼ਾਦ, ਯਾਤਰੀਆਂ ਲਈ ਰਿਹਾਇਸ਼ ਅਤੇ ਹੋਰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਦੇ ਨਾਲ ਗ੍ਰੰਥੀ ਸਿੰਘਾਂ, ਰਾਗੀ ਜਥਿਆਂ ਅਤੇ ਹੋਰ ਸੇਵਾਦਾਰਾਂ ਦੇ ਮਾਣ-ਭੱਤਿਆਂ ਦਾ ਪ੍ਰਬੰਧ ਕਰਨ ਤੱਕ ਸੀਮਤ ਹੈ। ਜਿਸ ਨੇ ਪਿਛਲੇ 26 ਸਾਲਾਂ ਦੌਰਾਨ ਇਕ ਵਾਰ ਵੀ ਆਪਣੇ ਸਾਲਾਨਾ ਬਜਟ ਜਾਂ ਆਮਦਨ-ਖ਼ਰਚ ਦੇ ਵੇਰਵੇ ਜਨਤਕ ਨਹੀਂ ਕੀਤਾ ਹੈ। ਤਾਂ ਹੀ ਇਸ ਦੀ ਵਿੱਤੀ ਪਾਰਦਰਸ਼ਤਾ ਅਤੇ ਜਵਾਬਦੇਹੀ ਬਾਰੇ ਸਵਾਲ ਉੱਠਦੇ ਰਹੇ ਹਨ। ਇਸ ਤੋਂ ਇਲਾਵਾ 'ਪੰਜਾਬੀ ਸੰਗਤ' ਨਾਮ ਦੀ ਇੱਕ ਸੰਸਥਾ ਵੀ ਸਰਗਰਮ ਹੈ, ਜੋ ਅਖੰਡ ਪਾਠ ਅਤੇ ਵਿਦੇਸ਼ਾਂ ਤੋਂ ਆਉਣ ਵਾਲੀਆਂ ਸੰਗਤਾਂ ਨਾਲ ਤਾਲਮੇਲ ਦਾ ਕੰਮ ਕਰਦੀ ਹੈ। ਪਰ ਇਹ ਆਪਣੇ ਆਕਾਵਾਂ ਦੇ ਇਸ਼ਾਰੇ 'ਤੇ ਧਾਰਮਿਕ ਸੇਵਾ ਤੋਂ ਵੱਧ ਗੁਰਪੁਰਬਾਂ ਅਤੇ ਯਾਤਰਾਵਾਂ ਦੌਰਾਨ ਖਾਲਿਸਤਾਨ-ਸਮਰਥਕ ਰਾਜਨੀਤਿਕ ਪ੍ਰਚਾਰ ਨੂੰ ਉਤਸ਼ਾਹਿਤ ਕਰਦੀ ਹੈ।

### ਧਾਰਮਿਕ ਵਿਰਾਸਤ 'ਤੇ ਕਥਿਤ ਹਮਲੇ ਅਤੇ ਵਧਦੇ ਵਿਵਾਦ

ਭਾਵੇਂ ਪਾਕਿਸਤਾਨ ਦੇ ਸੰਵਿਧਾਨ ਦੀ ਧਾਰਾ 20 ਗੈਰ-ਮੁਸਲਮਾਨਾਂ ਨੂੰ ਧਾਰਮਿਕ ਆਜ਼ਾਦੀ ਦੀ ਗਾਰੰਟੀ ਦਿੰਦੀ ਹੈ, ਪਰ ਵਿਹਾਰਕ ਤੌਰ 'ਤੇ ਉਨ੍ਹਾਂ ਨੂੰ ਇਹ ਹੱਕ ਹਾਸਲ ਨਹੀਂ ਹਨ। ਦੋ ਸਾਲ ਪਹਿਲਾਂ ਬਰਤਾਨਵੀ ਫ਼ੀਲਡ ਆਰਮੀ ਦੇ ਸਿੱਖ ਫ਼ੌਜੀਆਂ ਦੇ ਇੱਕ ਵਫ਼ਦ ਨਾਲ ਮੁਲਾਕਾਤ ਦੌਰਾਨ ਤਤਕਾਲੀ ਪਾਕਿਸਤਾਨੀ ਸੈਨਾ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਨੇ ਕਰਤਾਰਪੁਰ ਲਾਂਘੇ ਦਾ ਹਵਾਲਾ ਦਿੰਦਿਆਂ ਧਾਰਮਿਕ ਆਜ਼ਾਦੀ ਅਤੇ ਸਦਭਾਵਨਾ ਪ੍ਰਤੀ ਪਾਕਿਸਤਾਨ ਦੀ 'ਵਚਨਬੱਧਤਾ' ਦਾ ਦਾਅਵਾ ਕੀਤਾ ਸੀ। ਪਰ ਦੂਜੇ ਪਾਸੇ ਸਰਹੱਦੀ ਖੇਤਰਾਂ ਦੇ ਕਈ ਗੁਰਧਾਮਾਂ ਤੱਕ ਪਾਕਿਸਤਾਨੀ ਸਿੱਖਾਂ ਦੀ ਪਹੁੰਚ ਤਾਂ ਦੂਰ ਉਨ੍ਹਾਂ ਨੂੰ 'ਦੁਸ਼ਮਣ ਦੀ ਜਾਇਦਾਦ' ਤਕ ਕਰਾਰ ਦਿਤਾ ਗਿਆ ਹੋਵੇ ਤਾਂ ਇਨਾਂ ਦਾਅਵਿਆਂ ਦੇ ਕੀ ਅਰਥ ਰਹਿ ਜਾਂਦੇ ਹਨ ? ਇਤਿਹਾਸਕ ਗੁਰਦੁਆਰਿਆਂ, ਮੰਦਰਾਂ ਅਤੇ ਉਨ੍ਹਾਂ ਨਾਲ ਸੰਬੰਧਿਤ ਸੰਪਤੀਆਂ 'ਤੇ ਕਬਜ਼ਿਆਂ, ਦੁਰਵਰਤੋਂ ਅਤੇ ਅਣਗਹਿਲੀ ਲਗਾਤਾਰ ਸਾਹਮਣੇ ਆਉਂਦੀ ਰਹੀ। ਕਈ ਮਾਮਲਿਆਂ ਵਿੱਚ ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ ਦੇ ਸਾਬਕਾ ਚੇਅਰਮੈਨ ਸਦੀਕ-ਉਲ-ਫ਼ਾਰੂਕ ਸਮੇਤ ਹੋਰਨਾਂ 'ਤੇ ਭੂ-ਮਾਫ਼ੀਆ ਦੀ ਮਦਦ ਕਰਨ ਕਾਰਨ ਬੋਰਡ ਦੀ ਭੂਮਿਕਾ ਵੀ ਕਈ ਵਾਰ ਸਵਾਲਾਂ ਦੇ ਘੇਰੇ ਵਿੱਚ ਰਹੀ। ਕਈ ਵਾਰ ਮਾਮਲੇ ਪਾਕਿਸਤਾਨ ਦੀ ਸੰਸਦ ਅਤੇ ਸੁਪਰੀਮ ਕੋਰਟ ਤੱਕ ਪਹੁੰਚੇ ਹਨ।

ਅਪ੍ਰੈਲ 2024 ਵਿੱਚ ਸੰਸਦ ਮੈਂਬਰ ਸੇਜਰਾ ਅਲੀ ਖ਼ਾਨ ਨੇ ਸ੍ਰੀ ਨਨਕਾਣਾ ਸਾਹਿਬ ਨਾਲ ਸੰਬੰਧਿਤ ਲਗਭਗ 20 ਏਕੜ ਜ਼ਮੀਨ ਦੇ ਮਾਮਲੇ ਵਿੱਚ ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ ਦੀ ਜਾਂਚ ਦੀ ਮੰਗ ਕੀਤੀ। ਇਸ ਤੋਂ ਬਾਅਦ ਫ਼ਰਵਰੀ 2025 ਵਿੱਚ ਸੁਪਰੀਮ ਕੋਰਟ ਦੇ ਨਿਰਦੇਸ਼ਾਂ 'ਤੇ ਧਾਰਮਿਕ ਮੰਤਰਾਲੇ ਨੇ ਬੋਰਡ ਦਾ ਰਿਕਾਰਡ ਆਪਣੇ ਕਬਜ਼ੇ ਵਿੱਚ ਲੈ ਕੇ ਜਾਂਚ ਸ਼ੁਰੂ ਕੀਤੀ।

ਤਾਜ਼ਾ ਮਾਮਲਿਆਂ ਵਿੱਚ ਮੰਡੀ ਚੂੜਕਾਣਾ ਦੇ 125 ਸਾਲ ਪੁਰਾਣੇ ਗੁਰਦੁਆਰਾ ਸਿੰਘ ਸਭਾ ਨੂੰ ਜਬਰੀ ਢਾਹੇ ਜਾਣ ਅਤੇ ਕੁਝ ਵਕਤ ਪਹਿਲਾਂ ਸਿੱਖ ਰਾਜ ਸਮੇਂ ਦੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ (ਐਬਟਾਬਾਦ) ਨੂੰ ਬੋਰਡ ਦੇ ਅਧਿਕਾਰੀ ਵੱਲੋਂ ਵੇਚੇ ਜਾਣਾ ਸ਼ਾਮਲ ਹੈ। ਇਸ ਤੋਂ ਪਹਿਲਾਂ 2017 ਵਿੱਚ ਕਟਾਸ ਰਾਜ ਦੇ ਲਗਭਗ 1,500 ਸਾਲ ਪੁਰਾਣੇ ਸ਼੍ਰੀ ਰਾਮ ਅਤੇ ਹਨੂਮਾਨ ਮੰਦਰਾਂ ਦੀਆਂ ਕੀਮਤੀ ਮੂਰਤੀਆਂ ਗ਼ਾਇਬ ਹੋਣ ਦਾ ਮਾਮਲਾ ਸੁਪਰੀਮ ਕੋਰਟ ਤੱਕ ਪਹੁੰਚਿਆ। 2014 ਵਿੱਚ ਡੇਰਾ ਇਸਮਾਈਲ ਖ਼ਾਨ ਦਾ ਇਤਿਹਾਸਕ ਕਾਲੀ ਬਾਰੀ ਮੰਦਰ ਤਾਜ ਹੋਟਲ ਵਿੱਚ ਤਬਦੀਲ ਕਰ ਦਿੱਤਾ ਗਿਆ।

ਲਾਹੌਰ ਦੇ ਡੇਰਾ ਸਾਹਿਬ ਕੰਪਲੈਕਸ ਸਥਿਤ ਗੁਰਦੁਆਰਾ ਬੇਬੇ ਨਾਨਕੀ ਨਾਲ ਸੰਬੰਧਿਤ ਲਗਭਗ 800 ਕਰੋੜ ਰੁਪਏ ਮੁੱਲ ਦੀ ਜ਼ਮੀਨ ਨੂੰ ਰਿਹਾਇਸ਼ੀ ਕਾਲੋਨੀ ਕੱਟਣ ਦੇ ਨਾਂ 'ਤੇ ਖ਼ੁਰਦ-ਬੁਰਦ ਕਰ ਦਿੱਤਾ ਗਿਆ, ਜਦਕਿ 2019 ਵਿੱਚ ਨੈਰੋਵਾਲ ਦੇ ਸਦੀਆਂ ਪੁਰਾਣੇ ਨਾਨਕ ਮਹਿਲ ਦਾ ਇੱਕ ਹਿੱਸਾ ਢਾਹ ਕੇ ਉਸ ਦੇ ਕੀਮਤੀ ਦਰਵਾਜ਼ੇ ਅਤੇ ਖਿੜਕੀਆਂ ਵੇਚੇ ਜਾਣ ਦੇ ਮਾਮਲੇ ਸਾਹਮਣੇ ਆਏ। ਸਾਲ 2011 ਵਿੱਚ ਚੂਨਾ ਮੰਡੀ, ਲਾਹੌਰ ਸਥਿਤ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਅਸਥਾਨ ਨੇੜੇ ਗੁਰਦੁਆਰਾ ਦੀਵਾਨਖਾਨਾ ਸੁੰਦਰ ਦੀ ਜ਼ਮੀਨ ਵੇਚੇ ਜਾਣ ਤੋਂ ਬਾਅਦ ਉਸ ਦੀ ਹੋਂਦ ਹੀ ਮਿਟ ਗਈ। ਰਾਵਲਪਿੰਡੀ ਦੇ ਰਾਜਾ ਬਜ਼ਾਰ ਸਥਿਤ ਗੁਰਦੁਆਰਾ ਸ੍ਰੀ ਦਮਦਮਾ ਸਾਹਿਬ ਕੰਪਲੈਕਸ ਬੁੱਚੜਖ਼ਾਨੇ, ਮੀਟ ਦੀਆਂ ਦੁਕਾਨਾਂ ਅਤੇ ਹੋਰ ਵਪਾਰਕ ਵਰਤੋਂ ਦਾ ਸ਼ਿਕਾਰ ਹੋਣਾ ਸਿੱਖ ਹਿਰਦਿਆਂ ਨੂੰ ਵਲੂੰਧਰਨ ਦਾ ਕਾਰਨ ਕਿਵੇਂ ਨਾ ਬਣਦਾ ?

ਮਹਾਰਾਜਾ ਰਣਜੀਤ ਸਿੰਘ ਵੱਲੋਂ ਬਣਵਾਇਆ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਹਲਾ ਮੰਡੀ (ਸਾਹੀਵਾਲ) ਨੂੰ ਪੁਲੀਸ ਥਾਣੇ ਵਿੱਚ ਤਬਦੀਲ ਕੀਤਾ ਜਾ ਚੁੱਕਾ ਹੈ। ਗੁਰਦੁਆਰਾ ਬਾਬੇ ਦੀ ਬੇਰ (ਸਿਆਲਕੋਟ), ਗੁਰਦੁਆਰਾ ਭਾਈ ਲਾਲੋ ਜੀ (ਤਤਲੇਆਂਨੀ), ਗੁਰਦੁਆਰਾ ਬਾਬਾ ਜਮੀਅਤ ਸਿੰਘ (ਲਾਹੌਰ), ਸ਼ਹੀਦ ਭਾਈ ਤਾਰੂ ਸਿੰਘ ਦੀ ਸਮਾਧ ਕੋਲ (ਲਾਹੌਰ) ਅਤੇ ਗੁਰਦੁਆਰਾ ਪਾਤਸ਼ਾਹੀ ਛੇਵੀਂ (ਅਮਰ ਸਿੱਧੂ) ਵਿਖੇ ਨਜਾਇਜ਼ ਕਬਜ਼ਿਆਂ ਦੇ ਮਕਸਦ ਨਾਲ ਪੀਰਾਂ ਦੀਆਂ ਥਾਵਾਂ ਬਣਾ ਦਿੱਤੀਆਂ ਗਈਆਂ ਹਨ। ਗੁਰਦੁਆਰਾ ਕਰਮ ਸਿੰਘ ਆਹਲੂਵਾਲੀਆ ਪਹਿਲਾਂ ਪੁਲਿਸ ਥਾਣੇ ਵਜੋਂ ਵਰਤਿਆ ਜਾਂਦਾ ਰਿਹਾ ਅਤੇ ਮੌਜੂਦਾ ਮੁਰੰਮਤ ਦੌਰਾਨ ਇਸ ਦੇ ਇਤਿਹਾਸ ਨਾਲ ਛੇੜਛਾੜ ਕੀਤੀ ਗਈ। ਜ਼ਿਲ੍ਹਾ ਕਸੂਰ ਦੇ ਪਿੰਡ ਦਫ਼ਤੂਹ ਦਾ ਇਤਿਹਾਸਕ ਗੁਰਦੁਆਰਾ, ਲਾਹੌਰ ਦੇ ਪਿੰਡ ਮਾਣਕ ਦਾ ਗੁਰਦੁਆਰਾ, ਇਸਲਾਮਾਬਾਦ ਨੇੜੇ ਕਨੇਹਾ ਦਾ ਗੁਰਦੁਆਰਾ ਅਤੇ ਪਿੰਡ ਕੁਰੀ ਦੀ ਇਤਿਹਾਸਕ ਸਿੱਖ ਬਾਰਾਂਦਰੀ ਪੂਰੀ ਤਰਾਂ ਢਹਿ-ਢੇਰੀ ਹੋਣ ਜਾ ਰਹੀ ਹੈ। ਕਸੂਰ ਦੇ ਫੂਲਨਗਰ ਸਥਿਤ ਗੁਰਦੁਆਰਾ ਭਾਈ ਫੇਰੂ, ਮੰਡੀ ਬਹਾਉਦੀਨ ਦੇ ਪਿੰਡ ਮੰਗਟ ਦਾ ਗੁਰਦੁਆਰਾ ਭਾਈ ਬੰਨੂ, ਜੈਸੁਖ ਦਾ ਗੁਰਦੁਆਰਾ ਕੇਹਰ ਸਿੰਘ, ਗੁਰਦੁਆਰਾ ਅਜੀਤਸਰ, ਉਕਾੜਾ ਦਾ ਦਰਬਾਰ ਬਾਬਾ ਸ੍ਰੀ ਚੰਦ, ਗੁਰਦੁਆਰਾ ਮਾਮੇਸਰ, ਛੋਟਾ ਨਣਕਿਆਣਾ, ਗੁਰਦੁਆਰਾ ਥੰਮ੍ਹ ਸਾਹਿਬ (ਕਸੂਰ), ਗੁਰਦੁਆਰਾ ਬਾਬਾ ਗੁਰਬਖ਼ਸ਼ ਸਿੰਘ (ਨੈਨਾਕੋਟ), ਗੁਰਦੁਆਰਾ ਟਾਹਲੀ ਸਾਹਿਬ ਅਤੇ ਗੁਰਦੁਆਰਾ ਰਾਮਪੁਰ ਖ਼ੁਰਦ 'ਤੇ ਕਥਿਤ ਕਬਜ਼ੇ ਕਰਕੇ ਪਸ਼ੂ ਬੰਨ੍ਹੇ ਜਾਣ ਦੀਆਂ ਸ਼ਿਕਾਇਤਾਂ ਸਾਹਮਣੇ ਆਈਆਂ ਹਨ।

ਇਸੇ ਤਰ੍ਹਾਂ ਗੁਰਦੁਆਰਾ ਸ਼ਹੀਦ ਗੰਜ ਭਾਈ ਮਨੀ ਸਿੰਘ (ਲਾਹੌਰ), ਗੁਰਦੁਆਰਾ ਸਿੰਘ ਸਭਾ (ਚਕਵਾਲ), ਗੁਰਦੁਆਰਾ ਸਮਾਧ ਭਾਈ ਥਾਨ ਸਿੰਘ (ਅਟਕ), ਗੁਰਦੁਆਰਾ ਬਲਾਕ ਨੰਬਰ-2 (ਸਰਗੋਧਾ), ਗੁਰਦੁਆਰਾ ਖੂਹ ਭਾਈ ਲਾਲੋ ਜੀ (ਐਮਨਾਬਾਦ), ਗੁਰਦੁਆਰਾ ਕਿਲ੍ਹਾ ਸ਼ੇਖ਼ੂਪੁਰਾ, ਗੁਰਦੁਆਰਾ ਚੁਬੱਚਾ ਸਾਹਿਬ, ਗੁਰਦੁਆਰਾ ਲਹੂ ਦਾ ਸਾਹਿਬ, ਗੁਰਦੁਆਰਾ ਕਿਲ੍ਹਾ ਸਾਹਿਬ (ਹਾਫ਼ਿਜ਼ਾਬਾਦ), ਗੁਰਦੁਆਰਾ ਸ੍ਰੀ ਟਿੱਬਾ ਨਾਨਕਸਰ ਸਾਹਿਬ (ਪਾਕਪਟਨ) ਅਤੇ ਹਰੀ ਸਿੰਘ ਨਲਵਾ ਵੱਲੋਂ ਉਸਾਰਿਆ ਮਾਨਸਹੇਰਾ ਸਥਿਤ ਗੁਰਦੁਆਰਾ ਸਾਹਿਬ ਵੀ ਅਣਗਹਿਲੀ, ਨਾਜਾਇਜ਼ ਕਬਜ਼ਿਆਂ ਜਾਂ ਮੁਰੰਮਤ ਦੀ ਉਡੀਕ 'ਚ ਹੈ। ਗੁੱਜਰਾਂਵਾਲਾ ਦੀ ਮੱਛੀ ਮੰਡੀ ਵਿੱਚ ਸਥਿਤ ਮਹਾਰਾਜਾ ਰਣਜੀਤ ਸਿੰਘ ਦੀ ਜੱਦੀ ਹਵੇਲੀ, ਸੁਰੱਖਿਅਤ ਸਮਾਰਕ ਐਲਾਨੇ ਜਾਣ ਦੇ ਬਾਵਜੂਦ, ਖੰਡਰ ਬਣ ਰਹੀ ਹੈ।

### ਬਾਰਡਰ ਨੇੜੇ ਖੰਡਿਤ ਹੋ ਰਹੇ ਗੁਰਦੁਆਰੇ

ਭਾਰਤ-ਪਾਕਿਸਤਾਨ ਸਰਹੱਦ ਨਾਲ ਲੱਗਦੇ ਅਨੇਕ ਇਤਿਹਾਸਕ ਗੁਰਦੁਆਰੇ ਵੀ ਅਣਗਹਿਲੀ ਕਾਰਨ ਖੰਡਰ ਬਣਦੇ ਜਾ ਰਹੇ ਹਨ। ਲਾਹੌਰ ਦੇ ਪਿੰਡ ਜਾਹਮਣ ਵਿੱਚ ਗੁਰੂ ਨਾਨਕ ਦੇਵ ਜੀ ਦੀ ਯਾਦ ਵਿੱਚ ਬਣਿਆ ਗੁਰਦੁਆਰਾ ਰੋੜੀ ਸਾਹਿਬ ਮੀਂਹ ਕਾਰਨ ਪਿਛਲੇ ਸਾਲ ਢਹਿ ਚੁੱਕਾ ਹੈ। ਸਰਹੱਦ ਨੇੜੇ ਕਰਤਾਰਪੁਰ ਸਾਹਿਬ ਕੋਲ ਹੁਦੀਆਰਾ ਦਾ ਗੁਰਦੁਆਰਾ ਪਾਤਸ਼ਾਹੀ ਛੇਵੀਂ, ਪਿੰਡ ਖੜਕ ਦਾ ਗੁਰਦੁਆਰਾ ਬੇਰ ਸਾਹਿਬ ਪਾਤਸ਼ਾਹੀ ਛੇਵੀਂ, ਪਢਾਣਾ ਦਾ ਗੁਰਦੁਆਰਾ ਛੇਵੀਂ ਪਾਤਸ਼ਾਹੀ, ਢਿਲਵਾਂ ਦਾ ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਛੇਵੀਂ, ਬਰਕੀ ਰੋਡ ਦਾ ਗੁਰਦੁਆਰਾ ਲਹੁੜਾ ਸਾਹਿਬ (ਪਹਿਲੀ ਪਾਤਸ਼ਾਹੀ), ਮਨਿਹਾਲਾ (ਸਾਧਾਂਵਾਲੀ) ਦਾ ਗੁਰਦੁਆਰਾ ਪਾਤਸ਼ਾਹੀ ਛੇਵੀਂ, ਰਾਮਪੁਰ ਖ਼ੁਰਦ ਦਾ ਗੁਰਦੁਆਰਾ ਪਾਤਸ਼ਾਹੀ ਛੇਵੀਂ, ਪਿੰਡ ਝੱਲੀਆਂ ਦਾ ਗੁਰਦੁਆਰਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ, ਕੰਗਣਪੁਰ ਦਾ ਗੁਰਦੁਆਰਾ ਮਾਲ ਜੀ ਸਾਹਿਬ, ਕਾਦੀਵਿੰਡ ਵਿਖੇ ਗੁਰੂ ਅਮਰਦਾਸ ਜੀ ਨਾਲ ਸੰਬੰਧਿਤ ਗੁਰਦੁਆਰਾ, ਤਰਗੇ ਦੀਆਂ ਇਤਿਹਾਸਕ ਯਾਦਗਾਰਾਂ, ਵਜ਼ੀਰਾਬਾਦ ਦਾ ਗੁਰਦੁਆਰਾ ਸ੍ਰੀ ਗੁਰੂ ਕੋਠਾ ਸਾਹਿਬ, ਤਰਗੀ ਨੇੜੇ ਗੁਰੂ ਰਾਮਦਾਸ ਜੀ ਨਾਲ ਸੰਬੰਧਿਤ ਗੁਰਦੁਆਰਾ ਝਾੜੀ ਸਾਹਿਬ ਖੰਡਿਤ ਹੋ ਕੇ ਅਲੋਪ ਹੋਣ ਕਿਨਾਰੇ ਹਨ।

ਮਕਬੂਜ਼ਾ ਕਸ਼ਮੀਰ (ਪੀਓਕੇ) ਦੀਆਂ ਤਹਿਸੀਲਾਂ ਨਲੂਛੀ ਅਤੇ ਭਿੰਬਰ ਦੇ ਪਿੰਡ ਅਲੀਬੇਗ ਵਿੱਚ ਸਥਿਤ ਛੇਵੀਂ ਪਾਤਸ਼ਾਹੀ ਨਾਲ ਸੰਬੰਧਿਤ ਗੁਰਦੁਆਰੇ ਸੇਵਾ-ਸੰਭਾਲ ਦੀ ਘਾਟ ਕਾਰਨ ਤਰਸਯੋਗ ਹਾਲਤ ਵਿੱਚ ਹਨ। ਪਾਕਿਸਤਾਨ ਵਾਲੇ ਪਾਸੇ ਸਰਹੱਦ ਨਾਲ ਲੱਗਦੇ ਲਗਭਗ 100 ਇਤਿਹਾਸਕ ਗੁਰਦੁਆਰੇ ਅਜਿਹੀ ਹੀ ਅਣਗਹਿਲੀ ਦਾ ਸ਼ਿਕਾਰ ਹਨ। ਕਈ ਥਾਵਾਂ 'ਤੇ ਸਥਾਨਕ ਲੋਕਾਂ ਨੇ ਉਨ੍ਹਾਂ ਵਿੱਚ ਮਾਲ-ਡੰਗਰ ਬੰਨ੍ਹੇ ਹੋਏ ਹਨ, ਪਰ ਇਨ੍ਹਾਂ ਗੁਰਧਾਮਾਂ ਨੂੰ ਨਾਜਾਇਜ਼ ਕਬਜ਼ਿਆਂ ਤੋਂ ਮੁਕਤ ਕਰਵਾਉਣ ਲਈ ਪ੍ਰਭਾਵਸ਼ਾਲੀ ਯਤਨ ਨਹੀਂ ਕੀਤੇ ਗਏ।

ਮੰਦਰ ਤੇ ਗੁਰਦੁਆਰੇ ਧਾਰਮਿਕ ਆਸਥਾ ਦਾ ਹੀ ਨਹੀਂ, ਸਗੋਂ ਵਿਸ਼ਵ ਸਭਿਆਚਾਰਕ ਵਿਰਾਸਤ, ਧਾਰਮਿਕ ਆਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਨਾਲ ਜੁੜਿਆ ਸਵਾਲ ਵੀ ਹੈ। ਇਸ ਲਈ ਪਾਕਿਸਤਾਨ ਸਰਕਾਰ ਨੂੰ ਚਾਹੀਦਾ ਹੈ ਕਿ ਇਨਾਂ ਅਸਥਾਨਾਂ ਦੀ ਸੰਭਾਲ, ਨਾਜਾਇਜ਼ ਕਬਜ਼ਿਆਂ ਅਤੇ ਬੇਨਿਯਮੀਆਂ ਦੀ ਨਿਰਪੱਖ ਜਾਂਚ, ਧਾਰਮਿਕ ਸੰਪਤੀਆਂ ਦੇ ਪਾਰਦਰਸ਼ੀ ਪ੍ਰਬੰਧ ਅਤੇ ਘੱਟ-ਗਿਣਤੀ ਭਾਈਚਾਰਿਆਂ ਦੇ ਸੰਵਿਧਾਨਕ ਅਧਿਕਾਰਾਂ ਦੀ ਪ੍ਰਭਾਵਸ਼ਾਲੀ ਸੁਰੱਖਿਆ ਯਕੀਨੀ ਬਣਾਏ, ਤਾਂ ਜੋ ਇਹ ਅਨਮੋਲ ਵਿਰਾਸਤ ਆਉਣ ਵਾਲੀਆਂ ਪੀੜ੍ਹੀਆਂ ਲਈ ਵੀ ਸੁਰੱਖਿਅਤ ਰਹਿ ਸਕੇ।






**ਮੰਦਰ ਤੇ ਗੁਰਦੁਆਰੇ ਧਾਰਮਿਕ ਆਸਥਾ ਦਾ ਹੀ ਨਹੀਂ, ਸਗੋਂ ਵਿਸ਼ਵ ਸਭਿਆਚਾਰਕ ਵਿਰਾਸਤ, ਧਾਰਮਿਕ ਆਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਨਾਲ ਜੁੜਿਆ ਸਵਾਲ ਵੀ ਹੈ। ਇਸ ਲਈ ਪਾਕਿਸਤਾਨ ਸਰਕਾਰ ਨੂੰ ਚਾਹੀਦਾ ਹੈ ਕਿ ਇਨ੍ਹਾਂ ਅਸਥਾਨਾਂ ਦੀ ਸੰਭਾਲ, ਨਾਜਾਇਜ਼ ਕਬਜ਼ਿਆਂ ਅਤੇ ਬੇਨਿਯਮੀਆਂ ਦੀ ਨਿਰਪੱਖ ਜਾਂਚ, ਧਾਰਮਿਕ ਸੰਪਤੀਆਂ ਦੇ ਪਾਰਦਰਸ਼ੀ ਪ੍ਰਬੰਧ ਅਤੇ ਘੱਟ-ਗਿਣਤੀ ਭਾਈਚਾਰਿਆਂ ਦੇ ਸੰਵਿਧਾਨਕ ਅਧਿਕਾਰਾਂ ਦੀ ਪ੍ਰਭਾਵਸ਼ਾਲੀ ਸੁਰੱਖਿਆ ਯਕੀਨੀ ਬਣਾਏ, ਤਾਂ ਜੋ ਇਹ ਅਨਮੋਲ ਵਿਰਾਸਤ ਆਉਣ ਵਾਲੀਆਂ ਪੀੜ੍ਹੀਆਂ ਲਈ ਵੀ ਸੁਰੱਖਿਅਤ ਰਹਿ ਸਕੇ।**

# ਟੋਰਾਂਟੋ ਤੋਂ ਇਟਲੀ ਟੂਰ




ਟੋਰਾਂਟੋ ਪੀਅਰਸਨ ਇੰਟਰਨੈਸ਼ਨਲ ਏਅਰਪੋਰਟ ਜਾਂਦੇ ਹੋਏ ਇੱਕ ਵੱਖ ਕਿਸਮ ਦੀ ਐਕਸਾਈਟਮੈਂਟ ਮਹਿਸੂਸ ਹੋ ਰਹੀ ਸੀ। ਵੀ ਆਰਟਸ ਇੰਸਟਾਲੇਸ਼ਨ ਵੱਲੋਂ ਟੂਰਿਸਟਾਂ ਨੂੰ ਟਰਮੀਨਲ ਇੱਕ 'ਤੇ


Toronto Pearson international airport (XYZ)




ਇੰਟਰਐਕਟਿਵ ਯਾਤਰੀ ਕਲਾ ਦੇ ਅਨੁਭਵ ਦੇ ਨਾਲ ਲਾਈਵ ਚਿੱਤਰਕਾਰੀ ਵੀ ਦੇਖਣ ਨੂੰ ਮਿਲਦੀ ਹੈ। ਡਿਪਾਰਚਰ ਦੇ ਇਲਾਕੇ 'ਚ ਲਗਜ਼ਰੀ ਬੁਟੀਕ, ਟੌਮ ਫੋਰਡ, ਸਵਾਰੋਵਸਕੀ ਵਰਕੇ ਬ੍ਰਾਂਡਾਂ ਦੀ ਖਰੀਦਦਾਰੀ ਵੀ ਕਰ ਸਕਦੇ ਹੋ। ਆਪਣੀ ਉਡਾਣ ਤੋਂ ਪਹਿਲਾਂ ਇੱਥੇ ਮੌਜੂਦ ਫਿੱਟਨੈੱਸ ਕਲਬ 'ਚ ਕਈ ਕਿਸਮ ਨਾਲ ਆਪਣੇ-ਆਪ ਨੂੰ ਰੀਲੈਕਸ ਕਰ ਸਕਦੇ ਹੋ। ਏਅਰਪੋਰਟ ਪਹੁੰਚਦੇ ਹੀ ਸਾਰੀ ਕਾਰਵਾਈ ਹੋਣ ਤੋਂ ਬਾਅਦ ਕੁੱਝ ਸਮਾਂ ਪ੍ਰੀਮੀਅਮ ਲਾਊਂਜ਼ 'ਚ ਰੁਕਣ ਦਾ ਮੌਕਾ ਲਵੋ। ਅੱਜ ਅਸੀਂ ਟੋਰਾਂਟੋ ਪੀਅਰਸਨ ਏਅਰਪੋਰਟ 'ਤੇ ਪਲਾਜ਼ਾ ਪ੍ਰੀਮੀਅਮ ਲਾਊਂਜ ਬਾਰੇ ਚਰਚਾ ਕਰਾਂਗੇ। ਕਿਹੜੇ ਲੋਕ ਪ੍ਰੀਮੀਅਮ ਲਾਊਂਜ਼ ਦੀ ਸਰਵਿਸ ਇਸਤੇਮਾਲ ਕਰ ਸਕਦੇ ਹਨ। ਜੇ ਤੁਹਾਡੇ ਕੋਲ ਪ੍ਰੀਮੀਅਮ ਕ੍ਰੈਡਿਟ ਕਾਰਡ ਹੈ ਅਤੇ ਬਿਜਨਸ ਕਲਾਸ 'ਚ ਸਫਰ ਕਰਨ ਵਾਲਿਆਂ ਨੂੰ ਵੀ ਇਹ ਸਹੂਲਤ ਮਿਲਦੀ ਹੈ। ਰੈਗੂਲਰ ਸਫਰ ਕਰਨ ਵਾਲੇ ਇਸਦੀ ਮੈਂਬਰਸ਼ਿਪ ਵੀ ਲੈ ਸਕਦੇ ਹਨ। ਪਲਾਜ਼ਾ ਪ੍ਰੀਮੀਅਮ ਲਾਊਂਜ ਦੀ ਸਹੂਲਤ ਤੁਸੀਂ ਯੂਰਪ, ਏਸ਼ੀਆ, ਉੱਤਰੀ ਅਮਰੀਕਾ, ਮੱਧ ਪੂਰਬ ਅਤੇ ਆਸਟ੍ਰੇਲੀਆ, ਵਗੈਰਾ ਹਵਾਈ ਅੱਡਿਆਂ 'ਤੇ ਲੈ ਸਕਦੇ ਹੋ। ਟੋਰਾਂਟੋ ਪੀਅਰਸਨ ਅੰਤਰਰਾਸ਼ਟਰੀ ਹਵਾਈ ਅੱਡਾ ਸਾਰੇ ਰੂਟਾਂ 'ਤੇ ਕਰੀਬਨ 1250 ਡੇਲੀ ਓਡਾਣਾਂ ਆਗਮਨ 'ਤੇ ਰਵਾਨਗੀ ਕਰਦਾ ਹੈ। 50 ਤੋਂ ਵੱਧ ਏਅਰਲਾਈਨਾਂ 180 ਤੋਂ ਵੱਧ ਡੋਮੈਸਟਿਕ ਅਤੇ ਅੰਤਰਰਾਸ਼ਟਰੀ ਉਡਾਣਾਂ ਰਵਾਨਾ ਹੁੰਦੀਆਂ ਹਨ।

ਇੱਥੇ ਕੀ ਮਿਲਦਾ ਹੈ ?:

- ਵਾਈ-ਫਾਈ: ਹਵਾਈ ਅੱਡੇ 'ਤੇ ਵਾਈ-ਫਾਈ ਯਾਤਰਾ ਪ੍ਰਬੰਧਨ ਲਈ ਜ਼ਰੂਰੀ ਹੈ, ਜੋ ਤੁਹਾਨੂੰ ਡਿਜੀਟਲ ਬੋਰਡਿੰਗ ਪਾਸਾਂ ਤੱਕ ਪਹੁੰਚ ਕਰਨ, ਰੀਅਲ-ਟਾਈਮ ਫਲਾਈਟ ਤਬਦੀਲੀਆਂ ਦੀ ਜਾਂਚ ਕਰਨ ਅਤੇ ਟਰਮੀਨਲਾਂ 'ਤੇ ਨੈਵੀਗੇਟਕਰਨ ਦੀ ਆਗਿਆ ਦਿੰਦਾ ਹੈ। ਇਹ ਰਿਮੋਟ ਕੰਮ ਨੂੰ ਵੀ ਸਮਰਥ ਬਣਾਉਂਦਾ ਹੈ, ਤੁਹਾਨੂੰ ਪਰਿਵਾਰ ਅਤੇ ਦੋਸਤ-ਮਿੱਤਰਾਂ ਨਾਲ ਜੋੜਦਾ ਰਹਿੰਦਾ ਹੈ 'ਤੇ ਮਹਿੰਗੇ ਰੋਮਿੰਗ ਜਾਂ ਮੋਬਾਈਲ ਖਰਚਿਆਂ ਤੋਂ ਬਚਦੇ ਹੋਏ ਮਨੋਰੰਜਨ ਵੀ ਦਿੰਦਾ ਹੈ।


ਅਨਿਲ ਧੀਰ
ਕਾਲਮਨਿਸਟ
healthmedia1@hotmail.com

- ਬੈਠਣ ਲਈ ਆਰਾਮਦਾਇਕ ਗੱਦੇਦਾਰ ਸੋਫੇ-ਕੁਰਸੀਆਂ ਦਾ ਪ੍ਰਬੰਧ ਹੁੰਦਾ ਹੈ। ਤੁਸੀਂ ਆਰਾਮ ਦੀ ਨੀਂਦ ਵੀ ਲੈ ਸਕਦੇ ਹੋ।
- ਸਾਫਟ ਡਰਿੰਕਸ, ਕੌਫੀ, ਚਾਹ, ਜੂਸ, ਸਲਾਦ, ਸੂਪ, ਮਿਠਾਈਆਂ 'ਤੇ ਸਨੈਕਸ ਵੀ ਲੈ ਸਕਦੇ ਹੋ।
- ਲਾਊਂਜ 'ਚ ਬੁਫੇ 'ਚ ਇੰਟਰਨੈਸ਼ਨਲ ਫੂਡ ਦਾ ਆਂਨੰਦ ਲੈ ਸਕਦੇ ਹੋ।
- ਚਾਰਜਿੰਗ ਆਊਟਲੈੱਟ ਦੀ ਸਹੂਲਤ ਬੈਟਰੀ ਖਤਮ ਹੋਣ ਦੀ ਚਿੰਤਾ ਤੋਂ ਬਿਨਾਂ ਯਾਤਰਾ ਰੁਕਾਵਟਾਂ ਨੂੰ ਨੈਵੀਗੇਟ ਕਰ ਸਕਦੇ ਹੋ।
- ਅਲਕੋਹਲ ਦੇ ਚਾਹਵਾਨ ਵੱਖ-ਵੱਖ ਕਿਸਮ ਦੀ ਵਾਈਨ ਦਾ ਮਜ਼ਾ ਲੈ ਸਕਦੇ ਹੋ। ਮੁਫਤ ਬੀਅਰ, ਵਾਈਨ, ਅਤੇ ਸਟੈਂਡਰਡ ਡਰਿੰਕਸ ਦਾ ਅਨੰਦ ਲੈ ਸਕਦੇ ਹੋ।
- ਲਾਊਂਜ 'ਚ ਸ਼ਾਵਰ ਦੀ ਸਹੂਲਤ ਵੀ ਮਿਲ ਜਾਂਦੀ ਹੈ।
- ਏਅਰ ਪੋਰਟ ਦੇ ਭੀੜ-ਭੜੱਕੇ ਤੋਂ ਦੂਰ ਸ਼ਾਂਤੀ ਦਾ ਮਾਹੌਲ ਵੀ ਦੇਖਣ ਨੂੰ ਮਿਲਦਾ ਹੈ।
- ਇੱਥ 2-3 ਘੰਟੇ ਸਮਾਂ ਆਸਾਨੀ ਨਾਲ ਬੀਤ ਜਾਂਦਾ ਹੈ।
- ਕਈ ਲਾਊਂਜ ਲੰਬੇ ਸਮੇਂ ਤੱਕ ਠਹਿਰਣ ਦੀ ਸਹੂਲਤ ਵੀ ਦੇ ਦਿੰਦੇ ਹਨ। ਇਹ ਡਿਪੈਂਡ ਕਰਦਾ ਹੈ ਤੁਹਾਡੇ ਕੋਲ ਕਿਹੜਾ ਕ੍ਰੈਡਿਟ ਕਾਰਡ ਹੈ ਅਤੇ ਕੀ-ਕੀ ਪਰਕਸ ਹਨ।

ਨੋਟ: ਕਿਸੇ ਵੀ ਮੁਲਕ 'ਚ ਟੂਰ ਕਰਨ ਤੋਂ ਪਹਿਲਾਂ ਪਲਾਜ਼ਾ ਪ੍ਰੀਮੀਅਮ ਲਾਊਂਜ 'ਚ ਸਮਾਂ ਬਿਤਾਉਣ ਲਈ ਆਪਣੇ ਕ੍ਰੈਡਿਟ ਕਾਰਡ 'ਤੇ ਪਰਕਸ, ਬਿਜਨਸ ਕਲਾਸ ਟਿਕਟ 'ਤੇ ਕੀ-ਕੀ ਸਹੂਲਤ ਹੈ, ਬਾਰੇ ਪੂਰੀ ਜਾਣਕਾਰੀ ਰੱਖਣ ਦੀ ਲੋੜ ਹੁੰਦੀ ਹੈ। ਅਗਲੀ ਬਾਰ ਰੋਮ (ਇਟਲੀ) ਬਾਰੇ ਚਰਚਾ ਸ਼ੁਰੂ ਕਰਾਂਗੇ।

# ਆਓ ਜ਼ਿੰਦਗੀ ਨੂੰ ਮਾਣੀਏ



ਜ਼ਿੰਦਗੀ ਪਰਮਾਤਮਾ ਵੱਲੋਂ ਮਨੁੱਖ ਨੂੰ ਮਿਲਿਆ ਸਭ ਤੋਂ ਅਨਮੋਲ ਤੋਹਫ਼ਾ ਹੈ। ਜ਼ਿੰਦਗੀ ਤੋਂ ਭਾਵ ਕੇਵਲ ਮਨੁੱਖੀ ਸਰੀਰ ਅੰਦਰ ਚੱਲਦੇ ਸਾਹਾਂ ਤੋਂ ਨਹੀਂ ਹੈ ਸਗੋਂ ਸੰਸਾਰ ਵਿੱਚ ਆ ਕੇ ਮਿਲੇ ਹਰ ਪਲ ਨੂੰ ਮਹਿਸੂਸ ਕਰਨਾ, ਸਿੱਖਦੇ ਰਹਿਣਾ, ਅੱਗੇ ਵਧਣਾ ਅਤੇ ਖੁਸ਼ੀਆਂ ਵੰਡਣ ਦਾ ਕੁਦਰਤ ਵੱਲੋਂ ਮਿਲਿਆ ਇੱਕ ਮੌਕਾ ਹੈ। ਇਸ ਦੀ ਤੁਲਨਾ ਕਿਸੇ ਸੂਰਤ ਵਿੱਚ ਕਿਸੇ ਸੰਸਾਰਕ ਵਸਤੂ ਨਾਲ ਨਹੀਂ ਕੀਤੀ ਜਾ ਸਕਦੀ। ਇਸ ਜੀਵਨ ਨੂੰ ਸਹੀ ਅਰਥਾਂ ਵਿੱਚ ਕਿਵੇਂ ਜਿਊਣਾ ਹੈ ਤੇ ਹਰ ਪਲ ਦਾ ਆਨੰਦ ਕਿਵੇਂ ਮਾਣਨਾ ਹੈ, ਇਹ ਇੱਕ ਗੁੱਝੀ ਕਲਾ ਹੈ। ਇਹ ਕਲਾ ਸਿਖਾਉਣ ਨਾਲ ਨਹੀਂ ਆਉਂਦੀ ਸਗੋਂ ਮਨੁੱਖ ਨੂੰ ਆਪਣੀ ਸਮਝ, ਤਜਰਬਿਆਂ ਅਤੇ ਸਵੈ-ਪੜਚੋਲ ਨਾਲ ਖੁਦ ਸਿੱਖਣੀ ਪੈਂਦੀ ਹੈ।

ਅਕਸਰ ਲੋਕ ਜ਼ਿੰਦਗੀ ਕੱਟਣ ਅਤੇ ਜ਼ਿੰਦਗੀ ਜਿਊਣ ਵਿਚਲੇ ਅੰਤਰ ਨੂੰ ਨਹੀਂ ਸਮਝ ਪਾਉਂਦੇ। ਇਸ ਨਾ-ਸਮਝੀ ਕਾਰਨ ਉਹ ਸਾਰੀ ਉਮਰ ਸਿਰਫ਼ ਜ਼ਿੰਮੇਵਾਰੀਆਂ ਦੇ ਬੋਝ ਹੇਠ ਦੱਬੇ ਰਹਿ ਕੇ ਪਦਾਰਥਵਾਦੀ ਸੰਸਾਰ ਦੀ ਅੰਨ੍ਹੀ ਦੌੜ ਵਿੱਚ ਗੁਜ਼ਾਰ ਦਿੰਦੇ ਹਨ। ਅਸਲ ਵਿੱਚ ਪਰਿਵਾਰਕ ਤੇ ਸਮਾਜਿਕ ਝਮੇਲਿਆਂ ਵਿੱਚ ਉਲਝੇ ਮਨੁੱਖ ਨੂੰ ਇਹ ਸਮਝਣ ਨੂੰ ਲੰਮਾਂ ਸਮਾਂ ਲੱਗ ਜਾਂਦਾ ਹੈ ਕਿ ਮਨ ਦੀ ਅੰਦਰੂਨੀ ਸ਼ਾਂਤੀ, ਸੰਤੋਖ ਅਤੇ ਹਰ ਹਾਲਤ ਨੂੰ ਕੁਦਰਤ ਦੀ ਰਜ਼ਾ ਮੰਨ ਕੇ ਖੁਸ਼ ਰਹਿਣਾ ਹੀ ਅਸਲ ਜੀਵਨ ਹੈ।

ਅਕਸਰ ਮਨੁੱਖ ਆਪਣੀ ਜ਼ਿੰਦਗੀ ਦੀ ਦੌੜ, ਚਿੰਤਾਵਾਂ ਅਤੇ ਇੱਛਾਵਾਂ ਵਿੱਚ ਇੰਨਾ ਰੁੱਝ ਜਾਂਦਾ ਹੈ ਕਿ ਉਹ ਜੀਵਨ ਦੇ ਅਸਲ ਮਨੋਰਥ ਤੇ ਇਸਦੇ ਸੁੰਦਰ ਰੰਗਾਂ ਨੂੰ ਮਾਣਨਾ ਹੀ ਭੁੱਲ ਜਾਂਦਾ ਹੈ। ਜ਼ਿੰਦਗੀ ਮਾਣਨ ਲਈ ਸਾਨੂੰ ਸਭ ਤੋਂ ਪਹਿਲਾਂ ਇਹ ਸਵੀਕਾਰ ਕਰਨਾ ਪਵੇਗਾ ਕਿ ਮਨੁੱਖੀ ਜੀਵਨ ਹਮੇਸ਼ਾਂ ਇੱਕੋ ਜਿਹਾ ਨਹੀਂ ਰਹਿੰਦਾ ਸਗੋਂ ਇਸ ਵਿੱਚ ਸੁੱਖ-ਦੁੱਖ, ਉਤਰਾਅ-ਚੜ੍ਹਾਅ, ਸਫਲਤਾਵਾਂ ਅਤੇ ਅਸਫਲਤਾਵਾਂ ਦਾ ਆਉਣਾ-ਜਾਣਾ ਕੁਦਰਤੀ ਨਿਯਮ ਹੈ। ਇਸ ਲਈ ਜੀਵਨ ਦੇ ਹਾਲਾਤ ਚਾਹੇ ਕਿੰਨੇ ਵੀ ਮੁਸ਼ਕਿਲ ਕਿਉਂ ਨਾ ਹੋਣ ਕਦੇ ਵੀ ਹੌਸਲਾ ਨਹੀਂ ਹਾਰਨਾ ਚਾਹੀਦਾ। ਅਜਿਹੇ ਹਾਲਾਤ ਵਿੱਚ ਵੀ ਹਰ ਚੁਣੌਤੀ ਨੂੰ ਇੱਕ ਮੌਕਾ ਮੰਨ ਕੇ ਉਸ ਦਾ ਦਲੇਰੀ ਨਾਲ ਸਾਹਮਣਾ ਕਰਨਾ ਚਾਹੀਦਾ ਹੈ। ਜੀਵਨ ਵਿੱਚ ਚੰਗੇ ਅਤੇ ਮਾੜੇ ਸਮੇਂ ਦਾ ਆਉਣਾ ਸੁਭਾਵਿਕ ਹੈ। ਜੋ ਮਨੁੱਖ ਹਰ ਹਾਲਤ ਨੂੰ ਸਵੀਕਾਰ ਕਰਨਾ ਸਿੱਖ ਲੈਂਦਾ ਹੈ ਉਹ ਜ਼ਿੰਦਗੀ ਦਾ ਅਸਲ ਆਨੰਦ ਮਾਣ ਸਕਦਾ ਹੈ। ਇਹ ਸਮਝਣਾ ਤੇ ਮੰਨ ਕੇ ਚੱਲਣਾ ਪਏਗਾ ਕਿ ਮੁਸ਼ਕਿਲਾਂ ਸਾਨੂੰ ਕਮਜ਼ੋਰ ਕਰਨ ਲਈ ਨਹੀਂ ਸਗੋਂ ਮਜ਼ਬੂਤ ਬਣਾਉਣ ਲਈ ਆਉਂਦੀਆਂ ਹਨ। ਇਹ ਮੁਸ਼ਕਿਲਾਂ ਤੇ ਚੁਣੌਤੀਆਂ ਹੀ ਮਨੁੱਖ ਨੂੰ ਨਵਾਂ ਤਜਰਬਾ ਦਿੰਦੀਆਂ ਹਨ ਅਤੇ ਜੀਵਨ ਦੀਆਂ ਅਸਲ ਕਦਰਾਂ ਕੀਮਤਾਂ ਸਿਖਾਉਂਦੀਆਂ ਹਨ।

ਮਨਪ੍ਰੀਤ ਸਿੰਘ ਰੂਬੀ

ਅਜੋਕੇ ਯੁੱਗ ਵਿੱਚ ਮਨੁੱਖ ਨੇ ਭਾਵੇਂ ਬਹੁਤ ਤਰੱਕੀ ਕਰ ਲਈ ਹੈ, ਪਰ ਤਰੱਕੀ ਦੀ ਇਸ ਦੌੜ ਵਿੱਚ ਉਹ ਆਪਣੇ ਆਪ, ਪਰਿਵਾਰਕ ਅਤੇ ਆਪਣੇ ਦੁਆਲੇ ਜੁੜੇ ਸਮਾਜਿਕ ਰਿਸ਼ਤਿਆਂ ਤੋਂ ਦੂਰ ਹੁੰਦਾ ਜਾ ਰਿਹਾ ਹੈ। ਮੋਬਾਈਲ, ਇੰਟਰਨੈੱਟ ਅਤੇ ਸੋਸ਼ਲ ਮੀਡੀਆ ਨੇ ਮਨੁੱਖੀ ਜੀਵਨ ਨੂੰ ਸੌਖਾ ਤਾਂ ਬਣਾਇਆ ਹੈ, ਪਰ ਇਸ ਸਭ ਕੁਝ ਨੇ ਸਾਨੂੰ ਪਰਿਵਾਰਕ ਤੇ ਸਮਾਜਿਕ ਸਾਝਾਂ ਤੋਂ ਦੂਰ ਵੀ ਕਰ ਦਿੱਤਾ ਹੈ। ਅਕਸਰ ਦੇਖਣ ਨੂੰ ਮਿਲਦਾ ਹੈ ਕਿ ਸਮੇਂ ਦੀ ਰਫ਼ਤਾਰ ਦੇ ਨਾਲ ਦੌੜਦਾ ਮਨੁੱਖ ਜ਼ਿੰਦਗੀ ਨੂੰ ਮਾਣਨਾ ਭੁਲਾ ਚੁੱਕਿਆ ਹੈ ਅਤੇ ਕੇਵਲ ਜ਼ਿੰਦਗੀ ਕੱਟਣ ਦੇ ਚੱਕਰ ਵਿੱਚ ਫਸਿਆ ਹੋਇਆ ਹੈ। ਜਦਕਿ ਇਸਦੇ ਉਲਟ ਕੁਦਰਤ ਸਾਨੂੰ ਜ਼ਿੰਦਗੀ ਨੂੰ ਮਾਣਨਾ ਸਿਖਾਉਂਦੀ ਹੈ। ਸਵੇਰ ਦੀ ਤਾਜ਼ੀ ਹਵਾ, ਪੰਛੀਆਂ ਦੀ ਚਹਿਚਹਾਟ, ਖਿੜੇ ਹੋਏ ਫੁੱਲ, ਤਰੇਲ ਦੇ ਤੁਪਕੇ, ਵਰਖਾ ਦੀਆਂ ਬੂੰਦਾਂ ਅਤੇ ਹਰੇ-ਭਰੇ ਖੇਤ ਮਨੁੱਖ ਦੇ ਮਨ ਨੂੰ ਸ਼ਾਂਤੀ ਅਤੇ ਤਾਜ਼ਗੀ ਦਿੰਦੇ ਹਨ। ਜਦੋਂ ਅਸੀਂ ਕੁਦਰਤ ਦੇ ਨੇੜੇ ਰਹਿੰਦੇ ਹਾਂ ਤਾਂ ਸਾਨੂੰ ਅਹਿਸਾਸ ਹੁੰਦਾ ਹੈ ਕਿ ਖੁਸ਼ੀ ਲਈ ਬਹੁਤ ਕੁਝ ਹਾਸਲ ਕਰਨਾ ਜ਼ਰੂਰੀ ਨਹੀਂ ਸਗੋਂ ਜੋ ਕੁਝ ਸਾਡੇ ਕੋਲ ਹੈ ਉਸ ਦੀ ਕਦਰ ਕਰਨੀ ਅਤੇ ਮਾਣਨ ਦਾ ਢੰਗ ਸਿੱਖਣਾ ਹੀ ਕਾਫ਼ੀ ਹੈ।

ਜ਼ਿੰਦਗੀ ਜਿਊਣ ਦਾ ਸਭ ਤੋਂ ਉੱਤਮ ਅਤੇ ਪਹਿਲਾ ਨਿਯਮ ਇਹ ਹੈ ਕਿ ਅਸੀਂ ਵਰਤਮਾਨ ਸਮੇਂ ਭਾਵ ਅੱਜ ਦੇ ਹਰ ਪਲ ਵਿੱਚ ਜਿਊਣਾ ਸਿੱਖੀਏ ਕਿਉਂਕਿ ਮਨੁੱਖ ਦੀ ਸਭ ਤੋਂ ਵੱਡੀ ਤ੍ਰਾਸਦੀ ਇਹ ਹੈ ਕਿ ਉਹ ਜਾਂ ਤਾਂ ਬੀਤੇ ਹੋਏ ਕੱਲ੍ਹ ਦੇ ਪਛਤਾਵਿਆਂ, ਦੁੱਖਾਂ ਅਤੇ ਗ਼ਲਤੀਆਂ ਵਿੱਚ ਗੁਆਚਿਆ ਰਹਿੰਦਾ ਹੈ ਜਾਂ ਫਿਰ ਆਉਣ ਵਾਲੇ ਭਵਿੱਖ ਦੀਆਂ ਚਿੰਤਾਵਾਂ, ਯੋਜਨਾਵਾਂ ਅਤੇ ਅਸੁਰੱਖਿਆ ਦੀ ਭਾਵਨਾ ਵਿੱਚ ਡੁੱਬਾ ਰਹਿੰਦਾ ਹੈ। ਇਸ ਕਾਰਨ ਉਸ ਦੇ ਹੱਥੋਂ ਉਹ ਖ਼ੂਬਸੂਰਤ ਪਲ ਵੀ ਨਿਕਲ ਜਾਂਦਾ ਹੈ ਜੋ ਇਸ ਸਮੇਂ ਉਸ ਦੇ ਕੋਲ ਮੌਜੂਦ ਹੈ। ਸਾਨੂੰ ਇਹ ਗੱਲ ਹਰ ਹਾਲਤ ਵਿੱਚ ਸਮਝਣੀ ਪਵੇਗੀ ਕਿ ਬੀਤ ਚੁੱਕਿਆ ਸਮਾਂ ਕਦੇ ਵਾਪਸ ਨਹੀਂ ਆ ਸਕਦਾ ਅਤੇ ਆਉਣ ਵਾਲਾ ਸਮਾਂ ਕਿਸੇ ਨੇ ਦੇਖਿਆ ਨਹੀਂ ਹੁੰਦਾ। ਇਸ ਲਈ ਜੋ ਕੁਝ ਵੀ ਸਾਡੇ ਕੋਲ ਹੈ ਉਹ ਸਿਰਫ਼ ਇਹ ਮੌਜੂਦਾ ਪਲ ਹੀ ਹਨ। ਇਨ੍ਹਾਂ ਪਲਾਂ ਨੂੰ ਜੇਕਰ ਅਸੀਂ ਪੂਰੀ ਸ਼ਿੱਦਤ, ਮੁਸਕਾਨ ਅਤੇ ਸਕਾਰਾਤਮਕ ਸੋਚ ਨਾਲ ਜਿਊਣਾ ਸ਼ੁਰੂ ਕਰ ਦੇਈਏ ਤਾਂ ਸਾਡੀ ਅੱਧੀ ਤੋਂ ਵੱਧ ਮਾਨਸਿਕ ਪਰੇਸ਼ਾਨੀ ਆਪਣੇ ਆਪ ਖ਼ਤਮ ਹੋ ਜਾਵੇਗੀ।

ਇਸ ਦੇ ਨਾਲ ਹੀ ਜੀਵਨ ਨੂੰ ਸਾਰਥਕ ਬਣਾਉਣ ਲਈ ਸਾਡੇ ਅੰਦਰ ਸਬਰ ਤੇ ਸੰਤੋਖ ਦੀ ਭਾਵਨਾ ਦਾ ਹੋਣਾ ਬਹੁਤ ਜ਼ਰੂਰੀ ਹੈ ਕਿਉਂਕਿ ਅੱਜ ਦੇ ਦੌਰ ਵਿੱਚ ਦੂਜਿਆਂ ਨਾਲ ਆਪਣੀ ਤੁਲਨਾ ਕਰਨੀ ਅਤੇ ਜੋ ਸਾਡੇ ਕੋਲ ਨਹੀਂ ਹੈ ਉਸ ਲਈ ਤੜਫਣਾ ਮਨੁੱਖੀ ਸੁਭਾਅ ਬਣ ਚੁੱਕਾ ਹੈ। ਜੀਵਨ ਜਿਊਣ ਦਾ ਸਹੀ ਢੰਗ ਇਹ ਹੈ ਕਿ ਅਸੀਂ ਆਪਣੀਆਂ ਅੱਖਾਂ ਖੋਲ੍ਹ ਕੇ ਉਨ੍ਹਾਂ ਅਣਗਿਣਤ ਨਿਆਮਤਾਂ ਵੱਲ ਦੇਖੀਏ ਜੋ ਕੁਦਰਤ ਨੇ ਸਾਨੂੰ ਬਿਨਾਂ ਮੰਗੇ ਦਿੱਤੀਆਂ ਹਨ। ਸਿਹਤਮੰਦ ਸਰੀਰ, ਸਾਹ ਲੈਂਦੀ ਜ਼ਿੰਦਗੀ, ਪਿਆਰ ਕਰਨ ਵਾਲਾ ਪਰਿਵਾਰ, ਰਹਿਣ ਲਈ ਘਰ ਦੇ ਰੂਪ ਵਿੱਚ ਸਿਰ 'ਤੇ ਮਿਲੀ ਛੱਤ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਇਨ੍ਹਾਂ ਕੁਦਰਤ ਵੱਲੋਂ ਮਿਲੀਆਂ ਨਿਆਮਤਾਂ ਵਿੱਚ ਸ਼ਾਮਿਲ ਹਨ। ਜਿਸ ਦਿਨ ਮਨੁੱਖ ਲਾਲਸਾ ਅਤੇ ਈਰਖਾ ਨੂੰ ਛੱਡ ਕੇ ਸ਼ੁਕਰਾਨੇ ਦੇ ਭਾਵ ਵਿੱਚ ਆ ਜਾਂਦਾ ਹੈ, ਉਸੇ ਪਲ ਤੋਂ ਉਹ ਜੀਵਨ ਦੀ ਅਸਲੀ ਅਮੀਰੀ ਅਤੇ ਅਧਿਆਤਮਕ ਸਕੂਨ ਪ੍ਰਾਪਤ ਕਰ ਲੈਂਦਾ ਹੈ।

ਜ਼ਿੰਦਗੀ ਨੂੰ ਮਾਣਨ ਦਾ ਇੱਕ ਹੋਰ ਸੁੰਦਰ ਤਰੀਕਾ ਹੈ ਦੂਜਿਆਂ ਦੀ ਮਦਦ ਕਰਨਾ। ਜਦੋਂ ਅਸੀਂ ਕਿਸੇ ਲੋੜਵੰਦ ਦੀ ਸਹਾਇਤਾ ਕਰਕੇ ਕਿਸੇ ਦੁਖੀ ਦੇ ਚਿਹਰੇ 'ਤੇ ਮੁਸਕਾਨ ਲਿਆਉਣ ਦਾ ਕਾਰਨ ਜਾਂ ਕਿਸੇ ਦੀ ਹਿੰਮਤ ਬਣਦੇ ਹਾਂ ਤਾਂ ਸਾਨੂੰ ਇੱਕ ਅਲੌਕਿਕ ਖ਼ੁਸ਼ੀ ਪ੍ਰਾਪਤ ਹੁੰਦੀ ਹੈ। ਇਹ ਖ਼ੁਸ਼ੀ ਕਿਸੇ ਵੀ ਧਨ-ਦੌਲਤ ਨਾਲ ਨਹੀਂ ਮਿਲ ਸਕਦੀ।

ਅਕਸਰ ਲੋਕ ਵੱਡੀਆਂ ਲਾਲਸਾਵਾਂ ਕਾਰਨ ਛੋਟੀਆਂ ਪ੍ਰਾਪਤੀਆਂ ਤੇ ਖ਼ੁਸ਼ੀਆਂ ਨੂੰ ਅਣਦੇਖਿਆ ਕਰਦੇ ਹਨ। ਵੱਡੇ ਬਣ ਕੇ ਰਹਿਣ ਅਤੇ ਆਪਣੇ ਆਪ ਨੂੰ ਵੱਡਾ ਦਿਖਾਉਣ ਦੀ ਲਾਲਸਾ ਵੀ ਮਨੁੱਖ ਨੂੰ ਚਿੰਤਾਵਾਂ ਦੇ ਸਮੁੰਦਰ ਵਿੱਚ ਡਬੋਈ ਰੱਖਦੀ ਹੈ। ਅਜਿਹੀ ਲਾਲਸਾ ਤੋਂ ਬਚ ਕੇ ਹੀ ਜ਼ਿੰਦਗੀ ਦਾ ਅਸਲ ਅਨੰਦ ਮਾਣਿਆ ਜਾ ਸਕਦਾ ਹੈ। ਇਸ ਤੋਂ ਇਲਾਵਾ ਆਪਣੇ ਅੰਦਰ ਦੇ ਵਿਦਿਆਰਥੀ ਅਤੇ ਬਚਪਨ ਨੂੰ ਕਦੇ ਵੀ ਮਰਨ ਨਹੀਂ ਦੇਣਾ ਚਾਹੀਦਾ। ਰਿਸ਼ਤਿਆਂ ਦੀ ਅਹਿਮੀਅਤ ਨੂੰ ਪਛਾਣਨਾ ਅਤੇ ਸਾਰਿਆਂ ਨਾਲ ਪਿਆਰ, ਨਿਮਰਤਾ ਤੇ ਹਮਦਰਦੀ ਵਾਲਾ ਵਿਹਾਰ ਕਰਨਾ ਜੀਵਨ ਦਾ ਇੱਕ ਹੋਰ ਅਹਿਮ ਪਹਿਲੂ ਹੈ। ਇਕੱਲਤਾ ਕਦੇ ਵੀ ਉਸ ਨੂੰ ਸੱਚੀ ਖ਼ੁਸ਼ੀ ਨਹੀਂ ਦੇ ਸਕਦੀ। ਦੂਜਿਆਂ ਦੇ ਦੁੱਖ-ਦਰਦ ਨੂੰ ਸਮਝਣਾ ਮਨੁੱਖਤਾ ਦਾ ਸਭ ਤੋਂ ਵੱਡਾ ਧਰਮ ਹੈ। ਇਹ ਸੋਚ ਤੇ ਰਵੱਈਆ ਸਾਡੀ ਆਤਮਾ ਨੂੰ ਇੱਕ ਅਜਿਹੀ ਸੰਤੁਸ਼ਟੀ ਦਿੰਦਾ ਹੈ ਜਿਸ ਦੀ ਕੋਈ ਕੀਮਤ ਨਹੀਂ। ਇਸ ਸੰਤੁਸ਼ਟੀ ਵਾਲੀ ਅਵਸਥਾ ਨੂੰ ਦੁਨੀਆ ਦੀ ਕਿਸੇ ਵੀ ਦੌਲਤ ਨਾਲ ਖ਼ਰੀਦਿਆ ਨਹੀਂ ਜਾ ਸਕਦਾ। ਲੋੜ ਹੈ ਕਿ ਅਸੀਂ ਆਪਣੇ ਪਰਿਵਾਰ ਨਾਲ ਸਮਾਂ ਬਿਤਾਈਏ, ਆਪਣੇ ਮਿੱਤਰਾਂ ਨਾਲ ਖੁਸ਼ੀਆਂ ਸਾਂਝੀਆਂ ਕਰੀਏ ਅਤੇ ਆਪਣੇ ਵੱਡਿਆਂ ਦੇ ਤਜਰਬਿਆਂ ਤੋਂ ਸਿੱਖੀਏ। ਅਸਲ ਖ਼ੁਸ਼ੀ ਮਹਿੰਗੀਆਂ ਚੀਜ਼ਾਂ ਵਿੱਚ ਨਹੀਂ, ਸਗੋਂ ਆਪਣੇ ਲੋਕਾਂ ਦੇ ਨਾਲ ਬਿਤਾਏ ਪਲਾਂ ਵਿੱਚ ਹੁੰਦੀ ਹੈ। ਜੇਕਰ ਘੋਖਿਆ ਜਾਵੇ ਤਾਂ ਜ਼ਿੰਦਗੀ ਇੱਕ ਅਨਮੋਲ ਤੋਹਫ਼ਾ ਹੈ ਜਿਸ ਨੂੰ ਗਿਲ੍ਹੇ-ਸ਼ਿਕਵਿਆਂ, ਨਫ਼ਰਤਾਂ ਅਤੇ ਚਿੰਤਾਵਾਂ ਵਿੱਚ ਗੁਜ਼ਾਰਨ ਦੀ ਬਜਾਏ ਪਿਆਰ, ਸਦਭਾਵਨਾ, ਮਿਹਨਤ ਅਤੇ ਖੁਸ਼ੀ ਨਾਲ ਜਿਊਣਾ ਚਾਹੀਦਾ ਹੈ। ਹਰ ਦਿਨ ਨੂੰ ਇੱਕ ਨਵੇਂ ਮੌਕੇ ਵਾਂਗ ਸਵੀਕਾਰ ਕਰਨਾ ਚਾਹੀਦਾ ਹੈ। ਆਪਣੇ ਆਪ 'ਤੇ ਭਰੋਸਾ ਰੱਖਣਾ, ਆਪਣੇ ਅੱਜ ਨੂੰ ਬੀਤੇ ਕੱਲ੍ਹ ਨਾਲੋਂ ਬਿਹਤਰ ਬਣਾਉਣ ਦੇ ਯਤਨ ਕਰਨੇ, ਕੁਦਰਤ ਦੇ ਨਿਯਮਾਂ ਦਾ ਸਤਿਕਾਰ ਕਰਨਾ ਅਤੇ ਹਰ ਤਰ੍ਹਾਂ ਦੇ ਔਖੇ ਤੇ ਸੌਖੇ ਹਾਲਾਤ ਵਿੱਚ ਮਾਨਸਿਕ ਸੰਤੁਲਨ ਬਣਾ ਕੇ ਰੱਖਣਾ ਹੀ ਅਸਲ ਵਿੱਚ ਜ਼ਿੰਦਗੀ ਨੂੰ ਖ਼ੂਬਸੂਰਤੀ ਤੇ ਸ਼ਾਨ ਨਾਲ ਮਾਣਨ ਦਾ ਅਸਲ ਤੇ ਸਾਰਥਕ ਢੰਗ ਹੈ। ਆਓ ਅਸੀਂ ਸਭ ਮਿਲ ਕੇ ਜ਼ਿੰਦਗੀ ਦੀ ਕਦਰ ਕਰੀਏ, ਆਪਣੇ ਰਿਸ਼ਤਿਆਂ ਨੂੰ ਸੰਭਾਲੀਏ, ਕੁਦਰਤ ਨਾਲ ਜੁੜੀਏ ਅਤੇ ਹਰ ਪਲ ਨੂੰ ਖੁੱਲ੍ਹੇ ਦਿਲ ਨਾਲ ਮਾਣੀਏ ਕਿਉਂਕਿ ਇੱਕ ਵਾਰ ਮਿਲੀ ਜ਼ਿੰਦਗੀ ਦੁਬਾਰਾ ਮਿਲਣੀ ਸੰਭਵ ਨਹੀਂ।

# 'ਸ਼ਿੰਗਾਰ ਰਸ' ਤੇ ਪੰਜਾਬੀ ਸੱਭਿਆਚਾਰ



ਰਸ ਦਾ ਸਿੱਧਾ ਜਿਹਾ ਅਰਥ ਰਸ ਹੀ ਹੈ, ਜਿਵੇਂ ਅੰਬ ਜਾਂ ਸੰਤਰੇ ਦਾ ਰਸ। ਕੋਈ ਵਸਤੂ ਜਿਵੇਂ ਵਸਤਰ, ਗਹਿਣੇ, ਕੁਦਰਤ ਦਾ ਦ੍ਰਿਸ਼, ਚਿੱਤਰਕਲਾ, ਗੀਤ, ਕਵਿਤਾ ਜਾਂ ਸਾਹਿਤ ਦੀ ਕੋਈ ਹੋਰ ਵਿਧਾ ਜੋ ਮਨ ਜਾਂ ਰੂਹ ਦੀ ਤ੍ਰਿਪਤੀ ਕਰਦੀ ਹੈ, ਉਹ ਵੀ ਰਸ ਦੀ ਸ਼੍ਰੇਣੀ ਵਿੱਚ ਆਉਂਦੀ ਹੈ। ਜੇ ਕਵਿਤਾ ਰੂਹ ਦੀ ਬੋਲੀ ਵਿੱਚ ਲਿਖੀ ਜਾਵੇ ਤਾਂ ਰਸ ਦੀ ਉਤਪਤੀ ਵੀ ਸਹਿਜ ਸੁਭਾਅ ਹੋ ਜਾਂਦੀ ਹੈ। ਲੋਕ ਗੀਤ ਅਤੇ ਬੋਲੀਆਂ ਰੂਹ ਦੇ ਇਸੇ ਵਰਤਾਰੇ ਵਿੱਚੋਂ ਨਿਕਲਦੀਆਂ ਹਨ।

ਰਸ ਦੇ ਸਿਧਾਂਤ ਦਾ ਵਰਣਨ ਭਰਤ ਮੁਨੀ ਨੇ ਆਪਣੇ 'ਨਾਟਯ ਸ਼ਾਸਤ੍ਰ' ਵਿੱਚ ਕੀਤਾ ਹੈ ਅਤੇ ਇਸ ਨੂੰ 'ਨਾਟ ਰਸ' ਦਾ ਨਾਂ ਦਿੱਤਾ ਜਾਂਦਾ ਹੈ। ਰਸ, ਸਾਹਿਤ ਦਾ ਇੱਕ ਅਨਿੱਖੜਵਾਂ ਅੰਗ ਹੈ ਅਤੇ ਇਸ ਰਸ ਦੇ ਆਨੰਦ ਦਾ ਸੰਚਾਰ ਸਾਹਿਤਕ ਕ੍ਰਿਤਾਂ ਦੁਆਰਾ ਲੋਕ ਸਮੂਹਾਂ ਵਿੱਚ ਹੁੰਦਾ ਹੈ। ਇਸ ਅਨੰਦ ਦੇ ਕਈ ਰੂਪ ਹੋ ਸਕਦੇ ਹਨ ਜਿਵੇਂ ਪ੍ਰੇਮ ਮਈ, ਹਾਸੇ ਭਰਿਆ, ਕਰੁਣਾ-ਮਈ, ਬੀਰ ਰਸਿ ਆਦਿ।

ਪੰਜਾਬੀ ਸੱਭਿਆਚਾਰ ਦੀ ਬੁਨਿਆਦ, ਪਦਾਰਥ ਦੀ ਸੁਚੱਜੀ ਪ੍ਰੀਤ ਭਰੀ ਵਰਤੋਂ ਵਿੱਚੋਂ ਉਪਜਿਆ ਮਾਨਸਿਕ ਜਾਂ ਰੂਹ ਦਾ ਆਨੰਦ ਹੀ ਤਾਂ ਹੈ। ਜਦੋਂ ਮਨੁੱਖੀ ਜੀਵਨ ਕੁਦਰਤ ਦੇ ਨਜ਼ਾਰਿਆਂ, ਮਨੁੱਖੀ ਰਿਸ਼ਤਿਆਂ, ਪਦਾਰਥਕ ਲੋੜਾਂ ਦੀ ਪੂਰਤੀ ਲਈ ਸਿਰਜਣਾ ਅਤੇ ਇਤਿਹਾਸਕ ਘਟਨਾਵਾਂ ਨਾਲ ਓਤਪ੍ਰੋਤ ਹੁੰਦਾ ਹੈ ਤਾਂ ਮਾਨਸਿਕ ਵਲਵਲੇ ਉੱਠਦੇ ਹਨ, ਇਹ ਵਲਵਲੇ ਹੀ ਰਸ ਦੇ ਸਰੋਤ ਹਨ। ਫਿਰ ਇਹ ਰਸ ਸਾਹਿਤ ਰਚਨਾ ਰਾਹੀਂ ਪ੍ਰਗਟ ਹੁੰਦਾ ਹੈ ਅਤੇ ਸੰਚਾਰ ਕਰਦਾ ਹੈ।

ਭਾਰਤ ਦੇ ਪ੍ਰਾਚੀਨ ਸਾਹਿਤ ਵਿੱਚ ਮੁੱਖ ਰੂਪ ਵਿੱਚ ਨੌਂ ਰਸ ਮੰਨੇ ਜਾਂਦੇ ਹਨ;

'ਸ਼ਿੰਗਾਰ ਰਸ' : ਇਸਦਾ ਸਥਾਈ ਭਾਵ ਪ੍ਰੇਮ ਹੈ।
ਬੀਰ ਰਸ : ਇਸਦਾ ਸਥਾਈ ਭਾਵ ਉਤਸ਼ਾਹ ਹੈ।
ਰੌਦਰ ਰਸ : ਇਸਦਾ ਸਥਾਈ ਭਾਵ ਕ੍ਰੋਧ ਹੈ।
ਕਰੁਣ ਰਸ : ਇਸਦਾ ਸਥਾਈ ਭਾਵ ਸ਼ੋਕ ਅਥਵਾ ਗ਼ਮੀ ਹੈ।
ਅਦਭੁੱਤ ਰਸ : ਇਸਦਾ ਸਥਾਈ ਭਾਵ ਵਿਸਮਾਦ (ਹੈਰਾਨੀ) ਹੈ।
ਵੀਭਤਸ ਰਸ : ਇਸਦਾ ਸਥਾਈ ਭਾਵ ਘ੍ਰਿਣਾ ਹੈ।
ਭਿਆਨਕ ਰਸ : ਇਸਦਾ ਸਥਾਈ ਭਾਵ ਭੈਅ (ਡਰ) ਹੈ।
ਹਾਸ ਰਸ : ਇਸਦਾ ਸਥਾਈ ਭਾਵ ਹਾਸ ਹੈ।
ਸ਼ਾਂਤ ਰਸ : ਇਸਦਾ ਸਥਾਈ ਭਾਵ ਵੈਰਾਗ ਹੈ।

'ਸ਼ਿੰਗਾਰ ਰਸ' ਮੀਰੀ ਰਸ ਹੈ। ਰਸਾਂ ਵਿੱਚੋਂ ਇਹ ਰਸ ਰਾਜ ਹੈ। ਭਰਤ ਮੁਨੀ ਅਨੁਸਾਰ ਸੰਸਾਰ ਵਿੱਚ ਜੋ ਕੁਝ ਵੀ ਉੱਜਵਲ ਤੇ ਪਵਿੱਤਰ ਹੈ, ਉਹ 'ਸ਼ਿੰਗਾਰ ਰਸ' ਵਿੱਚ ਸ਼ਾਮਿਲ ਹੈ। ਕਰੁਣ ਰਸ, ਬੀਰ ਰਸ, ਅਦਭੁੱਤ ਰਸ ਤੇ ਸ਼ਾਂਤ ਰਸ ਇਸਦੇ ਅਧੀਨ ਹੋ ਕੇ ਚੱਲਦੇ ਹਨ। ਪ੍ਰੇਮ-ਮਿਲਾਪ ਦੀ ਖ਼ੁਸ਼ੀ, ਵਿਜੋਗੀ ਦੀ ਮਿੱਠੀ ਤੇ ਚੁੱਭਵੀਂ ਯਾਦ, ਸੁੰਦਰਤਾ ਦਾ ਚਿੱਤਰਣ, ਇਨ੍ਹਾਂ ਸਭ ਨੂੰ 'ਸ਼ਿੰਗਾਰ ਰਸ' ਅਧੀਨ ਲਿਆ ਸਕਦੇ ਹਾਂ। ਪੰਜਾਬੀ ਸੱਭਿਆਚਾਰ ਵਿੱਚ ਕੁਦਰਤ ਦੀ ਸੁੰਦਰਤਾ ਦਾ ਵਿਖਿਆਨ ਲੋਕ ਬੋਲੀਆਂ ਵਿੱਚ ਅਤੇ ਕਵੀਆਂ ਦੁਆਰਾ ਰਚਿਤ ਸਾਹਿਤ ਵਿੱਚ ਆਪ ਮੁਹਾਰੇ ਉੱਮੜ ਆਉਂਦਾ ਹੈ। ਪੰਜਾਬੀ ਦੇ ਲੋਕ ਕਵੀ ਧਨੀ ਰਾਮ ਚਾਤ੍ਰਿਕ ਨੇ ਕੁਦਰਤ ਦੇ ਸ਼ਿੰਗਾਰ ਨੂੰ ਇੰਝ ਚਿੱਤਰਿਆ ਹੈ;

**ਪੱਕ ਗਈਆਂ ਕਣਕਾਂ ਲੁਕਾਠ ਰੱਸਿਆ।**
**ਬੂਰ ਪਿਆ ਅੰਬਾਂ ਨੂੰ ਗੁਲਾਬ ਹੱਸਿਆ।**
**ਬਾਗਾਂ ਉੱਤੇ ਰੰਗ ਫੇਰਿਆ ਬਹਾਰ ਨੇ।**
**ਬੇਰੀਆਂ ਲਿਫਾਈਆਂ ਟਾਹਣੀਆਂ ਦੇ ਭਾਰ ਨੇ।**
**ਪੁੰਗਰੀਆਂ ਵੱਲਾਂ, ਵੇਲਾਂ ਰੁੱਖੀ ਚੜ੍ਹੀਆਂ।**
**ਫੁੱਲਾਂ ਹੇਠੋਂ ਫਲਾਂ ਨੇ ਪਰੋਈਆਂ ਲੜੀਆਂ।**

ਲੋਕ ਬੋਲੀਆਂ ਵਿੱਚ ਮਨੁੱਖੀ ਰਿਸ਼ਤਿਆਂ ਅਤੇ ਕੁਦਰਤ ਨਾਲ ਪ੍ਰੇਮ ਦਾ ਅਨੋਖਾ ਬਿਰਤਾਂਤ ਮਿਲਦਾ ਹੈ।

**ਬਾਬਲ ਸਾਡੇ ਬਾਗ ਲੁਆਇਆ**
**ਵਿੱਚ ਚੰਬਾ ਤੇ ਮਰੂਆ।**
**ਮਾਂ ਮੇਰੀ ਮਾਲਣ ਫੁੱਲ ਪਈ ਚੁਗਦੀ**
**ਵੀਰ ਤਾਂ ਬੂਟਾ ਹਰਿਆ।**
**ਵੀਰ ਮੇਰੇ ਨੇ ਬਾਗ ਲੁਆਇਆ**
**ਵਿੱਚ ਚੰਬਾ ਤੇ ਮਰੂਆ।**
**ਭਾਬੋ ਮਾਲਣ ਫੁੱਲ ਪਈ ਚੁਗਦੀ**
**ਗੀਗਾ ਤਾਂ ਬੂਟਾ ਹਰਿਆ।**

ਮਨੁੱਖੀ ਸ਼ਿੰਗਾਰ ਨੂੰ ਦਰਸਾਉਂਦੀ ਇੱਕ ਖ਼ੂਬਸੂਰਤ ਲੋਕ ਬੋਲੀ ਇੰਝ ਹੈ;

**ਨੱਚਣ ਦੀਆਂ ਤੂੰ ਕਰੇਂ ਦਲੀਲਾਂ, ਲਹਿੰਗਾ ਜਾਮਣੀ ਪਾਇਆ**

ਪ੍ਰੇਮਲਤਾ ਪ੍ਰਿੰਸੀਪਲ

**ਨੀਂ ਅੱਖ ਚੁਫੇਰੇ ਘੁੰਮਦੀ ਤੇਰੀ, ਮੱਥੇ ਚੌਂਕ ਸਜਾਇਆ**
**ਨੱਚ ਮਲਕੀਤ ਕੁਰੇ, ਪਿੰਡ ਦੇਖਣ ਨੂੰ ਆਇਆ।**

ਪੰਜਾਬੀ ਲੋਕ ਨਾਚ ਗਿੱਧੇ ਦੀਆਂ ਅਜਿਹੀਆਂ ਹਜ਼ਾਰਾਂ ਬੋਲੀਆਂ ਹਨ, ਜਿਨ੍ਹਾਂ ਵਿੱਚ 'ਸ਼ਿੰਗਾਰ ਰਸ' ਡੁੱਲ੍ਹ-ਡੁੱਲ੍ਹ ਪੈਂਦਾ ਹੈ। ਇਹ ਬੋਲੀਆਂ ਦਾ ਰਚਨਹਾਰਾ ਕੋਈ ਇੱਕ ਕਵੀ ਨਹੀਂ ਹੈ, ਸਗੋਂ ਇਹ ਤਾਂ ਲੋਕ ਮਨਾਂ ਦੇ ਵਲਵਲਿਆਂ 'ਚੋਂ ਆਪ ਮੁਹਾਰੇ ਉੱਮੜੀਆਂ ਹਨ ਅਤੇ ਹੈਰਾਨੀ ਦੀ ਗੱਲ ਹੈ ਕਿ ਹਰ ਇੱਕ ਬੋਲੀ ਸੁਰ-ਤਾਲ 'ਤੇ ਖਰੀ ਉਤਰਦੀ ਹੈ। ਗਿੱਧੇ ਦੀਆਂ ਕੁਝ ਲੋਕ ਬੋਲੀਆਂ ਦਾ ਨਜ਼ਾਰਾ ਦੇਖਣ ਵਾਲਾ ਹੈ;

**ਸਾਂਵੀ ਚੁੰਨੀ ਵਾਲੀਏ ਕੁੜੀਏ**
**ਆਈ ਐਂ ਗਿੱਧੇ ਵਿੱਚ ਬਣਕੇ**
**ਨੀਂ ਕੰਨੀ ਤੇਰੇ ਝੁਮਕੇ ਸੋਂਹਦੇ**
**ਗਲ ਕੈਂਠੀ ਦੇ ਮਣਕੇ**
**ਨੀਂ ਤੀਲ੍ਹੀ ਤੇਰੀ ਨੇ ਮੁਲਕ ਮੋਹ ਲਿਆ**
**ਬਾਹੀਂ ਚੂੜਾ ਛਣਕੇ।**
**ਫੇਰ ਕਦ ਨੱਚੇਗੀਂ, ਨੱਚ ਲੈ ਪਟੋਲਾ ਬਣ ਕੇ।**

ਇਸੇ ਤਰ੍ਹਾਂ ਦੀ ਇੱਕ ਹੋਰ ਖ਼ੂਬਸੂਰਤ ਬੋਲੀ ਹੈ;

**ਸੁੱਥਣ ਸੂਫ ਦੀ ਸ਼ੀਸ਼ਿਆਂ ਵਾਲੀ**
**ਨਾਲ ਹਵਾ ਦੇ ਖਹਿੰਦੀ**
**ਬਈ ਜਦ ਧਰਤੀ 'ਤੇ ਅੱਡੀ ਮਾਰਾਂ**
**ਧਮਕ ਜਲੰਧਰ ਪੈਂਦੀ**
**ਨੀਂ ਗੁੱਤ ਨਾਗਣੀ ਸਭ ਨੂੰ ਡੰਗੇ**
**ਆਪ ਡੰਗੀ ਨਾ ਜਾਵੇ**
**ਨੱਚਦੀ ਮੇਲਣ ਦਾ ਲੌਂਗ ਬੋਲੀਆਂ ਪਾਵੇ।**

ਗਿੱਧੇ ਦੀ ਹੀ ਇੱਕ ਹੋਰ ਖ਼ੂਬਸੂਰਤ ਬੋਲੀ ਹੈ, ਜਿਸ ਵਿੱਚ ਮੁਟਿਆਰ ਦਾ ਹੁਸਨ ਡੁੱਲ੍ਹ-ਡੁੱਲ੍ਹ ਪੈਂਦਾ ਹੈ;

**ਜੇ ਨਖਰੋ ਤੂੰ ਨੱਚਣਾ ਜਾਣਦੀ**
**ਦੇ ਦੇ ਸ਼ੌਂਕ ਦਾ ਗੇੜਾ**
**ਰੂਪ ਤੇਰੇ ਦੀ ਗਿੱਠ-ਗਿੱਠ ਲਾਲੀ**
**ਤੈਥੋਂ ਸੋਹਣਾ ਕਿਹੜਾ**
**ਨੀਂ ਦੀਵਾ ਕੀ ਕਰਨਾ**
**ਚਾਨਣ ਹੋਜੂ ਤੇਰਾ।**

ਪੰਜਾਬੀ ਮੁਟਿਆਰ ਆਪਣੀ ਕਲਾ ਅਤੇ ਹੁਸਨ ਦਾ ਪ੍ਰਗਟਾਵਾ ਇੰਝ ਕਰਦੀ ਹੈ;

**ਗਿੱਧਿਆਂ ਦੇ ਵਿੱਚ ਆਵਾਂ ਨੀਂ ਮੈਂ**
**ਪਾਵਾਂ ਨੱਚ ਧਮਾਲਾਂ**
**ਪਾਉਣ ਨੀਵੀਆਂ ਮੋਰ ਸ਼ਰਮ ਨਾਲ**
**ਦੇਖ ਮੇਰੀਆਂ ਚਾਲਾਂ**

***

**ਇੱਕ ਜੀ ਕਰਦਾ ਵਿੱਚ ਅੰਬਰਾਂ ਦੇ**
**ਉੱਡ ਜਾਂ ਕਬੂਤਰ ਬਣ ਕੇ**
**ਛਣਕਾਟਾ ਪੈਂਦਾ ਗਲੀ-ਗਲੀ**
**ਨੀਂ ਮੇਰੀ ਐਸੀ ਝਾਂਜਰ ਛਣ ਕੇ।**

ਜੇਕਰ 'ਸ਼ਿੰਗਾਰ ਰਸ' ਰਸ-ਰਾਜ ਹੈ ਤਾਂ ਸਾਉਣ ਦਾ ਮਹੀਨਾ ਵੀ ਤਾਂ ਰਿਤੂ-ਰਾਜ ਹੈ, ਹੋਵੇ ਵੀ ਕਿਉਂ ਨਾ, ਸਾਉਣ ਦੇ ਮਹੀਨੇ ਵਿੱਚ 'ਸ਼ਿੰਗਾਰ ਰਸ' ਦਾ ਹੜ੍ਹ ਜੋ ਆਇਆ ਹੁੰਦਾ ਹੈ। ਕੋਇਲਾਂ ਦੇ ਮਿੱਠੇ ਸੁਰ, ਮੋਰ ਦੀ ਪੈਲ, ਦਰੱਖਤਾਂ ਦੀ ਹਰਿਆਵਲ ਅਤੇ ਸੰਪੂਰਨ ਪ੍ਰਾਕ੍ਰਿਤੀ ਦੇ 'ਸ਼ਿੰਗਾਰ ਰਸ' ਦਾ ਆਨੰਦ ਮਾਣਨ ਲਈ ਸਮੁੱਚੇ ਪੰਜਾਬ ਵਿੱਚ ਮੁਟਿਆਰਾਂ ਵੱਲੋਂ ਪੰਦਰਾਂ ਦਿਨ ਤੀਆਂ ਦਾ ਤਿਉਹਾਰ ਮਨਾਇਆ ਜਾਂਦਾ ਹੈ। ਪੰਜਾਬ ਦੀਆਂ ਔਰਤਾਂ ਤੀਆਂ ਦੇ ਮੇਲੇ ਵਿੱਚ ਦਰਖੱਤਾਂ 'ਤੇ ਪੀਘਾਂ ਪਾਉਂਦੀਆਂ ਹਨ ਅਤੇ ਉਚੀਆਂ-ਲੰਮੀਆਂ ਹੀਗਾਂ ਚੜ੍ਹਾਉਂਦੀਆਂ ਹਨ। ਗੋਲ ਧਾਰੇ ਵਿੱਚ ਖੜ੍ਹ ਕੇ ਲੋਕ ਬੋਲੀਆਂ ਉੱਪਰ ਨੱਚ-ਨੱਚ ਕੇ ਧਰਤੀ ਹਿਲਾ ਦਿੰਦੀਆਂ ਹਨ, ਸਾਉਣ ਅਤੇ ਤੀਆਂ ਦੇ ਮੇਲ ਦੀ ਇੱਕ ਲੋਕ ਬੋਲੀ ਦੇਖੋ;

**ਆਇਆ ਸਾਵਣ ਮਨ ਪਰਚਾਵਣ ਰੱਜੀਆਂ ਮੱਝੀਂ ਗਾਈਂ**
**ਗਿੱਧਿਆ ਪਿੰਡ ਵੜ ਵੇ ਲਾਮ੍ਹ-ਲਾਮ੍ਹ ਨਾ ਜਾਈਂ।**

ਮੁਟਿਆਰਾਂ ਜਦੋਂ ਤੀਆਂ ਦੇ ਗਿੱਧੇ ਵਿੱਚ ਇਕੱਠੀਆਂ ਹੋ ਕੇ ਜਾਂਦੀਆਂ ਹਨ। ਉਸ ਦ੍ਰਿਸ਼ ਨੂੰ ਦਰਸਾਉਂਦੀ ਇੱਕ ਬੋਲੀ ਹੈ;

**ਬਣ ਠਣ ਕੇ ਮੁਟਿਆਰਾਂ ਆਈਆਂ**
**ਆਈਆਂ ਪਟੋਲਾ ਬਣ ਕੇ**
**ਕੰਨਾਂ ਦੇ ਵਿੱਚ ਪਿੱਪਲ ਪੱਤੀਆਂ ਬਾਹੀਂ ਚੂੜਾ ਛਣਕੇ**
**ਗਿੱਧਾ ਜੱਟੀਆਂ ਦਾ, ਦੇਖ ਸ਼ੌਕੀਨਾ ਖੜ੍ਹ ਕੇ।**

ਪੰਜਾਬੀ ਸੱਭਿਆਚਾਰ ਦੇ ਜਨ ਮਾਨਸ ਦੇ ਮਨਾਂ ਵਿੱਚ 'ਸ਼ਿੰਗਾਰ ਰਸ' ਇਸ ਕਦਰ ਭਾਰੂ ਹੈ ਕਿ ਪੰਜਾਬੀ ਔਰਤ ਨੇ ਆਪਣੇ ਜੀਵਨ ਵਿੱਚ ਰੋਜ਼ ਵਰਤੋਂ ਦੀਆਂ ਵਸਤੂਆਂ ਦੇ ਨਿਰਮਾਣ ਵਿੱਚ ਆਪਣੀ ਸੁਚੱਜੀ ਕਿਰਤ ਨਾਲ 'ਸ਼ਿੰਗਾਰ ਰਸ' ਕੁੱਟ-ਕੁੱਟ ਕੇ ਭਰ ਦਿੱਤਾ ਹੈ। ਫੁਲਕਾਰੀ ਕੱਢਣ ਦੀ ਪ੍ਰਥਾ ਨੂੰ ਹੀ ਦੇਖ ਲਵੋ, ਪਦਾਰਥ ਆਧਾਰਿਤ ਦੁਪੱਟੇ ਉੱਪਰ ਕਿਰਤ ਦੇ ਮੇਲ ਨਾਲ 'ਸ਼ਿੰਗਾਰ ਰਸ' ਤਰੇਲ ਵਾਂਗ ਖਿਲਾਰ ਦਿੱਤਾ ਜਾਂਦਾ ਹੈ। ਮੁਟਿਆਰ ਆਪਣੇ ਮਨ ਦੇ ਵਲਵਲਿਆਂ ਨੂੰ ਸੂਤ ਦੇ ਬਣੇ ਦੁਪੱਟੇ ਉੱਪਰ ਇੰਝ ਖਿਲਾਰ ਦਿੰਦੀ ਹੈ ਕਿ ਉਹ ਇੱਕ ਪਵਿੱਤਰ, ਸਮੁੱਚੇ ਪੰਜਾਬੀ ਸੱਭਿਆਚਾਰ ਨੂੰ ਰੂਪਮਾਨ ਕਰਦੀ ਸ਼ੈਅ ਫੁਲਕਾਰੀ ਬਣ ਜਾਂਦੀ ਹੈ। ਕੁਲਦੀਪ ਮਾਣਕ ਦੇ ਗੀਤ ਦੀਆਂ ਖ਼ੂਬਸੂਰਤ ਸਤਰਾਂ ਹਨ;

**ਮੈਂ ਚਾਦਰ ਕੱਢਦੀ ਨੀਂ ਗਿਣ**
**ਤੋਪੇ ਪਾਵਾਂ**
**ਜਾਮਣ ਦੀ ਛਾਂ ਹੇਠਾਂ ਨੀਂ ਮੈਂ ਪੀੜ੍ਹਾ ਡਾਹਵਾਂ**
**ਚਿੜੀਆਂ ਦੀ ਚੀਂ-ਚੀਂ ਨੀਂ ਤੋਤਿਆਂ ਦੀ ਟੁਕੜੀ**
**ਸਿਰ ਫੜ ਕੇ ਸੋਚਾਂ ਨੀਂ ਨਾਲੇ ਸ਼ਰਮਾਵਾਂ।**

ਪੰਜਾਬੀ ਸੱਭਿਆਚਾਰ ਵਿੱਚ ਚਰਖਾ ਵੀ 'ਸ਼ਿੰਗਾਰ ਰਸ' ਨੂੰ ਰੂਪਮਾਨ ਕਰਦਾ ਇੱਕ ਚਿੰਨ੍ਹ ਬਣ ਕੇ ਉੱਭਰਿਆ ਹੈ। ਚਰਖਾ ਨਿਰਾਪੁਰਾ ਸੂਤ ਕੱਤਣ ਦੀ ਇੱਕ ਮਸ਼ੀਨ ਹੀ ਨਹੀਂ ਹੈ, ਪੰਜਾਬੀ ਔਰਤ ਨੇ ਆਪਣੀ ਸੁਚੱਜੀ ਕਿਰਤ ਨਾਲ ਇਸ ਦੀ ਵਰਤੋਂ ਦੀ ਕਿਰਿਆ ਵਿੱਚ 'ਸ਼ਿੰਗਾਰ ਰਸ' ਘੋਲ ਦਿੱਤਾ ਹੈ। ਚਰਖੇ ਦੀ ਕਿਰਤ ਕਲਾ ਵਿੱਚੋਂ ਹਜ਼ਾਰਾਂ ਲੋਕ ਬੋਲੀਆਂ ਪੈਦਾ ਹੋਈਆਂ ਹਨ। ਦੇਖੋ ਇੱਕ ਖ਼ੂਬਸੂਰਤ ਲੋਕ ਬੋਲੀ;

**ਬੱਲੇ-ਬੱਲੇ ਬਈ ਲੋਕਾਂ ਭਾਵੇਂ ਮੋਰ ਬੋਲਦੇ**
**ਚੀਕੇ ਚਰਖਾ ਬਿਸ਼ਨੀਏ ਤੇਰਾ**

ਚਰਖੇ ਨੂੰ ਅਦਭੁੱਤ ਰੂਪ ਦਿੰਦੀ ਹੋਈ ਪੰਜਾਬੀ ਔਰਤ ਕਹਿੰਦੀ ਹੈ;

**ਚਰਖਾ ਮੇਰਾ ਰੰਗ ਰੰਗੀਲਾ, ਵਿੱਚ ਸੋਨੇ ਦੀਆਂ ਮੇਖਾਂ**
**ਮਾਂ ਮੇਰੀ ਦੀਆਂ ਯਾਦਾਂ ਆਵਣ, ਜਦ ਚਰਖੇ ਵੱਲ ਦੇਖਾਂ**

***

**ਮਾਂ ਮੇਰੀ ਨੇ ਚਰਖਾ ਦਿੱਤਾ, ਪੀੜ੍ਹੀ ਲਿਆਦੇ ਤੂੰ**
**ਵੇ ਸਾਰੀ ਰਾਤ ਕੱਤਿਆ ਕਰੂੰ, ਕੱਤਿਆ ਕਰੂੰ ਤੇਰੀ ਰੂੰ।**

ਚਰਖੇ ਦੀ ਸਮੁੱਚੀ ਵਿਧਾ ਵਿੱਚ ਤ੍ਰਿੰਝਣ ਇਸ ਦਾ ਅਜਿਹਾ ਮਹੱਤਵਪੂਰਨ ਅੰਗ ਹੈ, ਜਿਸਨੇ ਚਰਖੇ ਦੀ ਸੰਪੂਰਨ ਵਿਧਾ ਨੂੰ ਰਸਮਈ ਬਣਾ ਦਿੱਤਾ ਹੈ। ਖੁੱਲ੍ਹੇ ਵਿਹੜੇ ਵਿੱਚ ਜਾਂ ਗਲੀ ਵਿੱਚ ਔਰਤਾਂ ਇਕੱਠੀਆਂ ਹੋ ਕੇ ਚਰਖਾ ਕੱਤਦੀਆਂ ਹਨ, ਨਾਲੇ ਲੋਕ ਬੋਲੀਆਂ ਰਾਹੀਂ ਲੋਕ ਸਾਹਿਤ ਦੀ ਸਿਰਜਣਾ ਕਰਦੀਆਂ ਹਨ। ਤ੍ਰਿੰਝਣ ਦੇ ਝਲਕਾਰੇ ਦੀ ਇੱਕ ਬੋਲੀ ਦੇਖੋ;

**ਬੱਲੇ-ਬੱਲੇ ਬਈ ਚਾਅ ਨੀਂ ਤ੍ਰਿੰਝਣਾਂ ਦਾ**
**ਹੱਥੀਂ ਪੂਣੀਆਂ ਢਾਕ 'ਤੇ ਚਰਖਾ**
**ਚਾਅ ਨੀਂ ਤ੍ਰਿੰਝਣਾਂ ਦਾ...**

'ਸ਼ਿੰਗਾਰ ਰਸ' ਭਰੀ ਤ੍ਰਿੰਝਣ ਨੂੰ ਪ੍ਰਗਟਾਉਂਦੀ ਇੱਕ ਹੋਰ ਲੋਕ ਬੋਲੀ ਇੰਝ ਹੈ;

**ਵਿੱਚ ਤ੍ਰਿੰਝਣ ਹੋਈਆਂ 'ਕੱਠੀਆਂ**
**ਨੰਦ ਕੁਰ ਤੇ ਹਰਨਾਮੀ।**
**ਬਈ ਬਿਸ਼ਨੀ ਨਾਰ ਦਾ ਚਰਖਾ ਸੋਹਣਾ**
**ਕਰਦੇ ਭੌਰ ਗੁਲਾਮੀ।**
**ਬਈ ਬੰਤੋ ਕੁੜੀ ਨੇ ਗੁੰਦੀਆਂ ਮੀਢੀਆਂ**
**ਬਹਿ ਗਈ ਪੀੜ੍ਹਾਂ ਡਾਹ ਕੇ**
**ਨੱਚ ਸੁਰਜੀਤ ਕੁਰੇ, ਝਾਂਜਰ ਨੂੰ ਛਣਕਾ ਕੇ।**

ਇੱਕ ਹਜ਼ਾਰ ਸਾਲ ਤੱਕ ਹਮਲਾਵਰਾਂ ਵੱਲੋਂ ਲਿਤਾੜੇ ਪੰਜਾਬ ਵਿੱਚ ਔਰਤਾਂ ਨੇ ਆਪਣੀ ਹਿੰਮਤ ਨਹੀਂ ਹਾਰੀ। ਉਹ ਲੁੱਟੇ ਗਏ ਅਤੇ ਉੱਜੜੇ ਘਰਾਂ ਨੂੰ ਕੱਚੀ ਮਿੱਟੀ ਨਾਲ ਲਿੱਪ ਕੇ ਫਿਰ ਨਿਖਾਰ ਲੈਂਦੀਆਂ ਸਨ। ਚੁੱਲ੍ਹੇ-ਚੌਂਕਿਆਂ, ਦਰਵਾਜ਼ਿਆਂ ਉੱਪਰ ਕੁਦਰਤ ਦੇ ਚਿੰਨ੍ਹਾਂ ਨੂੰ ਦਰਸਾਉਂਦੀ ਚਿੱਤਰਕਾਰੀ ਕਰਕੇ ਕੱਚੇ ਘਰਾਂ ਵਿੱਚ 'ਸ਼ਿੰਗਾਰ ਰਸ' ਭਰ ਦਿੰਦੀ ਸੀ।

ਸਮੁੱਚਾ ਪੰਜਾਬੀ ਸੱਭਿਆਚਾਰ 'ਸ਼ਿੰਗਾਰ ਰਸ' ਦੀ ਚਾਸ਼ਨੀ ਵਿੱਚ ਘੁਲਿਆ ਹੈ। ਪੰਜਾਬੀ ਜਨ ਮਾਨਸ ਦੇ ਮਨਾਂ ਦੇ ਵਲਵਲਿਆਂ ਨੂੰ ਜਦੋਂ ਲੋਕ ਬੋਲੀਆਂ ਰਾਹੀਂ, ਗਾਇਕੀ ਰਾਹੀਂ, ਚਿੱਤਰਕਲਾ ਰਾਹੀਂ ਜਾਂ ਕਿਰਤ ਰਾਹੀਂ ਪ੍ਰਗਟ ਕੀਤਾ ਜਾਂਦਾ ਹੈ ਤਾਂ 'ਸ਼ਿੰਗਾਰ ਰਸ' ਉਮੜ-ਉਮੜ ਪੈਂਦਾ ਹੈ। 'ਸ਼ਿੰਗਾਰ ਰਸ' ਮਨੁੱਖੀ ਆਨੰਦ ਅਤੇ ਮਨ ਦੀ ਤ੍ਰਿਪਤੀ ਦਾ ਅਦਭੁੱਤ ਸਰੋਤ ਹੈ।

SINGH'S TRAVELS
MONEY GRAM OFFICE
NRI PRESS
The Indian---News Paper of USA
Sade Lok---- News Paper of USA
Amritsar Times---News Paper of USA
News Paper
TOUR PACKAGE
Passport, Pan Card
Birth Certificate
ਨੋਟ:- ਚੰਡੀਗੜ੍ਹ ਅਤੇ ਪਟਿਆਲਾ ਹਾਊਸ ਦਿੱਲੀ ਦੇ ਪੇਪਰ ਤਸਦੀਕ ਕਰਵਾਉਣ ਦੀ ਸਲਾਹ ਲਈ ਮਿਲੋ
ਇੱਥੇ ਦੇਸ ਵਿਦੇਸ਼ ਤੋਂ ਪੈਸੇ ਮੰਗਵਾਏ ਜਾਂਦੇ ਹਨ
MoneyGram
WESTERN UNION MONEY TRANSFER
Trans-Fast WORLDWIDE MONEY TRANSFER
Ph:- 01886-502532
Mob:- 94634-04595


kw LAKE WASHINGTON SO
KELLERWILLIAMS. REALTY
CJ Singh
Realtor
License # 24012019
Real Estate Broker



CJ Singh
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
(206) 295-5993 | c.singh@kw.com | realtorcjsingh.com
bellevueareahomefinder.com
707 S Grady Way Suit 730, Renton, WA 98057

# ਕੀ ਹੈ ਡਾਰਕ ਆਕਸੀਜਨ?

ਅਸ਼ਵਨੀ ਚਤਰਥ



ਹੁਣ ਤੱਕ ਅਸੀਂ ਹਰੇ ਪੌਦਿਆਂ ਵੱਲੋਂ ਆਕਸੀਜਨ ਗੈਸ ਪੈਦਾ ਕੀਤੇ ਜਾਣ ਬਾਰੇ ਹੀ ਜਾਣਦੇ ਸਾਂ। ਹਰੇ ਰੰਗ ਦੇ ਬੂਟੇ, ਜਿਨ੍ਹਾਂ ਵਿੱਚ ਕਲੋਰੋਫ਼ਿਲ ਨਾਮ ਦਾ ਪਦਾਰਥ ਹੰਦਾ ਹੈ, ਸੂਰਜ ਦੀ ਰੌਸ਼ਨੀ 'ਚ ਭੋਜਨ ਪਦਾਰਥ ਅਤੇ ਆਕਸੀਜਨ ਗੈਸ ਪੈਦਾ ਕਰਦੇ ਹਨ। ਇਸ ਕਿਰਿਆ ਨੂੰ ਪ੍ਰਕਾਸ਼ ਸੰਸਲੇਸ਼ਣ ਕਿਰਿਆ ਕਿਹਾ ਜਾਂਦਾ ਹੈ। ਇਸ ਤਰ੍ਹਾਂ ਧਰਤੀ ਦੇ ਸਾਰੇ ਜੀਵ ਜੰਤੂ ਆਪਣੀਆਂ ਆਕਸੀਜਨ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਰੁੱਖਾਂ ਵੱਲੋਂ ਪੈਦਾ ਕੀਤੀ ਗਈ ਆਕਸੀਜਨ ਉੱਤੇ ਹੀ ਨਿਰਭਰ ਕਰਦੇ ਸਨ। ਪਰ ਸਕਾਟਲੈਂਡ ਦੇ ਵਿਗਿਆਨੀਆਂ ਨੇ ਹੁਣ ਨਵੀਂ ਖੋਜ ਰਾਹੀਂ ਸਮੁੰਦਰ ਵਿੱਚ ਪੱਥਰਾਂ ਤੋਂ ਆਕਸੀਜਨ ਗੈਸ ਪੈਦਾ ਕੀਤੇ ਜਾਣ ਦਾ ਪਤਾ ਲਾਇਆ ਹੈ। ਸਮੁੰਦਰੀ ਵਿਗਿਆਨ ਨਾਲ ਜੁੜੇ ਸਕਾਟਲੈਂਡ ਦੇ ਵਿਗਿਆਨੀ ਐਂਡਰਿਊ ਸਵੀਟਮੈਨ ਅਤੇ ਉਸ ਦੇ ਸਾਥੀਆਂ ਨੇ ਇੱਕ ਅਜਿਹੀ ਚਮਤਕਾਰੀ ਖੋਜ ਕੀਤੀ ਹੈ, ਜੋ ਦਾਅਵਾ ਕਰਦੀ ਹੈ ਕਿ ਸਮੁੰਦਰ ਦੇ ਅੰਦਰ ਕਰੀਬ ਤੇਰਾਂ ਹਜ਼ਾਰ ਫੁੱਟ ਦੀ ਡੂੰਘਾਈ 'ਤੇ ਆਕਸੀਜਨ ਪੈਦਾ ਹੋ ਰਹੀ ਹੈ।

ਇਸ ਨੂੰ ਸਮੁੰਦਰੀ ਆਕਸੀਜਨ ਆਖਿਆ ਜਾਂਦਾ ਹੈ। ਨਵੀਂ ਖੋਜ ਦੱਸਦੀ ਹੈ ਕਿ ਪ੍ਰਸ਼ਾਂਤ ਮਹਾਸਾਗਰ ਦੇ ਹੇਠਾਂ ਆਕਸੀਜਨ ਉਸ ਜਗ੍ਹਾ 'ਤੇ ਪੈਦਾ ਹੋ ਰਹੀ ਹੈ ਜਿੱਥੇ ਸੂਰਜ ਦੀ ਰੋਸ਼ਨੀ ਬਿਲਕੁਲ ਨਹੀਂ ਪਹੁੰਚ ਰਹੀ ਭਾਵ ਆਕਸੀਜਨ ਹਨੇਰੇ 'ਚ ਪੈਦਾ ਹੋ ਰਹੀ ਹੈ। ਇਸ ਲਈ ਸਮੁੰਦਰੀ ਆਕਸੀਜਨ ਨੂੰ ਡਾਰਕ ਆਕਸੀਜਨ ਦਾ ਵੀ ਨਾਮ ਦਿੱਤਾ ਗਿਆ ਹੈ। ਪ੍ਰਸ਼ਾਂਤ ਮਹਾਸਾਗਰ ਦਾ ਖੇਤਰ, ਜਿੱਥੇ ਇਹ ਕਿਰਿਆ ਚੱਲ ਰਹੀ ਹੈ, ਦੀ ਡੂੰਘਾਈ ਧਰਤੀ ਦੀ ਸਭ ਤੋਂ ਉੱਚੀ ਚੋਟੀ ਮਾਊਂਟ ਐਵਰੈਸਟ ਦੀ ਉੱਚਾਈ ਤੋਂ ਅੱਧੀ ਦੇ ਬਰਾਬਰ ਹੈ।

**ਘਟ ਰਹੇ ਰੁੱਖਾਂ ਦਾ ਬਦਲ ਹੈ ਸਮੁੰਦਰੀ ਆਕਸੀਜਨ:** ਨਵੀਂ ਖੋਜ ਨੇ ਦੁਨੀਆ ਦੇ ਵਿਗਿਆਨੀਆਂ ਨੂੰ ਇਹ ਸੋਚਣ ਲਈ ਮਜਬੂਰ ਕਰ ਦਿੱਤਾ ਹੈ ਕਿ ਧਰਤੀ ਉੱਤੇ ਆਕਸੀਜਨ ਪ੍ਰਾਪਤ ਕਰਨ ਦੇ ਰੁੱਖਾਂ ਤੋਂ ਇਲਾਵਾ ਹੋਰ ਵੀ ਸਾਧਨ ਹਨ। ਹੁਣ ਇਸ ਦੇ ਨਾਲ ਹੀ ਆਕਸੀਜਨ ਦੇ ਬਦਲਵੇਂ ਸਰੋਤ ਲੱਭਣ ਦੀ ਸ਼ੁਰੂਆਤ ਵੀ ਹੋ ਗਈ ਹੈ। ਸੰਸਾਰ ਭਰ ਵਿੱਚ ਰੁੱਖਾਂ ਦੀ ਗਿਣਤੀ ਲਗਾਤਾਰ ਘਟਦੀ ਜਾ ਰਹੀ ਹੈ ਅਤੇ ਦੁਨੀਆ ਦੇ ਸਭ ਤੋਂ ਵੱਡੇ ਜੰਗਲ ਐਮਾਜ਼ੋਨ ਸਮੇਤ ਕੁੱਲ ਦੁਨੀਆ ਦੇ ਜੰਗਲਾਂ ਨੂੰ ਮਨੁੱਖ ਆਪਣੇ ਨਿੱਜੀ ਸਵਾਰਥਾਂ ਲਈ ਕੱਟ ਰਿਹਾ ਹੈ। ਇਸੇ ਤਰ੍ਹਾਂ ਭਾਰਤ ਅਤੇ ਖ਼ਾਸ ਕਰ ਕੇ ਪੰਜਾਬ ਵਿੱਚ ਵੀ ਦਰੱਖ਼ਤਾਂ ਦੀ ਗਿਣਤੀ ਲਗਾਤਾਰ ਘਟ ਰਹੀ ਹੈ, ਉਸ ਨੂੰ ਦੇਖਦਿਆਂ ਜੀਵਾਂ ਦੀ ਸਾਹ ਕਿਰਿਆ ਲਈ ਲੋੜੀਂਦੀ ਆਕਸੀਜਨ ਵੀ ਘਟਦੀ ਜਾ ਰਹੀ ਹੈ ਤੇ ਹੁਣ ਆਕਸੀਜਨ ਦੀ ਨਵੀਂ ਖੋਜ ਧਰਤੀ ਦੇ ਸਮੂਹ ਪ੍ਰਾਣੀਆਂ ਲਈ ਨਵੀਂ ਸਵੇਰ ਦਾ ਸੁਨੇਹਾ ਲੈ ਕੇ ਆਈ ਹੈ।

**ਸਮੁੰਦਰੀ ਆਕਸੀਜਨ ਦਾ ਸਰੋਤ:** ਜ਼ਿਕਰਯੋਗ ਹੈ ਕਿ ਧਰਤੀ ਉੱਤੇ ਮਿਲਦੀ ਆਕਸੀਜਨ ਦਾ ਕਰੀਬ ਅੱਧਾ ਹਿੱਸਾ ਸਮੁੰਦਰਾਂ ਤੋਂ ਹੀ ਪ੍ਰਾਪਤ ਹੁੰਦਾ ਹੈ। ਵਿਗਿਆਨੀ ਪਹਿਲਾਂ ਸਮੁੰਦਰਾਂ ਵਿਚਲੇ ਪੌਦਿਆਂ ਨੂੰ ਹੀ ਸਮੁੰਦਰੀ ਆਕਸੀਜਨ ਦਾ ਸਰੋਤ ਮੰਨ ਰਹੇ ਸਨ, ਪਰ ਸਵੀਟਮੈਨ ਦੀ ਖੋਜ ਨੇ ਸਿੱਧ ਕੀਤਾ ਹੈ ਕਿ ਸਮੁੰਦਰਾਂ ਤੋਂ ਆਉਂਦੀ ਆਕਸੀਜਨ ਦਾ ਸਰੋਤ ਉੱਥੋਂ ਦੇ ਬੂਟੇ ਨਹੀਂ ਸਗੋਂ ਉੱਥੇ ਪਏ ਹੋਏ ਬਹੁਧਾਤੀ (ਬਹੁਤੀਆਂ ਧਾਤਾਂ ਤੋਂ ਬਣੇ ਪੱਥਰ) ਪੱਥਰ ਹਨ। ਪ੍ਰਸ਼ਾਂਤ ਮਹਾਸਾਗਰ ਦੇ 13,100 ਫੁੱਟ ਦੀ ਡੂੰਘਾਈ 'ਤੇ ਪਏ ਹੋਏ ਇਹ ਬਹੁਧਾਤੀ ਪੱਥਰ ਮੈਗਨੀਜ਼, ਕੋਬਾਲਟ, ਤਾਂਬਾ, ਲਿਥੀਅਮ ਅਤੇ ਨਿੱਕਲ ਆਦਿ ਧਾਤਾਂ ਦੇ ਬਣੇ ਹੋਏ ਹਨ। ਇਹ ਉਹੀ ਧਾਤਾਂ ਹਨ ਜਿਹੜੀਆਂ ਮੋਬਾਈਲਾਂ ਦੀ ਟੱਚ ਸਕਰੀਨ, ਚਾਰਜ ਕਰਨਯੋਗ ਬੈਟਰੀਆਂ ਅਤੇ ਸੋਲਰ ਪੈਨਲ ਬਣਾਉਣ ਲਈ ਵਰਤੀਆਂ ਜਾਂਦੀਆਂ ਹਨ। ਵਿਗਿਆਨੀਆਂ ਵੱਲੋਂ ਇਨ੍ਹਾਂ ਪੱਥਰਾਂ ਨੂੰ ਬਾਹਰ ਕੱਢ ਕੇ ਅਤੇ ਲੈਬਾਰਟਰੀ ਵਿੱਚ ਤਜਰਬੇ ਕਰਨ ਤੋਂ ਬਾਅਦ ਇਹ ਪਤਾ ਲਾਇਆ ਗਿਆ ਹੈ ਕਿ ਇਨ੍ਹਾਂ ਵਿੱਚ ਬਿਜਲੀ ਦਾ ਕਰੰਟ ਮੌਜੂਦ ਹੁੰਦਾ ਹੈ। ਇੱਕ ਆਲੂ ਦੇ ਆਕਾਰ ਦਾ ਅਜਿਹਾ ਪੱਥਰ 0.95 ਵੋਲਟ ਬਿਜਲੀ ਪੈਦਾ ਕਰ ਸਕਦਾ ਹੈ। ਇਨ੍ਹਾਂ ਪੱਥਰਾਂ ਨੂੰ ਵਧੇਰੇ ਗਿਣਤੀ ਵਿੱਚ ਜੋੜ ਕੇ ਵੱਡੀ ਮਾਤਰਾ ਵਿੱਚ ਵੀ ਬਿਜਲੀ ਪੈਦਾ ਕੀਤੀ ਜਾ ਸਕਦੀ ਹੈ। ਵਿਗਿਆਨੀਆਂ ਨੇ ਪਾਣੀ ਹੇਠਲੇ ਬਹੁਧਾਤੀ ਪੱਥਰਾਂ ਨੂੰ ਭੂ-ਬੈਟਰੀਆਂ ਜਾਂ ਕੁਦਰਤੀ ਬੈਟਰੀਆਂ ਦਾ ਨਾਮ ਦਿੱਤਾ ਹੈ।

ਇਹ ਪੱਥਰ ਸਮੁੰਦਰੀ ਪਾਣੀ ਨੂੰ ਬਿਜਲਈ ਵਿਧੀ ਨਾਲ ਤੋੜ ਕੇ ਹਾਈਡਰੋਜਨ ਅਤੇ ਆਕਸੀਜਨ ਗੈਸਾਂ ਪੈਦਾ ਕਰਦੇ ਹਨ। ਇਹ ਪੈਦਾ ਹੋਈ ਆਕਸੀਜਨ ਗੈਸ ਸਮੁੰਦਰੀ ਆਕਸੀਜਨ ਦਾ ਸਰੋਤ ਹੈ। ਇਨ੍ਹਾਂ ਖੋਜਾਂ ਰਾਹੀਂ ਵਿਗਿਆਨੀਆਂ ਨੇ ਇਹ ਸਬੂਤ ਦੇ ਦਿੱਤੇ ਹਨ ਕਿ ਸਾਡੇ ਗ੍ਰਹਿ ਉੱਤੇ ਪ੍ਰਕਾਸ਼ ਸੰਸਲੇਸ਼ਣ ਤੋਂ ਇਲਾਵਾ ਆਕਸੀਜਨ ਪ੍ਰਾਪਤੀ ਦੇ ਹੋਰ ਵੀ ਸਾਧਨ ਹਨ। ਵਿਗਿਆਨੀਆਂ ਵੱਲੋਂ ਕੁਦਰਤੀ ਭੂ-ਵਿਗਿਆਨ ਨਾਮ ਦੇ ਇੱਕ ਰਸਾਲੇ ਵਿੱਚ ਛਪੇ ਇੱਕ ਲੇਖ ਵਿੱਚ ਦੱਸਿਆ ਗਿਆ ਹੈ ਕਿ ਮੈਕਸੀਕੋ ਅਤੇ ਅਮਰੀਕਾ ਦੇ ਹਵਾਈ ਪ੍ਰਾਂਤ ਵਿਚਾਲੇ ਪ੍ਰਸ਼ਾਂਤ ਮਹਾਸਾਗਰ ਦਾ ਜੋ ਹਿੱਸਾ ਹੈ, ਉਸ ਦੇ 45 ਲੱਖ ਵਰਗ ਕਿਲੋਮੀਟਰ ਖੇਤਰ ਵਿੱਚ ਬਹੁਧਾਤੀ ਪੱਥਰ ਮੌਜੂਦ ਹਨ। ਇਹ ਪੱਥਰ ਪਿਛਲੇ ਲੰਮੇ ਸਮੇਂ ਤੋਂ ਆਕਸੀਜਨ ਗੈਸ ਪੈਦਾ ਕਰ ਰਹੇ ਹਨ। ਜ਼ਿਕਰਯੋਗ ਹੈ ਕਿ ਇਹ ਵਿਗਿਆਨੀ ਪਿਛਲੇ ਦਸ ਸਾਲਾਂ ਤੋਂ ਸਮੁੰਦਰੀ ਤਲ ਉੱਤੇ ਵੱਖ-ਵੱਖ ਖੋਜਾਂ ਕਰ ਰਹੇ ਸਨ। ਇਹ ਸਮਝਣ ਦੀ ਲੋੜ ਹੈ ਕਿ ਅਸੀਂ ਜਿਵੇਂ-ਜਿਵੇਂ ਸਮੁੰਦਰ ਦੀ ਡੂੰਘਾਈ ਵਿੱਚ ਜਾਂਦੇ ਹਾਂ ਤਾਂ ਆਮ ਤੌਰ 'ਤੇ ਆਕਸੀਜਨ ਦੀ ਮਾਤਰਾ ਘਟਦੀ ਜਾਂਦੀ ਹੈ।

ਪਰ ਸਵੀਟਮੈਨ ਦੀ ਟੀਮ ਨੂੰ ਇਸ ਗੱਲ ਦੀ ਹੈਰਾਨੀ ਹੋਈ ਸੀ ਕਿ ਜਿਵੇਂ-ਜਿਵੇਂ ਉਹ ਪ੍ਰਸ਼ਾਂਤ ਮਹਾਸਾਗਰ ਦੇ ਹੇਠਾਂ ਜਾਂਦੇ ਸਨ ਤਾਂ ਉਨ੍ਹਾਂ ਨੂੰ ਆਕਸੀਜਨ ਦੀ ਮਾਤਰਾ ਵਧਦੀ ਮਹਿਸੂਸ ਹੋਣੀ ਸ਼ੁਰੂ ਹੋ ਜਾਂਦੀ ਸੀ। ਇਸੇ ਤੋਂ ਹੀ ਉਨ੍ਹਾਂ ਨੂੰ ਸਮੁੰਦਰੀ ਆਕਸੀਜਨ ਦੀ ਖੋਜ ਕਰਨ ਵਿੱਚ ਮਦਦ ਮਿਲੀ ਸੀ।


**ਪ੍ਰਦੂਸ਼ਣ ਰਹਿਤ ਹੈ ਸਮੁੰਦਰੀ ਆਕਸੀਜਨ:** ਜ਼ਿਕਰਯੋਗ ਹੈ ਕਿ ਵਿਗਿਆਨੀ ਪਿਛਲੇ ਲੰਮੇ ਸਮੇਂ ਤੋਂ ਅਜਿਹੀ ਆਕਸੀਜਨ ਦੀ ਭਾਲ ਵਿੱਚ ਸਨ ਜਿਸ ਨੂੰ ਪੈਦਾ ਕਰਨ ਦੌਰਾਨ ਕੋਈ ਪ੍ਰਦੂਸ਼ਣ ਪੈਦਾ ਨਾ ਹੁੰਦਾ ਹੋਵੇ। ਅਜਿਹੀ ਆਕਸੀਜਨ ਜਿਸ ਨੂੰ ਪੈਦਾ ਕਰਨ ਵਿੱਚ ਸਾਡਾ ਆਲਾ-ਦੁਆਲਾ ਪ੍ਰਦੂਸ਼ਿਤ ਨਹੀਂ ਹੁੰਦਾ ਉਸ ਨੂੰ ਹਰੀ ਆਕਸੀਜਨ ਦਾ ਨਾਮ ਦਿੱਤਾ ਜਾਂਦਾ ਹੈ। ਸਵੀਟਮੈਨ ਅਤੇ ਉਸ ਦੇ ਸਾਥੀਆਂ ਵੱਲੋਂ ਕੀਤੀ ਇਸ ਖੋਜ ਨੇ ਪ੍ਰਦੂਸ਼ਣ ਰਹਿਤ ਆਕਸੀਜਨ ਲਈ ਨਵੇਂ ਰਾਹ ਖੋਲ੍ਹ ਦਿੱਤੇ ਹਨ ਭਾਵ ਸਮੁੰਦਰਾਂ ਤੋਂ ਮਿਲਦੇ ਇਨ੍ਹਾਂ ਪੱਥਰਾਂ ਦੀ ਮਦਦ ਨਾਲ ਆਕਸੀਜਨ ਤਿਆਰ ਕੀਤੀ ਜਾ ਸਕੇਗੀ, ਉਹ ਵੀ ਬਿਨਾਂ ਕਿਸੇ ਕਿਸਮ ਦੇ ਵਾਤਾਵਰਨੀ ਪ੍ਰਦੂਸ਼ਣ ਤੋਂ।

**ਨਵੀਂ ਖੋਜ ਨਾਲ ਕਈ ਸਵਾਲਾਂ ਦੇ ਜਵਾਬ ਦੇਣਾ ਹੋਇਆ ਸੌਖਾ:** ਪਿਛਲੇ ਲੰਮੇ ਸਮੇਂ ਤੋਂ ਜੋ ਕੁਝ ਸਵਾਲ ਵਿਗਿਆਨੀਆਂ ਲਈ ਰਹੱਸ ਹੀ ਬਣੇ ਹੋਏ ਸਨ, ਮੌਜੂਦਾ ਖੋਜ ਨੇ ਉਨ੍ਹਾਂ ਬਹੁਤ ਸਾਰੇ ਸਵਾਲਾਂ ਦੇ ਜਵਾਬ ਦੇਣੇ ਸੌਖੇ ਕਰ ਦਿੱਤੇ ਹਨ। ਸਮੁੰਦਰ 'ਚੋਂ ਮਿਲੀ ਆਕਸੀਜਨ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਧਰਤੀ ਗ੍ਰਹਿ ਉੱਤੇ ਸਭ ਤੋਂ ਪਹਿਲੇ ਜੀਵ ਦੀ ਸ਼ੁਰੂਆਤ ਸਮੁੰਦਰ ਵਿੱਚ ਹੀ ਹੋਈ ਹੋਏਗੀ। ਇਸੇ ਤਰ੍ਹਾਂ ਇਸ ਗੱਲ 'ਤੇ ਵੀ ਵਾਦ-ਵਿਵਾਦ ਚੱਲਦਾ ਰਿਹਾ ਸੀ ਕਿ ਕੀ ਪਹਿਲੇ-ਪਹਿਲ ਦੇ ਜੀਵਾਂ ਦੇ ਜਿਊਂਦੇ ਰਹਿਣ ਲਈ ਆਕਸੀਜਨ ਜ਼ਰੂਰੀ ਸੀ ਜਾਂ ਫਿਰ ਉਹ ਜੀਵ ਆਕਸੀਜਨ ਤੋਂ ਬਗੈਰ ਹੀ ਜਿਊਂਦੇ ਰਹਿਣ ਦੇ ਯੋਗ ਸਨ? ਹੁਣ ਇਸ ਦਾ ਜਵਾਬ ਦਿੱਤਾ ਜਾ ਸਕਦਾ ਹੈ ਕਿ ਉਨ੍ਹਾਂ ਜੀਵਾਂ ਕੋਲ ਜਿਊਂਦੇ ਰਹਿਣ ਲਈ ਆਕਸੀਜਨ ਮੌਜੂਦ ਸੀ ਤੇ ਇਸੇ ਦੇ ਸਹਾਰੇ ਹੀ ਉਹ ਜਿਊਂਦੇ ਰਹੇ ਹੋਣਗੇ। ਪਹਿਲਾਂ ਇਹ ਪ੍ਰਸ਼ਨ ਕੀਤਾ ਜਾਂਦਾ ਸੀ ਕਿ ਕੀ ਧਰਤੀ ਉੱਤੇ ਆਕਸੀਜਨ ਨਾਲ ਸਾਹ ਲੈਣ ਵਾਲੇ ਜੀਵ ਜੰਤੂ ਰੁੱਖਾਂ ਦੇ ਪੈਦਾ ਹੋਣ ਤੋਂ ਬਾਅਦ ਹੋਂਦ ਵਿੱਚ ਆਏ ਸਨ ਜਾਂ ਉਹ ਰੁੱਖਾਂ ਤੋਂ ਪਹਿਲਾਂ ਵੀ ਧਰਤੀ ਉੱਤੇ ਮੌਜੂਦ ਸਨ? ਹੁਣ ਇਸ ਦਾ ਜਵਾਬ ਦਿੱਤਾ ਜਾ ਸਕਦਾ ਹੈ, ਭਾਵ ਸਮੁੰਦਰ ਵਿਚਲੀ ਆਕਸੀਜਨ ਜੰਤੂਆਂ ਲਈ ਮੌਜੂਦ ਸੀ ਇਸ ਲਈ ਜੀਵ-ਜੰਤੂਆਂ ਦਾ ਜਨਮ ਰੁੱਖਾਂ ਤੋਂ ਪਹਿਲਾਂ ਵੀ ਸੰਭਵ ਹੋ ਸਕਦਾ ਹੈ।











## ਕੰਡਿਆਲੀ ਤਾਰ

ਅਮਨ ਸ਼ਾਂਤੀ ਦੀ ਹਾਮੀ ਭਰ ਦਿਓ,
ਤਾਰ ਕੰਡਿਆਲੀ ਲਾਂਭੇ ਕਰ ਦਿਓ।
ਦੋਵੇਂ ਮੁਲਕਾਂ ਦੀ ਏਕਤਾ ਹੋਵੇ,
ਨਾ ਮਾਂ ਕਿਸੇ ਦੀ ਮੱਥਾ ਫੜ ਰੋਵੇ।

ਖ਼ੁਸ਼ੀਆਂ ਦੇ ਸਦਾ ਦੀਪ ਜਗਾਓ,
ਘੁੱਟ ਗਲਵੱਕੜੀ ਆਪਸੀ ਪਾਓ।
ਨਾ ਇੱਕ ਦੂਜੇ ਵੱਲ ਸੀਨੇ ਤਾਣੋਂ,
ਮਿਲ ਇੱਕ-ਦੂਜੇ ਦਾ ਦਰਦ ਪਛਾਣੋਂ।

ਰਲ ਕੇ ਰਹੋ ਸਦਾ ਦੋਵੇਂ ਭਾਈ,
ਨਾ ਜਾਓ ਇੱਕ ਦੂਜੇ ਵੱਲ ਤੀਰ ਚਲਾਈ।
ਠਾਹ ਠੂਹ ਠਾਹ ਠੂਹ ਹੋ ਜਾਏ ਬੰਦ,
ਦਵੈਤ ਭਾਵਨਾ ਦੀ ਢਾਹ ਦਿਓ ਕੰਧ।

ਜਿਸ ਨੇ ਇਹ ਕੰਧ ਬਣਾਈ,
ਉਹ ਨ੍ਹੀਂ ਸਾਡਾ ਸੱਚਾ ਭਾਈ।
ਖਟਾਸ ਮਨਾਂ ਦੀ ਦੂਰ ਭਜਾਓ,
ਹੱਦਾਂ ਸਰਹੱਦਾਂ ਦੀ ਲੀਕ ਮਿਟਾਓ।

'ਲੰਗੇਆਣਾ ਸਾਧੂ ਰਾਮ' ਨੇ ਕੀਤੀ ਅਰਜ਼,
ਨਿਭਾਈਏ ਰਲਮਿਲ ਆਪਾਂ ਸਾਰੇ ਫਰਜ਼।

- ਡਾ. ਸਾਧੂ ਰਾਮ ਲੰਗੇਆਣਾ

## ਹੱਕਾਂ 'ਤੇ ਲਾਠੀਆਂ ਦੇ ਵਾਰ

ਜਦੋਂ ਹੱਕਾਂ ਦੀ ਖ਼ਾਤਰ ਨੌਜਵਾਨ ਸੜਕਾਂ 'ਤੇ ਆਏ,
ਹੱਥਾਂ 'ਚ ਡਿਗਰੀਆਂ ਤੇ ਅੱਖਾਂ 'ਚ ਸੁਪਨੇ ਸਜਾਏ।
ਰੁਜ਼ਗਾਰ ਦੀ ਮੰਗ ਸੀ, ਕੋਈ ਗੁਨਾਹ ਨਹੀਂ ਸੀ,
ਪਰ ਹਾਕਮਾਂ ਨੇ ਉਨ੍ਹਾਂ 'ਤੇ ਬਸ ਜਬਰ ਕਮਾਏ।

ਸਖ਼ਤ ਲਾਠੀਆਂ ਜਦੋਂ ਪਿੰਡਿਆਂ 'ਤੇ ਵਰ੍ਹਦੀਆਂ,
ਧੀਆਂ-ਪੁੱਤਾਂ ਦੀਆਂ ਚੀਕਾਂ ਅੰਬਰ ਨੂੰ ਚੀਰਦੀਆਂ।
ਖ਼ੂਨ ਨਾਲ ਲਥਪਥ ਹੋਈਆਂ ਉਹ ਕਿਤਾਬਾਂ,
ਜੋ ਕਦੇ ਦੇਸ਼ ਦਾ ਭਵਿੱਖ ਬਣਨਾ ਲੋਚਦੀਆਂ।

ਕੀ ਸੱਚ ਕਹਿਣਾ ਹੁਣ ਬਗਾਵਤ ਬਣ ਗਿਆ?
ਕੀ ਆਪਣਾ ਹੱਕ ਮੰਗਣਾ ਹੋ ਪਾਪ ਹੁਣ ਗਿਆ?
ਲੋਕਤੰਤਰ ਦੇ ਨਾਂ 'ਤੇ ਜੋ ਡੰਡੇ ਵਰ੍ਹ ਰਹੇ ਨੇ,
ਇਹ ਦੇਖ ਕੇ ਤਾਂ ਅੱਜ ਕਾਨੂੰਨ ਵੀ ਰੋ ਪਿਆ।

ਪਰ ਸੁਣ ਲਓ ਹਾਕਮੋ, ਨਾ ਇੰਨਾ ਹੰਕਾਰ ਕਰੋ,
ਲਾਠੀਆਂ ਦੇ ਜ਼ੋਰ 'ਤੇ ਨਾ ਸੋਚਾਂ ਦਾ ਸ਼ਿਕਾਰ ਕਰੋ।
ਇਹ ਪੰਜਾਬ ਦੇ ਗੱਭਰੂ ਨੇ, ਦੇਸ਼ ਦੀ ਜਵਾਨੀ ਹੈ,
ਜਿੰਨਾ ਇਸ ਦਬਾਓਗੇ, ਇਹ ਬਣਨੀ ਤੂਫ਼ਾਨੀ ਹੈ।

ਖ਼ੂਨ ਦੀ ਹਰ ਬੂੰਦ 'ਚੋਂ ਇੱਕ ਇਨਕਲਾਬ ਉੱਠੇਗਾ,
ਜ਼ੁਲਮ ਦੇ ਹਨੇਰੇ ਤੋਂ ਹਰ ਇੱਕ ਹਿਸਾਬ ਪੁੱਛੇਗਾ।
'ਜੋਸ਼ੀ' ਲਾਠੀਚਾਰਜ ਨਾਲ ਕਦੇ ਜਜ਼ਬੇ ਨਹੀਂ ਮਰਦੇ,
ਇਹ ਸੰਘਰਸ਼ ਹੁਣ ਜਿੱਤ ਦੇ ਰਾਹਾਂ 'ਤੇ ਹੀ ਰੁਕੇਗਾ।

-ਮੇਘ ਰਾਜ ਜੋਸ਼ੀ

## ਜੰਗਾਂ ਦੇ ਸਾਏ

ਅੰਬਰ ਉੱਤੇ ਧੂੰਏਂ ਦੀ ਚਾਦਰ,
ਧਰਤੀ ਉੱਤੇ ਖ਼ੂਨ ਦੇ ਨਿਸ਼ਾਨ।
ਤਾਕਤਵਰ ਦੇ ਹੱਥਾਂ 'ਚ ਅੱਗ ਹੈ,
ਤੇ ਕੰਬ ਰਿਹਾ ਸਾਰਾ ਜਹਾਨ।

ਅਮਰੀਕਾ ਦੇ ਜਹਾਜ਼ ਗੱਜ ਰਹੇ,
ਇਰਾਨ ਦੇ ਮਿਜ਼ਾਈਲ ਬੋਲ ਪਏ।
ਸਿਆਸਤ ਦੀ ਸ਼ਤਰੰਜ ਅੰਦਰ,
ਹਾਕਮ ਲੱਖਾਂ ਸੁਪਨੇ ਰੋਲ ਗਏ।

ਤੇਲ ਦੇ ਰਾਹ ਵੀ ਡਰਦੇ ਨੇ,
ਸਮੁੰਦਰ ਵੀ ਖ਼ਾਮੋਸ਼ ਖੜ੍ਹਾ।
ਬਾਜ਼ਾਰਾਂ ਵਿੱਚ ਮਹਿੰਗਾਈ ਨੱਚੇ,
ਗ਼ਰੀਬ ਦਾ ਚੁੱਲ੍ਹਾ ਹੋਇਆ ਠੰਢਾ।

ਜੰਗ ਭਾਵੇਂ ਦੋ ਦੇਸ਼ਾਂ ਅੰਦਰ,
ਪਰ ਅਸਰ ਪੈਂਦਾ ਦੁਨੀਆ ਸਾਰੀ।
ਕਿਤੇ ਰੋਟੀ ਹੋ ਜਾਂਦੀ ਮਹਿੰਗੀ,
ਕਿਤੇ ਰੁਕਦੀ ਰੋਜ਼ੀ-ਰੋਟੀ ਦੀ ਲਾਰੀ।

ਅਫ਼ਰੀਕਾ ਦੇ ਭੁੱਖੇ ਬੱਚੇ,
ਏਸ਼ੀਆ ਦੇ ਮਜ਼ਦੂਰ ਬੇਹਾਲ।
ਉਨ੍ਹਾਂ ਦਾ ਕੀ ਕਸੂਰ ਦੱਸ,
ਜਿਨ੍ਹਾਂ ਦਾ ਮੰਦੜਾ ਹੋਇਆ ਹਾਲ?

ਤੇਲ ਮਹਿੰਗਾ, ਸਫ਼ਰ ਮਹਿੰਗਾ,
ਖੇਤਾਂ ਲਈ ਖਾਦ ਵੀ ਦੂਰ।
ਗ਼ਰੀਬ ਦੇ ਘਰ ਦੀ ਥਾਲੀ ਖਾਲੀ,
ਸੁਆਣੀ ਹੋ ਜਾਂਦੀ ਹੋਰ ਮਜਬੂਰ।

ਜਿੱਥੇ ਪਹਿਲਾਂ ਹੀ ਦੁੱਖਾਂ ਦੇ ਪਹਾੜ,
ਉੱਥੇ ਹੋਰ ਮੁਸੀਬਤਾਂ ਆਉਣ।
ਵੱਡੇ ਦੇਸ਼ਾਂ ਦੀ ਤਾਕਤ ਦੀ ਖੇਡ ਵਿੱਚ,
ਛੋਟੇ ਦੇਸ਼ ਅੱਥਰੂ ਵਹਾਉਣ।

ਮਾਵਾਂ ਦੇ ਚਿਹਰਿਆਂ ਉੱਤੇ ਚਿੰਤਾ,
ਬੱਚਿਆਂ ਦੀਆਂ ਅੱਖਾਂ ਵਿੱਚ ਸਵਾਲ।
ਕਿਸ ਦੀ ਜਿੱਤ ਤੇ ਕਿਸ ਦੀ ਹਾਰ ਹੈ,
ਜਦ ਮਰਦਾ ਸਿਰਫ਼ ਆਮ ਇਨਸਾਨ।

ਨੇਤਾ ਬੈਠੇ ਮੇਜ਼ਾਂ ਉੱਤੇ,
ਨਕਸ਼ਿਆਂ ਦੀਆਂ ਲਕੀਰਾਂ ਖਿੱਚਣ।
ਪਰ ਜੰਗਾਂ ਦੀ ਅਸਲੀ ਕੀਮਤ,
ਸਿਪਾਹੀ ਤੇ ਲੋਕ ਹੀ ਭੁਗਤਣ।

ਰੱਬਾ ਐਸੀ ਸੂਝ ਬਖ਼ਸ਼ੀਂ,
ਨਫ਼ਰਤ ਦੀ ਅੱਗ ਠੰਢੀ ਹੋਵੇ।
ਅਮਰੀਕਾ ਤੇ ਇਰਾਨ ਦੀ ਕਿਸ਼ਤੀ,
ਅਮਨ ਦੀ ਰਾਹ 'ਤੇ ਮੁੜੀ ਹੋਵੇ।

ਜੰਗ ਕਦੇ ਵੀ ਜਿੱਤਦੀ ਨਹੀਂ,
ਹਾਰਦੀ ਸਾਰੀ ਮਨੁੱਖਤਾ ਹੈ।
ਜਦ ਗੋਲੀਆਂ ਬੋਲਣ ਲੱਗ ਪੈਣ,
ਚੁੱਪ ਹੁੰਦੀ ਇਨਸਾਨੀਅਤ ਹੈ।

ਅੱਜ ਭਗਤ ਸਿੰਘ ਵੀ ਪੁੱਛਦਾ ਹੈ,
ਕੀ ਇਹੀ ਤਰੱਕੀ ਦਾ ਮਾਣ ਹੈ?
ਜਦ ਦੋ ਤਾਕਤਾਂ ਟਕਰਾਉਂਦੀਆਂ,
ਸਜ਼ਾ ਗਰੀਬ ਨੂੰ ਕਿਉਂ ਮਿਲਦੀ ਹੈ?

ਅਮਨ ਦੀ ਜੋਤ ਜਗਦੀ ਰਹੇ,
ਇਹੀ ਮਨੁੱਖਤਾ ਦੀ ਅਸਲੀ ਜਿੱਤ ਹੈ।

- ਪ੍ਰੋਫੈਸਰ ਖ਼ੁਸ਼ਦੀਪ ਗੋਇਲ

## ਕਿਰਤ ਦਾ ਪਰਚਮ

ਜੋ ਹੱਕ ਮੰਗੇ ਆਪਣੀ ਕਿਰਤ ਦਾ,
ਉਨ੍ਹਾਂ 'ਤੇ ਲਾਠੀ ਤਾਣੀ ਹੈ,
ਹਰ ਹਾਕਮ ਦੇ ਹਰ ਜ਼ੁਲਮ ਦੀ,
ਕਹਾਣੀ ਪੁਰਾਣੀ ਹੈ।
ਤੁਸੀਂ ਖ਼ੂਨ ਵਹਾ ਕੇ ਕਿਰਤੀ ਦਾ,
ਇਹ ਸੋਚਣ ਉਹ ਡਰ ਜਾਊ?

ਇਹ ਇਨਕਲਾਬੀ ਸੋਚ ਤਾਂ,
ਬਲਦੀ ਅੱਗ ਦਾ ਪਾਣੀ ਹੈ।
ਜੋ ਮੁੜ੍ਹਕਾ ਡੋਲ੍ਹ ਕੇ ਰਾਤਾਂ ਨੂੰ,
ਇਸ ਜਗ ਵਿੱਚ ਚਾਨਣ ਕਰਦੇ ਨੇ,
ਉਨ੍ਹਾਂ ਦੇ ਸਬਰ ਤਾਈਂ ਪਰਖ ਰਹੀ,
ਇਹ ਸੱਤਾ ਦੀ ਮਨਮਾਨੀ ਹੈ।

ਪਟਿਆਲੇ ਦੀਆਂ ਸੜਕਾਂ 'ਤੇ,
ਜੋ ਡੁੱਲ੍ਹਿਆ ਸੂਹਾ ਖ਼ੂਨ ਹੈ,
ਇਹ ਕਿਰਤ ਦੇ ਉੱਚੇ ਪਰਚਮ ਦੀ,
ਵੱਖਰੀ ਰਮਜ਼ ਪਛਾਣੀ ਹੈ।
ਇਹ ਲਾਠੀਆਂ ਕੋਲੋਂ ਟੁੱਟਣੀ ਨਹੀਂ,
ਮਿਹਨਤ ਦੀ ਪੱਕੀ ਆਵਾਜ਼,
ਜੋ ਹੱਕਾਂ ਲਈ ਮੈਦਾਨੇ ਨਿੱਤਰੀ,
ਉਹ ਹਰ ਇੱਕ ਹਿੱਕ ਤੂਫ਼ਾਨੀ ਹੈ।

ਤੁਸੀਂ ਤਖ਼ਤ-ਓ-ਤਾਜ ਦੇ ਨਸ਼ੇ ਵਿੱਚ,
ਭਾਵੇਂ ਲੱਖ ਤਸ਼ੱਦਦ ਕਰ ਲਵੋ,
'ਕਮਲ' ਕਿਰਤ ਦੀ ਜਿੱਤ ਹੀ ਹੁੰਦੀ,
ਇਹ ਸੱਚੀ ਗੱਲ ਸਿਆਣੀ ਹੈ।

- ਕਮਲਜੀਤ ਕੌਰ ਗੁੰਮਟੀ

## ਬੋਲ ਸਤਲੁਜ ਦੇ ਪਾਣੀਆਂ

ਮੈਨੂੰ ਦੱਸ ਸਤਲੁਜ ਦੇ ਪਾਣੀਆਂ,
ਕਿੱਧਰ ਗਈ ਜਵਾਨੀ।
ਕੀ ਬੀਤੀ ਉਹਨਾਂ ਨਾਲ ਸੀ,
ਲਹੂ ਜਦ ਹੋਇਆ ਪਾਣੀ।

ਪੁੱਤ ਜਿਨਾਂ ਦੇ ਖੋਹ ਲਏ ਤੂੰ,
ਉਹ ਵਿਲਕਣ ਮਾਵਾਂ।
ਭਟਕ ਦੀਆਂ ਮਰ ਗਈਆਂ,
ਜਾ ਸੁੰਨੀਆਂ ਰਾਹਵਾਂ।

ਮੈਨੂੰ ਦੱਸ ਸਤਲੁਜ ਦੇ ਪਾਣੀਆਂ,
ਕਿੰਨ੍ਹਾਂ ਕਹਿਰ ਗੁਜਾਰੇ।
ਕਿੰਨੇ ਬੇਦੋਸ਼ੇ ਮਾਸੂਮ ਸੀ,
ਗਏ ਵਿੱਚ ਮਾਰੇ।

ਤੈਨੂੰ ਤਾਂ ਸਭ ਪਤਾ ਹੋਊ
ਹੁਣ ਤੂੰ ਦੱਸਦੇ।
ਉਹ ਕੌਣ ਸੀ ਜਾਲਮ ਆਦਮੀ
ਜੋ ਲੋਥਾਂ 'ਤੇ ਹੱਸਦੇ।

ਮੈਨੂੰ ਦੱਸ ਸਤਲੁਜ ਦੇ ਪਾਣੀਆਂ,
ਉਹ ਬੋਲ ਤਰਸਦੇ।
ਤੇਰੇ ਵਿੱਚ ਸਮਾ ਗਏ
ਕਿੰਨੇ ਤਾਰੇ ਅਰਸ਼ ਦੇ।

ਦੱਸਦੇ ਉਹ ਕੌਣ ਸਨ,
ਜਿੰਨਾਂ ਲੁੱਟੀ ਜਵਾਨੀ,
ਕਿ ਅੱਜ ਵੀ ਫਿਰ ਰਹੇ,
ਕੋਈ ਦੱਸ ਨਿਸ਼ਾਨੀ।

ਮੈਨੂੰ ਦੱਸ ਸਤਲੁਜ ਦੇ ਪਾਣੀਆਂ,
ਘਾਟੇ ਕਿੰਝ ਹੋਣੇ ਪੂਰੇ।
ਪਾਣੀ ਤੇਰਾ ਪਵਿੱਤਰ ਸੀ
ਕੀਤਾ ਜ਼ਹਿਰ ਧਤੂਰੇ।

ਮੈਨੂੰ ਦੱਸ ਸਤਲੁਜ ਦੇ ਪਾਣੀਆਂ,
ਆਵਾਜ਼ਾਂ ਜੋ ਖਾਮੋਸ਼ ਹੋ 'ਗੀਆਂ।
ਜਿਨਾਂ ਸੁਣਿਆ, ਜਿਨਾਂ ਵੇਖਿਆ,
ਰੂਹਾਂ ਬੇਹੋਸ਼ ਹੋ 'ਗੀਆਂ।

ਸੱਚੋ ਸੱਚ ਦੱਸਦੇ ਤੇਰੇ ਮੈ ਪਾਵਾਂ ਤਰਲੇ।
'ਪੱਤੋ' ਧੰਨ ਉਹ ਲੋਕ ਜਿੰਨਾਂ ਨੇ
ਦੁੱਖੜੇ ਜਰਲੇ।

ਹਰਪ੍ਰੀਤ ਪੱਤੋ 94658 21417

## ਟੁੱਟਿਆ ਨਾ ਕਰੋ

ਜ਼ਿੰਦਗੀ
ਸ਼ੰਘਰਸ਼ ਦੀ ਦਾਸਤਾਨ
ਮੁਸੀਬਤਾਂ ਨੂੰ ਹਰਾ
ਜਿੱਤਾਂ ਲੁੱਟਿਆ ਕਰੋ
ਆਉਣ ਦੁੱਖ
ਤਾਂ ਟੁੱਟਿਆ ਨਾ ਕਰੋ...

ਮਹਿਕਾਂ ਖਿਲਾਰ
ਫਿਜ਼ਾ 'ਚ
ਪੱਤਝੜ ਦੀ ਰੁੱਤ ਦਾ ਵੀ
ਲੁਤਫ਼ ਲੁੱਟਿਆ ਕਰੋ
ਜਿੱਤਾਂ ਨੂੰ ਹੱਸ ਹੱਸ
ਪਰ੍ਹਾਂ ਸੁੱਟਿਆ ਕਰੋ
ਆਉਣ ਦੁੱਖ
ਤਾਂ ਟੁੱਟਿਆ ਨਾ ਕਰੋ...

ਦੁੱਖਾਂ 'ਚ ਸੁੱਖਾਂ ਵਾਂਗ
ਨਜ਼ਾਰੇ ਲੁੱਟਿਆ ਕਰੋ
ਜ਼ਿੰਦਗੀ ਅਨਮੋਲ ਖ਼ਜ਼ਾਨਾ
ਏਸ ਖ਼ਜ਼ਾਨੇ 'ਚੋਂ
ਖ਼ੁਸ਼ੀਆਂ ਭਰ ਭਰ
ਲੁੱਟਿਆ ਕਰੋ
ਆਉਣ ਮੁਸ਼ਕਿਲਾਂ
ਤਾਂ ਟੁੱਟਿਆ ਨਾ ਕਰੋ...

ਮਨ 'ਚ ਕਦੇ
ਨਫ਼ਰਤ ਦੇ ਬੀਜ ਫੁੱਟਣ
ਤਾਂ ਉਨ੍ਹਾਂ ਬੀਜਾਂ ਨੂੰ
ਪੁੱਟ ਸੁੱਟਿਆ ਕਰੋ
ਆਉਣ ਦੁੱਖ
ਤਾਂ ਟੁੱਟਿਆ ਨਾ ਕਰੋ...

ਜੀਵਨ ਦੁੱਖਾਂ ਸੁਖਾਂ ਦਾ ਘਰ
ਘਰ 'ਚ ਬੁੱਲ੍ਹੇ ਲੁੱਟਿਆ ਕਰੋ
ਕਰ ਮੁਸੀਬਤਾਂ ਦਾ ਟਾਕਰਾ
ਲਾ ਅੱਗੇ ਇਨ੍ਹਾਂ ਨੂੰ
ਹਰਾ ਸੁੱਟਿਆ ਕਰੋ
ਆਉਣ ਦੁੱਖ
ਤਾਂ ਟੁੱਟਿਆ ਨਾ ਕਰੋ...

ਮੰਦੜੇ ਬੋਲੇ ਬੋਲ ਕੋਈ
ਨਾ ਦਿਲ 'ਤੇ ਲਾਉ
ਵਿਸਾਰ ਸੁੱਟਿਆ ਕਰੋ
ਇਹ ਜ਼ਿੰਦਗੀ ਦੇ
ਖੱਟੇ ਮਿੱਠੇ ਰੰਗ
ਰੰਗਾਂ ਨੂੰ ਨਿਹਾਰ
ਮਜ਼ੇ ਲੁੱਟਿਆ ਕਰੋ
ਆਉਣ ਦੁੱਖ
ਤਾਂ ਟੁੱਟਿਆ ਨਾ ਕਰੋ...

ਹੱਥ ਜੋੜ
ਕਰ ਸ਼ੁਕਰ ਰੱਬ ਦਾ
ਉਹਦੇ ਭਾਣੇ 'ਚ
ਪਲ ਪਲ ਦਾ ਮੁੱਲ
'ਖੰਨੇ' ਵੱਟਿਆ ਕਰੋ
ਆਉਣ ਦੁੱਖ
ਤਾਂ ਟੁੱਟਿਆ ਨਾ ਕਰੋ...

-ਅਜੀਤ ਖੰਨਾ

## ਗਹਿਰਾ ਸਾਗਰ

ਗ਼ਲਤੀ ਦਰੁਸਤ ਕਰਨ ਦਾ ਕਹਿ ਕੇ,
ਕੁਮੈਂਟ ਕਾਹਦਾ ਕਰ ਲਿਆ ਸੀ ਮੈਂ।
ਆਪਣੇਪਣ ਦੀ ਭਾਵਨਾ ਵਿੱਚ ਆ ਕੇ,
ਸਿਆਪਾ ਖੜ੍ਹਾ ਕਰ ਲਿਆ ਸੀ ਮੈਂ।

ਭੁੱਲ ਭੁਲੇਖੇ ਰਸੀਲੀਆਂ ਅੰਬੀਆਂ ਦੇ,
ਅੱਕ ਦਾ ਰੁੱਖ ਚਰ ਲਿਆ ਸੀ ਮੈਂ।
ਸੱਪਾਂ ਤੋਂ ਜ਼ਹਿਰੀ ਹੋਏ ਫਿਰਦੇ ਨੇ ਬੰਦੇ,
ਪੈਰ ਪੂਛ 'ਤੇ ਧਰ ਲਿਆ ਸੀ ਮੈਂ।

'ਖੁੱਡੀ' ਮੰਗ ਮੁਆਫ਼ੀ ਖਹਿੜਾ ਛੁਡਾਇਆ,
ਸਾਗਰ ਗਹਿਰਾ ਤਰ ਲਿਆ ਸੀ ਮੈਂ।

- ਬਿੰਦਰ ਸਿੰਘ ਖੁੱਡੀ ਕਲਾਂ

# ਸੋਸ਼ਲ ਮੀਡੀਆ 'ਤੇ ਵੱਡੀ ਗਿਣਤੀ 'ਚ ਨਾਬਾਲਗ ਬੱਚੇ: ਮੌਕੇ, ਚੁਣੌਤੀਆਂ ਅਤੇ ਜ਼ਿੰਮੇਵਾਰੀਆਂ

ਸਮਾਰਟਫੋਨ ਅਤੇ ਇੰਟਰਨੈੱਟ ਦੇ ਯੁੱਗ ਵਿੱਚ ਸੋਸ਼ਲ ਮੀਡੀਆ ਬੱਚਿਆਂ ਅਤੇ ਨੌਜਵਾਨਾਂ ਦੀ ਜ਼ਿੰਦਗੀ ਦਾ ਅਹਿਮ ਹਿੱਸਾ ਬਣ ਚੁੱਕਾ ਹੈ। ਅੱਜ ਬਹੁਤ ਸਾਰੇ ਨਾਬਾਲਗ ਬੱਚੇ ਵੱਖ-ਵੱਖ ਸੋਸ਼ਲ ਮੀਡੀਆ ਪਲੇਟਫਾਰਮਾਂ ਦੀ ਵਰਤੋਂ ਕਰ ਰਹੇ ਹਨ। ਹਾਲਾਂਕਿ ਬਹੁਤ ਸਾਰੇ ਪਲੇਟਫਾਰਮ 13 ਸਾਲ ਜਾਂ ਇਸ ਤੋਂ ਵੱਧ ਉਮਰ ਵਾਲੇ ਉਪਭੋਗਤਾਵਾਂ ਲਈ ਬਣਾਏ ਗਏ ਹਨ, ਫਿਰ ਵੀ ਵੱਡੀ ਗਿਣਤੀ ਵਿੱਚ ਇਸ ਤੋਂ ਘੱਟ ਉਮਰ ਦੇ ਬੱਚੇ ਵੀ ਖਾਤੇ ਬਣਾ ਕੇ ਇਨ੍ਹਾਂ ਦੀ ਵਰਤੋਂ ਕਰ ਰਹੇ ਹਨ। ਇਹ ਸਥਿਤੀ ਮਾਪਿਆਂ, ਅਧਿਆਪਕਾਂ, ਨੀਤੀ-ਨਿਰਧਾਰਕਾਂ ਅਤੇ ਸਮਾਜ ਲਈ ਚਿੰਤਾ ਦਾ ਵਿਸ਼ਾ ਹੈ।

ਸੋਸ਼ਲ ਮੀਡੀਆ ਬੱਚਿਆਂ ਨੂੰ ਸਿੱਖਣ, ਸੰਚਾਰ ਕਰਨ, ਨਵੀਆਂ ਜਾਣਕਾਰੀਆਂ ਪ੍ਰਾਪਤ ਕਰਨ ਅਤੇ ਆਪਣੀ ਰਚਨਾਤਮਕਤਾ ਨੂੰ ਪ੍ਰਗਟ ਕਰਨ ਦਾ ਮੌਕਾ ਦਿੰਦਾ ਹੈ। ਸਿੱਖਿਆ ਨਾਲ ਸੰਬੰਧਿਤ ਵੀਡੀਓ, ਵਿਗਿਆਨਕ ਜਾਣਕਾਰੀ, ਭਾਸ਼ਾਵਾਂ ਦੀ ਸਿੱਖਿਆ, ਕਲਾ, ਸੰਗੀਤ ਅਤੇ ਖੇਡਾਂ ਨਾਲ ਜੁੜੀ ਸਮੱਗਰੀ ਬੱਚਿਆਂ ਦੇ ਗਿਆਨ ਵਿੱਚ ਵਾਧਾ ਕਰ ਸਕਦੀ ਹੈ। ਕਈ ਬੱਚੇ ਆਪਣੀ ਪ੍ਰਤਿਭਾ ਨੂੰ ਦੁਨੀਆ ਸਾਹਮਣੇ ਲਿਆਉਣ ਲਈ ਵੀ ਇਨ੍ਹਾਂ ਮਾਧਿਅਮਾਂ ਦੀ ਵਰਤੋਂ ਕਰਦੇ ਹਨ।

ਪਰ ਜਿੱਥੇ ਮੌਕੇ ਹਨ, ਉੱਥੇ ਖ਼ਤਰੇ ਵੀ ਹਨ। ਨਾਬਾਲਗ ਬੱਚਿਆਂ ਦਾ ਦਿਮਾਗ ਅਤੇ ਭਾਵਨਾਤਮਕ ਵਿਕਾਸ ਅਜੇ ਪੂਰੀ ਤਰ੍ਹਾਂ ਨਹੀਂ ਹੁੰਦਾ। ਇਸ ਕਰਕੇ ਉਹ ਹਰ ਜਾਣਕਾਰੀ ਦੀ ਸੱਚਾਈ ਜਾਂ ਝੂਠ ਨੂੰ ਸਮਝਣ ਵਿੱਚ ਮੁਸ਼ਕਲ ਮਹਿਸੂਸ ਕਰ ਸਕਦੇ ਹਨ। ਗਲਤ ਜਾਣਕਾਰੀ, ਅਫ਼ਵਾਹਾਂ, ਭ੍ਰਮਿਤ ਕਰਨ ਵਾਲੀ ਸਮੱਗਰੀ ਜਾਂ ਹਾਨੀਕਾਰਕ ਰੁਝਾਨ ਉਨ੍ਹਾਂ ਦੇ ਵਿਚਾਰਾਂ ਅਤੇ ਵਿਵਹਾਰ ਨੂੰ ਪ੍ਰਭਾਵਿਤ ਕਰ ਸਕਦੇ ਹਨ।

ਇੱਕ ਹੋਰ ਗੰਭੀਰ ਸਮੱਸਿਆ ਹੈ ਸਕ੍ਰੀਨ ਸਮੇਂ ਦਾ ਵਧਣਾ। ਘੰਟਿਆਂ ਤੱਕ ਮੋਬਾਈਲ ਦੀ ਵਰਤੋਂ ਨਾਲ ਪੜ੍ਹਾਈ, ਖੇਡਾਂ, ਪਰਿਵਾਰ ਨਾਲ ਸਮਾਂ ਬਿਤਾਉਣਾ ਅਤੇ ਨੀਂਦ ਪ੍ਰਭਾਵਿਤ ਹੋ ਸਕਦੀ ਹੈ। ਲਗਾਤਾਰ ਸਕ੍ਰੀਨ ਦੇ ਸਾਹਮਣੇ ਰਹਿਣ ਨਾਲ ਅੱਖਾਂ ਦੀ ਥਕਾਵਟ, ਸਰੀਰਕ ਗਤੀਵਿਧੀਆਂ ਵਿੱਚ ਕਮੀ ਅਤੇ ਧਿਆਨ ਕੇਂਦਰਿਤ ਕਰਨ ਦੀ ਸਮਰੱਥਾ ਵਿੱਚ ਵੀ ਘਾਟ ਆ ਸਕਦੀ ਹੈ।




ਸੋਸ਼ਲ ਮੀਡੀਆ 'ਤੇ ਸਾਈਬਰ ਬੁਲਿੰਗ ਵੀ ਇੱਕ ਵੱਡੀ ਚੁਣੌਤੀ ਹੈ। ਕੁਝ ਬੱਚੇ ਮਜ਼ਾਕ, ਧਮਕੀਆਂ ਜਾਂ ਅਪਮਾਨਜਨਕ ਟਿੱਪਣੀਆਂ ਦਾ ਸ਼ਿਕਾਰ ਬਣ ਜਾਂਦੇ ਹਨ। ਇਸ ਨਾਲ ਉਨ੍ਹਾਂ ਦਾ ਆਤਮ-ਵਿਸ਼ਵਾਸ ਘਟ ਸਕਦਾ ਹੈ ਅਤੇ ਉਹ ਤਣਾਅ, ਚਿੰਤਾ ਜਾਂ ਇਕੱਲੇਪਨ ਦਾ ਅਨੁਭਵ ਕਰ ਸਕਦੇ ਹਨ। ਇਸ ਲਈ ਮਾਪਿਆਂ ਅਤੇ ਸਕੂਲਾਂ ਨੂੰ ਬੱਚਿਆਂ ਨਾਲ ਖੁੱਲ੍ਹ ਕੇ ਗੱਲਬਾਤ ਕਰਨੀ ਚਾਹੀਦੀ ਹੈ ਤਾਂ ਜੋ ਉਹ ਕਿਸੇ ਵੀ ਸਮੱਸਿਆ ਨੂੰ ਲੁਕਾਉਣ ਦੀ ਬਜਾਏ ਸਾਂਝਾ ਕਰ ਸਕਣ।

ਵਿਜੈ ਗਰਗ ਸਾਬਕਾ
ਪੀ.ਈ.ਐਸ. - 1
ਸੇਵਾਮੁਕਤ ਪ੍ਰਿੰਸਪਲ

ਆਨਲਾਈਨ ਗੋਪਨੀਯਤਾ ਵੀ ਇੱਕ ਮਹੱਤਵਪੂਰਨ ਮੁੱਦਾ ਹੈ। ਬਹੁਤ ਸਾਰੇ ਬੱਚੇ ਬਿਨਾਂ ਸੋਚੇ-ਸਮਝੇ ਆਪਣੀਆਂ ਤਸਵੀਰਾਂ, ਨਿੱਜੀ ਜਾਣਕਾਰੀ ਜਾਂ ਸਥਿਤੀ ਸਾਂਝੀ ਕਰ ਦਿੰਦੇ ਹਨ। ਇਹ ਜਾਣਕਾਰੀ ਗਲਤ ਹੱਥਾਂ ਵਿੱਚ ਜਾਣ ਦਾ ਖ਼ਤਰਾ ਬਣ ਸਕਦੀ ਹੈ। ਬੱਚਿਆਂ ਨੂੰ ਸਿਖਾਇਆ ਜਾਣਾ ਚਾਹੀਦਾ ਹੈ ਕਿ ਉਹ ਆਪਣਾ ਪਾਸਵਰਡ ਕਿਸੇ ਨਾਲ ਸਾਂਝਾ ਨਾ ਕਰਨ ਅਤੇ ਅਣਜਾਣ ਵਿਅਕਤੀਆਂ ਨਾਲ ਸੰਪਰਕ ਕਰਨ ਤੋਂ ਬਚਣ।

ਸੋਸ਼ਲ ਮੀਡੀਆ 'ਤੇ ਪ੍ਰਭਾਵ ਪਾਉਣ ਵਾਲੇ ਵਿਅਕਤੀਆਂ (ਇਨਫਲੂਐਂਸਰਾਂ) ਦੀ ਜੀਵਨ-ਸ਼ੈਲੀ ਦੇਖ ਕੇ ਕਈ ਬੱਚੇ ਆਪਣੇ ਆਪ ਦੀ ਤੁਲਨਾ ਕਰਨ ਲੱਗਦੇ ਹਨ। ਇਸ ਨਾਲ ਉਨ੍ਹਾਂ ਵਿੱਚ ਹੀਣ-ਭਾਵਨਾ, ਸਰੀਰਕ ਦਿੱਖ ਬਾਰੇ ਚਿੰਤਾ ਜਾਂ ਗੈਰ-ਵਾਸਤਵਿਕ ਉਮੀਦਾਂ ਪੈਦਾ ਹੋ ਸਕਦੀਆਂ ਹਨ। ਬੱਚਿਆਂ ਨੂੰ ਇਹ ਸਮਝਾਉਣਾ ਜ਼ਰੂਰੀ ਹੈ ਕਿ ਸੋਸ਼ਲ ਮੀਡੀਆ 'ਤੇ ਦਿਖਾਈ ਦੇਣ ਵਾਲੀ ਹਰ ਚੀਜ਼ ਅਸਲ ਜ਼ਿੰਦਗੀ ਦੀ ਪੂਰੀ ਤਸਵੀਰ ਨਹੀਂ ਹੁੰਦੀ।

ਇਸ ਸਮੱਸਿਆ ਦਾ ਹੱਲ ਕੇਵਲ ਪਾਬੰਦੀਆਂ ਲਗਾਉਣਾ ਨਹੀਂ ਹੈ। ਡਿਜ਼ਿਟਲ ਸਾਖਰਤਾ (Digital Literacy) ਦੀ ਸਿੱਖਿਆ ਦੇਣਾ ਇਸ ਤੋਂ ਵੀ ਵੱਧ ਮਹੱਤਵਪੂਰਨ ਹੈ। ਬੱਚਿਆਂ ਨੂੰ ਸਿਖਾਇਆ ਜਾਣਾ ਚਾਹੀਦਾ ਹੈ ਕਿ ਸੁਰੱਖਿਅਤ ਢੰਗ ਨਾਲ ਇੰਟਰਨੈੱਟ ਦੀ ਵਰਤੋਂ ਕਿਵੇਂ ਕਰਨੀ ਹੈ, ਸੱਚੀ ਅਤੇ ਝੂਠੀ ਜਾਣਕਾਰੀ ਵਿੱਚ ਫ਼ਰਕ ਕਿਵੇਂ ਪਛਾਣਨਾ ਹੈ ਅਤੇ ਆਪਣੀ ਗੋਪਨੀਯਤਾ ਦੀ ਰੱਖਿਆ ਕਿਵੇਂ ਕਰਨੀ ਹੈ।

ਮਾਪਿਆਂ ਦੀ ਭੂਮਿਕਾ ਸਭ ਤੋਂ ਮਹੱਤਵਪੂਰਨ ਹੈ। ਉਹ ਬੱਚਿਆਂ ਨਾਲ ਨਿਯਮਿਤ ਗੱਲਬਾਤ ਕਰਨ, ਉਨ੍ਹਾਂ ਦੀਆਂ ਆਨਲਾਈਨ ਗਤੀਵਿਧੀਆਂ ਵਿੱਚ ਦਿਲਚਸਪੀ ਲੈਣ, ਘਰ ਵਿੱਚ ਸਕ੍ਰੀਨ ਸਮੇਂ ਲਈ ਸੰਤੁਲਿਤ ਨਿਯਮ ਬਣਾਉਣ ਅਤੇ ਖੁਦ ਵੀ ਜ਼ਿੰਮੇਵਾਰ ਡਿਜ਼ਿਟਲ ਵਿਵਹਾਰ ਦੀ ਮਿਸਾਲ ਪੇਸ਼ ਕਰਨ। ਸਕੂਲ ਵੀ ਡਿਜ਼ਿਟਲ ਸੁਰੱਖਿਆ, ਸਾਈਬਰ ਸ਼ਿਸ਼ਟਾਚਾਰ ਅਤੇ ਜ਼ਿੰਮੇਵਾਰ ਸੋਸ਼ਲ ਮੀਡੀਆ ਵਰਤੋਂ ਬਾਰੇ ਜਾਗਰੂਕਤਾ ਪ੍ਰੋਗਰਾਮ ਚਲਾ ਸਕਦੇ ਹਨ।

ਸੋਸ਼ਲ ਮੀਡੀਆ ਕੰਪਨੀਆਂ ਦੀ ਵੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਉਮਰ ਦੀ ਪੁਸ਼ਟੀ ਲਈ ਵਧੀਆ ਪ੍ਰਬੰਧ ਕਰਨ, ਬੱਚਿਆਂ ਲਈ ਸੁਰੱਖਿਆ ਵਿਸ਼ੇਸ਼ਤਾਵਾਂ ਨੂੰ ਮਜ਼ਬੂਤ ਬਣਾਉਣ ਅਤੇ ਹਾਨੀਕਾਰਕ ਸਮੱਗਰੀ ਤੱਕ ਪਹੁੰਚ ਨੂੰ ਸੀਮਿਤ ਕਰਨ। ਸਰਕਾਰਾਂ ਅਤੇ ਨੀਤੀ-ਨਿਰਧਾਰਕਾਂ ਨੂੰ ਵੀ ਅਜਿਹੇ ਕਾਨੂੰਨ ਅਤੇ ਦਿਸ਼ਾ-ਨਿਰਦੇਸ਼ ਬਣਾਉਣੇ ਚਾਹੀਦੇ ਹਨ ਜੋ ਬੱਚਿਆਂ ਦੇ ਡਿਜ਼ਿਟਲ ਅਧਿਕਾਰਾਂ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਣ।

ਅੰਤ ਵਿੱਚ, ਸੋਸ਼ਲ ਮੀਡੀਆ ਨਾ ਤਾਂ ਪੂਰੀ ਤਰ੍ਹਾਂ ਚੰਗਾ ਹੈ ਅਤੇ ਨਾ ਹੀ ਪੂਰੀ ਤਰ੍ਹਾਂ ਮਾੜਾ। ਇਸ ਦਾ ਪ੍ਰਭਾਵ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਇਸ ਦੀ ਵਰਤੋਂ ਕਿਵੇਂ ਕੀਤੀ ਜਾਂਦੀ ਹੈ। ਜੇਕਰ ਮਾਪੇ, ਅਧਿਆਪਕ, ਸਮਾਜ, ਤਕਨਾਲੋਜੀ ਕੰਪਨੀਆਂ ਅਤੇ ਸਰਕਾਰ ਮਿਲ ਕੇ ਬੱਚਿਆਂ ਨੂੰ ਸੁਰੱਖਿਅਤ, ਸੰਤੁਲਿਤ ਅਤੇ ਜ਼ਿੰਮੇਵਾਰ ਡਿਜ਼ਿਟਲ ਵਰਤੋਂ ਦੀ ਸਿੱਖਿਆ ਦੇਣ, ਤਾਂ ਸੋਸ਼ਲ ਮੀਡੀਆ ਉਨ੍ਹਾਂ ਦੇ ਵਿਕਾਸ ਲਈ ਇੱਕ ਸ਼ਕਤੀਸ਼ਾਲੀ ਸਾਧਨ ਬਣ ਸਕਦਾ ਹੈ। ਬੱਚਿਆਂ ਨੂੰ ਡਿਜ਼ਿਟਲ ਦੁਨੀਆ ਤੋਂ ਦੂਰ ਰੱਖਣ ਦੀ ਬਜਾਏ, ਉਨ੍ਹਾਂ ਨੂੰ ਇਸ ਵਿੱਚ ਸੁਰੱਖਿਅਤ ਅਤੇ ਸਮਝਦਾਰੀ ਨਾਲ ਅੱਗੇ ਵਧਣਾ ਸਿਖਾਉਣਾ ਹੀ ਅੱਜ ਦੀ ਸਭ ਤੋਂ ਵੱਡੀ ਲੋੜ ਹੈ।

# ਭੁੱਲੀ ਵਿਸਰੀ ਖੇਡ ਸਟਾਪੂ

ਇੱਕ ਦੌਰ ਉਹ ਵੀ ਸੀ ਜਦੋਂ ਪੰਜਾਬ ਦੇ ਪਿੰਡਾਂ ਦੀਆਂ ਗਲੀਆਂ, ਘਰਾਂ ਦੇ ਵਿਹੜਿਆਂ ਅਤੇ ਸਕੂਲਾਂ ਦੇ ਖੁੱਲ੍ਹੇ ਮੈਦਾਨਾਂ ਵਿੱਚ ਲੋਕ-ਵਿਰਾਸਤ ਦੀ ਪ੍ਰਤੀਕ ਖੇਡ 'ਸਟਾਪੂ' ਦੀਆਂ ਗੂੰਜਾਂ ਸੁਣਾਈ ਦਿੰਦੀਆਂ ਸਨ। ਬੱਚਿਆਂ ਦੇ ਹਾਸੇ, ਉਤਸ਼ਾਹ ਭਰੀਆਂ ਕਿਲਕਾਰੀਆਂ ਅਤੇ ਜਿੱਤ-ਹਾਰ ਦੇ ਰੋਚਕ ਪਲ ਇਸ ਖੇਡ ਨੂੰ ਜ਼ਿੰਦਾ ਬਣਾਉਂਦੇ ਸਨ, ਪਰ ਸਮੇਂ ਦੇ ਬਦਲਦੇ ਰੁਝਾਨਾਂ, ਆਧੁਨਿਕ ਮਨੋਰੰਜਨ ਦੇ ਸਾਧਨਾਂ ਅਤੇ ਡਿਜੀਟਲ ਯੁੱਗ ਦੀ ਚਮਕ-ਦਮਕ ਨੇ ਇਸ ਹਰਮਨਪਿਆਰੀ ਖੇਡ ਨੂੰ ਹੌਲੀ-ਹੌਲੀ ਪਿੰਡਾਂ ਦੀ ਜ਼ਿੰਦਗੀ ਤੋਂ ਦੂਰ ਕਰ ਦਿੱਤਾ। ਅੱਜ 'ਸਟਾਪੂ' ਸਾਡੀ ਯਾਦ ਅਤੇ ਲੋਕ-ਵਿਰਾਸਤ ਦੇ ਸਫ਼ਿਆਂ ਤੱਕ ਹੀ ਸੀਮਿਤ ਹੋ ਕੇ ਰਹਿ ਗਈ ਹੈ।

ਇਹ ਸਿਰਫ਼ ਇੱਕ ਖੇਡ ਨਹੀਂ, ਸਗੋਂ ਸਾਡੇ ਸੱਭਿਆਚਾਰਕ ਵਿਰਸੇ ਦੀ ਅਨਮੋਲ ਨਿਸ਼ਾਨੀ ਹੈ। ਛੋਟੀਆਂ ਬੱਚੀਆਂ ਤੋਂ ਲੈ ਕੇ ਜਵਾਨ ਮੁਟਿਆਰਾਂ ਤੱਕ, ਹਰ ਉਮਰ ਦੀਆਂ ਧੀਆਂ ਦੀ ਇਹ ਸਭ ਤੋਂ ਹਰਮਨ-ਪਿਆਰੀ ਅਤੇ ਮਨਪਸੰਦ ਖੇਡ ਹੁੰਦੀ ਸੀ। ਸਾਦਗੀ ਵਿੱਚ ਲੁਕਿਆ ਇਹ ਆਨੰਦ ਹੀ ਇਸ ਖੇਡ ਦੀ ਅਸਲ ਪਛਾਣ ਸੀ। ਸਟਾਪੂ ਨੂੰ ਬੜੇ ਸ਼ੌਕ ਅਤੇ ਉਤਸ਼ਾਹ ਨਾਲ ਹਾਣੀ-ਹਾਣੀ ਬਣਾ ਕੇ ਖੇਡਿਆ ਜਾਂਦਾ ਸੀ। ਇਹ ਖੇਡ ਬੱਚਿਆਂ ਵਿੱਚ ਆਪਸੀ ਪਿਆਰ, ਸਾਂਝ, ਸਹਿਯੋਗ ਅਤੇ ਅਨੁਸ਼ਾਸਨ ਦੀ ਭਾਵਨਾ ਪੈਦਾ ਕਰਦੀ ਸੀ। ਖੇਡ ਦੌਰਾਨ ਇੱਕ-ਦੂਜੇ ਦੀ ਗੱਲ ਮੰਨਣਾ, ਨਿਯਮਾਂ ਦੀ ਪਾਲਣਾ ਕਰਨੀ ਅਤੇ ਮਿਲ-ਜੁਲ ਕੇ ਖੁਸ਼ੀਆਂ ਸਾਂਝੀਆਂ ਕਰਨੀਆਂ, ਇਸ ਦੇ ਅਹਿਮ ਪੱਖ ਸਨ।

ਰਾਜਿੰਦਰ ਸਿੰਘ ਰਾਜਨ

ਭਾਵੇਂ ਇਹ ਖੇਡ ਸਰੀਰਕ ਚੁਸਤੀ ਅਤੇ ਫੁਰਤੀ ਦੀ ਮੰਗ ਕਰਦੀ ਸੀ, ਪਰ ਅਸਲ ਵਿੱਚ ਇਹ ਇੱਕ ਦਿਮਾਗੀ ਖੇਡ ਵੀ ਸੀ। ਹਰ ਕਦਮ ਸੋਚ-ਸਮਝ ਕੇ ਰੱਖਣਾ, ਸੰਤੁਲਨ ਬਣਾਈ ਰੱਖਣਾ ਅਤੇ ਸਹੀ ਫ਼ੈਸਲਾ ਲੈਣਾ ਖਿਡਾਰੀ ਦੀ ਕਾਬਲੀਅਤ ਦੀ ਪਰਖ ਕਰਦਾ ਸੀ। ਇਸ ਤਰ੍ਹਾਂ ਸਟਾਪੂ ਬੱਚਿਆਂ ਦੇ ਸਰੀਰਕ ਵਿਕਾਸ ਦੇ ਨਾਲ-ਨਾਲ ਉਨ੍ਹਾਂ ਦੀ ਮਾਨਸਿਕ ਯੋਗਤਾ ਨੂੰ ਵੀ ਨਿਖਾਰਦੀ ਸੀ।

ਪੰਜਾਬ ਦੀ ਇਹ ਵਿਰਾਸਤੀ ਲੋਕ-ਖੇਡ ਨੇ ਕਦੇ ਲੜਕੀਆਂ ਅਤੇ ਲੜਕਿਆਂ ਵਿਚਕਾਰ ਕੋਈ ਫ਼ਰਕ ਨਹੀਂ ਰੱਖਿਆ। ਦੋਵੇਂ ਇਸ ਖੇਡ ਨੂੰ ਬਰਾਬਰ ਦੇ ਜੋਸ਼, ਉਤਸ਼ਾਹ ਅਤੇ ਖੁਸ਼ੀ ਨਾਲ ਖੇਡਦੇ ਹੋਏ ਆਪਣੇ ਬਚਪਨ ਨੂੰ ਰੰਗੀਨ ਬਣਾਉਂਦੇ ਸਨ। ਇਸ ਖੇਡ ਦੀ ਸਭ ਤੋਂ ਵੱਡੀ ਖ਼ੂਬੀ ਇਹ ਸੀ ਕਿ ਇਸ ਨੂੰ ਖੇਡਣ ਲਈ ਨਾ ਕਿਸੇ ਕੋਚ ਦੀ ਲੋੜ ਪੈਂਦੀ ਸੀ, ਨਾ ਟੀਮ ਕੈਪਟਨ ਦੀ, ਨਾ ਹੀ ਕਿਸੇ ਅੰਪਾਇਰ ਦੀ ਅਤੇ ਨਾ ਹੀ ਟਾਈਮ ਕੀਪਰ ਦੀ। ਫਿਰ ਨਾ ਕੋਈ ਮਹਿੰਗਾ ਸਾਮਾਨ ਖ਼ਰੀਦਣਾ ਪੈਂਦਾ ਸੀ ਅਤੇ ਨਾ ਹੀ ਕੋਈ ਖ਼ਰਚਾ ਕਰਨਾ ਪੈਂਦਾ ਸੀ। ਮਿੱਟੀ ਦੇ ਭਾਂਡੇ (ਘੜੇ, ਮਟਕੀ ਆਦਿ) ਦਾ ਟੁੱਟਿਆ ਹੋਇਆ ਟੁਕੜਾ ਜਿਸ ਨੂੰ ਠੀਕਰੀ ਜਾਂ ਚੀਟੀ ਕਹਿੰਦੇ ਹਨ, ਉਸ ਦੇ ਸਿਰ 'ਤੇ ਸਾਰੀ ਖੇਡ ਕੇਂਦਰਿਤ ਹੁੰਦੀ ਸੀ। ਉਸ ਢੁੱਕਵੀਂ ਠੀਕਰੀ ਨੂੰ ਲੈਣ ਤੋਂ ਬਾਅਦ ਫਿਰ ਇਸ ਖੇਡ ਨੂੰ ਖੇਡਣ ਤੋਂ ਪਹਿਲਾਂ ਇਸ ਦਾ ਮੈਦਾਨ ਤਿਆਰ ਕਰਨਾ ਲਾਜ਼ਮੀ ਹੁੰਦਾ ਸੀ। ਧਰਤੀ ਉੱਤੇ ਰੇਖਾਂ ਖਿੱਚ ਕੇ ਅੱਠ ਚੌਖਾਨੇ ਬਣਾਏ ਜਾਂਦੇ ਸਨ। ਇਹ ਚੌਖਾਨੇ ਚਾਕ, ਸਲੇਟੀ, ਕੋਲੇ ਜਾਂ ਕਿਸੇ ਹੋਰ ਉਚਿਤ ਸਾਧਨ ਨਾਲ ਬਣਾਏ ਜਾਂਦੇ ਸਨ। ਜੇਕਰ ਜ਼ਮੀਨ ਕੱਚੀ ਹੋਵੇ ਤਾਂ ਕਿਸੇ ਸਖ਼ਤ ਲੱਕੜੀ ਜਾਂ ਨੁਕੀਲੇ ਵੱਟੇ ਦੀ ਮਦਦ ਨਾਲ ਵੀ ਇਹ ਨਿਸ਼ਾਨਬੰਦੀ ਕੀਤੀ ਜਾਂਦੀ ਸੀ।

ਖੇਡ ਦੀ ਸ਼ੁਰੂਆਤ ਤੋਂ ਪਹਿਲਾਂ ਸਾਰੇ ਖਿਡਾਰੀ ਆਪਸ ਵਿੱਚ ਪੁੱਗ ਕੇ ਆਪਣੀਆਂ ਵਾਰੀਆਂ ਨਿਰਧਾਰਤ ਕਰ ਲੈਂਦੇ ਸਨ। ਪਹਿਲੀ ਵਾਰੀ ਲੈਣ ਵਾਲਾ ਖਿਡਾਰੀ ਖਾਨਿਆਂ ਤੋਂ ਬਾਹਰ ਖੜ੍ਹ ਕੇ ਆਪਣੀ ਠੀਕਰੀ ਇੱਕ ਨੰਬਰ ਖਾਨੇ ਵਿੱਚ ਸੁੱਟਦਾ। ਇਸ ਤੋਂ ਬਾਅਦ ਉਹ ਇੱਕ ਪੈਰ 'ਤੇ ਲੰਗੜਾਉਂਦਾ ਹੋਇਆ ਖਾਨੇ ਵਿੱਚ ਦਾਖਲ ਹੁੰਦਾ ਅਤੇ ਪੈਰ ਦੇ ਪੰਜੇ ਨਾਲ ਹੌਲੀ ਜਿਹੇ ਠੀਕਰੀ ਨੂੰ ਖਾਨੇ ਤੋਂ ਬਾਹਰ ਕੱਢਦਾ।

ਜਦੋਂ ਪਹਿਲਾ ਪੜਾਅ ਸਫਲਤਾਪੂਰਵਕ ਪੂਰਾ ਹੋ ਜਾਂਦਾ ਤਾਂ ਖਿਡਾਰੀ ਮੁੜ ਬਾਹਰ ਆ ਕੇ ਠੀਕਰੀ ਨੂੰ ਦੋ ਨੰਬਰ ਖਾਨੇ ਵਿੱਚ ਸੁੱਟਦਾ। ਫਿਰ ਉਹ ਇੱਕ ਨੰਬਰ ਖਾਨੇ ਵਿੱਚੋਂ ਲੰਘਦਾ ਹੋਇਆ ਦੂਜੇ ਖਾਨੇ ਤੱਕ ਪਹੁੰਚਦਾ ਅਤੇ ਪਹਿਲਾਂ ਵਾਂਗ ਠੀਕਰੀ ਨੂੰ ਬਾਹਰ ਰੇੜ੍ਹਦਾ। ਇਹ ਪ੍ਰਕਿਰਿਆ ਲਗਾਤਾਰ ਤਿੰਨ ਨੰਬਰ ਖਾਨੇ ਤੋਂ ਲੈ ਕੇ ਅੱਠ ਤੱਕ ਜਾਰੀ ਰਹਿੰਦੀ। ਹਰ ਖਾਨੇ ਨੂੰ ਕ੍ਰਮਵਾਰ ਅਤੇ ਨਿਯਮਾਂ ਅਨੁਸਾਰ ਪੂਰਾ ਕਰਨਾ ਖੇਡ ਦੀ ਮੁੱਖ ਸ਼ਰਤ ਹੁੰਦੀ ਸੀ।

ਸਟਾਪੂ ਦੇ ਮੈਦਾਨ ਵਿੱਚ ਪੰਜਵਾਂ ਖਾਨਾ ਵਿਸ਼ੇਸ਼ ਮਹੱਤਵ ਰੱਖਦਾ ਸੀ। ਇਸ ਵਿੱਚ ਬਣਾਏ ਜਾਂਦੇ ਕਾਂਟੇ ਦੇ ਨਿਸ਼ਾਨ ਵਿੱਚ ਖਿਡਾਰੀ ਨੂੰ ਦੋਵੇਂ ਪੈਰ ਟਿਕਾਉਣ ਦੀ ਇਜਾਜ਼ਤ ਹੁੰਦੀ ਸੀ, ਜਿਸ ਨਾਲ ਉਸ ਨੂੰ ਕੁਝ ਪਲਾਂ ਲਈ ਸਾਹ ਲੈਣ ਦਾ ਮੌਕਾ ਮਿਲ ਜਾਂਦਾ। ਇਸ ਖਾਨੇ ਨੂੰ 'ਆਰਾਮ ਵਾਲਾ ਖਾਨਾ' ਜਾਂ 'ਸਾਹ ਲੈਣ ਵਾਲਾ ਖਾਨਾ' ਕਿਹਾ ਜਾਂਦਾ। ਇੱਥੇ ਆਉਂਦੇ ਅਤੇ




ਜਾਂਦੇ ਸਮੇਂ ਜਦੋਂ ਕੋਈ ਖਿਡਾਰੀ ਅੱਠਾਂ ਖਾਨਿਆਂ ਦੀ ਪ੍ਰਕਿਰਿਆ ਸਫਲਤਾਪੂਰਵਕ ਪੂਰੀ ਕਰ ਲੈਂਦਾ ਤਾਂ ਉਸ ਦੀ ਇੱਕ ਬਾਜ਼ੀ ਪੂਰੀ ਮੰਨੀ ਜਾਂਦੀ। ਖੇਡ ਦੇ ਅੰਤ ਵਿੱਚ ਜਿਨ੍ਹਾਂ ਖਿਡਾਰੀਆਂ ਜਾਂ ਧੜਿਆਂ ਨੇ ਸਭ ਤੋਂ ਵੱਧ ਬਾਜ਼ੀਆਂ ਜਿੱਤੀਆਂ ਹੋਣ, ਉਸ ਨੂੰ ਜੇਤੂ ਐਲਾਨਿਆ ਜਾਂਦਾ ਸੀ।

ਹੋਰ ਲੋਕ-ਵਿਰਾਸਤੀ ਖੇਡਾਂ ਵਾਂਗ ਸਟਾਪੂ ਦੇ ਵੀ ਆਪਣੇ ਵਿਸ਼ੇਸ਼ ਨਿਯਮ ਅਤੇ ਅਨੁਸ਼ਾਸਨ ਸਨ। ਖੇਡ ਦੌਰਾਨ ਜੇ ਠੀਕਰੀ ਲਕੀਰ ਉੱਤੇ ਆ ਟਿਕਦੀ, ਖਾਨਿਆਂ ਤੋਂ ਬਾਹਰ ਜਾ ਡਿੱਗਦੀ ਜਾਂ ਨਿਰਧਾਰਤ ਖਾਨੇ ਦੀ ਬਜਾਏ ਕਿਸੇ ਹੋਰ ਖਾਨੇ ਵਿੱਚ ਜਾ ਪੈਂਦੀ, ਤਾਂ ਖਿਡਾਰੀ ਦੀ ਵਾਰੀ ਤੁਰੰਤ ਸਮਾਪਤ ਮੰਨੀ ਜਾਂਦੀ ਸੀ। ਇਸੇ ਤਰ੍ਹਾਂ ਜੇ ਇੱਕ ਪੈਰ ਲਕੀਰ ਨੂੰ ਛੂਹ ਲੈਂਦਾ, ਸੰਤੁਲਨ ਵਿਗੜਣ ਕਾਰਨ ਦੋਵੇਂ ਪੈਰ ਜ਼ਮੀਨ 'ਤੇ ਟਿਕ ਜਾਂਦੇ ਜਾਂ ਪੰਜਵੇਂ ਖਾਨੇ ਵਿੱਚ ਦੋਵੇਂ ਪੈਰ ਸਹੀ ਢੰਗ ਨਾਲ ਨਾ ਰੱਖੇ ਜਾਂਦੇ, ਤਾਂ ਵੀ ਖਿਡਾਰੀ ਆਪਣਾ ਮੌਕਾ ਗਵਾ ਬੈਠਦਾ ਸੀ। ਅਜਿਹੀ ਸਥਿਤੀ ਵਿੱਚ ਵਿਰੋਧੀ ਟੀਮ ਖੁਸ਼ੀ ਅਤੇ ਉਤਸ਼ਾਹ ਨਾਲ ਆਪਣੀ ਵਾਰੀ ਸੰਭਾਲਦੀ, ਜਿਸ ਨਾਲ ਖੇਡ ਦਾ ਰੁਮਾਂਚ ਅਤੇ ਮੁਕਾਬਲੇਬਾਜ਼ੀ ਹੋਰ ਵੀ ਵਧ ਜਾਂਦੀ ਸੀ।

ਲੋੜ ਹੈ ਕਿ ਅਸੀਂ ਆਪਣੀ ਨਵੀਂ ਪੀੜ੍ਹੀ ਨੂੰ ਇਨ੍ਹਾਂ ਖੇਡਾਂ ਨਾਲ ਜੋੜੀਏ ਤਾਂ ਜੋ ਉਹ ਨਾ ਸਿਰਫ਼ ਸਾਡੇ ਅਮੀਰ ਸੱਭਿਆਚਾਰਕ ਵਿਰਸੇ ਤੋਂ ਜਾਣੂ ਹੋਣ, ਸਗੋਂ ਸਿਹਤਮੰਦ, ਸਰਗਰਮ ਅਤੇ ਸਮਾਜਿਕ ਜੀਵਨ ਜਿਊਣ ਦੀ ਪ੍ਰੇਰਣਾ ਵੀ ਲੈ ਸਕਣ।

ਅੱਜ ਭਾਵੇਂ ਡਿਜੀਟਲ ਯੁੱਗ ਨੇ ਬੱਚਿਆਂ ਦੀਆਂ ਖੇਡਾਂ ਦਾ ਰੂਪ ਬਦਲ ਦਿੱਤਾ ਹੈ, ਪਰ ਸਟਾਪੂ ਵਰਗੀਆਂ ਲੋਕ-ਖੇਡਾਂ ਅਜੇ ਵੀ ਪੰਜਾਬੀ ਸੱਭਿਆਚਾਰ ਦੀਆਂ ਮਿੱਠੀਆਂ ਯਾਦਾਂ ਨੂੰ ਜਿਊਂਦਾ ਰੱਖਦੀਆਂ ਹਨ। ਇਹ ਖੇਡ ਨਾ ਸਿਰਫ਼ ਮਨੋਰੰਜਨ ਦਾ ਸਰੋਤ ਹੈ, ਸਗੋਂ ਬੱਚਿਆਂ ਵਿੱਚ ਧੀਰਜ, ਸੰਤੁਲਨ, ਅਨੁਸ਼ਾਸਨ ਅਤੇ ਮੁਕਾਬਲੇ ਦੀ ਭਾਵਨਾ ਵੀ ਪੈਦਾ ਕਰਦੀ ਹੈ।

ਇਸ ਲਈ ਸਟਾਪੂ ਸਿਰਫ਼ ਇੱਕ ਲੋਕ-ਖੇਡ ਨਹੀਂ, ਸਗੋਂ ਪੰਜਾਬ ਦੇ ਬਚਪਨ ਦੀਆਂ ਸੁਨਹਿਰੀ ਯਾਦਾਂ, ਆਪਸੀ ਸਾਂਝ-ਪਿਆਰ, ਟੀਮ ਭਾਵਨਾ ਅਤੇ ਸੱਭਿਆਚਾਰਕ ਵਿਰਾਸਤ ਦਾ ਅਮੁੱਲਾ ਖ਼ਜ਼ਾਨਾ ਹੈ। ਇਹ ਖੇਡ ਅੱਜ ਵੀ ਆਪਣੇ ਅੰਦਰ ਉਸ ਦੌਰ ਦੀ ਮਿੱਠੀ ਮਹਿਕ, ਨਿਰਛਲ ਖੁਸ਼ੀਆਂ ਅਤੇ ਪੇਂਡੂ ਜੀਵਨ ਦੀ ਧੜਕਦੀ ਰੂਹ ਨੂੰ ਸੰਭਾਲੀ ਬੈਠੀ ਹੈ। ਸਮੇਂ ਦੀ ਧੂੜ ਹੇਠ ਦੱਬ ਰਹੀਆਂ ਅਜਿਹੀਆਂ ਲੋਕ-ਖੇਡਾਂ ਨੂੰ ਮੁੜ ਜ਼ਿੰਦਾ ਕਰਨਾ ਅਤੇ ਨਵੀਂ ਪੀੜ੍ਹੀ ਤੱਕ ਪਹੁੰਚਾਉਣਾ ਸਾਡੀ ਸਾਂਝੀ ਜ਼ਿੰਮੇਵਾਰੀ ਬਣਦੀ ਹੈ। ਜੇ ਅਸੀਂ ਆਪਣੀ ਇਸ ਅਨਮੋਲ ਵਿਰਾਸਤ ਦੀ ਸੰਭਾਲ ਅਤੇ ਪ੍ਰਚਾਰ ਲਈ ਗੰਭੀਰ ਯਤਨ ਕਰੀਏ, ਤਾਂ ਆਉਣ ਵਾਲੀਆਂ ਪੀੜ੍ਹੀਆਂ ਵੀ ਸਟਾਪੂ ਦੇ ਰੁਮਾਂਚ, ਮਨੋਰੰਜਨ ਅਤੇ ਇਸ ਨਾਲ ਜੁੜੀਆਂ ਅਮੀਰ ਸੱਭਿਆਚਾਰਕ ਕਦਰਾਂ-ਕੀਮਤਾਂ ਨਾਲ ਰੂਬਰੂ ਹੋ ਸਕਣਗੀਆਂ। ਦਰਅਸਲ, ਸਟਾਪੂ ਵਰਗੀਆਂ ਲੋਕ-ਖੇਡਾਂ ਨੂੰ ਬਚਾਉਣਾ ਆਪਣੀਆਂ ਜੜ੍ਹਾਂ, ਆਪਣੀ ਪਛਾਣ ਅਤੇ ਆਪਣੇ ਸੱਭਿਆਚਾਰ ਨੂੰ ਸੰਭਾਲਣ ਦੇ ਬਰਾਬਰ ਹੈ।

Dosanjh Family
AUTO GROUP

Cadillac
CHEVROLET
INFINITI
KIA
NISSAN
BUICK
GMC
LIVERMORE TOYOTA
HYUNDAI
Fremont Hyundai
TOYOTA
Ford
ACURA

DUBLIN CHEVOLET
DUBLIN CADILLAC
DUBLIN BUICK GMC
DUBLIN KIA
DUBLIN NISSAN
DUBLIN INFINITI

FREMONT CHEVROLET
FREMONT CADILLAC
FREMONT BUICK GMC
STEVENS CREEK CHEVROLET
STEVENS CREEK CADILLAC
FREMONT HYUNDAI

CONCORD CHEVROLET
ACURA OF CONCORD
CONCORD NISSAN
LIVERMORE TOYOTA
FREMONT FORD